**Reo-Bankowned Properties**

From San Jose to Sacramento

JASSI GILL Broker/Owner

Ph:510-304-9292

**Refinance Now**

@ZERO COST

Call Sukhi Gill:510-207-9067


Jassi Gill

CA DRE Lic.#01180969 CA DRE# 00966763



**Hardeep S.Rai**

ਇੰਮੇਗਰੇਸ਼ਨ ਵਕੀਲ Attorney-at-Law

• ਨੌਂਵੀਂ ਸਰਕਟ ਕੋਰਟ • ਬੋਰਡ ਆਫ ਇੰਮੀਗ੍ਰੇਸ਼ਨ ਅਪੀਲਾਂ
• ਇੰਮੀਗ੍ਰੇਸ਼ਨ ਕੋਰਟ ਦੇ ਕੇਸ • ਫੈਮਿਲੀ ਪਟੀਸ਼ਨਾ
• ਲੇਬਰ ਦੇ ਕੇਸ • ਡਿਪੋਰਟੇਸ਼ਨ ਦੇ ਕੇਸ • ਅਮੇਰਿਕਨ ਅੰਬੈਸੀ ਦੇ ਕੇਸ • ਬੈਂਕਰਪਸੀ

SAN FRANCISCO
TEL: 415.693.9131
FAX. 415.693.9135

rai@hsrai.com
www.hsrai.com

Fremont
TEL: 510-791-1111
FAX: 510-791-1119



**Kuldip Singh Dhariwal**
Attorney At Law

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ

Tel : (510) 744-1280
Fax: (510) 744-4192


ਕੁਲਦੀਪ ਸਿੰਘ ਧਾਰੀਵਾਲ

3100 Mowry Ave. #303, Fremont, CA 94538
E-mail: kuldipdhariwal@yahoo.com



Thirteenth Year in Publication ਕੈਲੀਫੋਰਨੀਆ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ

Email:punjabtimes1@sbcglobal.net
www.punjabtimesusa.com

# ਪੰਜਾਬ ਟਾਈਮਜ਼

Punjab Times, Vol 13, Issue 41, October 13, 2012 20451 N Plum Grove Rd. Palatine, IL 60074 Ph:847-359-0746, Fax:847-705-9388


## ਪੰਜਾਬ ਇਕ ਵਾਰ ਫਿਰ ਦਹਿਸ਼ਤ ਦੀ ਦਹਿਲੀਜ਼ 'ਤੇ?

### ਖਾੜਕੂਵਾਦ ਦੇ ਮੁੜ ਉਭਾਰ ਦਾ ਹਊਆ!

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਭਾਰਤ ਦੀਆਂ ਖੁਫੀਆ ਏਜੰਸੀਆਂ ਅਤੇ ਕੇਂਦਰ ਸਰਕਾਰ ਦੀ ਇਕ ਖਾਸ ਧਿਰ ਵੱਲੋਂ ਪੰਜਾਬ 'ਚ ਖਾੜਕੂਵਾਦ ਦੇ ਮੁੜ ਉਭਾਰ ਦਾ ਹਊਆ ਖੜ੍ਹਾ ਕੀਤਾ ਜਾ ਰਿਹਾ ਹੈ। ਇਸ ਕੰਮ ਲਈ ਮੁੱਖਧਾਰਾ ਮੀਡੀਆ ਦੀਆਂ ਸੇਵਾਵਾਂ ਰੱਜ ਕੇ ਲਈਆਂ ਜਾ ਰਹੀਆਂ ਹਨ। ਸਾਕਾ ਨੀਲਾ ਤਾਰਾ ਦੌਰਾਨ ਭਾਰਤੀ ਫ਼ੌਜ ਦੀ ਅਗਵਾਈ ਕਰਨ ਵਾਲੇ ਸਾਬਕਾ ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ 'ਤੇ ਲੰਡਨ ਵਿਚ ਹੋਏ ਹਮਲੇ ਤੋਂ ਬਾਅਦ ਤਾਂ ਇਸ ਕਹਾਣੀ ਨੂੰ ਮੀਡੀਆ ਨੇ ਇਸ ਤਰ੍ਹਾਂ ਉਭਾਰਿਆ ਕਿ ਪੰਜਾਬ ਇਕ ਵਾਰ ਮੁੜ ਖਾੜਕੂਵਾਦ ਦੀ ਜਕੜ 'ਚ ਆ ਗਿਆ ਹੈ, ਪਰ ਇਹ ਤੱਥ ਹਕੀਕਤ ਤੋਂ ਕੋਹਾਂ ਦੂਰ ਹਨ।

ਸਿਆਸੀ ਰੁਝਾਨ 'ਤੇ ਤਿੱਖੀ ਨਜ਼ਰ ਰੱਖਣ ਵਾਲੇ ਮਾਹਿਰਾਂ ਦਾ ਕਹਿਣਾ ਹੈ ਕਿ ਜਨਰਲ ਬਰਾੜ ਉਤੇ ਹਮਲੇ ਤੋਂ ਬਾਅਦ ਇਹ ਸਭ ਏਜੰਸੀਆਂ ਦੀ ਗਿਣੀਮਿਥੀ ਸਾਜ਼ਿਸ਼ ਤਹਿਤ ਹੀ ਕੀਤਾ ਗਿਆ ਹੈ। ਕੁਝ ਲੋਕ ਤਾਂ ਜਨਰਲ ਬਰਾੜ ਉਤੇ ਹੋਏ ਹਮਲੇ ਬਾਰੇ ਵੀ ਸ਼ੱਕ ਪ੍ਰਗਟ ਕਰ ਰਹੇ ਹਨ। ਦਰਅਸਲ, ਕੇਂਦਰ ਵਿਚਲੀ ਕਾਂਗਰਸ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਅੱਜਕੱਲ੍ਹ ਚੁਫੇਰਿਓਂ ਘਿਰੀ ਹੋਈ ਹੈ। ਭ੍ਰਿਸ਼ਟਾਚਾਰ ਦਾ ਮੁੱਦਾ ਉਸ ਲਈ ਗਲੇ ਦੀ ਹੱਡੀ ਬਣਿਆ ਹੋਇਆ ਹੈ। ਪਿਛਲੇ ਕਈ ਸਾਲਾਂ ਤੋਂ ਮਹਿੰਗਾਈ ਨੂੰ ਨੱਥ ਨਹੀਂ ਪਾਈ ਜਾ ਸਕੀ ਅਤੇ ਆਰਥਿਕ ਵਿਕਾਸ ਦੀ ਗੱਡੀ ਲੀਹੋਂ ਲਹਿ ਚੁੱਕੀ ਹੈ। ਅਮਰੀਕਾ ਦੇ ਦਬਾਅ ਤਹਿਤ ਲਏ ਗਏ ਤਾਜ਼ਾ ਆਰਥਿਕ ਫੈਸਲਿਆਂ ਦਾ ਵੀ ਚੁਫੇਰਿਓਂ ਵਿਰੋਧ ਹੋ ਰਿਹਾ ਹੈ। ਆਰਥਿਕ ਸੁਧਾਰਾਂ ਦੇ ਹੀਰੋ ਵਜੋਂ ਉਭਰੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਤੋਂ ਲੋਕਾਂ ਦਾ ਮੋਹ ਭੰਗ ਪਹਿਲਾਂ ਹੀ ਹੋ ਚੁੱਕਾ ਹੈ ਜਿਸ ਕਰ ਕੇ ਕਾਂਗਰਸ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਹੋਰ ਉਮੀਦਵਾਰ ਲੱਭਣ ਦੀ ਲੋੜ ਮਹਿਸੂਸ ਹੋ ਰਹੀ ਹੈ।

ਦੂਜੇ ਪਾਸੇ, ਲੋਕ ਸਭਾ ਚੋਣਾਂ ਸਿਰ ਉਤੇ ਹਨ, ਪਰ ਕਾਂਗਰਸ ਕੋਲ ਲੋਕਾਂ ਦੀ ਕਚਹਿਰੀ 'ਚ ਲਿਜਾਣ ਲਈ ਕੋਈ ਠੋਸ ਮੁੱਦਾ ਨਹੀਂ। ਇਸੇ ਕਰ ਕੇ ਹੀ ਕਾਂਗਰਸ ਨੇ ਸੂਬਿਆਂ 'ਚ ਸਥਾਨਕ ਮੁੱਦੇ ਉਭਾਰਨ ਦੀ ਰਣਨੀਤੀ ਅਪਨਾਈ ਹੈ। ਇਸ ਨੀਤੀ ਤਹਿਤ ਹੀ ਪਿਛਲੇ ਮਹੀਨੇ ਦਿੱਲੀ 'ਚ ਸੂਬਿਆਂ ਦੇ ਪੁਲਿਸ ਮੁਖੀਆਂ ਦੀ ਕਾਨਫਰੰਸ 'ਚ ਕੇਂਦਰੀ ਖੁਫੀਆ ਏਜੰਸੀਆਂ ਨੇ ਪੰਜਾਬ ਅਤੇ ਹਰਿਆਣਾ ਨੂੰ ਖੜਕੂਵਾਦ ਦੇ ਉਭਾਰ ਦੀ ਚਿਤਾਵਨੀ ਦਿੱਤੀ ਸੀ। ਇਸ ਤੋਂ ਕੁਝ ਸਮੇਂ ਬਾਅਦ ਹੀ ਪੰਜਾਬ ਪੁਲਿਸ

(ਬਾਕੀ ਸਫਾ 6 'ਤੇ)



*ਰੰਗ ਮੇਲਿਆਂ ਦੇ...ਪੰਜਾਬ ਦੇ ਮਸ਼ਹੂਰ ਛਪਾਰ ਦੇ ਮੇਲੇ 'ਤੇ ਬਲਦਾਂ ਦੇ ਸ਼ਿੰਗਾਰ ਵਾਲੀ ਹੱਟੀ ਸਜਾ ਰਹੇ ਦੁਕਾਨਦਾਰ। ਇਸ ਮੇਲੇ ਦਾ ਰਵਾਇਤੀ ਰੰਗ ਅਜੇ ਵੀ ਕਾਇਮ ਹੈ। (ਫੋਟੋ: ਸਤਵਿੰਦਰ ਬਸਰਾ)*

## ਬਰਤਾਨਵੀ ਪੁਲਿਸ ਵੱਲੋਂ ਦੋ ਸਿੱਖ ਨੌਜਵਾਨਾਂ ਖਿਲਾਫ ਦੋਸ਼ ਆਇਦ

### ਗੁੱਸੇ ਦਾ ਪ੍ਰਗਟਾਵਾ ਸੀ ਜਨਰਲ ਬਰਾੜ 'ਤੇ ਹਮਲਾ

**ਲੰਡਨ (ਪੰਜਾਬ ਟਾਈਮਜ਼ ਬਿਊਰੋ):** ਬਰਤਾਨੀਆ ਦੀ ਪੁਲਿਸ ਨੇ ਸਾਕਾ ਨੀਲਾ ਤਾਰਾ ਦੌਰਾਨ ਭਾਰਤੀ ਫ਼ੌਜ ਦੀ ਅਗਵਾਈ ਕਰਨ ਵਾਲੇ ਸਾਬਕਾ ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ 'ਤੇ ਹਮਲੇ ਦੇ ਦੋਸ਼ ਵਿਚ ਦੋ ਸਿੱਖ ਨੌਜਵਾਨਾਂ ਖਿਲਾਫ ਦੋਸ਼ ਆਇਦ ਕੀਤੇ ਹਨ। ਯਾਦ ਰਹੇ ਕਿ ਜਨਰਲ ਬਰਾੜ ਨੇ ਇਸ ਹਮਲੇ ਪਿੱਛੇ ਖਾਲਿਸਤਾਨ ਪੱਖੀ ਲੋਕਾਂ ਦਾ ਹੱਥ ਹੋਣ ਦਾ ਖਦਸ਼ਾ ਪ੍ਰਗਟਾਇਆ ਸੀ ਹਾਲਾਂਕਿ ਕਿਸੇ ਵੀ ਜਥੇਬੰਦੀ ਨੇ ਇਸ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ। ਹੁਣ ਸਰਕਾਰੀ ਸੁਰੱਖਿਆ ਏਜੰਸੀਆਂ ਨੇ ਵੀ ਇਹੀ ਸਿੱਟਾ ਕੱਢਿਆ ਹੈ ਕਿ ਇਹ ਕੋਈ ਯੋਜਨਾਬੱਧ ਹਮਲਾ ਨਹੀਂ ਸੀ। ਇਸ ਹਮਲੇ ਦਾ ਕਾਰਨ ਸਾਕਾ ਨੀਲਾ ਤਾਰਾ ਬਾਰੇ ਸਿੱਖ ਨੌਜਵਾਨਾਂ ਦੇ ਮਨਾਂ ਵਿਚ ਭਰਿਆ ਗੁੱਸਾ ਹੀ ਸੀ। ਜਨਰਲ ਬਰਾੜ ਉਤੇ 30 ਸਤੰਬਰ ਨੂੰ ਲੰਡਨ ਦੀ ਕਿਊਬਿਕ ਸਟਰੀਟ ਨੇੜੇ ਔਕਸਫੋਰਡ ਸਟਰੀਟ 'ਤੇ ਰਾਤ 10 ਵਜੇ ਦੇ ਕਰੀਬ ਹਮਲਾ ਕੀਤਾ ਗਿਆ ਸੀ।

ਬਰਤਾਨਵੀ ਪੁਲਿਸ ਨੇ ਇਸ ਹਮਲੇ ਸਬੰਧੀ ਭਾਰਤੀ ਮੂਲ ਦੇ ਦੋ ਵਿਅਕਤੀਆਂ ਦੀ ਸ਼ਨਾਖਤ ਕੀਤੀ ਹੈ। ਇਨ੍ਹਾਂ ਦੇ ਨਾਂ 33 ਸਾਲਾ ਬਰਜਿੰਦਰ ਸਿੰਘ ਸੰਘਾ (ਵੁਲਵਰਹੈਂਪਟਨ) ਅਤੇ 34 ਸਾਲਾ ਮਨਦੀਪ ਸਿੰਘ ਸੰਧੂ (ਬਰਮਿੰਘਮ) ਹਨ। ਇਨ੍ਹਾਂ ਦੋਹਾਂ ਨੂੰ ਵੈਸਟਮਿਨਸਟਰ ਅਦਾਲਤ ਲੰਡਨ ਵਿਖੇ ਪੇਸ਼ ਕੀਤਾ ਗਿਆ। ਬਰਜਿੰਦਰ ਸਿੰਘ ਸੰਘਾ ਉਤੇ ਜਨਰਲ ਬਰਾੜ ਦੀ ਪਤਨੀ ਮੀਨਾ ਬਰਾੜ 'ਤੇ ਹਮਲਾ ਕਰਨ ਦਾ ਦੋਸ਼ ਵੀ ਹੈ।

ਸੁਰੱਖਿਆ ਏਜੰਸੀਆਂ ਇਸ ਮਾਮਲੇ ਦੀ ਤਹਿ ਤੱਕ ਜਾਣ ਲਈ ਜੁਟੀਆਂ ਹੋਈਆਂ ਹਨ ਪਰ ਅਜੇ ਤਾਈਂ ਇਸ ਤਰ੍ਹਾਂ ਦਾ ਕੋਈ ਸੁਰਾਗ ਨਹੀਂ ਮਿਲਿਆ ਹੈ ਕਿ ਇਨ੍ਹਾਂ ਨੌਜਵਾਨਾਂ ਦਾ ਸਬੰਧ ਕਿਸੇ ਗਰਮਖਿਆਲ ਜਥੇਬੰਦੀ ਨਾਲ ਹੈ। ਭਾਰਤੀ ਏਜੰਸੀਆਂ ਅਨੁਸਾਰ ਇਨ੍ਹਾਂ ਨੌਜਵਾਨਾਂ ਨੇ ਗੁੱਸੇ 'ਚ ਆ ਕੇ ਹੀ ਜਨਰਲ ਬਰਾੜ 'ਤੇ ਹਮਲਾ ਕੀਤਾ ਹੋ ਸਕਦਾ ਹੈ ਕਿਉਂਕਿ ਹਮਲੇ ਦੀ ਵਿਉਂਤਬੰਦੀ ਤੋਂ ਲੱਗਦਾ ਹੈ ਕਿ ਇਸ ਪਿੱਛੇ ਕਿਸੇ ਜਥੇਬੰਦੀ ਦਾ ਹੱਥ ਨਹੀਂ। ਇਹ ਹਮਲਾ ਬੜੇ ਸਾਧਾਰਨ ਢੰਗ ਨਾਲ ਕੀਤਾ ਗਿਆ ਅਤੇ ਇਸ ਹਮਲੇ ਵਿਚ ਜਨਰਲ ਬਰਾੜ ਕਿਸੇ ਖਾਸ ਨੁਕਸਾਨ ਤੋਂ ਵੀ ਬਚ ਗਏ।

(ਬਾਕੀ ਸਫਾ 6 'ਤੇ)


**REAL ESTATE & HOME LOANS**

ਮਨਟੀਕਾ, ਟਰੇਸੀ, ਲੈਥਰੋਪ, ਸਟਾਕਟਨ, ਲੋਡਾਈ, ਪੈਟਰਸਨ, ਲਵਿੰਗਸਟਨ, ਮਰਸਡ, ਮਡੇਰਾ, ਮੋਡੈਸਟੋ, ਟਰਲੱਕ ਆਦਿ ਸ਼ਹਿਰਾਂ 'ਚ ਬੈਂਕ ਨੂੰ ਮੁੜੇ ਘਰ ਖਰੀਦਣ ਲਈ ਕਾਲ ਕਰੋ।



- ✓ Low Interest Rate
- ✓ 3.5% Down Payment
- ✓ Free Credit Report
- ✓ Free Pre–Approval

ਸਾਡੀ ਆਪਣੀ ਮਾਰਗੇਜ਼ ਕੰਪਨੀ ਹੈ।

ਜੇਕਰ ਤੁਸੀਂ ਆਪਣੇ ਘਰ ਦੀ ਕਿਸ਼ਤ ਨਹੀਂ ਦੇ ਪਾ ਰਹੇ ਤਾਂ ਵੀ ਫੋਰਕਲੋਜ਼ਰ ਤੋਂ ਬਚੋ। ਸਿਰਫ਼ ਤੇ ਸਿਰਫ਼ Shortsale Certified ਅਤੇ ਤਜਰਬੇਕਾਰ Realtor ਨਾਲ ਹੀ ਘਰ List ਕਰੋ, ਕਿਤੇ ਅਣਜਾਣ ਤੁਹਾਡਾ ਕੰਮ ਨਾ ਖਰਾਬ ਕਰ ਦੇਵੇ।

Successful Shortsale ਲਈ ਅੱਜ ਹੀ ਕਾਲ ਕਰੋ!

AMAN HUNDAL
Broker / Associate MBA • SFR • CDPE
Century 21 M&M and Associates
209.918.6464
ahundal@c21mm.com
605 Standiford Ave, Ste D • Modesto, CA 95350



Fresh Sweets, Snacks & Food
Catering with portable Tandoor
for up to 10000 guests
Lunch - Dinner - Take Out - Banquets

Toll Free 1-866-FOR-RAJA
www.rajasweets.com
msbains@rajasweets.com

**Raja™ SWEETS & CATERING®**
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Follow us on:

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345

Items Serving:
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

Catering Services:
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

Additional Services:
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Call Makhan Bains or Ravinder Singh for your next Party 1-866-FOR RAJA www.RajaSweets.com



**Law Office of**
**Manpreet S. Gahra**

>ਇਮੀਗਰੇਸ਼ਨ ਸੇਵਾਵਾਂ
>ਫੈਮਿਲੀ ਲਾਅ
>ਬਿਜਨਸ ਲਾਅ

Criminal Defense (DUI, simple battery, domestic violence, immigration post-conviction relief)


Manpreet S. Gahra
Attorny At Law

Berkeley Office
2161 Shattuck Ave., 304, Berkeley
Ph:510-841-4582 Fax:510-217-6847

Sacramento Office
Call For Appointment
Ph:916-924-1617
Email: manpreet@gahralaw.com

Indo US Heritage Association

# ਭਾਰਤ ਦੀ ਅਜ਼ਾਦੀ ਲਈ ਕੁਰਬਾਨ ਹੋਈ ਸਮੁੱਚੀ ਗਦਰ ਲਹਿਰ ਨੂੰ ਸਮਰਪਿਤ

# "ਗਦਰੀ ਬਾਬਿਆਂ ਦਾ ਮੇਲਾ"



## 21 ਅਕਤੂਬਰ ਦਿਨ ਐਤਵਾਰ

**1 ਵਜੇ ਦੁਪਹਿਰ ਤੋਂ ਸ਼ਾਮ 6 ਵਜੇ ਤੱਕ**

**ਸਥਾਨ: ਰੀਜੈਂਸੀ ਪੈਲੇਸ, 1600 N Willow Ave, Clovis, CA 93612**

ਭਾਰਤੀ ਅਜ਼ਾਦੀ ਲਈ, ਮਨਾਂ ਵਿੱਚ ਹਥਿਆਰਬੰਦ ਸੰਘਰਸ਼ ਦਾ ਸੰਕਲਪ ਕਰਦੇ ਹੋਏ, ਬਦੇਸ਼ਾਂ ਨੂੰ ਅਲਵਿਦਾ ਕਹਿ ਕੇ, ਸਿਰਾਂ ਤੇ ਕੱਫ਼ਨ ਬੰਨ ਕੇ ਦੇਸ਼ ਵੱਲ ਵਹੀਰਾਂ ਘੱਤਣ ਵਾਲੇ ਸਿਰਲੱਥ ਯੋਧੇ, ਜੋ ਅੰਗਰੇਜ਼ ਸਰਕਾਰ ਦੀਆਂ ਗੋਲੀਆਂ ਦਾ ਸ਼ਿਕਾਰ ਹੋਏ, ਹੱਸ ਹੱਸ ਕੇ ਫ਼ਾਂਸੀਆਂ ਤੇ ਚੜ੍ਹੇ, ਕਾਲੇ ਪਾਣੀ ਦੀਆਂ ਸਜਾਵਾਂ ਪਿੰਡੇ ਤੇ ਹੰਢਾਈਆਂ, ਜਾਇਦਾਦਾਂ ਦੀ ਕੁਰਕੀਆਂ ਦੀ ਪਰਵਾਹ ਨਹੀਂ ਕੀਤੀ, ਉਨ੍ਹਾਂ ਮਹਾਨ ਸੂਰਬੀਰਾਂ ਦੀ ਯਾਦ ਅਤੇ ਸੋਚ ਨੂੰ ਸਮਰਪਿਤ ਗਦਰੀ ਬਾਬਿਆਂ ਦੇ ਮੇਲੇ ਵਿੱਚ ਪ੍ਰਵਾਰਾਂ ਸਮੇਤ ਹੁਮ ਹੁੰਮਾ ਕੇ ਪੁੱਜੋ।

ਵਿਦਵਾਨਾਂ ਵੱਲੋਂ ਗਦਰ ਲਹਿਰ ਸਬੰਧੀ ਜਾਣਕਾਰੀ।

ਨਾਟਕ: ਪੰਜਾਬ ਲੋਕ ਰੰਗ ਵੱਲੋਂ, ਸੁਰਿੰਦਰ ਧਨੋਆ ਦੀ ਪੇਸ਼ਕਸ਼।

ਲੋਕ ਗਾਇਕ: ਸੱਤੀ ਸਤਵਿੰਦਰ,ਬੱਬੂ ਗੁਰਪਾਲ,ਗਗਨ ਸਿੱਧੂ, ਪਰੀਤਮ ਸੋਹੀ


ਕੋਰੀਓਗਰਾਫ਼ੀ,ਬੱਚਿਆਂ ਦਾ ਗਿੱਧਾ,ਮਲਵਈ ਗਿੱਧਾ,ਸਕਿੱਟ

4.0 ਗਰੇਡ ਵਾਲੇ ਹਾਈ ਸਕੂਲ ਦੇ ਬੱਚਿਆਂ ਨੂੰ ਨਕਦ ਇਨਾਮ ਅਤੇ ਸਰਟੀਫੀਕੇਟ

ਫੋਟੋ ਪ੍ਰਦਰਸ਼ਨੀ, ਚਾਹ ਪਾਣੀ ਅਤੇ ਲੰਗਰ ਦਾ ਪਰਬੰਧ।

ਮੁਫਤ ਡਾਕਟਰੀ ਕੈਂਪ (ਡਾ. ਗੁਰਦਾਵਰ ਸਿੰਘ ਧਾਲੀਵਾਲ)

ਸੰਸਥਾ ਦਾ ਮੈਗਜੀਨ ਮੁਫਤ ਵੰਡਿਆ ਜਾਵੇਗਾ।



ਪ੍ਰਬੰਧਕ ਕਮੇਟੀ: ਪ੍ਰਿੰਸੀਪਲ ਪ੍ਰੀਤਮ ਸਿੰਘ ਨਾਹਲ (ਪ੍ਰਧਾਨ), ਸਾਧੂ ਸਿੰਘ ਸੰਘਾ (ਮੀਤ ਪ੍ਰਧਾਨ), ਸੰਤੋਖ ਸਿੰਘ ਮਿਨਹਾਸ (ਜਨਰਲ ਸਕੱਤਰ) ਪਾਲ ਧਾਲੀਵਾਲ (ਸਹਾਇਕ ਸਕੱਤਰ), ਰਜਿੰਦਰ ਬਰਾੜ ਵੈਰੋਕੇ (ਵਿੱਤ ਸਕੱਤਰ), ਰਣਜੀਤ ਸਿੰਘ ਗਿੱਲ (ਵਿੱਤ ਸਕੱਤਰ), ਗੁਰਦੀਪ ਸਿੰਘ ਨਿੱਝਰ, ਆਤਮਾ ਸਿੰਘ ਚਾਹਲ, ਨਿਰਮਲ ਗਿੱਲ ਧਨੌਲਾ, ਗੁਰਨੇਕ ਸਿੰਘ ਰਾਏ, ਹਾਕਮ ਸਿੰਘ ਢਿੱਲੋਂ, ਸਤਵੰਤ ਸਿੰਘ ਵਿਰਕ, ਸੁਲੱਖਣ ਸਿੰਘ ਗਿੱਲ, ਬਿਕਰਮਜੀਤ ਕਾਹਲੋਂ, ਪੁਸ਼ਪਿੰਦਰ ਕੁਮਾਰ, ਮਨਜੀਤ ਕੁਲਾਰ, ਸੰਤੋਖ ਸਿੰਘ ਢਿੱਲੋਂ, ਹੈਰੀ ਮਾਨ, ਮਨਧੀਰ ਸਿੰਘ।

ਸੰਪਰਕ ਲਈ:(559) 707-2270, 283-6376, 457-8552, 942-6999, 270-4546

## ਇੰਡੋ ਯੂ ਐਸ ਹੈਰੀਟੇਜ ਐਸੋਸੀਏਸ਼ਨ (ਫ਼ਰਿਜਨੋ)

**Directions:-** From 99 ,Make East on 180, East on 168, Exit Shaw Ave, Make Right on Shaw, Left On Willow

**ਫਰੀ ਪਾਰਕਿੰਗ - Free Parking**

## ਸ੍ਰੀ ਅਕਾਲ ਤਖਤ ਸਾਹਿਬ ਦੀ ਸਰਪ੍ਰਸਤੀ ਹੇਠ

ਸਿੱਖਸ ਫਾਰ ਜਸਟਿਸ
A HUMAN RIGHTS ADVOCACY GROUP

# ਸਿੱਖਸ ਫਾਰ ਜਸਟਿਸ

SIKHS FOR JUSTICE
A HUMAN RIGHTS ADVOCACY GROUP

— ਵਲੋਂ —

# ਸਿੱਖ ਨਸਲਕੁਸ਼ੀ ਪ੍ਰਭੂਸੱਤਾ ਕਾਨਫਰੰਸ

**ਐਤਵਾਰ 21 ਅਕਤੂਬਰ, 2012**
**ਸ਼ਾਮ 6:00 - 9:00**

**ਯੂਨੀਅਨ ਸਿਟੀ ਸਪੋਰਟਸ ਸੈਂਟਰ**
31224 ਯੂਨੀਅਨ ਸਿਟੀ ਬੁਲੇਵਰਡ
ਯੂਨੀਅਨ ਸਿਟੀ, ਕੈਲੀਫੋਰਨੀਆ




ਅਗਸਤ 1947 275,000+

ਜੂਨ 1984 10,000+

ਨਵੰਬਰ 1984 30,000+

84-98 ਖੂਨੀ ਧਰਤੀ 100,000+

# ਨਸਲਕੁਸ਼ੀ ਅਜੇ ਵੀ ਜਾਰੀ ਹੈ...

## ਸਮਰਥਨ ਕਰਤਾ

**ਗੁਰਦਵਾਰਾ ਸਾਹਿਬ, ਫਰੀਮੌਂਟ**
ਗੁਰਪਾਲ ਸਿੰਘ ਹੰਸਰਾ (408) 661-5759
ਹਰਜੀਤ ਸਿੰਘ

**ਗੁਰਦਵਾਰਾ ਸਾਹਿਬ ਦਸਮੇਸ਼ ਦਰਬਾਰ, ਟਰੇਸੀ**
ਸੁਰਿੰਦਰ ਸਿੰਘ ਅਟਵਾਲ (209) 321-5476
ਰਘਬੀਰ ਸਿੰਘ (209) 321-2952

**ਗੁਰਦਵਾਰਾ ਸਾਹਿਬ, ਸੈਨ ਹੋਜ਼ੇ**
ਸੁਖਦੇਵ ਸਿੰਘ ਬੈਨੀਵਾਲ (408) 421-9463
ਨੀਟੂ ਸਿੰਘ ਕਾਹਲੋਂ (408) 398-1474

**ਗੁਰਦਵਾਰਾ ਸਾਹਿਬ, ਸੈਲਮਾ**
ਗੁਰਦੀਪ ਸਿੰਘ ਨਿੱਝਰ (559) 917-8062
ਜਸਦੀਪ ਸਿੰਘ ਮਾਨ (559) 960-9156
ਮੋਹਿੰਦਰ ਸਿੰਘ ਸੰਧਾਵਾਲੀਆ (559) 355-4399
ਹਰਵਿੰਦਰ ਸਿੰਘ ਨਿੱਝਰ (559) 288-1908

**ਗੁਰਦਵਾਰਾ ਸਾਹਿਬ, ਯੂਬਾ ਸਿਟੀ**

**ਗੁਰਦਵਾਰਾ ਸਾਹਿਬ, ਸਟੌਕਟਨ**
ਅਮਰਜੀਤ ਸਿੰਘ (209) 817-4252
ਹਰਨੇਕ ਸਿੰਘ ਅਟਵਾਲ (209) 351-5965

**ਗੁਰਦਵਾਰਾ ਸਾਹਿਬ, ਬਰਾਡਸ਼ਾਹ, ਸੈਕਰਾਮੈਂਟੋ**
ਗੁਰਿੰਦਰਪਾਲ ਸਿੰਘ ਲਾਡੀ (916) 717-2277
ਗੁਰਪ੍ਰੀਤ ਸਿੰਘ ਚਾਹਲ (916) 284-0178

**ਗੁਰਦਵਾਰਾ ਕਲਗੀਧਰ ਸਾਹਿਬ, ਫਰਿਜ਼ਨੋ**
ਮਹਿੰਗਾ ਸਿੰਘ ਗਿੱਲ (559) 230-7418
ਭੁਪਿੰਦਰ ਸਿੰਘ (559) 352-6698

**ਗੁਰਦਵਾਰਾ ਸਾਹਿਬ, ਮਿਲਪੀਟਸ**
ਧਨਵੰਤ ਸਿੰਘ ਧਾਲੀਵਾਲ (408) 712-1265
ਬਲਵੰਤ ਸਿੰਘ ਧਾਲੀਵਾਲ (408) 945-1995

**ਗੁਰਦਵਾਰਾ ਸਾਹਿਬ, ਲੋਡਾਈ**
ਜਸਵੀਰ ਸਿੰਘ ਸੋਹਲ

**ਗੁਰਦਵਾਰਾ ਸਾਹਿਬ, ਐਲ ਸਬਰਾਂਟੇ**
ਹਰਜਾਪ ਸਿੰਘ (510) 551-4146
ਚਰਨਜੀਤ ਸਿੰਘ ਸਮਰਾ (415) 269-6987
ਸੁਰਿੰਦਰਜੀਤ ਸਿੰਘ ਬਾਜਵਾ
ਰਵਿੰਦਰ ਸਿੰਘ ਰੰਧਾਵਾ

**ਗੁਰਦਵਾਰਾ ਸਾਹਿਬ, ਮਨਟੀਕਾ**
ਸਰਵਨ ਸਿੰਘ (209) 915-9603
ਅਮਰੀਕ ਸਿੰਘ (209) 623-8196

**ਗੁਰਦਵਾਰਾ ਸਾਹਿਬ, ਟੂਲੇਰੀ**
ਸੁਖਜਿੰਦਰ ਸਿੰਘ (661) 805-6963
ਤਰਸੇਮ ਸਿੰਘ (559) 331-1326

**ਅਮਰੀਕਨ ਗੁਰਦੁਵਾਰਾ ਪ੍ਰਬੰਧਕ ਕਮੇਟੀ**
ਡਾ: ਪ੍ਰਿਤਪਾਲ ਸਿੰਘ (408) 422-5600
ਜਸਵੰਤ ਸਿੰਘ ਹੋਠੀ (408) 898-7056

**ਅੰਮ੍ਰਿਤ ਸੇਵਾ ਸੋਸਾਇਟੀ ਇੰਟਰਨੈਸ਼ਨਲ**
ਕੁਲਵਿੰਦਰ ਸਿੰਘ; ਅਜੈਵੀਰ ਸਿੰਘ

**ਸ਼ਰੋਮਣੀ ਅਕਾਲੀ ਦਲ (ਅੰਮ੍ਰਿਤਸਰ)**
ਰੇਸ਼ਮ ਸਿੰਘ (661) 209-0118
ਕੁਲਜੀਤ ਸਿੰਘ ਨਿੱਝਰ (209) 476-8697
ਦਰਸ਼ਨ ਸਿੰਘ ਸੰਧੂ (510) 377-1140
ਬਲਵਿੰਦਰ ਸਿੰਘ ਮਿੱਠੂ (209) 456- 3210

**ਸਿੱਖ ਯੂਥ ਆਫ ਅਮੈਰੀਕਾ (SYA)**

**ਬੇਅ ਏਰੀਆ ਸਿੱਖ ਅਲਾਇੰਸ**
ਜਸਬੀਰ ਸਿੰਘ (AAA) (510) 755-2132

**ਸਿੱਖ ਫੈਡਰੈਸ਼ਨ ਆਫ ਕੈਲੀਫ਼ੋਰਨੀਆ**
ਅਮਨਦੀਪ ਸਿੰਘ

**ਆਪਣਾ ਪੰਜਾਬ**
ਕਸ਼ਮੀਰ ਸਿੰਘ ਧੁੱਗਾ (ਕੈਸ਼ ਫੈਬਰਿਕਸ)
ਮਨਜੀਤ ਸਿੰਘ ਗਿੱਲ

**ਅਮਰੀਕਨ ਸਿੱਖ ਆਰਗੇਨਾਈਜ਼ੇਸ਼ਨ**
ਦਵਿੰਦਰ ਸਿੰਘ (209) 564-8899
ਜਸਦੇਵ ਸਿੰਘ

**ਖ਼ਾਲਸਾ ਡੈਂਟਲ (ਸੈਨ ਹੋਜ਼ੇ)**
ਡਾ: ਗੁਰਦੀਪ ਸਿੰਘ ਨਰੂਲਾ (408) 274-5000

**ਸ਼ਹੀਦ ਪ੍ਰੀਵਾਰ**
ਬਲਵਿੰਦਰਪਾਲ ਸਿੰਘ ਖਾਲਸਾ (510) 512-5959

**ਖ਼ਾਲਸਾ ਜਾਗ੍ਰਿਤੀ ਲਹਿਰ**
ਹਰਮਿੰਦਰ ਸਿੰਘ ਸੋਢੀ (510) 715-6799

**ਗੁਰਮਤਿ ਚੇਤਨਾ ਲਹਿਰ**
ਕਰਨੈਲ ਸਿੰਘ ਖ਼ਾਲਸਾ (510) 557-9168

**ਹੋਰ ਜਾਣਕਾਰੀ ਲਈ ਸੰਪਰਕ ਕਰੋ: ਜਸਬੀਰ ਸਿੰਘ ਦਿੱਲੀ (510) 677-0213 • ਸੁਖਵਿੰਦਰ ਸਿੰਘ ਥਾਨਾ (408) 583-7712 • ਮਹਿੰਦਰ ਸਿੰਘ ਦਿੱਲੀ (510) 780-6023**

ਦਰਸ਼ਨ ਸਿੰਘ ਮਾਨ (925) 348-6171 • ਅਮਰੀਕ ਸਿੰਘ ਪੰਨੂ (510) 734-9335 • ਜਗਜੀਤ ਸਿੰਘ (408) 223-9900 • ਬੀਬੀ ਦਿਲਰਾਜ ਕੌਰ (925) 812-3321 • ਜਸਪਾਲ ਸਿੰਘ ਫਰਿਜ਼ਨੋ (559) 333-1926

ਗੁਰਦੀਪ ਸਿੰਘ (559) 590-4204 • ਹਰਵਿੰਦਰ ਸਿੰਘ (209) 608-1469 • ਨਵਜੋਤ ਕੌਰ (916) 803-5039 • ਪਰਮਿੰਦਰ ਸਿੰਘ ਗਰੇਵਾਲ (530) 682-5860 • ਗੁਰਮੇਜ ਸਿੰਘ ਗਿੱਲ (530) 681-3112 • ਬਲਰਾਜ ਸਿੰਘ ਢਿੱਲੋਂ (530) 682-3979

Like us on Facebook

Follow us on Twitter

Donate $1 a day by PayPal

SIKHS FOR JUSTICE
A HUMAN RIGHTS ADVOCACY GROUP

## ਤੁਸੀਂ ਸਾਥ ਦੇਵੋ, ਅਸੀਂ ਵਚਨਵੱਧ ਹਾਂ

WWW.SIKHSFORJUSTICE.ORG E: SUPPORT@SIKHSFORJUSTICE.ORG

EMPIRE STATE BUILDING
350 FIFTH AVE., 59TH FLOOR
NEW YORK, NY 10118

# ਸਿੱਖ ਦਾ ਜੀਵਨ ਦੂਸਰਿਆਂ ਲਈ ਮਾਡਲ ਹੋਵੇ-ਜਥੇਦਾਰ ਅਕਾਲ ਤਖਤ

**ਸੈਨ ਹੋਜ਼ੇ (ਬਿਊਰੋ):** ਸਿੱਖ ਦਾ ਜੀਵਨ ਦੂਸਰਿਆਂ ਪ੍ਰਤੀ ਇੱਕ ਮਾਡਲ ਹੋਣਾ ਚਾਹੀਦਾ ਹੈ। ਹਰ ਸਿੱਖ ਨੂੰ ਹਉਮੈ ਤਿਆਗ ਕੇ ਨਿਮਰਤਾ ਅਤੇ ਸੇਵਾ ਦੀ ਭਾਵਨਾ ਨਾਲ ਜੀਵਨ ਜਿਉਣਾ ਚਾਹੀਦਾ ਹੈ ਅਤੇ ਹਮੇਸ਼ਾ ਸ੍ਰੀ ਗੁਰੂ ਗ੍ਰੰਥ ਸਾਹਿਬ 'ਤੇ ਹੀ ਟੇਕ ਰੱਖਣੀ ਚਾਹੀਦੀ ਹੈ। ਇਹ ਨਸੀਹਤ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਇਥੇ ਗੁਰਦੁਆਰਾ ਸੈਨ ਹੋਜ਼ੇ ਵਿਖੇ ਲੰਘੇ ਐਤਵਾਰ ਸੰਗਤਾਂ ਨੂੰ ਸੰਬੋਧਨ ਕਰਦਿਆਂ ਕੀਤੀ। ਜਥੇਦਾਰ ਗਿਆਨੀ ਗੁਰਬਚਨ ਸਿੰਘ ਪ੍ਰਬੰਧਕਾਂ ਦੇ ਵਿਸ਼ੇਸ਼ ਸੱਦੇ 'ਤੇ ਗੁਰਦੁਆਰਾ ਸੈਨ ਹੋਜ਼ੇ ਦੇ ਦਰਸ਼ਨਾਂ ਲਈ ਪਹੁੰਚੇ ਸਨ। ਉਨ੍ਹਾਂ ਦੇ ਨਾਲ ਗੁਰਦੁਆਰਾ ਸੀਸਗੰਜ ਦੇ ਹੈਡ ਗ੍ਰੰਥੀ ਭਾਈ ਰਣਜੀਤ ਸਿੰਘ ਵੀ ਆਏ ਸਨ।

ਗਿਆਨੀ ਗੁਰਬਚਨ ਸਿੰਘ ਨੇ ਪੰਥਕ ਮਰਿਆਦਾ ਅਤੇ ਸਿੱਖ ਦੇ ਨਿਤਾਪ੍ਰਤੀ ਜੀਵਨ ਦੀ ਗੱਲ ਕਰਦਿਆਂ ਕਿਹਾ ਕਿ ਹਰ ਸਿੱਖ ਨੂੰ ਪੰਥਕ ਰਵਾਇਤਾਂ 'ਤੇ ਡੱਟ ਕੇ ਪਹਿਰਾ ਦੇਣਾ ਚਾਹੀਦਾ ਹੈ। ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਸੰਗਤਾਂ ਦੇ ਸਹਿਯੋਗ ਨਾਲ ਪ੍ਰਬੰਧਕਾਂ ਨੇ ਸਿੱਖੀ ਦੇ ਪ੍ਰਚਾਰ ਲਈ ਬਹੁਤ ਖੂਬਸੂਰਤ ਇਮਾਰਤ ਤਿਆਰ ਕੀਤੀ ਹੈ।

ਸੰਗਤ ਨੂੰ ਸੰਬੋਧਨ ਕਰਦਿਆਂ ਭਾਈ ਰਣਜੀਤ ਸਿੰਘ ਨੇ ਅਕਾਲ ਤਖਤ ਸਾਹਿਬ ਅਤੇ ਜਥੇਦਾਰ ਦੀ ਪਦਵੀ ਬਾਰੇ ਕਿਹਾ ਕਿ ਜਥੇਦਾਰ ਪੰਥ ਦੀ ਭਲਾਈ ਲਈ ਹੁਕਮ ਅਤੇ ਫੈਸਲਾ ਸੁਣਾਉਂਦਾ ਹੈ। ਹਰ ਸਿੱਖ ਦਾ ਫਰਜ਼ ਬਣਦਾ ਹੈ ਕਿ ਅਕਾਲ ਤਖਤ ਦੇ ਹਰ ਹੁਕਮ ਦੀ ਪਾਲਣਾ ਕਰੇ। ਉਨ੍ਹਾਂ ਦਾ ਇਸ਼ਾਰਾ ਸ਼ਾਇਦ ਉਨ੍ਹਾਂ ਲੋਕਾਂ ਵੱਲ ਸੀ ਜੋ ਆਏ ਦਿਨ ਅਕਾਲ ਤਖਤ ਦੇ ਹੁਕਮਨਾਮਿਆਂ ਅਤੇ ਜਥੇਦਾਰ ਦੀ ਪਦਵੀ ਨੂੰ ਚੈਲਿੰਜ ਕਰਦੇ ਹਨ। ਉਨ੍ਹਾਂ ਕਿਹਾ ਕਿ ਅਕਾਲ ਤਖਤ ਸਰਬਉਚ ਹੈ ਅਤੇ ਖਾਲਸਾ ਪੰਥ ਹਮੇਸ਼ਾਂ ਅਕਾਲ ਤਖਤ ਤੋਂ ਸੇਧ ਲੈਂਦਾ ਹੈ। ਉਨ੍ਹਾਂ ਆਖਿਆ ਕਿ ਹਿੰਦੂ ਧਰਮ ਵਿਚ ਸੱਠ ਸ਼ੰਕਰਾਚਾਰੀਆ ਹਨ ਅਤੇ ਸਭ ਨੂੰ ਜਗਤ ਗੁਰੂ ਕਿਹਾ ਜਾਂਦਾ ਹੈ ਪਰ ਕਿਸੇ ਨੂੰ ਵੀ ਆਪਣੇ ਸਹਿ ਧਰਮੀ ਨੂੰ ਤਲਬ ਕਰਨ ਦਾ ਹੱਕ ਨਹੀਂ। ਪਰ ਅਕਾਲ ਤਖਤ ਦੇ ਜਥੇਦਾਰ ਪਾਸ ਇਹ ਹੱਕ ਹੈ। ਉਨ੍ਹਾਂ ਇਸ ਤੋਂ ਪਹਿਲੀ ਸ਼ਾਮ ਗੁਰਦੁਆਰਾ ਸਟਾਕਟਨ ਵਿਚ ਕੁਝ ਸਿੱਖਾਂ ਦਾ ਹਵਾਲਾ ਦਿੱਤਾ ਜਿਨ੍ਹਾਂ ਅਕਾਲ ਤਖਤ ਦੇ ਜਥੇਦਾਰ ਨੂੰ ਪੰਥਕ ਮਸਲਿਆਂ 'ਤੇ ਕਈ ਤਰ੍ਹਾਂ ਦੇ ਸਵਾਲ ਪੁੱਛਣ ਦੀ ਕੋਸ਼ਿਸ਼ ਕੀਤੀ।

ਸਿੰਘ ਸਾਹਿਬ ਨੇ ਦੀਵਾਨ ਦੀ ਸਮਾਪਤੀ ਤੋਂ ਬਾਅਦ ਗੁਰਦੁਆਰਾ ਸੈਨ ਹੋਜ਼ੇ ਦੀ ਇਮਾਰਤ ਦੇ ਦਰਸ਼ਨ ਕੀਤੇ। ਉਸ ਸਮੇਂ ਉਹ ਬਹੁਤ ਖੁਸ਼ ਹੋਏ ਜਦੋਂ ਗੁਰੂ ਘਰ ਵਲੋਂ ਚਲਾਏ ਜਾਂਦੇ ਖਾਲਸਾ ਸਕੂਲ ਵਿਚ ਗੁਰਬਾਣੀ, ਕਥਾ, ਕੀਰਤਨ ਅਤੇ ਪੰਜਾਬੀ ਦੀ ਸਿੱਖਿਆ ਲੈ ਰਹੇ 700 ਬੱਚਿਆਂ ਬਾਰੇ ਉਨ੍ਹਾਂ ਨੂੰ ਦੱਸਿਆ ਗਿਆ। ਸਿੰਘ ਸਾਹਿਬ ਨੇ ਸਕੂਲ ਦੇ ਬੱਚਿਆਂ ਨਾਲ ਵੀ ਕੁੱਝ ਸਮਾਂ ਬਿਤਾਇਆ। ਗੁਰੂ ਘਰ ਦੀ ਤਰਫੋਂ ਸਿੰਘ ਸਾਹਿਬ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ ਗਿਆ। ਸਿੱਖ ਸੰਗਤਾਂ ਵਿਚ ਅਕਾਲ ਤਖਤ ਦੇ ਜਥੇਦਾਰ ਪ੍ਰਤੀ ਇੰਨੀ ਸ਼ਰਧਾ ਸੀ ਕਿ ਸਵੇਰ ਤੋਂ ਹੀ ਸੰਗਤਾਂ ਸਿੰਘ ਸਾਹਿਬ ਦੀ ਬੇਸਬਰੀ ਨਾਲ ਉਡੀਕ ਕਰ ਰਹੀਆਂ ਸਨ। ਇਸ ਸਮੇਂ ਕੁੱਝ ਲੋਕਾਂ ਨੇ ਸਿੰਘ ਸਾਹਿਬ ਨੂੰ ਸੁਆਲ-ਜਵਾਬ ਕਰਨ ਦੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਕਿਸੇ ਵੀ ਵਿਵਾਦਪੂਰਨ ਮਸਲੇ 'ਤੇ ਗੱਲ ਕਰਨ ਤੋਂ ਇਨਕਾਰ ਕਰ ਦਿੱਤਾ।

ਗੁਰਦੁਆਰਾ ਸਾਹਿਬ ਦੇ ਪ੍ਰੋਗਰਾਮ ਤੋਂ ਬਾਅਦ ਸਿੰਘ ਸਾਹਿਬ ਨੇ ਮਾਵੀ ਪਰਿਵਾਰ ਦੇ ਘਰ ਲੰਗਰ ਛੱਕਿਆ। ਇਸ ਤੋਂ ਬਾਅਦ ਜਸਵੀਰ ਸਿੰਘ ਪਵਾਰ ਦੇ ਘਰ ਜਥੇਦਾਰ ਗਿਆਨੀ ਗੁਰਬਚਨ ਸਿੰਘ ਨਾਲ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਦੀ ਇੱਕ ਵਿਸ਼ੇਸ਼ ਮੀਟਿੰਗ ਹੋਈ ਜਿਸ ਵਿਚ ਸਿੱਖੀ ਦੇ ਪ੍ਰਚਾਰ ਲਈ ਸ਼੍ਰੋਮਣੀ ਕਮੇਟੀ ਨਾਲ ਤਾਲਮੇਲ ਬਣਾ ਕੇ ਵਧੀਆ ਰਾਗੀ, ਢਾਡੀ ਅਤੇ ਕਥਾਵਾਚਕ ਲਿਆਉਣ ਦੀ ਗੱਲਬਾਤ ਹੋਈ। ਇਸ ਸਮੇਂ ਜਥੇਦਾਰ ਨੇ ਕਿਹਾ ਕਿ ਗੁਰਦੁਆਰਾ ਸਾਹਿਬ ਵਿਚ ਹਰ ਕਾਰਜ ਪੰਥ ਪ੍ਰਵਾਨਤ ਸਿੱਖ ਰਹਿਤ ਮਰਿਆਦਾ ਅਨੁਸਾਰ ਹੀ ਹੋਣਾ ਚਾਹੀਦਾ ਹੈ। ਹਰ ਕਾਰਜ ਤੇ ਨਿਤਨੇਮ ਦਾ ਸਮਾਂ ਨਿਯਤ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਜੇ ਗੁਰਦੁਆਰਾ ਸਾਹਿਬ ਵਿਚ ਪੰਥ ਪ੍ਰਵਾਨਿਤ ਰਹਿਤ ਮਰਿਆਦਾ ਵਾਲੇ ਪ੍ਰੋਗਰਾਮ ਹੋਣਗੇ ਤਾਂ ਕੋਈ ਹੋਰ ਆਪਣੀ ਹੀ ਬਣਾਈ ਵੱਖਰੀ ਮਰਿਆਦਾ ਨਹੀਂ ਠੋਸੇਗਾ।

ਪ੍ਰਬੰਧਕਾਂ ਨੇ ਜਥੇਦਾਰ ਦੇ ਧਿਆਨ ਵਿਚ ਲਿਆਂਦਾ ਕਿ ਕੁੱਝ ਲੋਕ ਪੰਥ ਪ੍ਰਵਾਨਤ ਰਹਿਤ ਮਰਿਆਦਾ ਦੇ ਉਲਟ ਆਪਣੀ ਮਰਿਆਦਾ ਅਨੁਸਾਰ ਰਹਿਰਾਸ ਸਾਹਿਬ ਅਤੇ ਹੋਰ ਪਾਠ ਪੂਜਾ ਕਰਨ ਦੀ ਕੋਸ਼ਿਸ਼ ਕਰ ਰਹੇ ਹਨ ਜਦੋਂ ਕਿ ਦੀਵਾਨ ਹਾਲ ਵਿਚ ਬਾਕਾਇਦਾ ਰਹਿਰਾਸ ਸਾਹਿਬ ਦੇ ਪਾਠ ਹੁੰਦੇ ਹਨ। ਜੇ ਸੰਗਤ ਦੇ ਇਕ ਗਰੁਪ ਨੂੰ ਗੁਰੂ ਘਰ ਅੰਦਰ ਵੱਖਰੀ ਮਰਿਆਦਾ ਅਪਨਾਉਣ ਦੀ ਇਜਾਜ਼ਤ ਦਿੱਤੀ ਜਾਂਦੀ ਹੈ ਤਾਂ ਕੱਲ੍ਹ ਨੂੰ ਵੱਖੋ ਵੱਖ ਸੰਪਰਦਾਵਾਂ ਅਤੇ ਡੇਰਿਆਂ ਵਾਲੇ ਆਪੋ ਆਪਣੇ ਮਰਿਆਦਾ ਅਪਨਾਉਣ ਲਈ ਥਾਂ ਦੇਣ ਵਾਸਤੇ ਜ਼ੋਰ ਪਾਉਣਗੇ ਜੋ ਪੰਥਕ ਮਰਿਆਦਾ ਦੇ ਵਿਰੁਧ ਹੋਵੇਗਾ।

ਇਸੇ ਦੌਰਾਨ ਪ੍ਰਬੰਧਕਾਂ ਵਲੋਂ ਜਾਰੀ ਇਕ ਬਿਆਨ ਅਨੁਸਾਰ ਜਥੇਦਾਰ ਦੇ ਸੁਝਾਅ ਨੂੰ ਮੁੱਖ ਰੱਖਦਿਆਂ ਗੁਰੂ ਘਰ ਵਿਖੇ ਹਰ ਰੋਜ਼ ਨਾਮ ਸਿਮਰਨ ਦਾ ਦੂਜਾ ਸਮਾਂ ਸ਼ਾਮ ਨੂੰ 5 ਵਜੇ ਦਾ ਨਿਯਤ ਕਰ ਦਿੱਤਾ ਗਿਆ ਹੈ ਜੋ ਕਿ ਜਲਦੀ ਹੀ ਸ਼ੁਰੂ ਹੋ ਜਾਵੇਗਾ, ਪਹਿਲਾ ਸਮਾਂ ਸਵੇਰੇ ਸਾਢੇ ਤਿੰਨ ਵਜੇ ਦਾ ਹੈ। ਗੁਰੂ ਘਰ ਦੇ ਗ੍ਰੰਥੀ ਸਿੰਘ ਜਿਨ੍ਹਾਂ ਨੇ ਗੁਰਬਾਣੀ ਸੰਥਿਆ ਦੀ ਵਿਦਿਆ ਪ੍ਰਾਪਤ ਕੀਤੀ ਹੈ, ਗੁਰੂ ਘਰ ਵਿਖੇ ਹਰ ਸਨਿਚਰਵਾਰ ਅਤੇ ਐਤਵਾਰ ਗੁਰਬਾਣੀ ਸੰਥਿਆ ਦੀਆ ਕਲਾਸਾਂ ਲਾ ਰਹੇ ਹਨ। ਪ੍ਰਬੰਧਕਾਂ ਨੇ ਸੰਗਤਾਂ ਨੂੰ ਇਸ ਦਾ ਲਾਭ ਲੈਣ ਦੀ ਬੇਨਤੀ ਕੀਤੀ ਹੈ।



*ਗੁਰਦੁਆਰਾ ਸੈਨ ਹੋਜ਼ੇ ਵਿਚ ਸਿੰਘ ਸਾਹਿਬ ਗੁਰਦੁਆਰਾ ਪ੍ਰਬੰਧਕਾਂ ਨਾਲ*

# ਸੁਧਾਰ ਕਮੇਟੀ ਵਲੋਂ ਸੈਨ ਹੋਜ਼ੇ ਗੁਰੂ ਘਰ ਦੇ ਪ੍ਰਬੰਧਕਾਂ ਵਿਰੁਧ ਪੱਤਰ

**ਸੈਨ ਹੋਜ਼ੇ (ਬਿਊਰੋ):** ਸੈਨ ਹੋਜ਼ੇ ਗੁਰਦੁਆਰਾ ਸੁਧਾਰ ਕਮੇਟੀ ਦੇ ਨੁਮਾਇੰਦਿਆਂ ਨੇ ਇਥੇ ਸ੍ਰੀ ਅਕਾਲ ਤਖਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੂੰ ਮਿਲ ਕੇ ਗੁਰਦੁਆਰਾ ਸੈਨ ਹੋਜ਼ੇ ਦੀ ਪ੍ਰਬੰਧਕ ਕਮੇਟੀ ਵਿਰੁਧ ਇਕ ਸ਼ਿਕਾਇਤ ਪੱਤਰ ਦਿੱਤਾ ਜਿਸ ਵਿਚ ਪ੍ਰਬੰਧਕ ਕਮੇਟੀ ਉਪਰ ਤਾਨਾਸ਼ਾਹੀ ਵਤੀਰਾ ਅਪਾਨਉਣ ਦਾ ਦੋਸ਼ ਲਾਇਆ ਗਿਆ ਹੈ।

ਇਹ ਸ਼ਿਕਾਇਤ ਪੱਤਰ ਇਥੇ ਸ. ਹਰਬਿੰਦਰ ਸਿੰਘ ਮਾਵੀ ਦੇ ਘਰ ਦਿੱਤਾ ਗਿਆ ਜਿਥੇ ਗਿਆਨੀ ਗੁਰਬਚਨ ਸਿੰਘ ਗੁਰਦੁਆਰਾ ਸੈਨ ਹੋਜ਼ੇ ਜਾਣ ਉਪਰੰਤ ਪਹੁੰਚੇ ਸਨ। ਪੱਤਰ ਉਪਰ ਗੁਰਦੁਆਰਾ ਸੁਧਾਰ ਕਮੇਟੀ ਦੇ ਸੱਤ ਮੈਂਬਰਾਂ ਤੇ ਸਮਰਥਕਾਂ ਦੇ ਦਸਤਖਤ ਸਨ। ਜ਼ਿਕਰਯੋਗ ਹੈ ਕਿ ਜਥੇਦਾਰ ਗਿਆਨੀ ਗੁਰਬਚਨ ਸਿੰਘ ਇਨ੍ਹੀਂ ਦਿਨੀਂ ਅਮਰੀਕਾ ਦੌਰੇ 'ਤੇ ਹਨ।

ਭਾਈ ਗੁਰਮੇਲ ਸਿੰਘ ਖਾਲਸਾ ਨੇ ਇਹ ਪੱਤਰ ਜਥੇਦਾਰ ਨੂੰ ਸੌਂਪਦਿਆਂ ਕਿਹਾ ਕਿ ਗੁਰੂ ਘਰ ਦੀ ਸੰਗਤ ਪ੍ਰਬੰਧਕ ਕਮੇਟੀ ਵਲੋਂ ਗੁਰੂ ਘਰ ਦੇ ਸਾਊਥ ਹਾਲ ਨੂੰ ਤਾਲਾ ਲਾਏ ਜਾਣ ਤੋਂ ਖਫਾ ਹੈ ਕਿਉਂਕਿ ਇਸ ਹਾਲ ਵਿਚ ਸੰਗਤ ਵਲੋਂ ਨਾਮ ਸਿਮਰਨ ਕੀਤਾ ਜਾਂਦਾ ਸੀ।

ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਤਰਫੋਂ ਜਸਵੰਤ ਸਿੰਘ ਹੋਠੀ ਨੇ ਵੀ ਇਕ ਪੱਤਰ ਜਥੇਦਾਰ ਨੂੰ ਸੌਂਪਿਆ ਜਿਸ ਵਿਚ ਇਹ ਸ਼ਿਕਾਇਤ ਕੀਤੀ ਗਈ ਸੀ ਕਿ ਗੁਰਦੁਆਰਾ ਸੈਨ ਹੋਜ਼ੇ ਦੇ ਪ੍ਰਬੰਧਕਾਂ ਵਲੋਂ ਹਿੰਦੂ ਵੋਟਰਾਂ ਦੀਆਂ ਵੋਟਾਂ ਬਣਾਈਆਂ ਗਈਆਂ ਹਨ।



*ਤਸਵੀਰ ਵਿਚ (ਖੱਬਿਓਂ) ਸੁਖਜਿੰਦਰ ਸਿੰਘ, ਬਲਬੀਰ ਸਿੰਘ ਢਿੱਲੋਂ, ਜਸਵੰਤ ਸਿੰਘ ਹੋਠੀ, ਗਿਆਨੀ ਰਣਜੀਤ ਸਿੰਘ, ਗੁਰਨਾਮ ਸਿੰਘ ਹੁੰਦਲ, ਜਥੇਦਾਰ ਗਿਆਨੀ ਗੁਰਬਚਨ ਸਿੰਘ, ਹਰਦਿਆਲ ਸਿੰਘ, ਚਰਨਜੀਤ ਪੰਨੂ, ਗੁਰਮੇਲ ਸਿੰਘ ਖਾਲਸਾ, ਡਾ. ਤਰਲੋਚਨ ਸਿੰਘ ਨਾਹਲ, ਸੁਖਦੀਪ ਸਿੰਘ ਅਤੇ ਭੁਪਿੰਦਰ ਸਿੰਘ*

# ਸਿੱਖ ਨਸਲਕੁਸ਼ੀ ਤੇ ਪ੍ਰਭੁਸੱਤਾ ਕਾਨਫਰੰਸ 21 ਨੂੰ

**ਯੂਨੀਅਨ ਸਿਟੀ (ਬਿਊਰੋ):** ਮਨੁੱਖੀ ਅਧਿਕਾਰ ਜਥੇਬੰਦੀ ਸਿੱਖਸ ਫਾਰ ਜਸਟਿਸ ਵਲੋਂ ਆਉਂਦੀ 21 ਅਕਤੂਬਰ ਨੂੰ ਇਥੇ ਯੂਨੀਅਨ ਸਿਟੀ ਸਪੋਰਟਸ ਸੈਂਟਰ (31224 ਯੂਨੀਅਨ ਸਿਟੀ ਬੁਲੇਵਰਡ) ਵਿਚ ਅਕਾਲ ਤਖਤ ਦੀ ਸਰਪ੍ਰਸਤੀ ਹੇਠ ਸਿੱਖ ਨਸਲੁਕਸ਼ੀ ਤੇ ਪ੍ਰਭੁਸੱਤਾ ਕਾਨਫਰੰਸ ਸ਼ਾਮ 6 ਤੋਂ 9 ਵਜੇ ਤਕ ਕਰਵਾਈ ਜਾ ਰਹੀ ਹੈ।

ਜਥੇਬੰਦੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਹ ਕਾਨਫਰੰਸ ਅਮਰੀਕਾ ਦੀਆਂ ਵੱਖ ਵੱਖ ਗੁਰਦੁਆਰਾ ਪ੍ਰਬੰਧਕ ਕਮੇਟੀਆਂ, ਸਿੱਖ ਜਥੇਬੰਦੀਆਂ ਤੇ ਸੁਸਾਇਟੀਆਂ ਦੇ ਸਹਿਯੋਗ ਨਾਲ ਕਰਵਾਈ ਜਾ ਰਹੀ ਹੈ। ਇਨ੍ਹਾਂ ਵਿਚ ਗੁਰਦੁਆਰਾ ਫਰੀਮਾਂਟ, ਦਸਮੇਸ਼ ਦਰਬਾਰ ਟਰੇਸੀ, ਗੁਰਦੁਆਰਾ ਸੈਨ ਹੋਜ਼ੇ ਤੋਂ ਇਲਾਵਾ ਸੈਲਮਾ, ਯੂਬਾ ਸਿਟੀ, ਸਟਾਕਟਨ, ਬਰਾਡਸ਼ਾਹ ਸੈਕਰਾਮੈਂਟੋ, ਫਰਿਜ਼ਨੋ, ਮਿਲਪੀਟਸ, ਲੋਡਾਈ, ਐਲ ਸਬਰਾਂਟੇ, ਟੂਲੇਰੀ, ਮਨਟੀਕਾ ਦੇ ਗੁਰੂ ਘਰਾਂ ਦੀਆਂ ਕਮੇਟੀਆਂ ਅਤੇ ਅਮਰੀਕਨ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤ ਸੇਵਾ ਸੁਸਾਇਟੀ ਇੰਟਰਨੈਸ਼ਨਲ, ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਸਿੱਖ ਯੂਥ ਆਫ ਅਮਰੀਕਾ, ਬੇਏਰੀਆ ਸਿੱਖ ਅਲਾਇੰਸ, ਸਿੱਖ ਫੈਡਰੇਸ਼ਨ ਆਫ ਕੈਲੀਫੋਰਨੀਆ, ਆਪਣਾ ਪੰਜਾਬ, ਅਮਰੀਕਨ ਸਿੱਖ ਆਰਗੇਨਾਈਜੇਸ਼ਨ, ਖਾਲਸਾ ਡੈਂਟਲ ਸੈਨ ਹੋਜ਼ੇ, ਖਾਲਸਾ ਜਾਗ੍ਰਿਤੀ ਲਹਿਰ ਤੇ ਗੁਰਮਤਿ ਚੇਤਨਾ ਲਹਿਰ ਆਦਿ ਜਥੇਬੰਦੀਆਂ ਸ਼ਾਮਿਲ ਹਨ।

ਨਵੰਬਰ 1984 ਦੀ ਸਿੱਖ ਨਸਲਕੁਸ਼ੀ ਦੇ ਮਾਮਲੇ 'ਚ ਜਗਦੀਸ਼ ਟਾਇਟਲਰ ਵਿਰੁਧ ਮੁੱਖ ਗਵਾਹ ਜਸਬੀਰ ਸਿੰਘ ਨੇ ਕਿਹਾ ਹੈ ਕਿ ਸਿੱਖ ਨਸਲਕੁਸ਼ੀ ਦੇ ਪੀੜਤ ਨੂੰ ਅੱਜ ਤੱਕ ਇਨਸਾਫ ਨਹੀਂ ਮਿਲਿਆ।

ਸਿੱਖਸ ਫਾਰ ਜਸਟਿਸ ਦੇ ਕਾਨੂੰਨੀ ਸਲਾਹਕਾਰ ਅਟਾਰਨੀ ਗੁਰਪਤੰਵਤ ਸਿੰਘ ਪੰਨੂ ਨੇ ਕਿਹਾ ਕਿ ਸੰਯੁਕਤ ਰਾਸ਼ਟਰ ਵਿਚ ਨਵੰਬਰ 2013 ਵਿਚ ਇਕ ਸਿੱਖ ਨਸਲਕੁਸ਼ੀ ਪਟੀਸ਼ਨ ਪਾਈ ਜਾਵੇਗੀ। ਸ੍ਰੀ ਅਕਾਲ ਤਖਤ ਦੀ ਸਰਪ੍ਰਸਤੀ ਹੇਠ ਪਾਈ ਜਾਣ ਵਾਲੀ ਇਸ ਪਟੀਸ਼ਨ ਲਈ 10 ਲੱਖ ਦਸਤਖਤ ਕਰਵਾਏ ਜਾਣਗੇ ਜਿਸ ਵਾਸਤੇ ਇਸ ਸਾਲ ਨਵੰਬਰ ਤੋਂ ਅਗਲੇ ਸਾਲ ਨਵੰਬਰ ਮਹੀਨੇ ਤੱਕ ਪੂਰਾ ਸਾਲ ਦਸਤਖਤੀ ਲਹਿਰ ਚਲਾਈ ਜਾਵੇਗੀ।



# ਭਾਰਤੀ ਵਿਦੇਸ਼ ਮੰਤਰੀ ਵੱਲੋਂ ਓਕ ਕਰੀਕ ਕਾਂਡ ‘ਤੇ ਅਫਸੋਸ

**ਮਿਲਵਾਕੀ:** ਭਾਰਤੀ ਵਿਦੇਸ਼ ਮੰਤਰੀ ਐਸ.ਐਮ. ਕ੍ਰਿਸ਼ਨਾ ਨੇ ਗੁਰਦੁਆਰਾ ਓਕ ਕਰੀਕ ਗੋਲੀ ਕਾਂਡ ‘ਚ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਨਾਲ ਮੁਲਾਕਾਤ ਕਰਕੇ ਹਮਦਰਦੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਕਿਹਾ ਕਿ ਭਾਰਤ ਤੇ ਅਮਰੀਕਾ ਹਿੰਸਾ ਤੇ ਨਸਲੀ ਨਫ਼ਰਤ ਦੇ ਸਖ਼ਤ ਵਿਰੋਧੀ ਹਨ। ਸ੍ਰੀ ਕ੍ਰਿਸ਼ਨਾ ਨੇ ਮਿਲਵਾਕੀ ਦੇ ਉਸ ਹਸਪਤਾਲ ਵੀ ਗਏ ਜਿਥੇ ਗ੍ਰੰਥੀ ਪੰਜਾਬ ਸਿੰਘ ਕੋਮਾ ਵਿਚ ਪਏ ਹਨ। ਉਨ੍ਹਾਂ ਨੇ ਪੀੜਤ ਪਰਿਵਾਰਾਂ ਨੂੰ ਹੌਸਲਾ ਦਿੱਤਾ। 5 ਅਗਸਤ ਨੂੰ ਗੋਲੀ ਕਾਂਡ ਵਿਚ ਇਹ ਗ੍ਰੰਥੀ ਸਿੰਘ ਗੰਭੀਰ ਫੱਟੜ ਹੋ ਗਿਆ ਸੀ।

ਵਿਦੇਸ਼ ਮੰਤਰੀ ਨੇ ਉਨ੍ਹਾਂ ਛੇ ਸਿੱਖ ਪਰਿਵਾਰਾਂ ਨਾਲ ਵੀ ਹਮਦਰਦੀ ਪ੍ਰਗਟਾਵੀ ਜਿਨ੍ਹਾਂ ਦੇ ਜੀਅ ਇਸ ਕਾਂਡ ਵਿਚ ਗੋਲੀਆਂ ਨਾਲ ਮਾਰੇ ਗਏ ਸਨ। ਇਸ ਮੌਕੇ ਮਿਲਵਾਕੀ ਵਿਚਲੇ ਸਿੱਖ ਭਾਈਚਾਰੇ ਦੇ 300 ਮੈਂਬਰ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਇਹ ਬੜੇ ਅਫਸੋਸ ਦੀ ਗੱਲ ਹੈ ਕਿ ਗੋਲੀ ਕਾਂਡ ਉਸ ਥਾਂ ਹੋਇਆ ਜਿਥੇ ਮਾਨਵਤਾ ਨੂੰ ਸ਼ਾਂਤੀ, ਅਹਿੰਸਾ ਤੇ ਪ੍ਰੇਮ-ਪਿਆਰ ਦਾ ਸੰਦੇਸ਼ ਮਿਲਦਾ ਹੈ। ਭਾਰਤ, ਅਮਰੀਕਾ ਤੇ ਕੁੱਲ ਦੁਨੀਆਂ ‘ਚ ਵਸਦੇ ਉੱਚੀ-ਸੁੱਚੀ ਸੋਚ ਵਾਲੇ ਲੋਕ ਇਸ ਬੇਦਰਦ ਕਾਰੇ ਦੀ ਨਿਖੇਧੀ ਕਰਦੇ ਹਨ। ਅਜਿਹੀਆਂ ਘਟਨਾਵਾਂ ਤੋਂ ਭੈਭੀਤ ਹੋਣ ਦੀ ਥਾਂ ਇਕਜੁੱਟਤਾ ਨਾਲ ਇਨ੍ਹਾਂ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਸਿੱਖ ਕੌਮ ਨੇ ਇਸ ਘਟਨਾ ਮਗਰੋਂ ਜੋ ਸਬਰ ਤੇ ਹਿੰਮਤ ਦਿਖਾਈ ਉਹ ਕਾਬਲੇਤਾਰੀਫ਼ ਹੈ।

ਸ੍ਰੀ ਕ੍ਰਿਸ਼ਨਾ ਨੇ ਸੰਯੁਕਤ ਰਾਸ਼ਟਰ ਦੀ 67 ਮਹਾਸਭਾ ਮਗਰੋਂ ਵਿਸਕਾਨਸਿਨ ਦਾ ਦੌਰਾ ਕੀਤਾ। ਉਨ੍ਹਾਂ ਨੇ ਇਸ ਗੁਰਦੁਆਰਾ ਗੋਲੀ ਕਾਂਡ ਬਾਰੇ ਆਪਣੀ ਅਮਰੀਕੀ ਹਮਰੁਤਬਾ ਹਿਲੇਰੀ ਕਲਿੰਟਨ ਨਾਲ ਨਿਊ ਯਾਰਕ ਵਿਖੇ ਵੀ ਚਰਚਾ ਕੀਤੀ। ਉਨ੍ਹਾਂ ਦੱਸਿਆ ਕਿ ਦੋਵੇਂ ਮੁਲਕ ਹਿੰਸਾ ਤੇ ਨਸਲੀ ਨਫ਼ਰਤ ਦੇ ਸਖ਼ਤ ਵਿਰੋਧੀ ਹਨ ਤੇ ਦੇਸ਼ਾਂ ਵਿਚ ਇਨ੍ਹਾਂ ਲਈ ਕੋਈ ਥਾਂ ਨਹੀਂ, ਇਨ੍ਹਾਂ ਦਾ ਮੁਕਾਬਲਾ ਡਟ ਕੇ ਕੀਤਾ ਜਾਵੇਗਾ।



*ਸ੍ਰੀ ਕ੍ਰਿਸ਼ਨਾ (ਸੱਜੇ) ਪਰਿਵਾਰਾਂ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ*

# ਸਟੈਨਫੋਰਡ ‘ਵਰਸਿਟੀ ਵਿਚ ਭਾਰਤ ਦੀ 5 ਸਾਲਾ ਯੋਜਨਾ ਬਾਰੇ ਵਿਚਾਰਾਂ

**ਸਟੈਨਫੋਰਡ:** ਸਟੈਨਫੋਰਡ ਸੈਂਟਰ ਫਾਰ ਇੰਟਰਨੈਸ਼ਨਲ ਡਿਵੈਲਪਮੈਂਟ ਵੱਲੋਂ ਸਟੈਨਫੋਰਡ ਯੂਨੀਵਰਸਿਟੀ ਵਿਚ ਭਾਰਤੀ ਆਰਥਿਕ ਨੀਤੀਆਂ ਅਤੇ ਸੁਧਾਰਾਂ ਬਾਰੇ 13ਵੀਂ ਸਾਲਾਨਾ ਕਾਨਫਰੰਸ ਕਰਵਾਈ ਗਈ। ਇਸ ਕਾਨਫਰੰਸ ਵਿਚ ਭਾਰਤ ਦੇ ਸਾਬਕਾ ਵਿੱਤ ਤੇ ਵਿਦੇਸ਼ ਮੰਤਰੀ ਯਸ਼ਵੰਤ ਸਿਨਹਾ ਅਤੇ ਸੰਸਦ ਮੈਂਬਰਾਂ ਸੀਤਾ ਰਾਮ ਯੇਚੁਰੀ ਤੇ ਐਨ. ਕੇ. ਸਿੰਘ ਨੇ ਸ਼ਿਰਕਤ ਕੀਤੀ।

ਕਾਨਫਰੰਸ ਦੌਰਾਨ ਭਾਰਤ ਦੀ 12ਵੀਂ ਪੰਜ ਸਾਲਾ ਯੋਜਨਾ ਬਾਰੇ ਵਿਚਾਰ ਚਰਚਾ ਕੀਤੀ ਗਈ। ਵਿਚਾਰ ਚਰਚਾ ਦੌਰਾਨ ਪੰਜ ਸਾਲਾ ਯੋਜਨਾ ਦੇ ਵਪਾਰ, ਖੇਤੀ, ਮਨੁੱਖੀ ਵਸੀਲੇ, ਸ਼ਹਿਰੀਕਰਨ, ਬੁਨਿਆਦੀ ਢਾਂਚਾ, ਉਚ ਸਿੱਖਿਆ, ਸਾਇੰਸ ਤੇ ਤਕਨਾਲੋਜੀ ਅਤੇ ਵਪਾਰਕ ਉਤਪਾਦਨ ਨਾਲ ਸਬੰਧਤ ਪੱਖਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਤੋਂ ਪਹਿਲਾਂ ਹੋਏ ਰਾਤਰੀ ਭੋਜ ‘ਚ ਸੈਨ ਫਰਾਂਸਿਸਕੋ ਵਿਚ ਭਾਰਤੀ ਕੌਂਸਲ ਜਨਰਲ ਐਨ. ਪਾਰਥਾਸਾਰਥੀ ਅਤੇ ਹੋਰਨਾਂ ਨੇ ਸ਼ਿਰਕਤ ਕੀਤੀ।


ਹਰ ਤਰ੍ਹਾਂ ਦੇ ਇਲਾਜ ਕਰਾ ਕੇ ਥੱਕ ਚੁਕੇ ਹੋ?
ਤਾਂ ਫਿਰ ਹੋਮੀਓਪੈਥੀ ਅਜ਼ਮਾ ਕੇ ਦੇਖੋ
ਅਸੀਂ ਲਾਇਲਾਜ ਤੇ ਗੰਭੀਰ ਰੋਗਾਂ-ਅਲਰਜੀ, ਦਮਾ, ਰੀਹ ਦੇ ਰੋਗ, ਐਂਗਜ਼ਾਈਟੀ, ਐਸਿਡਿਟੀ, ਐਕਨੀ, ਬਿਸਤਰਾ ਗਿੱਲਾ ਕਰਨਾ, ਬਲੱਡ ਪ੍ਰੈਸ਼ਰ, ਸੂਗਰ ਰੋਗ, ਪੇਟ ਗੈਸ, ਨੀਂਦ ਨਾ ਆਉਣਾ ਅਤੇ ਮਾਈਗਰੇਨ ਆਦਿ ਦਾ ਇਲਾਜ ਕਰਦੇ ਹਾਂ। ਮਸਾਨੇ ਤੇ ਗੁਰਦਿਆਂ ਵਿਚ ਪਥਰੀ, ਰਸੌਲੀ, ਕਿਲਾਂ-ਮੌਕਿਆਂ ਦਾ ਬਿਨਾ ਸਰਜਰੀ ਇਲਾਜ ਕਰਾਓ
ਫੋਨ: (559) 317-2149



**Paramjit S. Khaira**
**D.H.M.S** (30 years of experience)
Ex Homeopathic MedicalOfficer Pb. Govt.
Ex Distt. Homeopathic Officer Pb. Govt.
Member NCH
5790 W. Vartikian Avenue, Fresno CA 93722
**e- mail: drpskhaira@gmail.com**
Working under state law SB 577



ਗ੍ਰੰਥੀ ਸਿੰਘ ਦੀ ਲੋੜ ਹੈ
ਆਇਓਆ ਵਿਚ ਇਕ ਗੁਰੂ ਘਰ ਲਈ ਗ੍ਰੰਥੀ ਸਿੰਘ ਦੀ ਲੋੜ ਹੈ ਜੋ ਕੀਰਤਨ ਕਰ ਸਕਦਾ ਹੋਵੇ ਅਤੇ ਜਿਸ ਨੂੰ ਹਾਰਮੋਨੀਅਮ ਅਤੇ ਤਬਲਾ ਵਜਾਉਣ ਦਾ ਵੀ ਗਿਆਨ ਹੋਵੇ
ਸੰਪਰਕ ਕਰੋ
ਫੋਨ: 515-556-3800


## ਸੇਬ ਘਟਾਉਂਦਾ ਹੈ ਦਿਲ ਦੀਆਂ ਬਿਮਾਰੀਆਂ

**ਵਾਸ਼ਿੰਗਟਨ:** ਹਾਲ ਹੀ ਵਿਚ ਹੋਏ ਨਵੇਂ ਅਧਿਐਨ ਤੋਂ ਪਤਾ ਚੱਲਿਆ ਹੈ ਕਿ ਰੋਜ਼ਾਨਾ ਇਕ ਸੇਬ ਖਾਣ ਨਾਲ ਦਿਲ ਦੀਆਂ ਬਿਮਾਰੀਆਂ ਤੋਂ ਬਚਿਆ ਜਾ ਸਕਦਾ ਹੈ।

ਇਸ ਖੋਜ ਅਨੁਸਾਰ ਜੇਕਰ ਕੋਈ ਵਿਅਕਤੀ ਚਾਰ ਹਫ਼ਤਿਆਂ ਤਕ ਰੋਜ਼ਾਨਾ ਇਕ ਸੇਬ ਖਾਂਦਾ ਹੈ ਤਾਂ ਉਸ ਨੂੰ ਦਿਲ ਦੇ ਦੌਰੇ ਦਾ ਖ਼ਤਰਾ 40 ਫੀਸਦੀ ਘਟ ਜਾਂਦਾ ਹੈ। ਵਿਗਿਆਨੀਆਂ ਨੂੰ ਇਹ ਵੀ ਪਤਾ ਚਲਿਆ ਹੈ ਕਿ ਸੇਬ ਦਾ ਇਸਤੇਮਾਲ ਖ਼ਰਾਬ ਚਰਬੀ ਨੂੰ ਘਟਾਉਂਦਾ ਹੈ।


**Law Offices of Gill & Heridis**

Immigration Services
■Family Petitions
■Marriage Petitions
■Fiance Visas
■Vawa Petitions
■Consular Processing
■Worker Visas
■9th Circuit Appeals
■BIA Appeals
■Removal Defense
■Asylum
Personal Injury
■Auto Collision



Bhupinder Gill, Esq.
Attorney at Law
(Admitted in CA)

*Call for initial consultation*
Attorney Bhupinder Gill, Esq.
Attorney George Heridis, Esq.
**(408) 940-6065, (408) 736-5203**
Email: gill@ghfirm.com Web: www.ghfirm.com
830 Stewart Drive, Suite#231, Sunnyvale, CA 94085




KAUR eye institute
Putting Patient Care First
Dr. Harrup Kaur, MD, FACS
Eye Surgeon



CATARACT SPECIALIST, San Jose, CA
• Top 10% of eye surgeons in the U.S.
• Trained at the prestigious Mayo Clinc
• Board Certified: American Board of Ophthalmology
• Fellow, American College of Surgeons
ਆਪਣੀਆਂ ਅੱਖਾਂ ਦੀ ਸਰਜਰੀ ਦੀ ਜ਼ਿੰਮੇਵਾਰੀ ਡਾ. ਹਰਿਰੂਪ ਕੌਰ ’ਤੇ ਛੱਡੋ
Cataract surgery continues to evolve. Trust your eyes to a surgeon who has been trained in and uses the most advanced surgical techniques.
*Dr. Kaur has been successfully helping patients see without glasses for the past 8 years.*
MICRO-INCISION SURGERY • NO STITCHES • PREMIUM LENSES
*We accept all major health insurances, including Medicare.*
CALL TODAY TO SCHEDULE YOUR SURGERY CONSULTATION
888-940-3940 • 408-940-3940
Kaur Eye Institute • 555 Knowles Dr., Suite 117 • Los Gatos, CA 95032
www.KaurEye.com



**Buy or Sell** *House, Liquor Store, Gas Station etc.*
In Bay Area & Central Valley
* For Quick Short Sale
* Refinance @ Zero Cost
* Home Loans & SBA Loans
* Free Loan Approval Letter



**Raj Singh**
MA, Med.
(Retd. Principal)
Realtor/Notary
CA DRE#01776459
Mortgage Specialist
NMLS#361690
SMS or Call @
**510-452-7370**
www.singhraj.bayeastweb.com
**Fax: 510-490-9703**
MISSIONPEAK BROKERS, INC. PEAK OF EXCELLENCE
REALTOR MLS
46560 Fremont Blvd., Suite#111, Fremont, CA 94538

**Punjab Times**

**Established in 2000**
**13th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@sbcglobal.net
www.punjabtimesusa.com

**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Major Kular

**California:**
Shiara Dhindsa
Photographer
661-703-6664

**Bay Area**
Charanjit Singh Pannu
408-608-4961

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Missisipi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 90 ਡਾਲਰ,**
**ਪੰਜ ਸਾਲ ਲਈ: 400 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਦਿੱਲੀ ਗੁਰਦੁਆਰਾ ਕਮੇਟੀ ਦੇ ਸੰਵਿਧਾਨ 'ਚ ਸੋਧ ਨੂੰ ਲੈ ਕੇ ਸਿੱਖ ਧੜੇ ਆਹਮੋ-ਸਾਹਮਣੇ

**ਚੰਡੀਗੜ੍ਹ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸੰਵਿਧਾਨ ਵਿਚ ਮੁੜ ਸੋਧ ਦੇ ਮਾਮਲੇ ਨੂੰ ਲੈ ਕੇ ਸਿੱਖ ਧਿਰਾਂ ਆਹਮੋ-ਸਾਹਮਣੇ ਹੋ ਗਈਆਂ ਹਨ। ਦਿੱਲੀ ਕਮੇਟੀ 'ਤੇ ਕਾਬਜ਼ ਸ.

### ਬਾਦਲ ਦਲ ਵੱਲੋਂ ਚੋਣਾਂ ਟਾਲਣ ਦੀ ਕੋਸ਼ਿਸ਼ ਦਾ ਦੋਸ਼

ਪਰਮਜੀਤ ਸਿੰਘ ਸਰਨਾ ਧੜੇ ਸਣੇ ਸਿੱਖਾਂ ਦੀਆਂ ਕਈ ਹੋਰ ਧਿਰਾਂ ਇਸ ਸੋਧ ਨੂੰ ਸ਼ੁਭ ਸ਼ਗਨ ਮੰਨ ਰਹੀਆਂ ਹਨ ਪਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਧੜਾ ਇਸ ਦਾ ਖੁੱਲ੍ਹ ਕੇ ਵਿਰੋਧ ਕਰ ਰਿਹਾ ਹੈ। ਬਾਦਲ ਧੜੇ ਨੇ ਦੋਸ਼ ਲਾਇਆ ਹੈ ਕਿ ਇਹ ਸਭ ਦਸੰਬਰ 'ਚ ਹੋ ਰਹੀਆਂ ਕਮੇਟੀ ਦੀਆਂ ਚੋਣਾਂ ਲਮਕਾਉਣ ਲਈ ਹੀ ਕੀਤਾ ਜਾ ਰਿਹਾ ਹੈ।

ਹਾਸਲ ਜਾਣਕਾਰੀ ਅਨੁਸਾਰ ਇਸ ਸੋਧ ਬਿੱਲ ਵਿਚ ਦਿੱਲੀ ਕਮੇਟੀ ਦੇ ਪ੍ਰਧਾਨ ਦਾ ਕਾਰਜਕਾਲ ਚਾਰ ਸਾਲ ਕਰਨ ਅਤੇ ਪ੍ਰਧਾਨਗੀ ਦੇ ਅਹੁਦੇ ਲਈ ਚੋਣ ਵੀ ਵੋਟਰਾਂ ਵੱਲੋਂ ਸਿੱਧੇ ਹੀ ਕੀਤੇ ਜਾਣ ਦੀਆਂ ਤਜਵੀਜ਼ਾਂ ਪੇਸ਼ ਕੀਤੀਆਂ ਗਈਆਂ ਹਨ। ਇਸ ਸੋਧ ਬਿੱਲ ਨੂੰ ਦਿੱਲੀ ਵਿਧਾਨ ਸਭਾ ਨੇ ਵੀ ਮਨਜ਼ੂਰੀ ਦੇ ਦਿੱਤੀ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂਆਂ ਦਾ ਕਹਿਣਾ ਹੈ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਸੁਪਰੀਮ ਕੋਰਟ ਵੱਲੋਂ 31 ਦਸੰਬਰ ਤੋਂ ਪਹਿਲਾਂ ਕਰਾਉਣ ਦੇ ਆਦੇਸ਼ ਦਿੱਤੇ ਗਏ ਹਨ। ਇਸ ਮੌਕੇ ਕਮੇਟੀ ਦੇ ਸੰਵਿਧਾਨ ਵਿਚ ਸੋਧ ਲਈ ਸ਼ੁਰੂ ਹੋਈ ਪ੍ਰਕਿਰਿਆ ਚੋਣਾਂ ਨੂੰ ਮੁੜ ਪਛਾੜ ਸਕਦੀ ਹੈ।



ਪਰਮਜੀਤ ਸਿੰਘ ਸਰਨਾ

ਦਿੱਲੀ ਕਮੇਟੀ ਦੀਆਂ ਆਮ ਚੋਣਾਂ ਚਾਰ ਵਰ੍ਹੇ ਬਾਅਦ ਹੁੰਦੀਆਂ ਹਨ ਤੇ ਇਨ੍ਹਾਂ ਚੋਣਾਂ ਰਾਹੀਂ 46 ਮੈਂਬਰ ਚੁਣੇ ਜਾਂਦੇ ਹਨ। ਚੁਣੇ ਹੋਏ ਤੇ ਨਾਮਜ਼ਦ ਕੀਤੇ ਮੈਂਬਰਾਂ ਵਲੋਂ ਅਗਾਂਹ ਪ੍ਰਧਾਨ ਤੇ ਹੋਰ ਅਹੁਦੇਦਾਰਾਂ ਦੀ ਚੋਣ ਕੀਤੀ ਜਾਂਦੀ ਹੈ। ਪਹਿਲਾਂ ਦਿੱਲੀ ਕਮੇਟੀ ਦੇ ਪ੍ਰਧਾਨ ਦਾ ਕਾਰਜਕਾਲ ਇਕ ਸਾਲ ਦਾ ਸੀ ਪਰ ਸੰਵਿਧਾਨ ਵਿਚ ਕੀਤੀ ਸੋਧ ਤੋਂ ਬਾਅਦ ਹੁਣ ਪ੍ਰਧਾਨ ਦਾ ਕਾਰਜਕਾਲ ਦੋ ਸਾਲ ਦਾ ਹੈ ਅਤੇ ਹੁਣ ਨਵੀਂ ਸੋਧ ਰਾਹੀਂ ਪ੍ਰਧਾਨ ਦਾ ਕਾਰਜਕਾਲ ਚਾਰ ਸਾਲ ਕਰਨ ਦੀ ਤਜਵੀਜ਼ ਹੈ।

ਅਕਾਲੀ ਆਗੂ ਮਨਜੀਤ ਸਿੰਘ ਕਲਕੱਤਾ ਨੇ ਨਵੇਂ ਸੋਧ ਬਿੱਲ ਦੀ ਹਮਾਇਤ ਕਰਦਿਆਂ ਆਖਿਆ ਕਿ ਇਸ ਨਾਲ ਭ੍ਰਿਸ਼ਟਾਚਾਰ ਨੂੰ ਨੱਥ ਪਵੇਗੀ। ਇਸ ਦੇ ਨਾਲ ਹੀ ਕਾਰਜਕਾਲ ਵਿਚ ਵਾਧਾ ਹੋਣ ਨਾਲ ਕਮੇਟੀ ਪ੍ਰਧਾਨ ਨੂੰ ਖੁੱਲ੍ਹ ਕੇ ਕੰਮ ਕਰਨ ਦਾ ਮੌਕਾ ਮਿਲੇਗਾ। ਪ੍ਰਧਾਨ ਨੂੰ ਵੀ ਮੈਂਬਰਾਂ ਵਾਂਗ ਵੋਟਰਾਂ ਸਾਹਮਣੇ ਉੱਤਰਦਾਈ ਹੋਣਾ ਪਵੇਗਾ ਜਿਸ ਨਾਲ ਉਸ ਦੀ ਕਾਰਗੁਜ਼ਾਰੀ ਵਿਚ ਵਾਧਾ ਹੋਵੇਗਾ।

ਉਧਰ, ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਨੇ ਆਖਿਆ ਕਿ ਸੋਧ ਬਿੱਲ ਨੂੰ ਦਿੱਲੀ ਸਰਕਾਰ ਕੋਲ ਭੇਜਣ ਤੋਂ ਪਹਿਲਾਂ ਕਿਸੇ ਵੀ ਸਿਆਸੀ ਪਾਰਟੀ ਨੂੰ ਭਰੋਸੇ ਵਿਚ ਨਹੀਂ ਲਿਆ ਗਿਆ। ਜਦੋਂ ਉਨ੍ਹਾਂ ਨੂੰ ਪੁੱਛਿਆ ਜਿ ਪੰਜਾਬ ਵਿਚ ਉਹ ਅਜਿਹੇ ਮਾਮਲਿਆਂ ਵਿਚ ਕਿਹੜਾ ਹੋਰ ਧਿਰਾਂ ਤੋਂ ਕਦੀ ਰਾਏ ਲੈਂਦੇ ਹਨ, ਤਾਂ ਉਨ੍ਹਾਂ ਕੋਈ ਜਵਾਬ ਨਹੀਂ ਦਿੱਤਾ।

## ਗੁਰਮੀਤ ਬਾਵਾ ਤੇ ਨੀਨਾ ਟਿਵਾਣਾ ਨੂੰ ਸੰਗੀਤ ਨਾਟਕ ਅਕੈਡਮੀ ਐਵਾਰਡ

**ਨਵੀਂ ਦਿੱਲੀ:** ਸਰੋਦਵਾਦਕ ਅਮਜਦ ਅਲੀ ਖਾਨ ਤੇ ਸੰਤੂਰਵਾਦਕ ਸ਼ਿਵ ਕੁਮਾਰ ਸ਼ਰਮਾ ਸਮੇਤ 47 ਹਸਤੀਆਂ ਨੂੰ ਰਾਸ਼ਟਰਪਤੀ ਪ੍ਰਣਬ ਮੁਖਰਜੀ ਵੱਲੋਂ ਸੰਗੀਤ ਨਾਟਕ ਅਕੈਡਮੀ ਐਵਾਰਡਾਂ ਨਾਲ ਸਨਮਾਨਿਆ ਗਿਆ। ਇਹ ਐਵਾਰਡ ਹਾਸਲ ਕਰਨ ਵਾਲਿਆਂ ਵਿਚ ਪੰਜਾਬ ਤੋਂ ਨੀਨਾ ਟਿਵਾਣਾ (ਥੀਏਟਰ) ਤੇ ਗੁਰਮੀਤ ਬਾਵਾ (ਪੰਜਾਬੀ ਗਾਇਕਾ) ਵੀ ਸ਼ਾਮਲ ਸਨ। ਸੰਗੀਤ, ਨ੍ਰਿਤ ਤੇ ਥੀਏਟਰ ਦੇ ਖੇਤਰ ਦੀਆਂ 11 ਉਘੀਆਂ ਸ਼ਖਸੀਅਤਾਂ ਨੂੰ ਅਕੈਡਮੀ ਫੈਲੋਸ਼ਿਪ 2011 ਲਈ ਨਾਮਜ਼ਦ ਕੀਤਾ ਗਿਆ ਸੀ ਜਿਨ੍ਹਾਂ ਵਿਚ ਸ੍ਰੀ ਖਾਨ ਤੇ ਸ੍ਰੀ ਵਰਮਾ ਸਣੇ ਬੰਸਰੀ ਵਾਦਕ ਹਰੀਪ੍ਰਸਾਦ ਚੌਰਸੀਆ ਵੀ ਸ਼ਾਮਲ ਸਨ।

ਇਸ ਤੋਂ ਇਲਾਵਾ ਫਿਲਮ ਤੇ ਟੀ.ਵੀ. ਖੇਤਰ ਦੀਆਂ 36 ਉਘੀਆਂ ਹਸਤੀਆਂ ਨੂੰ ਵੀ ਇਸ ਮੌਕੇ ਸਨਮਾਨਤ ਕੀਤਾ ਗਿਆ ਜਿਨ੍ਹਾਂ ਵਿਚ ਅਦਾਕਾਰ ਵਿਕਰਮ ਗੋਖਲੇ ਸ਼ਾਮਲ ਹਨ। ਸ੍ਰੀ ਗੋਖਲੇ ਨੂੰ ਅਕੈਡਮੀ ਫੈਲੋਸ਼ਿਪ ਦੇ ਸਭ ਤੋਂ ਵੱਡੇ ਸਨਮਾਨ ਵਜੋਂ ਤਿੰਨ ਲੱਖ ਰੁਪਏ ਦੀ ਫੈਲੋਸ਼ਿਪ ਤੇ ਤਾਮਰ ਪੱਤਰ ਨਾਲ ਸਨਮਾਨਤ ਕੀਤਾ ਗਿਆ। ਵੱਖ-ਵੱਖ ਖੇਤਰਾਂ ਦੀਆਂ ਹੋਰ ਸ਼ਖਸੀਅਤਾਂ ਨੂੰ ਇਕ ਲੱਖ ਰੁਪਏ ਦਾ ਸੰਗੀਤ ਨਾਟਕ ਅਕੈਡਮੀ ਨਕਦ ਪੁਰਸਕਾਰ ਤੇ ਤਾਮਰ ਪੱਤਰ ਭੇਟ ਕੀਤੇ ਗਏ। ਤ੍ਰਿਵੇਣੀ ਕਲਾ ਸੰਗਮ ਦਿੱਲੀ ਦੀ ਸੰਸਥਾਪਕ ਸੁੰਦਰੀ ਕ੍ਰਿਸ਼ਨਾ ਲਾਲ ਸ੍ਰੀਧਾਰਿਨੀ ਤੇ ਨਾਟਕਕਾਰ ਅਲਖਨੰਦਨ ਨੂੰ ਵੀ ਇਹ ਪੁਰਸਕਾਰ ਦਿੱਤੇ ਗਏ।

# ਸਨਾਵਰ ਸਕੂਲ ਨੂੰ ਇਕ ਕਰੋੜ ਦੇ ਕੇ ਕਸੂਤਾ ਫਸਿਆ ਸੁਖਬੀਰ

**ਚੰਡੀਗੜ੍ਹ:** ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਹਿਮਾਚਲ ਪ੍ਰੇਦਸ਼ ਦੇ ਸਨਾਵਰ ਸਕੂਲ ਨੂੰ ਇਕ ਕਰੋੜ ਰੁਪਏ ਦੇ ਕੇ ਕਸੂਤੇ ਫਸ ਗਏ ਹਨ। ਕਾਂਗਰਸ ਸਣੇ ਹੋਰ ਵਿਰੋਧੀ ਧਿਰਾਂ ਨੇ ਦੋਸ਼ ਲਾਇਆ ਹੈ ਕਿ ਪੰਜਾਬ ਦੇ ਸਕੂਲਾਂ 'ਚ ਤਾਂ ਵਿਦਿਆਰਥੀਆਂ ਲਈ ਪਖਾਨੇ ਵੀ ਨਹੀਂ ਪਰ ਸੁਖਬੀਰ ਬਾਦਲ ਹਿਮਾਚਲ ਪ੍ਰਦੇਸ਼ ਦੇ ਸਕੂਲ ਨੂੰ ਇਕ ਕਰੋੜ ਰੁਪਏ ਦੇ ਰਹੇ ਹਨ। ਅਸਲ 'ਚ ਸੁਖਬੀਰ ਬਾਦਲ ਇਸੇ ਸਕੂਲ 'ਚੋਂ ਪੜ੍ਹੇ ਹਨ ਤੇ ਉਨ੍ਹਾਂ ਦਾ ਕਹਿਣਾ ਹੈ ਕਿ ਉਹ ਜੋ ਕੁਝ ਵੀ ਹਨ, ਇਸ ਸਕੂਲ ਦੀ ਬਦੌਲਤ ਹਨ। ਲੰਘੇ ਦਿਨੀਂ ਲਾਰੈਂਸ ਸਕੂਲ ਸਨਾਵਰ ਦੀ 165ਵੀਂ ਸਥਾਪਨਾ ਦਿਵਸ ਦੇ ਸਮਾਪਤੀ ਸਮਾਰੋਹ ਵਿਚ ਸ. ਸੁਖਬੀਰ ਬਾਦਲ ਬਤੌਰ ਮੁੱਖ ਮਹਿਮਾਨ ਸ਼ਾਮਲ ਹੋਏ।

ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਸਕੂਲ ਵਿਚ ਇਕ ਹਾਲ ਬਣਾਉਣ ਲਈ ਆਪਣੀ ਸਰਕਾਰ ਵੱਲੋਂ ਇਕ ਕਰੋੜ ਰੁਪਏ ਦਾ ਚੈਕ ਦਿੱਤਾ। ਉਨ੍ਹਾਂ ਨੇ ਸਕੂਲ ਵਿਚ ਮਿਊਜ਼ਿਕ ਯੰਤਰਾਂ ਲਈ ਪੈਸਾ ਆਪਣੇ ਵੱਲੋਂ ਦੇਣ ਦਾ ਐਲਾਨ ਵੀ ਕੀਤਾ। ਇਸ ਗੱਲ ਨੂੰ ਲੈ ਕੇ ਪੰਜਾਬ 'ਚ ਉਨ੍ਹਾਂ ਦੀ ਬੇਹੱਦ ਅਲੋਚਨਾ ਹੋਈ। ਕਾਂਗਰਸੀ ਆਗੂ ਸੁਖਪਾਲ ਸਿੰਘ ਖਹਿਰਾ ਨੇ ਉਪ ਸ. ਸੁਖਬੀਰ ਸਿੰਘ ਬਾਦਲ 'ਤੇ ਦੋਸ਼ ਲਾਇਆ ਹੈ ਕਿ ਉਹ ਰਾਜ ਸਰਕਾਰ ਦੇ ਖਜ਼ਾਨੇ ਨੂੰ ਲੁਟਾ ਰਹੇ ਹਨ। ਉਨ੍ਹਾਂ ਕਿਹਾ ਕਿ ਉਪ ਮੁੱਖ ਮੰਤਰੀ ਨੇ ਹਿਮਾਚਲ ਪ੍ਰਦੇਸ਼ ਦੇ ਸਨਾਵਰ ਪਬਲਿਕ ਸਕੂਲ ਨੂੰ ਪੰਜਾਬ ਸਰਕਾਰ ਦੇ ਖਜ਼ਾਨੇ ਵਿਚੋਂ ਇਕ ਕਰੋੜ ਰੁਪਏ ਦੀ ਗ੍ਰਾਂਟ ਦਿੱਤੀ ਹੈ ਜੋ ਕਾਨੂੰਨ ਤੇ ਨਿਯਮਾਂ ਦੇ ਵਿਰੁਧ ਹੈ।

ਉਧਰ, ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਕਿ ਸੁਖਬੀਰ ਬਾਦਲ ਵੱਲੋਂ ਹਿਮਾਚਲ ਪ੍ਰਦੇਸ਼ ਦੇ ਪ੍ਰਾਈਵੇਟ ਸਕੂ.ਲ ਨੂੰ ਗ੍ਰਾਂਟ ਦੇਣਾ ਇਖਲਾਕੀ ਤੇ ਕਾਨੂੰਨੀ ਤੌਰ 'ਤੇ ਅਪਰਾਧ ਹੈ। ਉਨ੍ਹਾਂ ਕਿਹਾ ਕਿ ਅੱਜ ਪੰਜਾਬ ਖੁਦ ਆਰਥਿਕ ਤੌਰ 'ਤੇ ਪਛੜ ਰਿਹਾ ਹੈ ਤਾਂ ਕਿਸੇ ਬਾਹਰਲੇ ਸੂਬੇ ਨੂੰ ਮਦਦ ਦੇਣੀ ਫੋਕੀ ਸ਼ੋਹਰਤ ਹਾਸਲ ਕਰਨ ਤੋਂ ਵੱਧ ਕੁਝ ਨਹੀਂ।

# ਬਰਤਾਨਵੀ ਪੁਲਿਸ ਵੱਲੋਂ ਦੋ ਸਿੱਖ ਨੌਜਵਾਨਾਂ ਖਿਲਾਫ ਦੋਸ਼ ਆਇਦ

*(ਸਫਾ ਇਕ ਦੀ ਬਾਕੀ)*

ਪੁਲਿਸ ਨੇ ਜਨਰਲ ਬਰਾੜ 'ਤੇ ਹੋਏ ਹਮਲੇ ਸਬੰਧੀ ਕੁਲ 15 ਜਣਿਆਂ ਨੂੰ ਗ੍ਰਿਫਤਾਰ ਕੀਤਾ ਸੀ। ਦੋ ਔਰਤਾਂ ਸਮੇਤ 10 ਨੂੰ ਜ਼ਮਾਨਤ 'ਤੇ ਰਿਹਾ ਕਰ ਦਿੱਤਾ ਗਿਆ ਹੈ। ਬਾਕੀ ਤਿੰਨ ਵਿਅਕਤੀਆਂ ਨੂੰ ਇਮੀਗ੍ਰੇਸ਼ਨ ਮਾਮਲੇ ਤਹਿਤ ਯੂ.ਕੇ. ਬਾਰਡਰ ਏਜੰਸੀ ਹਵਾਲੇ ਕਰ ਦਿੱਤਾ ਗਿਆ ਹੈ।

ਇਸੇ ਦੌਰਾਨ ਸੈਂਟਰਲ ਗੁਰਦੁਆਰਾ ਖ਼ਾਲਸਾ ਜਥਾ ਲੰਡਨ ਸ਼ੈਫਰਡਬੁਸ਼ ਵਿਖੇ ਗ੍ਰਿਫ਼ਤਾਰ ਕੀਤੇ ਗਏ ਨੌਂ ਵਿਅਕਤੀਆਂ ਦਾ ਕੇਸ ਸਿੱਖ ਜਥੇਬੰਦੀ ਯੂਨਾਈਟਿਡ ਸਿੱਖਸ ਨੇ ਆਪਣੇ ਹੱਥਾਂ ਵਿਚ ਲਿਆ ਹੈ। ਉਧਰ ਬੈਰਿਸਟਰ ਮਜਿੰਦਰਪਾਲ ਕੌਰ ਨੇ ਇਸ ਬਾਰੇ ਕਿਹਾ ਹੈ ਕਿ ਪੁਲਿਸ ਨੇ ਜਿਸ ਢੰਗ ਨਾਲ ਗੁਰਦੁਆਰਾ ਸਾਹਿਬ ਦੇ ਨਾਲ ਲਗਦੀ ਇਮਾਰਤ ਵਿਚੋਂ ਛੇ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ ਤੇ ਉਸੇ ਗੁਰੂਘਰ ਨਾਲ ਸਬੰਧਤ ਤਿੰਨ ਹੋਰ ਵਿਅਕਤੀਆਂ ਨੂੰ ਸੈਰ ਕਰਦਿਆਂ ਗ੍ਰਿਫ਼ਤਾਰ ਕੀਤਾ ਹੈ, ਉਹ ਬਿਲਕੁੱਲ ਗ਼ਲਤ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਵਿਅਕਤੀਆਂ ਨੂੰ ਸ਼ੱਕ ਦੇ ਆਧਾਰ 'ਤੇ ਇਸੇ ਲਈ ਗ੍ਰਿਫ਼ਤਾਰ ਕੀਤਾ ਹੈ ਕਿ ਉਹ ਸਿੱਖ ਹਨ। ਉਨ੍ਹਾਂ ਇਸ ਬਾਰੇ ਇੰਗਲੈਂਡ ਦੇ ਗੁਰੂਘਰਾਂ ਤੇ ਪੰਥਕ ਜਥੇਬੰਦੀਆਂ ਨੂੰ ਇੱਕਮੁੱਠ ਹੋ ਕੇ ਕੇਸ ਦੀ ਪੈਰਵਾਈ ਕਰਨ ਲਈ ਕਿਹਾ ਹੈ।

### ਧਾਰਮਿਕ ਭਾਵਨਾਵਾਂ ਬਨਾਮ ਸਿਆਸਤ ਦੀ ਖੇਤੀ

ਸਿਆਸੀ ਮਾਹਿਰਾਂ ਨੇ ਬਰਾੜ ਉਤੇ ਹੋਏ ਹਮਲੇ ਨੂੰ ਸਿੱਖਾਂ ਦੀਆਂ ਧਾਰਮਿਕ ਭਾਵਨਾਵਾਂ ਨਾਲ ਜੋੜਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਓਪਰੇਸ਼ਨ ਬਲਿਊ ਸਟਾਰ ਨੇ ਸਿੱਖਾਂ ਦੇ ਮਨਾਂ ਉਤੇ ਡੂੰਘੇ ਫੱਟ ਲਾਏ ਹਨ ਅਤੇ ਇਹ ਅਜੇ ਤੱਕ ਰਿਸ ਰਹੇ ਹਨ। ਇਨ੍ਹਾਂ ਸਿੱਖਾਂ ਦਾ ਕਿਸੇ ਗਰਮਖਿਆਲ ਸਿਆਸਤ ਨਾਲ ਭਾਵੇਂ ਕੋਈ ਸਬੰਧ ਨਹੀਂ ਹੁੰਦਾ, ਪਰ ਆਮ ਕਰ ਕੇ ਇਨ੍ਹਾਂ ਨੂੰ ਇਸੇ ਕਤਾਰ ਵਿਚ ਖੜ੍ਹਾ ਕਰ ਦਿੱਤਾ ਜਾਂਦਾ ਹੈ। ਸਿਆਸੀ ਧਿਰਾਂ ਵੀ ਅਜਿਹੀਆਂ ਭਾਵਨਾਵਾਂ ਨੂੰ ਹੋਰ ਹਵਾ ਦੇ ਕੇ ਆਪਣੀ ਸਿਆਸਤ ਦਾ ਕਾਰੋਬਾਰ ਤੋਰਦੀਆਂ ਹਨ।

# ਖਾੜਕੂਵਾਦ ਦੇ ਮੁੜ ਉਭਾਰ ਦਾ ਹਊਆ!

*(ਸਫਾ ਇਕ ਦੀ ਬਾਕੀ)*

ਨੇ ਬਿਨਾਂ ਕਿਸੇ ਖਾਸ ਕਾਰਨ ਸਾਬਕਾ ਖਾੜਕੂਆਂ ਕੁਲਬੀਰ ਸਿੰਘ ਬੜਾ ਪਿੰਡ ਅਤੇ ਦਲਜੀਤ ਸਿੰਘ ਬਿੱਟੂ ਨੂੰ ਗ੍ਰਿਫ਼ਤਾਰ ਕਰ ਲਿਆ ਤੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਪੁੱਤਰ ਸੁਖਬੀਰ ਸਿੰਘ ਬਾਦਲ ਦੀ ਸੁਰੱਖਿਆ ਹੋਰ ਵਧਾ ਦਿੱਤੀ। ਇਨ੍ਹਾਂ ਲੀਡਰਾਂ ਦੀ ਪੰਜਾਬ ਵਿਚ ਕੋਈ ਖਾਸ ਸਰਗਰਮੀ ਅਤੇ ਵੁੱਕਤ ਨਹੀਂ, ਪਰ ਗ੍ਰਿਫਤਾਰੀ ਨੇ ਇਨ੍ਹਾਂ ਨੂੰ ਸਭ ਦੀਆਂ ਨਜ਼ਰਾਂ ਵਿਚ ਜ਼ਰੂਰ ਲਿਆ ਦਿੱਤਾ ਹੈ।

ਇਸ ਦੌਰਾਨ ਬਰਤਾਨਵੀ ਨਾਗਰਿਕ ਜਸਵੰਤ ਸਿੰਘ ਆਜ਼ਾਦ ਨੂੰ ਗ੍ਰਿਫ਼ਤਾਰ ਕਰ ਕੇ ਮੀਡੀਆ 'ਚ ਇਹ ਉਭਾਰਿਆ ਗਿਆ ਕਿ ਉਹ ਪੰਜਾਬ ਵਿਚ ਖਾੜਕੂਵਾਦ ਲਈ ਲਾਮਬੰਦੀ ਕਰ ਰਿਹਾ ਸੀ। ਉਸ ਦੇ ਖਾਤਿਆਂ ਵਿਚੋਂ 1 ਕਰੋੜ 30 ਲੱਖ ਰੁਪਏ ਬਰਾਮਦ ਹੋਣ ਦਾ ਦਾਅਵਾ ਕੀਤਾ ਗਿਆ ਹੈ। ਹੈਰਾਨੀ ਦੀ ਗੱਲ ਹੈ ਕਿ ਸ. ਆਜ਼ਾਦ ਕਾਫੀ ਸਮੇਂ ਤੋਂ ਪੰਜਾਬ 'ਚ ਖੁੱਲ੍ਹੇਆਮ ਵਿਚਰ ਰਿਹਾ ਸੀ ਪਰ ਪੁਲਿਸ ਨੇ ਉਦੋਂ ਕੋਈ ਧਿਆਨ ਨਹੀਂ ਦਿੱਤਾ।

ਇਨ੍ਹੀਂ ਦਿਨੀਂ ਹੀ ਲੰਡਨ 'ਚ ਜਨਰਲ ਬਰਾੜ 'ਤੇ ਹਮਲਾ ਹੋਇਆ ਜਿਸ ਦੀ ਕਿਸੇ ਵੀ ਜਥੇਬੰਦੀ ਨੇ ਜ਼ਿੰਮੇਵਾਰੀ ਨਹੀਂ ਲਈ ਪਰ ਮੀਡੀਆ ਨੇ ਇਸ ਸਾਰੇ ਮਾਮਲੇ ਨੂੰ ਖਾੜਕੂਵਾਦ ਦੇ ਉਭਾਰ ਨਾਲ ਜੋੜ ਦਿੱਤਾ। ਖੁਫੀਆ ਏਜੰਸੀਆਂ ਦਾ ਖੁਦ ਕਹਿਣਾ ਹੈ ਕਿ ਜਨਰਲ ਬਰਾੜ 'ਤੇ ਹਮਲਾ ਕਿਸੇ ਜਥੇਬੰਦੀ ਵੱਲੋਂ ਕੀਤਾ ਗਿਆ ਨਹੀਂ ਲੱਗਦਾ ਸਗੋਂ ਇਹ ਤਾਂ ਭਾਵੁਕ ਹੋਏ ਵਿਅਕਤੀਆਂ ਦਾ ਕਾਰਾ ਹੈ।

ਉਧਰ, ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਵਾਰ-ਵਾਰ ਬਿਆਨ ਦੇ ਰਹੇ ਹਨ ਕਿ ਪੰਜਾਬ 'ਚ ਖਾੜਕੂਵਾਦ ਨੂੰ ਮੁੜ ਉਭਰਨ ਨਹੀਂ ਦਿੱਤਾ ਜਾਵੇਗਾ। ਪੰਜਾਬ ਵਿਧਾਨ ਸਭਾ ਚੋਣਾਂ 'ਚ ਬੁਰੀ ਤਰ੍ਹਾਂ ਹਾਰੀ ਕਾਂਗਰਸ ਨੇ ਅਕਾਲੀਆਂ ਨੂੰ ਟੱਕਰ ਦੇਣ ਲਈ ਉਸ 'ਤੇ ਖਾੜਕੂਵਾਦ ਨੂੰ ਉਭਾਰਨ ਦੇ ਦੋਸ਼ ਲਾਉਣੇ ਸ਼ੁਰੂ ਕਰ ਦਿੱਤੇ ਹਨ। ਹੋਰ ਤਾਂ ਹੋਰ ਪੰਜਾਬ ਕਾਂਗਰਸ ਦੇ ਆਗੂਆਂ ਨੂੰ ਸਾਕਾ ਨੀਲਾ ਤਾਰਾ ਦੀ ਸ਼ਹੀਦੀ ਯਾਦਗਾਰ ਦੇ ਨਿਰਮਾਣ 'ਚੋਂ ਵੀ ਖਾੜਕੂਵਾਦ ਦਾ ਖ਼ਤਰਾ ਨਜ਼ਰ ਆਉਣ ਲੱਗਾ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸਵਰਨਜੀਤ ਸਿੰਘ ਢਿਲੋਂ
ਅਮੋਲਕ ਸਿੰਘ ਗਾਖਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਬਲਵਿੰਦਰ ਸਿੰਘ ਸੰਧੂ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਜਸਵਿੰਦਰ ਸਿੰਘ (ਜੱਸੀ) ਗਿੱਲ
ਡਾ. ਹਰਗੁਰਮੁਖਪਾਲ ਸਿੰਘ
ਅਯੁਧਿਆ ਸਲਵਾਨ
ਸਰਬਜੀਤ ਸਿੰਘ ਥਿਆੜਾ
ਜਗਦੀਸ਼ਰ ਸਿੰਘ ਕਲੇਰ
ਦਰਸ਼ਨ ਸਿੰਘ ਦਰੜ
ਰਾਜਿੰਦਰ ਸਿੰਘ ਬੈਂਸ
ਮਨਦੀਪ ਸਿੰਘ ਭੂਰਾ
ਸ਼ਮਸ਼ੇਰ ਸਿੰਘ ਬੋਪਾਰਾਏ
ਗੁਰਿੰਦਰ ਸਿੰਘ ਗਿੱਲ
ਹੈਪੀ ਹੀਰ
ਸੰਨੀ ਧੂੜ
ਯਾਦਵਿੰਦਰ ਸਿੰਘ ਰਿੰਪੀ

# ਯੂਨਾਈਟਿਡ ਸਿੱਖਸ ਨੇ ਨਸਲੀ ਵਿਤਕਰੇ ਦਾ ਮਾਮਲਾ ਉਭਾਰਿਆ

**ਵਾਸ਼ਿੰਗਟਨ, ਡੀ.ਸੀ (ਬਿਊਰੋ):** ਸਿੱਖ ਜਥੇਬੰਦੀ ਯੂਨਾਈਟਿਡ ਸਿੱਖਸ ਦੇ ਇਥੇ ਪਹਿਲੀ ਤੋਂ 3 ਅਕਤੂਬਰ ਤੱਕ ਚੱਲੇ ਚੌਥੇ ਸਾਲਾਨਾ ਸਿੱਖ ਸੰਮੇਲਨ ਦੌਰਾਨ ਜਥੇਬੰਦੀ ਦੇ ਨੁਮਾਇੰਦਿਆਂ ਨੇ 20 ਤੋਂ ਵੱਧ ਸਰਕਾਰੀ ਅਧਿਕਾਰੀਆਂ ਨੂੰ ਮਿਲ ਕੇ ਸਿੱਖਾਂ ਦੇ ਮਨੁਖੀ ਅਧਿਕਾਰਾਂ ਬਾਰੇ ਗੱਲਬਾਤ ਕੀਤੀ ਅਤੇ ਆਪਣੀਆਂ ਮੁਸ਼ਕਿਲਾਂ ਬਾਰੇ ਜਾਣੂ ਕਰਵਾਇਆ। ਵਿਸਕਾਨਸਿਨ ਵਿਚ ਹੋਏ ਛੇ ਸਿੱਖ ਸ਼ਰਧਾਲੂਆਂ ਦੇ ਕਤਲ ਨੂੰ ਇਕ ਚਿਤਾਵਨੀ ਵਜੋਂ ਲੈਂਦਿਆਂ ਸਿੱਖ ਨੁਮਾਇੰਦਿਆਂ ਨੇ ਦੱਸਿਆ ਕਿ ਸਿੱਖਾਂ ਅਤੇ ਹੋਰ ਘੱਟ ਗਿਣਤੀ ਲੋਕਾਂ ਨਾਲ ਇਸ ਤਰ੍ਹਾਂ ਦੀਆਂ ਨਸਲੀ ਵਿਤਕਰੇ ਦੀਆਂ ਘਟਨਾਵਾਂ ਵਿਚ ਤੇਜ਼ੀ ਆਈ ਹੈ। ਸਿੱਖ ਭਾਈਚਾਰਾ ਦੋਹਰੀ ਮਾਰ ਝੱਲ ਰਿਹਾ ਹੈ ਕਿਉਂਕਿ ਇਸ ਤਰ੍ਹਾਂ ਦੀਆਂ ਨਸਲੀ ਘਟਨਾਵਾਂ ਕਾਰਨ ਉਨ੍ਹਾਂ ਦੀ ਜਾਨ ਨੂੰ ਖਤਰਾ ਹੈ, ਦੂਸਰਾ ਨਸਲੀ ਵਿਤਕਰੇ ਨਾਲ ਸਬੰਧਤ ਕਈ ਮਾਮਲਿਆਂ ਬਾਰੇ ਰਿਪੋਰਟ ਹੀ ਨਹੀਂ ਕੀਤੀ ਜਾਂਦੀ।

ਇਸ ਸਾਲ ਜਿਹੜੇ ਖਾਸ ਮੁੱਦਿਆਂ ਨੂੰ ਉਭਾਰਿਆ ਗਿਆ ਉਨ੍ਹਾਂ ਵਿਚ ਸਿੱਖ ਵਿਰੋਧੀ ਨਸਲੀ ਵਿਤਕਰੇ ਦੀਆਂ ਘਟਨਾਵਾਂ, ਕੰਮਾਂ 'ਤੇ ਹੁੰਦਾ ਭੇਦ-ਭਾਵ, ਵਿਦਿਅਕ ਪ੍ਰਣਾਲੀ ਵਿਚ ਸਿੱਖਾਂ ਬਾਰੇ ਜਾਣਕਾਰੀ ਸ਼ਾਮਲ ਕਰਵਾਉਣਾ, ਟੀ.ਐਸ.ਏ. ਦੀਆਂ ਨੀਤੀਆਂ ਅਤੇ ਅਮਰੀਕੀ ਫੌਜ ਵਿਚ ਸਿੱਖਾਂ ਨੂੰ ਕੱਕਾਰ ਪਹਿਨ ਕੇ ਸੇਵਾ ਕਰਨ ਦੀ ਇਜਾਜ਼ਤ ਦਿਵਾਉਣਾ ਸ਼ਾਮਲ ਸਨ। ਸਿੱਖ ਨੁਮਾਇੰਦਿਆਂ ਨੇ ਮੰਗ ਕੀਤੀ ਕਿ ਸਿੱਖਾਂ ਦੀ ਵੱਖਰੀ ਪਛਾਣ ਨੂੰ ਮਾਨਤਾ ਦਿੱਤੀ ਜਾਵੇ। ਸੈਨੇਟਰ ਰਿਚਰਡ ਡਰਬਿਨ ਜੋ ਕਿ ਜੁਡੀਸ਼ਰੀ ਦੀ ਸਬ ਕਮੇਟੀ ਦੇ ਚੇਅਰਮੈਨ ਹਨ, ਨੇ ਕਿਹਾ ਕਿ ਉਹ ਸਿੱਖਾਂ ਦੀ ਇਸ ਮੰਗ ਨਾਲ ਸਹਿਮਤ ਹਨ ਅਤੇ ਉਹ ਜਸਟਿਸ ਡਿਪਾਰਟਮੈਂਟ ਉਪਰ ਜ਼ੋਰ ਪਾਉਣਗੇ ਕਿ ਇਸ ਸਬੰਧੀ ਅੰਕੜੇ ਇਕਠੇ ਕਰਨ ਦੇ ਕੰਮ ਵਿਚ ਤੇਜ਼ੀ ਲਿਆਂਦੀ ਜਾਵੇ।



*ਯੂਨਾਈਟਿਡ ਸਿੱਖਸ ਦੇ ਵਾਲੰਟੀਅਰ ਹਰਬਖਸ਼ੀਸ਼ ਸਿੰਘ, ਹਰਪ੍ਰੀਤ ਸਿੰਘ ਸੰਧੂ ਤੇ ਬਲਤੇਜ ਸਿੰਘ ਕਾਂਗਰਸ ਵੂਮਨ ਜੂਡੀ ਚੂ ਨਾਲ।*

ਜਥੇਬੰਦੀ ਦੇ ਰਿਜਨਲ ਪਾਲਿਸੀ ਡਾਇਰੈਕਟਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਸਿੱਖਾਂ ਨੇ ਦੋਵੇਂ ਸੰਸਾਰ ਯੁੱਧਾਂ ਵਿਚ ਡੱਟ ਕੇ ਸੇਵਾ ਕੀਤੀ ਹੈ ਅਤੇ ਯੂ. ਕੇ., ਕੈਨੇਡਾ ਅਤੇ ਹੋਰ ਦੇਸ਼ਾਂ ਦੀਆਂ ਫੌਜਾਂ ਵਿਚ ਸੇਵਾ ਨਿਭਾ ਰਹੇ ਹਨ। ਪਰ ਅਜਿਹਾ ਕਿਉਂ ਹੈ ਕਿ ਉਹ ਅਮਰੀਕੀ ਫੌਜਾਂ ਵਿਚ ਸੇਵਾ ਨਹੀਂ ਨਿਭਾ ਸਕਦੇ? ਇਸ ਮੁਦੇ 'ਤੇ ਸਿੱਖ ਨਵੀਂ ਸਰਕਾਰ ਨਾਲ ਮਿਲ ਕੇ ਕੰਮ ਕਰਨਗੇ।

ਚੁਣੇ ਹੋਏ ਨੁਮਾਇੰਦੇ ਜੂਡੀ ਛੂ ਨੇ ਸਿੱਖਾਂ ਨੂੰ ਇਕ ਬਹਾਦਰ ਅਤੇ ਮਾਣ-ਮੱਤੀ ਕੌਮ ਦੱਸਦਿਆਂ ਗੁਰਦੁਆਰਾ ਸਟਾਕਟਨ ਦੀ 100ਵੀਂ ਵਰ੍ਹੇਗੰਢ 'ਤੇ ਵਧਾਈ ਦਿੱਤੀ।

ਗੁਰੂ ਨਾਨਕ ਫ਼ਾਊਂਡੇਸ਼ਨ ਅਤੇ ਗੁਰਦੁਆਰਾ ਵਾਸ਼ਿੰਗਟਨ ਡੀ.ਸੀ. ਤੋਂ ਸੇਵਾ ਮੁਕਤ ਨੁਮਾਇੰਦੇ ਬਖਸ਼ੀਸ਼ ਸਿੰਘ ਨੇ ਕਿਹਾ ਕਿ ਹੁਣ ਸਮਾਂ ਹੈ ਇਕ ਸਾਕਾਰਾਤਮਕ ਬਦਲ ਲਿਆਉਣ ਦਾ, ਅਸੀਂ ਬਹੁਤ ਕੁਝ ਗੁਆ ਲਿਆ ਹੈ ਅਤੇ ਝੱਲ ਲਿਆ ਹੈ ਪਰ ਹੁਣ ਸਿੱਖ ਉਸੇ ਨੂੰ ਆਪਣੀ ਵੋਟ ਅਤੇ ਸੁਪੋਰਟ ਦੇਣਗੇ ਜੋ ਨੁਮਾਇੰਦਾ ਘੱਟ ਗਿਣਤੀਆਂ ਦੀ ਰੱਖਿਆ ਲਈ ਵਚਨਬੱਧ ਹੋਵੇਗਾ।

ਯੂਨਾਈਟਿਡ ਸਿੱਖਸ ਦੇ ਕਾਨੂੰਨੀ ਸਲਾਹਕਾਰ ਮਨਮੀਤ ਸਿੰਘ ਨੇ ਕਿਹਾ ਕਿ ਵਿਸਕਾਨਸਿਨ ਦੀ ਘਟਨਾ ਵਿਚ ਸ਼ਹੀਦ ਹੋਏ ਹਰਪ੍ਰੀਤ ਸਿੰਘ ਸੈਣੀ ਦੇ ਮਾਤਾ ਅਤੇ ਦੂਸਰੇ ਸ਼ਹੀਦਾਂ ਨੂੰ ਯੂ.ਐਸ. ਕਾਂਗਰਸ ਵਲੋਂ ਮਾਣ ਸਨਮਾਨ ਦਿੱਤਾ ਜਾਣਾ ਚਾਹੀਦਾ ਹੈ।

ਜਥੇਬੰਦੀ ਨੇ ਇਸ ਸੰਮੇਲਨ ਵਿਚ ਸ਼ਾਮਲ ਹੋਏ ਸਮੂਹ ਵਿਅਕਤੀਆਂ ਅਤੇ ਸੰਸਥਾਵਾਂ ਅਤੇ ਖਾਸ ਕਰਕੇ ਲਿਵਲੀਨ ਸਿੰਘ ਸਾਹਨੀ, ਬਲਵਿੰਦਰ ਸਿੰਘ, ਮਨਜੀਤ ਸਿੰਘ, ਫਤਿਹਜੀਤ ਸਿੰਘ, ਗੁਰਪ੍ਰੀਤ ਸਿੰਘ, ਰਣਜੀਤ ਸਿੰਘ ਦਾ ਸਹਿਯੋਗ ਲਈ ਧੰਨਵਾਦ ਕੀਤਾ।

ਜਥੇਬੰਦੀ ਨੇ ਸਿੱਖ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਆਪਣੇ ਲੋਕਲ ਨੁਮਾਇੰਦਿਆਂ ਨੂੰ ਅਹਿਸਾਸ ਕਰਵਾਉਣ ਕਿ ਸਿੱਖਾਂ ਨੂੰ ਦਰਪੇਸ਼ ਰੋਜ਼ਾਨਾ ਦੀਆਂ ਮੁਸ਼ਕਲਾਂ ਨੂੰ ਦੂਰ ਕਰਨ ਦੀ ਲੋੜ ਹੈ। ਸਕੂਲਾਂ ਵਿਚ ਹੁੰਦੀ ਬੁਲਿੰਗ, ਨਸਲੀ ਵਿਤਕਰੇ ਅਤੇ ਧਾਰਮਿਕ ਪੱਖਪਾਤ ਸਬੰਧੀ ਘਟਨਾਵਾਂ ਬਾਰੇ ਉਨ੍ਹਾਂ ਨੂੰ ਜਾਣੂ ਕਰਵਾਉਣ। ਹੋਰ ਜਾਣਕਾਰੀ ਲਈ ਜਥੇਬੰਦੀ ਨਾਲ ਫੋਨ 646-688-3525 ਰਾਹੀਂ ਸੰਪਰਕ ਹੋ ਸਕਦਾ ਹੈ।


ਰੇਡੀਓ ਚੜ੍ਹਦੀ ਕਲਾ ਸੁਣੋ

ਹੁਣ ਦੁਨੀਆਂ ਭਰ ਵਿਚ
www.radiock.com 'ਤੇ

ਬੇਏਰੀਆ ਅਤੇ ਯੂਬਾ ਸਿਟੀ
ਹਫਤੇ ਦੇ ਸੱਤੇ ਦਿਨ, 24 ਘੰਟੇ

RADIO CHARDI KALA

Wifi Radio ਦੁਨੀਆਂ ਭਰ ਵਿਚ ਚਲਦਾ ਹੈ

ਧਾਰਮਿਕ, ਸਭਿਆਚਾਰਕ ਪ੍ਰੋਗਰਾਮ, ਤਾਜ਼ਾ ਖਬਰਾਂ, ਟਾਕ ਸ਼ੋਅ,
ਗੁਰਦੁਆਰਾ ਸੈਨ ਹੋਜ਼ੇ ਤੇ ਫਰੀਮਾਂਟ ਤੋਂ ਗੁਰਬਾਣੀ ਦਾ ਸਿੱਧਾ ਪ੍ਰਸਾਰਣ

> Preet Fabric, Fremont > Kash Fabrics, Hayward
> Sidhartha International, Fremont
>Shalimar, Union City >Mann Grocery Market, Yuba City

ਰੇਡੀਓ ਤੁਸੀਂ ਫੋਨ
832-551-5038
510-972-0442
'ਤੇ ਵੀ ਸੁਣ ਸਕਦੇ ਹੋ

Khalsa Radio
"Independent Voice"
ਗੁਰਬਾਣੀ ਪ੍ਰੋਗਰਾਮ 24/7/365
ਫੋਨ 'ਤੇ ਸੁਣੋ 702-489-0222
www.khalsaradio.org Info@khalsaradio.org

ਹੋਰ ਜਾਣਕਾਰੀ ਲਈ ਸੰਪਰਕ ਕਰੋ
ਫੋਨ: 510-900-3600

Radio CK, PO Box 296, Fremont, CA 94537



Short Sale Specialist

We Can Sell Your Home
in Short Sale at No Cost to You



For Buying & Selling
Residential Property
And For Loans

Call: Sohanpreet 'Sam' Chahal
@916-612-5773

Serving from Bay Area to Sacramento

Sohanpreet (Sam) Chahal
CA Lic. 01504071
Realtor/Notary Public
email:samchahal@hotmail.com

Call for free listing of
Reo-Bankowned Properties

Multi-Million Dollars Producer-2007, 2008 & 2009

ਜੇਕਰ ਤੁਸੀਂ ਪਹਿਲੀ ਵਾਰ ਘਰ ਖਰੀਦ ਰਹੇ ਹੋ ਜਾਂ ਫਿਰ ਵੱਡਾ ਘਰ ਅਪਗਰੇਡ ਕਰ ਰਹੇ ਹੋ,
ਜਾਂ ਤੁਸੀਂ ਇਨਵੈਸਟਮੈਂਟ ਪ੍ਰਾਪਰਟੀ ਲੈਣਾ ਚਾਹੁੰਦੇ ਹੋ ਤਾਂ ਅੱਜ ਹੀ ਕਾਲ ਕਰੋ

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707



Yarra, Kharazi & Associates

Phone: (888) 97YARRA (92772)

Bankruptcy & Criminal Law

Offices in Bakersfield, Fresno and Merced
Bring this ad in and receive a free consultation

ਬੈਂਕਰਪਸੀ ਅਤੇ
ਫੌਜਦਾਰੀ ਕਾਨੂੰਨ



ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ
ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਤੁਹਾਡੇ ਭਰੋਸੇਮੰਦ ਵਕੀਲ ਜਿਨ੍ਹਾਂ ਦੀ ਮੁਹਾਰਤ
'ਤੇ ਤੁਸੀਂ ਯਕੀਨ ਕਰ ਸਕਦੇ ਹੋ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ

ਫੋਨ: 1-888-979-2772

Email: Info@rwyarra.com


# ਕੇਂਦਰ ਵੱਲੋਂ ਸਾਕਾ ਨੀਲਾ ਤਾਰਾ ਯਾਦਗਾਰ ਦਾ ਵਿਰੋਧ

**ਅੰਮ੍ਰਿਤਸਰ:** ਕੇਂਦਰੀ ਗ੍ਰਹਿ ਮੰਤਰੀ ਸੁਸ਼ੀਲ ਕੁਮਾਰ ਸ਼ਿੰਦੇ ਨੇ ਬੜੇ ਟੇਢੇ ਢੰਗ ਨੇ ਕਿਹਾ ਹੈ ਕਿ ਜੇਕਰ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਬਣਾਉਣ ਨਾਲ ਸੂਬੇ ਵਿਚ ਮੁੜ ਖਾੜਕੂਵਾਦ ਸੁਰਜੀਤ ਹੋ ਸਕਦਾ ਹੈ ਤੇ ਇਸ ਬਾਰੇ ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ। ਉਹ ਅਟਾਰੀ ਸਰਹੱਦ 'ਤੇ ਬਣੀ ਸੰਗਠਿਤ ਚੈਕ ਪੋਸਟ (ਆਈ.ਸੀ.ਪੀ.) ਦਾ ਜਾਇਜ਼ਾ ਲੈਣ ਲਈ ਆਏ ਸਨ।

ਇਸ ਮੌਕੇ ਸ੍ਰੀ ਸ਼ਿੰਦੇ ਨੇ ਆਖਿਆ ਕਿ ਜੇਕਰ ਸ੍ਰੀ ਹਰਿਮੰਦਰ ਸਾਹਿਬ ਸਮੂਹ ਵਿਚ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਬਣਨ ਨਾਲ ਸੂਬੇ ਵਿਚ ਮੁੜ ਖਾੜਕੂਵਾਦ ਸੁਰਜੀਤ ਹੋ ਸਕਦਾ ਹੈ ਤਾਂ ਇਸ ਬਾਰੇ ਅਕਾਲੀਆਂ ਨੂੰ ਸੋਚਣ ਦੀ ਲੋੜ ਹੈ ਕਿਉਂਕਿ ਦੇਸ਼ ਵਾਸੀਆਂ ਨੇ ਇਸ ਮਾਮਲੇ ਵਿਚ ਪਹਿਲਾਂ ਹੀ ਬੜਾ ਦੁੱਖ ਭੋਗਿਆ ਹੈ। ਸ਼੍ਰੋਮਣੀ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ ਦਾ ਨਾਂ ਲਏ ਬਿਨਾਂ ਕੇਂਦਰੀ ਮੰਤਰੀ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਬਾਰੇ ਕੋਈ ਜਾਣਕਾਰੀ ਨਹੀਂ ਹੈ ਕਿ ਉਹ ਖਾੜਕੂਵਾਦ ਨੂੰ ਮੁੜ ਸੁਰਜੀਤ ਕਰ ਰਹੇ ਹਨ ਜਾਂ ਨਹੀਂ ਪਰ ਜੇਕਰ ਅਜਿਹਾ ਹੋ ਰਿਹਾ ਹੈ ਤਾਂ ਇਸ ਬਾਰੇ ਉਨ੍ਹਾਂ ਨੂੰ ਸੋਚਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਕਾਂਗਰਸ ਦੇ ਪ੍ਰਧਾਨ ਤੇ ਹੋਰ ਆਗੂਆਂ ਵੱਲੋਂ ਇਸ ਸ਼ਹੀਦੀ ਸਮਾਰਕ ਦਾ ਵਿਰੋਧ ਕੀਤਾ ਜਾ ਰਿਹਾ ਹੈ ਤੇ ਦੋਸ਼ ਲਾਇਆ ਹੈ ਕਿ ਅਕਾਲੀ ਸਰਕਾਰ ਦੀਆਂ ਨੀਤੀਆਂ ਸੂਬੇ ਵਿਚ ਖਾੜਕੂਵਾਦ ਨੂੰ ਮੁੜ ਉਤਸ਼ਾਹਤ ਕਰ ਰਹੀਆਂ ਹਨ। ਸਾਬਕਾ ਫੌਜੀ ਅਧਿਕਾਰੀ ਕੇ.ਐਸ.

**ਯਾਦਗਾਰ ਸਿੱਖਾਂ ਦਾ ਨਿਰੋਲ ਧਾਰਮਿਕ ਮਾਮਲਾ: ਸ਼੍ਰੋਮਣੀ ਕਮੇਟੀ**



ਬਰਾੜ 'ਤੇ ਲੰਡਨ ਵਿਚ ਹੋਏ ਹਮਲੇ ਬਾਰੇ ਸ੍ਰੀ ਸ਼ਿੰਦੇ ਨੇ ਇਸ ਨੂੰ ਮੰਦਭਾਗਾ ਕਰਾਰ ਦਿੱਤਾ। ਉਨ੍ਹਾਂ ਆਖਿਆ ਕਿ ਇਹ ਹਮਲਾ ਕਿਸ ਨੇ ਕਰਵਾਇਆ ਹੈ, ਬਾਰੇ ਫਿਲਹਾਲ ਕੁਝ ਵੀ ਪਤਾ ਨਹੀਂ ਹੈ ਪਰ ਇਹ ਖਾੜਕੂਵਾਦ ਉਭਰਨ ਦੇ ਸੰਕੇਤ ਹਨ।

ਦੂਜੇ ਪਾਸੇ ਸੁਸ਼ੀਲ ਕੁਮਾਰ ਸ਼ਿੰਦੇ ਵੱਲੋਂ ਸਾਕਾ ਨੀਲਾ ਤਾਰਾ ਸ਼ਹੀਦੀ ਯਾਦਗਾਰ ਦੀ ਉਸਾਰੀ ਬਾਰੇ ਕੀਤੀ ਟਿੱਪਣੀ ਬਾਰੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕਹਿਣਾ ਹੈ ਕਿ ਇਹ ਸਿੱਖਾਂ ਦਾ ਨਿਰੋਲ ਧਾਰਮਿਕ ਮਾਮਲਾ ਹੈ। ਯਾਦਗਾਰ ਬਣਾਉਣ ਦਾ ਫੈਸਲਾ ਸ਼੍ਰੋਮਣੀ ਕਮੇਟੀ ਦੀ ਅੰਤਰਿੰਗ ਕਮੇਟੀ ਵੱਲੋਂ ਦਿੱਤੀ ਪ੍ਰਵਾਨਗੀ ਤੋਂ ਬਾਅਦ ਕੀਤਾ ਗਿਆ ਹੈ ਤੇ ਇਹ ਯਾਦਗਾਰ ਗੁਰਦੁਆਰੇ ਦੇ ਰੂਪ ਵਿਚ ਬਣਾਈ ਜਾ ਰਹੀ ਹੈ।

ਸ਼੍ਰੋਮਣੀ ਕਮੇਟੀ ਦੇ ਸਕੱਤਰ ਦਲਮੇਘ ਸਿੰਘ ਨੇ ਆਖਿਆ ਹੈ ਕਿ ਲੰਡਨ ਵਿਚ ਸਾਬਕਾ ਫੌਜੀ ਅਧਿਕਾਰੀ 'ਤੇ ਹੋਏ ਹਮਲੇ ਨੂੰ ਇਸ ਯਾਦਗਾਰ ਨਾਲ ਜੋੜਨਾ ਸਹੀ ਨਹੀਂ ਹੈ। ਉਨ੍ਹਾਂ ਆਖਿਆ ਕਿ ਇਸ ਮਾਮਲੇ ਨੂੰ ਬੇਲੋੜੀ ਚਰਚਾ ਦਾ ਮੁੱਦਾ ਬਣਾਇਆ ਜਾ ਰਿਹਾ ਹੈ। ਇਸ ਬਾਰੇ ਸ਼੍ਰੋਮਣੀ ਅਕਾਲੀ ਦਲ ਦੇ ਸਕੱਤਰ ਡਾ. ਦਲਜੀਤ ਸਿੰਘ ਚੀਮਾ ਦਾ ਕਹਿਣਾ ਹੈ ਕਿ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਨ ਕਿ ਇਹ ਯਾਦਗਾਰ ਗੁਰਦੁਆਰੇ ਦੇ ਰੂਪ ਵਿਚ ਹੈ ਤੇ ਗੁਰਦੁਆਰਿਆਂ ਤੋਂ ਹਮੇਸ਼ਾਂ ਆਪਸੀ ਭਾਈਚਾਰਕ ਸਾਂਝ, ਸ਼ਾਂਤੀ ਤੇ ਪਿਆਰ ਦਾ ਸੁਨੇਹਾ ਮਿਲਦਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਇਸ ਮਾਮਲੇ ਬਾਰੇ ਕਾਂਗਰਸ ਵੱਲੋਂ ਲੋਕਾਂ ਨੂੰ ਬੇਲੋੜਾ ਗੁੰਮਰਾਹ ਕੀਤਾ ਜਾ ਰਿਹਾ ਹੈ ਤੇ ਆਪਣੀ ਕਮੀਆਂ ਛੁਪਾਉਣ ਲਈ ਬੇਲੋੜਾ ਉਛਾਲਿਆ ਜਾ ਰਿਹਾ ਹੈ।

# ਫਰਜ਼ੀ ਮੁਕਾਬਲਿਆਂ ਦੇ ਕੇਸ 'ਚੋਂ ਬਚ ਨਿਕਲਿਆ ਸੁਮੇਧ ਸੈਣੀ

**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ ਪੰਜਾਬ ਦੇ ਡੀ.ਜੀ.ਪੀ. ਸੁਮੇਧ ਸਿੰਘ ਸੈਣੀ ਖ਼ਿਲਾਫ਼ 1991 ਵਿਚ ਤਿੰਨ ਵਿਅਕਤੀਆਂ ਨੂੰ ਮਾਰ ਖਪਾਉਣ ਦੇ ਮਾਮਲੇ ਵਿਚ ਸੀ.ਬੀ.ਆਈ. ਦਾ ਕੇਸ ਖਾਰਜ ਕਰਨ ਬਾਰੇ 7 ਦਸੰਬਰ, 2011 ਨੂੰ ਸੁਣਾਏ ਆਪਣੇ ਫੈਸਲੇ ਦਾ ਮੁੜ ਜਾਇਜ਼ਾ ਕਰਨ ਲਈ ਪਾਈ ਪਟੀਸ਼ਨ ਰੱਦ ਕਰ ਦਿੱਤੀ ਹੈ। ਜਸਟਿਸ ਬੀ ਐਸ ਚੌਹਾਨ ਤੇ ਏ ਕੇ ਪਟਨਾਇਕ ਦੇ ਬੈਂਚ ਨੇ ਆਖਿਆ ਕਿ ਰੀਵਿਊ ਪਟੀਸ਼ਨਾਂ ਤੇ ਸਬੰਧਤ ਪੇਪਰਾਂ ਦਾ ਅਧਿਐਨ ਕੀਤਾ। ਰੀਵਿਊ ਪਟੀਸ਼ਨਾਂ ਵਿਚ ਕੋਈ ਤੁਕ ਨਜ਼ਰ ਨਹੀਂ ਆਈ ਜਿਸ ਕਰਕੇ ਇਹ ਖਾਰਜ ਕੀਤੀਆਂ ਜਾਂਦੀਆਂ ਹਨ।



ਪੰਜਾਬ ਹਰਿਆਣਾ ਹਾਈ ਕੋਰਟ ਦੇ ਹੁਕਮ 'ਤੇ ਸੀ.ਬੀ.ਆਈ. ਨੇ ਸੈਣੀ ਖ਼ਿਲਾਫ਼ ਇਕ ਕੇਸ ਦਰਜ ਕੀਤਾ ਸੀ ਜੋ 1991 ਦੀ ਘਟਨਾ ਵੇਲੇ ਚੰਡੀਗੜ੍ਹ ਪੁਲਿਸ ਦੇ ਐਸ.ਐਸ.ਪੀ. ਸਨ। ਸ੍ਰੀ ਸੈਣੀ 'ਤੇ ਦੋਸ਼ ਸੀ ਕਿ ਉਨ੍ਹਾਂ ਬਲਵੰਤ ਸਿੰਘ ਭੁੱਲਰ ਤੇ ਉਸ ਦੇ ਸਾਲੇ ਮਨਜੀਤ ਸਿੰਘ ਤੇ ਸੇਵਾਮੁਕਤ ਆਈ.ਏ.ਐਸ. ਅਫਸਰ ਦਰਸ਼ਨ ਸਿੰਘ ਮੁਲਤਾਨੀ ਦੇ ਪੁੱਤਰ ਬਲਵੰਤ ਸਿੰਘ ਮੁਲਤਾਨੀ ਨੂੰ ਮਾਰ ਕੇ ਖਪਾ ਦਿੱਤਾ ਸੀ। ਸ. ਬਲਵੰਤ ਸਿੰਘ ਭੁੱਲਰ ਇਸ ਵੇਲੇ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਦਵਿੰਦਰਪਾਲ ਸਿੰਘ ਭੁੱਲਰ ਦੇ ਪਿਤਾ ਸਨ।

ਰੀਵਿਊ ਪਟੀਸ਼ਨ ਸ. ਦਰਸ਼ਨ ਸਿੰਘ ਮੁਲਤਾਨੀ ਵੱਲੋਂ ਦਾਇਰ ਕੀਤੀ ਗਈ ਸੀ। ਦਸੰਬਰ 2011 ਵਿਚ ਜਸਟਿਸ ਚੌਹਾਨ ਤੇ ਜਸਟਿਸ ਪਟਨਾਇਕ ਦੇ ਬੈਂਚ ਨੇ ਸੈਣੀ ਤੇ ਕੁਝ ਹੋਰ ਪੁਲਿਸ ਅਫਸਰਾਂ ਖ਼ਿਲਾਫ਼ ਸੀ.ਬੀ.ਆਈ. ਨੂੰ ਕੇਸ ਦਰਜ ਕਰਨ ਦੇ ਫੈਸਲੇ ਨੂੰ ਪਲਟ ਦਿੱਤਾ ਸੀ। ਸੁਪਰੀਮ ਕੋਰਟ ਨੇ ਪੰਜਾਬ ਸਰਕਾਰ ਤੇ ਸ੍ਰੀ ਸੈਣੀ ਵੱਲੋਂ ਪਾਈਆਂ ਅਪੀਲਾਂ 'ਤੇ ਇਹ ਫੈਸਲਾ ਸੁਣਾਇਆ ਸੀ। ਬੀ.ਐਸ. ਮੁਲਤਾਨੀ ਤੇ ਦਵਿੰਦਰਪਾਲ ਸਿੰਘ ਭੁੱਲਰ ਖ਼ਿਲਾਫ਼ 29 ਅਗਸਤ, 1991 ਨੂੰ ਸੈਣੀ 'ਤੇ ਕਾਤਲਾਨਾ ਹਮਲਾ ਕਰਨ ਬਾਰੇ ਇਕ ਕੇਸ ਦਰਜ ਕੀਤਾ ਗਿਆ ਸੀ।

ਸ. ਭੁੱਲਰ ਨੂੰ ਇਸ ਕੇਸ ਵਿਚੋਂ ਬਰੀ ਕੀਤਾ ਗਿਆ ਸੀ ਜਦਕਿ ਉਸੇ ਸਾਲ ਯੂਥ ਕਾਂਗਰਸ ਆਗੂ ਐਮ.ਐਸ. ਬਿੱਟਾ ਦੇ ਕਾਫਲੇ 'ਤੇ ਹਮਲੇ ਦੇ ਦੋਸ਼ ਵਿਚ ਉਸ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਸੀ। ਸ੍ਰੀ ਸੈਣੀ ਖ਼ਿਲਾਫ਼ ਲੁਧਿਆਣਾ ਦੇ ਦੋ ਭਰਾਵਾਂ ਤੇ ਉਨ੍ਹਾਂ ਦੇ ਡਰਾਈਵਰ ਨੂੰ ਗਾਇਬ ਕਰਨ ਦਾ ਕੇਸ ਵੀ ਚਲ ਰਿਹਾ ਹੈ ਜਿਸ ਦੀ ਸੁਣਵਾਈ ਦਿੱਲੀ ਵਿਚ ਹੁੰਦੀ ਹੈ।

# ਖਾੜਕੂ ਸੁਖਵਿੰਦਰ ਦੀ ਗ੍ਰਿਫ਼ਤਾਰੀ ਨਾਲ ਕਸੂਤੀ ਫਸੀ ਪੰਜਾਬ ਪੁਲਿਸ

**ਲੁਧਿਆਣਾ:** ਯੂਨੀਵਰਸਲ ਹਿਊਮਨ ਰਾਈਟਸ ਆਰਗੇਨਾਈਜ਼ੇਸ਼ਨ ਤੇ ਵਿਮੈਨ ਜਸਟਿਸ ਐਂਡ ਇਕੁਐਲਿਟੀ ਨੇ ਦਿੱਲੀ ਪੁਲਿਸ ਵੱਲੋਂ 20 ਸਾਲ ਪਹਿਲਾਂ ਪੰਜਾਬ ਪੁਲਿਸ ਦੇ ਹੱਥੋਂ ਮਾਰੇ ਗਏ ਖਾਲਿਸਤਾਨ ਕਮਾਂਡੋ ਫੋਰਸ ਦੇ ਖਾੜਕੂ ਸੁਖਵਿੰਦਰ ਸਿੰਘ ਨੂੰ ਜਿਉਂਦਾ ਗ੍ਰਿਫਤਾਰ ਕਰਨ ਬਾਰੇ ਕਿਹਾ ਹੈ ਕਿ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਵੇ ਕਿ ਪੰਜਾਬ ਪੁਲਿਸ ਨੇ ਸੁਖਵਿੰਦਰ ਸਿੰਘ ਦੀ ਥਾਂ ਕਿਸ ਵਿਅਕਤੀ ਨੂੰ ਝੂਠੇ ਮਾਮਲੇ ਵਿਚ ਫਸਾ ਕੇ ਮਾਰ ਦਿੱਤਾ ਸੀ।

ਇਸ ਦੇ ਨਾਲ-ਨਾਲ ਇਸ ਗੱਲ ਦੀ ਵੀ ਜਾਂਚ ਕਰਵਾਈ ਜਾਵੇ ਕਿ ਪੰਜਾਬ ਪੁਲਿਸ ਨੇ ਝੂਠੀ ਸ਼ੋਹਰਤ ਹਾਸਲ ਕਰਨ ਲਈ ਅਜਿਹੇ ਕਿੰਨੇ ਕੁ ਸਿੱਖ ਨੌਜਵਾਨਾਂ ਨੂੰ ਝੂਠੇ ਮੁਕਾਬਲਿਆਂ ਵਿਚ ਮਾਰ ਕੇ ਤਰੱਕੀਆਂ ਹਾਸਲ ਕੀਤੀਆਂ ਹਨ। ਦਿੱਲੀ ਪੁਲਿਸ ਵੱਲੋਂ ਪੰਜਾਬ ਪੁਲਿਸ ਦੇ ਹੱਥੋਂ 20 ਵਰ੍ਹੇ ਪਹਿਲਾਂ ਝੂਠੇ ਪੁਲਿਸ ਮੁਕਾਬਲੇ ਵਿਚ ਮਾਰੇ ਗਏ ਖਾੜਕੂ ਸੁਖਵਿੰਦਰ ਸਿੰਘ ਨੂੰ ਜ਼ਿੰਦਾ ਗ੍ਰਿਫਤਾਰ ਕਰਨ ਦੀ ਘਟਨਾ ਨੂੰ ਸ਼ਰਮਨਾਕ ਤੇ ਪੰਜਾਬ ਪੁਲਿਸ ਦੇ ਮੱਥੇ 'ਤੇ ਕਲੰਕ ਦੱਸਿਆ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਦਾ ਡੀ.ਜੀ.ਪੀ. ਰੈਂਕ ਦਾ ਅਧਿਕਾਰੀ ਸਰਬਜੀਤ ਸਿੰਘ ਵਿਰਕ ਖੁੱਲ੍ਹੇਆਮ ਟੀ.ਵੀ. ਚੈਨਲਾਂ 'ਤੇ ਸਵੀਕਾਰ ਕਰ ਰਿਹਾ ਹੈ ਕਿ ਪੁਲਿਸ ਨੇ ਸੁਖਵਿੰਦਰ ਸਿੰਘ ਜੋ ਪੁਲੀਸ ਦਾ ਕੈਟ ਸੀ, ਨੂੰ ਬਚਾਉਣ ਲਈ ਕਿਸੇ ਹੋਰ ਵਿਅਕਤੀ ਦੀ ਲਾਸ਼ ਵਿਖਾ ਕੇ ਉਸ ਨੂੰ ਸੁਖਵਿੰਦਰ ਸਿੰਘ ਦੇ ਰੂਪ ਵਿਚ ਪ੍ਰਚਾਰਿਤ ਕਰ ਦਿੱਤਾ ਤੇ ਸੁਖਵਿੰਦਰ ਸਿੰਘ ਪੁਲਿਸ ਦੀ ਨਿਗਰਾਨੀ ਹੇਠ ਜ਼ਿੰਦਾ ਘੁੰਮਦਾ ਰਿਹਾ ਤੇ ਤਕਰੀਬਨ 20 ਸਾਲ ਬਾਅਦ ਨਸ਼ੇ ਦੀ ਤਸਕਰੀ ਦੇ ਦੋਸ਼ਾਂ ਤਹਿਤ ਦਿੱਲੀ ਪੁਲਿਸ ਦੇ ਅੜਿੱਕੇ ਜਾ ਚੜ੍ਹਿਆ। ਦੋਹਾਂ ਸੰਸਥਾਵਾਂ ਨੇ ਭਾਰਤ ਸਰਕਾਰ ਤੋਂ ਮੰਗ ਕਰਦੇ ਹੋਏ ਕਿਹਾ ਕਿ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਵਾਈ ਜਾਵੇ ਤੇ ਝੂਠਾ ਮੁਕਾਬਲਾ ਵਿਖਾ ਕੇ ਕਿਸੇ ਨਿਰਦੋਸ਼ ਨੂੰ ਗੋਲੀਆਂ ਦਾ ਨਿਸ਼ਾਨਾ ਬਣਾ ਕੇ ਕਤਲ ਕਰਨ ਵਾਲੇ ਪੁਲਿਸ ਅਧਿਕਾਰੀਆਂ ਖ਼ਿਲਾਫ਼ ਕਤਲ ਦਾ ਪਰਚਾ ਦਰਜ ਕਰਕੇ ਪੀੜਤ ਪਰਿਵਾਰ ਨੂੰ ਘੱਟੋ-ਘੱਟ ਇਕ ਕਰੋੜ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਜਾਵੇ।

# ਖਾਲਿਸਤਾਨੀ ਸਰਗਰਮੀਆਂ ਨੇ ਖੁਫੀਆ ਏਜੰਸੀਆਂ ਦੀ ਨੀਂਦ ਉਡਾਈ

**ਨਵੀਂ ਦਿੱਲੀ:** ਵਿਦੇਸ਼ਾਂ 'ਚ ਖਾਲਿਸਤਾਨੀ ਸਰਗਰਮੀਆਂ ਨੇ ਭਾਰਤੀ ਖੁਫੀਆ ਏਜੰਸੀਆਂ ਦੀ ਨੀਂਦ ਉਡਾ ਦਿੱਤੀ ਹੈ। ਖੁਫੀਆ ਏਜੰਸੀਆਂ ਨੇ ਦਾਅਵਾ ਕੀਤਾ ਹੈ ਕਿ ਆਈ.ਐਸ.ਆਈ. ਦੀ ਸ਼ਹਿ 'ਤੇ ਪੰਜਾਬ ਵਿਚ ਖਾੜਕੂਵਾਦ ਨੂੰ ਸੁਰਜੀਤ ਕਰਨ ਲਈ ਯੂਰਪ ਤੇ ਉੱਤਰੀ ਅਮਰੀਕਾ ਵਿਚ ਕਈ ਖਾਲਿਸਤਾਨੀ ਜਥੇਬੰਦੀਆਂ ਵੱਲੋਂ ਵੱਡੇ ਪੱਧਰ 'ਤੇ ਫੰਡ ਇਕੱਠਾ ਕੀਤਾ ਜਾ ਰਿਹਾ ਹੈ। ਸੁਰੱਖਿਆ ਏਜੰਸੀਆਂ ਅਨੁਸਾਰ ਪਾਬੰਦੀਸ਼ੁਦਾ ਬੱਬਰ ਖਾਲਸਾ ਇੰਟਰਨੈਸ਼ਨਲ ਤੇ ਖਾਲਿਸਤਾਨ ਕਮਾਂਡੋ ਫੋਰਸ ਦੇ ਆਗੂਆਂ ਦੀਆਂ ਪੱਛਮੀ ਦੇਸ਼ਾਂ ਵਿਚ ਸਰਗਰਮੀਆਂ ਬਾਰੇ ਇਤਲਾਹ ਮਿਲੀ ਹੈ ਤੇ ਉਹ ਸਾਕਾ ਨੀਲਾ ਤਾਰਾ ਦੀ ਫੁਟੇਜ ਤੇ ਹੋਰ ਪ੍ਰਾਪੇਗੰਡਾ ਸਮੱਗਰੀ ਦਿਖਾ ਕੇ ਸਿੱਖ ਨੌਜਵਾਨਾਂ ਨੂੰ ਖਾੜਕੂਵਾਦ ਦੇ ਰਾਹ ਵੱਲ ਲਿਆਉਣ ਦੇ ਯਤਨ ਕਰ ਰਹੇ ਹਨ। ਏਜੰਸੀਆਂ ਅਨੁਸਾਰ ਖਾਲਿਸਤਾਨ ਦੇ ਕਾਜ਼ ਲਈ ਲੜਾਈ ਦੇ ਨਾਂ 'ਤੇ ਬਾਹਰ ਵਸੇ ਸਿੱਖਾਂ ਤੋਂ ਫੰਡ ਇਕੱਠਾ ਕੀਤਾ ਜਾਂਦਾ ਹੈ ਤੇ ਨੌਜਵਾਨਾਂ ਨੂੰ ਤਿੱਖੇ ਵਿਚਾਰਾਂ ਦੀ ਪਾਣ ਚਾੜ੍ਹ ਕੇ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

# ਖਾੜਕੂ ਆਜ਼ਾਦ ਦੇ ਖਾਤਿਆਂ 'ਚੋਂ ਸਵਾ ਕਰੋੜ ਰੁਪਏ ਬਰਾਮਦ

**ਜਲੰਧਰ:** ਪੰਜਾਬ ਪੁਲਿਸ ਨੇ ਫੜੇ ਗਏ ਬਰਤਾਨਵੀ ਨਾਗਰਿਕ ਜਸਵੰਤ ਸਿੰਘ ਆਜ਼ਾਦ ਦੇ ਬੈਂਕ ਖਾਤਿਆਂ ਨੂੰ ਫਰੋਲਣਾ ਸ਼ੁਰੂ ਕਰ ਦਿੱਤਾ ਹੈ। ਪੁਲਿਸ ਅਧਿਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਉਸ ਦੇ 14 ਬੈਂਕ ਖਾਤਿਆਂ ਵਿਚ ਇਕ ਕਰੋੜ 30 ਲੱਖ ਰੁਪਏ ਦੀ ਰਕਮ ਪਾਈ ਗਈ ਹੈ। ਪੁਲਿਸ ਅਨੁਸਾਰ ਉਹ ਪੰਜਾਬ ਦੇ ਜਿਨ੍ਹਾਂ ਚੋਟੀ ਦੇ ਸਿਆਸੀ ਆਗੂਆਂ ਨੂੰ ਮਾਰਨਾ ਚਾਹੁੰਦਾ ਸੀ ਪੁਲਿਸ ਨੇ ਉਨ੍ਹਾਂ ਨੂੰ ਚੌਕਸ ਕਰ ਦਿੱਤਾ ਹੈ। ਪੁਲਿਸ ਨੇ ਇਨ੍ਹਾਂ ਸਿਆਸੀ ਆਗੂਆਂ ਦੇ ਨਾਵਾਂ ਦਾ ਖੁਲਾਸਾ ਨਹੀਂ ਕੀਤਾ ਹੈ ਤੇ ਨਾ ਹੀ ਆਗੂਆਂ ਦੀ ਗਿਣਤੀ ਦੱਸੀ ਹੈ ਪਰ ਪਿਛਲੇ ਦਿਨੀਂ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਬੇਟੇ ਸੁਖਬੀਰ ਸਿੰਘ ਬਾਦਲ ਦੀ ਸੁਰੱਖਿਆ ਹੋਰ ਵਧਾ ਦਿੱਤੀ ਹੈ। ਕੁਝ ਦਿਨ ਪਹਿਲਾਂ ਫੜੇ ਗਏ ਇੰਗਲੈਂਡ ਦੇ ਨਾਗਰਿਕ ਜਸਵੰਤ ਸਿੰਘ ਆਜ਼ਾਦ ਤੋਂ ਪੁਲਿਸ ਵੱਲੋਂ ਕੀਤੀ ਗਈ ਪੁੱਛਗਿੱਛ ਦੌਰਾਨ ਇਹ ਦਾਅਵਾ ਕੀਤਾ ਗਿਆ ਸੀ ਕਿ ਉਸ ਦੇ ਨਿਸ਼ਾਨੇ 'ਤੇ ਸਿਆਸੀ ਤੇ ਧਾਰਮਿਕ ਆਗੂ ਸਨ। ਪੁਲਿਸ ਨੇ ਧਾਰਮਿਕ ਆਗੂਆਂ ਦਾ ਖੁਲਾਸਾ ਵੀ ਕਰ ਦਿੱਤਾ ਸੀ ਜਿਨ੍ਹਾਂ ਵਿਚ ਨੂਰਮਹਿਲ ਦੇ ਬਾਬਾ ਆਸ਼ੂਤੋਸ਼, ਡੇਰਾ ਸਿਰਸਾ ਮੁਖੀ ਰਾਮ ਰਹੀਮ ਸਿੰਘ ਤੇ ਬਾਬਾ ਭਨਿਆਰਾਂ ਵਾਲਾ ਸ਼ਾਮਲ ਸਨ।

ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਧਾਰਮਿਕ ਤੇ ਸਿਆਸੀ ਆਗੂਆਂ ਦੀ ਸੁਰੱਖਿਆ ਬਾਰੇ ਚੌਕਸੀ ਰੱਖਣ ਲਈ ਕਹਿ ਦਿੱਤਾ ਗਿਆ ਹੈ। ਉਧਰ ਪੁਲਿਸ ਡੂੰਘਾਈ ਨਾਲ ਉਸ ਦੇ 14 ਖਾਤਿਆਂ ਨੂੰ ਘੋਖ ਰਹੀ ਹੈ ਜਿਨ੍ਹਾਂ ਵਿਚ 1 ਕਰੋੜ 30 ਲੱਖ ਰੁਪਏ ਜਮ੍ਹਾਂ ਦੱਸੇ ਜਾ ਰਹੇ ਹਨ। ਪੁਲਿਸ ਇਹ ਪਤਾ ਲਾਉਣ ਵਿਚ ਜੁਟ ਗਈ ਹੈ ਕਿ ਉਸ ਦੀ ਆਮਦਨ ਦਾ ਸਾਧਨ ਕੀ ਸੀ।

ਪੁਲਿਸ ਅਨੁਸਾਰ ਭੋਗਪੁਰ ਨੇੜਲੇ ਪਿੰਡ ਦੁਹੜਿਆਂ ਦੇ ਰਹਿਣ ਵਾਲੇ ਜਸਵੰਤ ਸਿੰਘ ਆਜ਼ਾਦ ਨੇ ਪਾਬੰਦੀਸ਼ੁਦਾ ਜਥੇਬੰਦੀਆਂ ਬੱਬਰ ਖਾਲਸਾ ਇੰਟਰਨੈਸ਼ਨਲ ਦੇ ਮੁਖੀ ਵਧਾਵਾ ਸਿੰਘ ਬੱਬਰ, ਖਾਲਿਸਤਾਨ ਜ਼ਿੰਦਾਬਾਦ ਫੋਰਸ ਦੇ ਮੁਖੀ ਰਣਜੀਤ ਸਿੰਘ ਨੀਟਾ, ਖਾਲਿਸਤਾਨ ਟਾਈਗਰ ਫੋਰਸ ਦੇ ਮੁਖੀ ਜਗਤਾਰ ਸਿੰਘ ਉਰਫ ਤਾਰਾ ਤੇ ਪਰਮਜੀਤ ਸਿੰਘ ਪੰਜਵੜ ਨਾਲ ਵੀ ਸੰਪਰਕ ਰੱਖੇ ਹੋਏ ਸਨ।

## ਗੁਰਦਾਸਪੁਰ ਗੋਲੀ ਕਾਂਡ

# ਜਸਪਾਲ ਸਿੰਘ ਦੀ ਮੌਤ ਲਈ ਪੰਜਾਬ ਪੁਲਿਸ ਜ਼ਿੰਮੇਵਾਰ

ਚੰਡੀਗੜ੍ਹ: ਸਰਕਾਰੀ ਰਿਪੋਰਟ 'ਚ ਮੰਨਿਆ ਗਿਆ ਹੈ ਕਿ ਗੁਰਦਾਸਪੁਰ ਵਿਖੇ 29 ਮਾਰਚ ਨੂੰ ਗੋਲੀਬਾਰੀ ਦੌਰਾਨ ਨੌਜਵਾਨ ਦੀ ਮੌਤ ਸਥਾਨਕ ਪੁਲਿਸ ਤੇ ਪ੍ਰਸ਼ਾਸਨ ਦੀ ਅਣਗਹਿਲੀ ਕਾਰਨ ਹੋਈ ਸੀ ਤੇ ਪੁਲਿਸ ਨੇ ਗੋਲੀ ਚਲਾਉਣ ਤੋਂ ਪਹਿਲਾਂ ਹੋਰ ਠੋਸ ਕਦਮ ਨਹੀਂ ਚੁੱਕੇ ਸਨ। ਇਸ ਮੌਕੇ ਪੁਲਿਸ ਵੱਲੋਂ ਭੀੜ ਨੂੰ ਖਿੰਡਾਉਣ ਲਈ ਏ.ਕੇ.-47 ਤੇ ਐਸ.ਐਲ.ਆਰ. ਵਰਗੇ ਖਤਰਨਾਕ ਹਥਿਆਰਾਂ ਦੀ ਵਰਤੋਂ 'ਤੇ ਵੀ ਸਵਾਲ ਖੜ੍ਹਾ ਹੋਇਆ ਹੈ। ਇਸ ਘਟਨਾ ਦੌਰਾਨ ਜਸਪਾਲ ਸਿੰਘ ਨੂੰ ਵੱਜੀ ਗੋਲੀ ਨਾਲ ਸਬੰਧਤ ਹਥਿਆਰ ਦੀ ਵੀ ਅੱਜ ਤੱਕ ਪੁਲੀਸ ਸ਼ਨਾਖ਼ਤ ਨਹੀਂ ਕਰ ਸਕੀ।

ਜ਼ਿਕਰਯੋਗ ਹੈ ਕਿ ਅਦਾਲਤ ਵੱਲੋਂ ਬੇਅੰਤ ਸਿੰਘ ਹੱਤਿਆ ਕਾਂਡ ਦੇ ਮਾਮਲੇ ਵਿਚ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ 31 ਮਾਰਚ, 2012 ਨੂੰ ਫਾਂਸੀ ਦੇਣ ਦੇ ਜਾਰੀ ਹੁਕਮਾਂ ਤੋਂ ਬਾਅਦ 29 ਮਾਰਚ ਨੂੰ ਗੁਰਦਾਸਪੁਰ ਵਿਖੇ ਬੰਦ ਦੌਰਾਨ ਵਾਪਰੀ ਘਟਨਾ ਵਿਚ ਨੌਜਵਾਨ ਜਸਪਾਲ ਸਿੰਘ ਦੀ ਮੌਤ ਹੋ ਗਈ ਸੀ। ਜਲੰਧਰ ਡਵੀਜ਼ਨ ਦੇ ਕਮਿਸ਼ਨਰ-ਕਮ-ਪੜਤਾਲੀਆ ਅਫਸਰ ਐਸ.ਆਰ. ਲੱਧੜ (ਆਈ.ਏ.ਐਸ.) ਵੱਲੋਂ ਪਿਛਲੇ ਦਿਨੀਂ ਪੰਜਾਬ ਤੇ ਹਰਿਆਣਾ ਹਾਈ ਕੋਰਟ ਤੇ ਮੁੱਖ ਸਕੱਤਰ ਪੰਜਾਬ ਨੂੰ 228 ਪੰਨਿਆਂ ਦੀ ਸੌਂਪੀ ਰਿਪੋਰਟ ਵਿਚ ਗੁਰਦਾਸਪੁਰ ਪੁਲੀਸ ਤੇ ਪ੍ਰਸ਼ਾਸਨ ਦੀਆਂ ਅਜਿਹੀਆਂ ਕਈ ਕੁਤਾਹੀਆਂ ਸਾਹਮਣੇ ਲਿਆਂਦੀਆਂ ਗਈਆਂ ਹਨ।

ਸ੍ਰੀ ਲੱਧੜ ਵੱਲੋਂ ਤਿਆਰ ਰਿਪੋਰਟ ਵਿਚ ਸਿੱਟਾ ਕੱਢਿਆ ਗਿਆ ਹੈ ਕਿ ਗੁਰਦਾਸਪੁਰ ਪੁਲਿਸ ਤੇ ਪ੍ਰਸ਼ਾਸਨ ਵਿਚਾਲੇ ਲੋੜੀਂਦਾ ਤਾਲਮੇਲ ਨਾ ਹੋਣ ਕਾਰਨ ਇਹ ਘਟਨਾ ਵਾਪਰੀ ਹੈ ਕਿਉਂਕਿ ਪੁਲਿਸ ਹੈੱਡਕੁਆਟਰ ਵੱਲੋਂ ਲੋੜੀਂਦੀ ਫੋਰਸ ਮੁਹੱਈਆ ਕਰਨ ਦੇ ਬਾਵਜੂਦ ਸਥਾਨਕ

**ਏ.ਕੇ.-47 ਤੇ ਐਸ.ਐਲ.ਆਰ. ਨਾਲ ਕੀਤੀ ਸੀ ਫਾਇਰਿੰਗ**



ਅਧਿਕਾਰੀ ਉਨ੍ਹਾਂ ਦੀ ਯੋਗ ਤਾਇਨਾਤੀ ਤੇ ਵਰਤੋਂ ਨਹੀਂ ਕਰ ਸਕੇ। ਇਥੋਂ ਤੱਕ ਕਿ ਫਾਇਰਿੰਗ ਕਰਨ ਤੋਂ ਪਹਿਲਾਂ ਅੱਥਰੂ ਗੈਸ ਦੇ ਗੋਲੇ ਚਲਾਉਣ, ਜਲ ਤੋਪਾਂ ਦੀ ਵਰਤੋਂ ਕਰਨ ਤੇ ਰਬੜ ਦੀਆਂ ਗੋਲੀਆਂ ਚਲਾਉਣ ਜਿਹੇ ਕਦਮ ਸਹੀ ਢੰਗ ਨਾਲ ਨਹੀਂ ਚੁੱਕੇ ਗਏ।

ਭਾਵੇਂ ਘਟਨਾ ਸਥਾਨ ਤੋਂ ਐਸ.ਐਲ.ਆਰ. ਦੇ ਕਾਰਤੂਸਾਂ ਦੇ ਖੋਲ੍ਹ ਮਿਲੇ ਹਨ ਪਰ ਐਸ.ਐਸ.ਪੀ. ਵੱਲੋਂ ਘਟਨਾ ਸਥਾਨ 'ਤੇ ਤਾਇਨਾਤ ਕੀਤੇ ਪੁਲਿਸ ਮੁਲਾਜ਼ਮਾਂ ਦੀ ਮੁਹੱਈਆ ਕੀਤੀ ਸੂਚੀ ਵਿਚ ਇਹ ਹਥਿਆਰ ਕਿਸੇ ਵੀ ਮੁਲਾਜ਼ਮ ਨੂੰ ਅਲਾਟ ਕੀਤਾ ਨਹੀਂ ਦਿਖਾਇਆ ਗਿਆ। ਇਸ ਤੋਂ ਇਲਾਵਾ ਭੀੜ ਖਿੰਡਾਉਣ ਲਈ ਏ.ਕੇ.-47 ਤੇ ਐਸ.ਐਲ.ਆਰ. ਜਿਹੇ ਹਥਿਆਰਾਂ ਦੀ ਵਰਤੋਂ ਕਰਨੀ ਵੀ ਨਿਯਮਾਂ ਦੇ ਉਲਟ ਹੈ। ਸ੍ਰੀ ਲੱਧੜ ਨੇ ਰਿਪੋਰਟ ਵਿਚ ਸਪੱਸ਼ਟ ਲਿਖਿਆ ਹੈ ਕਿ ਇਸ ਨਾਜ਼ੁਕ ਮਾਮਲੇ ਵਿਚ ਸਥਾਨਕ ਪੁਲਿਸ ਤੇ ਪ੍ਰਸ਼ਾਸਨ ਵਿਚਾਲੇ ਲੋੜੀਂਦਾ ਤਾਲਮੇਲ ਹੀ ਨਹੀਂ ਸੀ।

ਰਿਪੋਰਟ ਮੁਤਾਬਕ ਜਦੋਂ ਇਹ ਘਟਨਾ ਵਾਪਰੀ ਉਸ ਵੇਲੇ ਉਥੋਂ ਦੇ ਡਿਪਟੀ ਕਮਿਸ਼ਨਰ ਕਿਸਾਨ ਮੇਲੇ ਦੇ ਸਮਾਗਮ ਵਿਚ ਮੌਜੂਦ ਸਨ। ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਪੁਲਿਸ ਵੱਲੋਂ ਹਵਾਈ ਫਾਇਰ ਕਰਨ ਤੋਂ ਪਹਿਲਾਂ ਲੋਕਾਂ ਨੂੰ ਸਪੀਕਰ ਰਾਹੀਂ ਚਿਤਾਵਨੀ ਵੀ ਨਹੀਂ ਦਿੱਤੀ ਗਈ। ਪੁਲਿਸ ਬੇਤਹਾਸ਼ਾ ਢੰਗ ਨਾਲ ਭੀੜ ਦਾ ਪਿੱਛਾ ਕਰਦੀ ਰਹੀ। ਜ਼ਿਕਰਯੋਗ ਹੈ ਕਿ ਸਰਕਾਰ ਨੇ ਉਦੋਂ ਹੀ ਇਸ ਘਟਨਾ ਦੌਰਾਨ ਨੌਜਵਾਨ ਦੀ ਮੌਤ ਹੋਣ ਦੇ ਮਾਮਲੇ ਵਿਚ ਉਸ ਵੇਲੇ ਦੇ ਐਸ.ਐਸ.ਪੀ. ਮਨਪ੍ਰੀਤ ਸਿੰਘ (ਪੀ.ਪੀ.ਐਸ.) ਤੇ ਡੀ.ਐਸ.ਪੀ. ਵਰਿੰਦਰਪਾਲ ਸਿੰਘ ਨੂੰ ਮੁਅੱਤਲ ਕਰ ਦਿੱਤਾ ਸੀ ਤੇ ਡੀ.ਐਮ. ਸ੍ਰੀ ਐਮ.ਐਸ. ਕੈਂਥ ਦੀ ਬਦਲੀ ਕਰ ਦਿੱਤੀ ਸੀ।

# ਭਾਈ ਬਿੱਟੂ ਤੇ ਬੜਾ ਪਿੰਡ ਦੀ ਰਿਹਾਈ ਲਈ ਮੁਹਿੰਮ

**ਚੰਡੀਗੜ੍ਹ (ਬਿਊਰੋ):** ਸ਼੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਆਗੂ ਭਾਈ ਦਲਜੀਤ ਸਿੰਘ ਬਿੱਟੂ ਤੇ ਕੁਲਦੀਪ ਸਿੰਘ ਬੜਾ ਪਿੰਡ ਖ਼ਿਲਾਫ਼ ਦਰਜ ਕੇਸ ਤੁਰੰਤ ਰੱਦ ਕਰਨ ਤੇ ਸਿੱਖ ਆਗੂਆਂ ਦੀ ਬਿਨਾਂ ਸ਼ਰਤ ਰਿਹਾਈ ਦੀ ਮੰਗ ਨੂੰ ਲੈ ਕੇ ਸਿੱਖ ਸੰਸਥਾਵਾਂ ਦੇ ਆਗੂਆਂ ਤੇ ਗ਼ਰਮ ਖਿਆਲੀਆਂ ਨੇ ਮੁਹਾਲੀ ਵਿਚ ਰੋਸ ਮਾਰਚ ਕੀਤਾ। ਇਸ ਤੋਂ ਪਹਿਲਾਂ ਇਥੋਂ ਦੇ ਇਤਿਹਾਸਕ ਗੁਰਦੁਆਰਾ ਅੰਬ ਸਾਹਿਬ ਫੇਜ਼-8 ਵਿਖੇ ਸਿੱਖ ਆਗੂਆਂ ਦੀ ਮੀਟਿੰਗ ਹੋਈ। ਬੁਲਾਰਿਆਂ ਨੇ ਬਾਦਲ ਸਰਕਾਰ 'ਤੇ ਵਰ੍ਹਦਿਆਂ ਸਿੱਖਾਂ ਦਾ ਘਾਣ ਕਰਨ ਦਾ ਦੋਸ਼ ਲਾਇਆ।




ਇਸ ਮੌਕੇ ਪੰਚ ਪ੍ਰਧਾਨੀ ਦੇ ਆਗੂ ਬਲਦੇਵ ਸਿੰਘ ਸਿਰਸਾ, ਭਾਈ ਮੋਹਕਮ ਸਿੰਘ, ਹਰਪਾਲ ਸਿੰਘ ਚੀਮਾ, ਪਰਮਜੀਤ ਸਿੰਘ ਸਹੋਲੀ ਤੇ ਬਾਬਾ ਬਲਜੀਤ ਸਿੰਘ ਦਾਦੂਵਾਲ ਨੇ ਕਿਹਾ ਕਿ ਭਾਈ ਬਿੱਟੂ ਤੇ ਭਾਈ ਬੜਾ ਪਿੰਡ ਨੂੰ ਗਿਣੀਮਿਥੀ ਸਾਜ਼ਿਸ਼ ਤਹਿਤ ਝੂਠੇ ਕੇਸ ਵਿਚ ਫਸਾਇਆ ਗਿਆ ਹੈ। ਬੁਲਾਰਿਆਂ ਨੇ ਕਿਹਾ ਕਿ ਅਕਾਲੀ ਆਗੂ ਨਹੀਂ ਚਾਹੁੰਦੇ ਕਿ ਸ਼੍ਰੋਮਣੀ ਅਕਾਲੀ ਦਲ (ਬ) ਨੂੰ ਛੱਡ ਕੇ ਕੋਈ ਹੋਰ ਅਕਾਲੀ ਦਲ ਜਾਂ ਸਿੱਖ ਆਗੂ ਦਾ ਪੰਜਾਬ ਵਿਚ ਬੋਲਬਾਲਾ ਹੋਵੇ। ਭਾਈ ਬਿੱਟੂ ਦੇ ਮਾਮਲੇ ਵਿਚ ਵੀ ਕੁਝ ਅਜਿਹਾ ਹੀ ਹੋਇਆ ਸੀ। ਉਨ੍ਹਾਂ ਜੇਲ੍ਹ ਵਿਚੋਂ ਬਾਹਰ ਆ ਕੇ ਜਿਵੇਂ ਹੀ ਦੇਸ਼ ਦੇ ਸਿੱਖਾਂ ਨੂੰ ਲਾਮਬੰਦ ਕਰਨਾ ਸ਼ੁਰੂ ਕੀਤਾ ਤਾਂ ਉਨ੍ਹਾਂ ਖ਼ਿਲਾਫ਼ ਗਿਣੀਮਿਥੀ ਸਾਜ਼ਿਸ਼ ਤਹਿਤ ਕੇਸ ਦਰਜ ਕਰ ਦਿੱਤਾ ਗਿਆ। ਮੀਟਿੰਗ ਵਿਚ ਭਾਈ ਕੁਲਦੀਪ ਸਿੰਘ ਬੜਾ ਪਿੰਡ ਦੀ ਪਤਨੀ ਬੀਬੀ ਕਸ਼ਮੀਰ ਕੌਰ, ਬਾਬਾ ਬਲਜੀਤ ਸਿੰਘ ਦਾਦੂਵਾਲ, ਦਲ ਖਾਲਸਾ ਦੇ ਮੁਖੀ ਹਰਚਰਨਜੀਤ ਸਿੰਘ ਧਾਮੀ, ਖਾਲਸਾ ਐਕਸ਼ਨ ਕਮੇਟੀ ਦੇ ਆਗੂ ਭਾਈ ਮੋਹਕਮ ਸਿੰਘ, ਪੰਚ ਪ੍ਰਧਾਨੀ ਦੇ ਸੀਨੀਅਰ ਆਗੂ ਬਲਦੇਵ ਸਿੰਘ ਸਿਰਸਾ, ਹਰਪਾਲ ਸਿੰਘ ਚੀਮਾ, ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂ ਪ੍ਰੋ. ਮਹਿੰਦਰ ਪਾਲ ਸਿੰਘ, ਸ਼੍ਰੋਮਣੀ ਖਾਲਸਾ ਪੰਚਾਇਤ ਦੇ ਆਗੂ ਰਜਿੰਦਰ ਸਿੰਘ ਖੁਰਾਣਾ, ਏਕ ਨੂਰ ਖਾਲਸਾ ਫੌਜ ਦੇ ਆਗੂ ਬਲਜਿੰਦਰ ਸਿੰਘ, ਅਕਾਲੀ ਦਲ (ਸੁਤੰਤਰ) ਦੇ ਕੌਮੀ ਪ੍ਰਧਾਨ ਪਰਮਜੀਤ ਸਿੰਘ ਸੋਹਲੀ ਸਮੇਤ ਹੋਰ ਬਹੁਤ ਸਾਰੇ ਸਿੱਖ ਆਗੂ ਸ਼ਾਮਲ ਹੋਏ।

ਇਸ ਦੌਰਾਨ ਗੁਰਦੁਆਰਾ ਅੰਬ ਸਾਹਿਬ ਵਿਖੇ ਅਰਦਾਸ ਕਰਨ ਪਿੱਛੋਂ ਪੌਣੇ ਦੋ ਵਜੇ ਸਿੱਖ ਸੰਸਥਾਵਾਂ ਦੇ ਆਗੂ ਇਕ ਵੱਡੇ ਕਾਫਲੇ ਦੇ ਰੂਪ ਵਿਚ ਸ਼ਹਿਰ ਦੀਆਂ ਸੜਕਾਂ 'ਤੇ ਰੋਸ ਮਾਰਚ ਕਰਦਿਆਂ ਪੰਜਾਬ ਦੇ ਰਾਜਪਾਲ ਸ਼ਿਵਰਾਜ ਪਾਟਿਲ ਨੂੰ ਮੰਗ ਪੱਤਰ ਦੇਣ ਲਈ ਚਾਲੇ ਪੈ ਗਏ ਪਰ ਮੁਹਾਲੀ-ਚੰਡੀਗੜ੍ਹ ਦੀ ਸਾਂਝੀ ਹੱਦ 'ਤੇ ਚੰਡੀਗੜ੍ਹ ਪੁਲਿਸ ਨੇ ਪ੍ਰਦਰਸ਼ਨਕਾਰੀਆਂ ਨੂੰ ਅੱਗੇ ਵਧਣ ਤੋਂ ਰੋਕ ਦਿੱਤਾ। ਇਸ ਕਾਰਨ ਸਿੱਖ ਆਗੂ ਉਥੇ ਹੀ ਸੜਕ 'ਤੇ ਧਰਨਾ ਲਾ ਕੇ ਬੈਠ ਗਏ ਤੇ ਰਾਜਪਾਲ ਨੂੰ ਮੰਗ ਪੱਤਰ ਦੇਣ ਜਾਣ ਦੀ ਜ਼ਿੱਦ 'ਤੇ ਅੜੇ ਰਹੇ। ਇਸ ਦੌਰਾਨ ਰਾਜਪਾਲ ਦੇ ਸੁਰੱਖਿਆ ਅਫ਼ਸਰ ਗੁਰਨਾਮ ਸਿੰਘ ਨੇ ਮੌਕੇ 'ਤੇ ਪਹੁੰਚ ਕੇ ਆਗੂਆਂ ਕੋਲੋਂ ਮੰਗ ਪੱਤਰ ਹਾਸਲ ਕੀਤਾ।

## Matrimonials

### ਵਰ ਦੀ ਲੋੜ ਹੈ

ਜੱਟ ਸਿੱਖ ਕੈਲੀਫੋਰਨੀਆ ਵਸਦੀ ਗਰੀਨ ਕਾਰਡ ਹੋਲਡਰ, ਉਮਰ 33 ਸਾਲ, ਕੱਦ 5'-5" ਐਮ ਏ ਪਾਸ ਲੜਕੀ ਲਈ ਨਸ਼ਿਆਂ ਤੋਂ ਰਹਿਤ ਅਮਰੀਕਾ ਵਿਚ ਕੱਚੇ-ਪੱਕੇ ਤੌਰ 'ਤੇ ਰਹਿ ਰਹੇ ਯੋਗ ਵਰ ਦੀ ਲੋੜ ਹੈ। ਸੰਪਰਕ ਕਰੋ, ਫੋਨ: 347-653-5790, e-mail: prince.kular@yahoo.com

Well settled Saini Sikh parents seek stricktly Gursikh match for US Citizen innocently divorced daughter, 28, 5'-6", M Ed., school teacher. Email biodata @ bsinghmdus@yahoo.com

Suitable match wanted for US born Jatt sikh girl, 35year, 5'-6", working as financial manager with a reputed company in Chicago area. Family well settled in US. E-mail bio @ mgs2808@yahoo.com

### ਕੰਨਿਆ ਦੀ ਲੋੜ ਹੈ

ਜੱਟ ਸਿੱਖ ਇਲੈਕਟਰੀਕਲ ਇੰਜੀਨੀਅਰ, ਉਮਰ 26 ਸਾਲ, ਕੱਦ 5'-7" ਅਮਰੀਕੀ ਸਿਟੀਜ਼ਨ ਲੜਕੇ ਲਈ ਅਮਰੀਕਾ ਰਹਿੰਦੀ ਪ੍ਰੋਫੈਸ਼ਨਲ ਜੱਟ ਸਿੱਖ ਲੜਕੀ ਦੀ ਲੋੜ ਹੈ। ਸੰਪਰਕ ਕਰੋ: 209-675-5441

Sikh Saini parents seek match for US educated son, PhD, BTech Computer Science; 30/5'-9". Employed with a reputed company in Louisville, KY. Caste no bar Email: photo/Bio at harpreetdaurka@gmail.com.

## ਦਿੱਲੀ ਗੁਰਦੁਆਰਾ ਸੋਧ ਬਿੱਲ ਨੂੰ ਮਨਜ਼ੂਰੀ

**ਨਵੀਂ ਦਿੱਲੀ:** ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕੰਮਕਾਰ ਵਿਚ ਕੁਝ ਤਬਦੀਲੀਆਂ ਲਿਆਉਣ ਬਾਰੇ ਬਿੱਲ ਨੂੰ ਦਿੱਲੀ ਸਰਕਾਰ ਨੇ ਮਨਜ਼ੂਰੀ ਦੇ ਦਿੱਤੀ। ਇਨ੍ਹਾਂ ਤਹਿਤ ਪ੍ਰਧਾਨ ਦੇ ਅਹੁਦੇ ਦੀ ਮਿਆਦ ਚਾਰ ਸਾਲ ਕੀਤੇ ਜਾਣ ਦੀ ਤਜਵੀਜ਼ ਹੈ। ਕੈਬਨਿਟ ਦੀ ਇਸ ਮੀਟਿੰਗ ਦੀ ਪ੍ਰਧਾਨਗੀ ਮੁੱਖ ਮੰਤਰੀ ਸ਼ੀਲਾ ਦੀਕਸ਼ਿਤ ਨੇ ਕੀਤੀ। ਇਸ 'ਚ ਦਿੱਲੀ ਸਿੱਖ ਗੁਰਦੁਆਰਾ (ਸੋਧ) ਬਿੱਲ-2012 ਨੂੰ ਮਨਜ਼ੂਰੀ ਦੇ ਦਿੱਤੀ ਗਈ।

ਹੁਣ ਇਹ ਬਿੱਲ ਮਨਜ਼ੂਰੀ ਵਾਸਤੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਭੇਜਿਆ ਜਾਵੇਗਾ। ਇਸ ਸੋਧ ਬਿੱਲ ਤਹਿਤ ਸਰਕਾਰ ਕਮੇਟੀ ਦੇ ਪ੍ਰਧਾਨ ਦੇ ਅਹੁਦੇ ਦੀ ਮਿਆਦ ਚਾਰ ਸਾਲ ਕਰਨਾ ਚਾਹੁੰਦੀ ਹੈ ਜਦ ਕਿ ਹਾਲੇ ਇਹ ਕਾਰਜਕਾਲ ਦੋ ਸਾਲ ਦਾ ਹੈ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ**
**ਫੋਨ: 209-992-7185**

***ਅਗਲੇ ਢਾਈ ਸਾਲਾਂ 'ਚ ਪੰਜਾਬ ਦੂਜੇ ਸੂਬਿਆਂ ਨੂੰ ਬਿਜਲੀ ਵੇਚਿਆ ਕਰੇਗਾ-ਸੁਖਬੀਰ ਬਾਦਲ**
-ਪਰ ਆਪਣੇ ਲਈ ਕਿਥੋਂ ਖਰੀਦੂਗਾ ਇਹ ਵੀ ਤਾਂ ਦੱਸੋ?

***ਮਜੀਠੀਏ ਨੇ ਰਜਿਸਟਰੀ ਵਿਚ ਅਣਗਹਿਲੀ ਕਰਨ ਵਾਲੇ 3 ਮੁਲਾਜ਼ਮਾਂ ਦੀ ਬਦਲੀ ਕੀਤੀ**
-ਤਾਂ ਕਿ ਅੱਗੇ ਤੋਂ ਅਣਗਹਿਲੀਆਂ ਉਹ ਨਵੀਂ ਜਗ੍ਹਾ ਕਰਨ।

***ਪ੍ਰਚੂਨ ਖੇਤਰ ਨੂੰ ਬਦਲ ਦੇਣ ਵਾਲਾ ਵਾਲਮਾਰਟ ਕੀ ਭਾਰਤ ਨੂੰ ਬਚਾ ਸਕੇਗਾ?**
-ਆਪਣੇ ਦਾਅਵਿਆਂ ਦੇ ਉਲਟ ਤੁਸੀਂ ਇਹ ਤੇ ਮੰਨਿਆ ਕਿ ਭਾਰਤ ਡੁੱਬਣ ਵੱਲ ਵਧ ਰਿਹੈ।

***ਸਿੱਖ ਭਾਈਚਾਰੇ ਨੂੰ ਘੱਟ ਗਿਣਤੀਆਂ ਦੇ ਸਭ ਲਾਭ ਮਿਲਣ-ਐਸ ਐਸ ਆਹਲੂਵਾਲੀਆ**
-ਮਿਲੀ ਤਾਂ ਜਾਂਦੇ ਆ! ਚੁਰਾਸੀ 'ਚ ਕਤਲੇਆਮ, ਗੁਰਧਾਮਾਂ 'ਤੇ ਹਮਲੇ, ਨਸਲਕੁਸ਼ੀ, ਅਣਪਛਾਤੀਆਂ ਲਾਸ਼ਾਂ, ਅਤਿਵਾਦੀ ਦੇ ਲੇਬਲ ਤੇ ਦੇਸ਼ ਧ੍ਰੋਹੀ ਦੇ ਕੇਸ। ਹਾਲੇ ਹੋਰ ਕੁਛ ਬਾਕੀ ਐ?

***ਮਨਪ੍ਰੀਤ ਪੰਥ ਦਾ ਗੱਦਾਰ-ਮਜੀਠੀਆ**
-ਕਿਹੜੇ ਪੰਥ ਦਾ?

***ਗਾਬੜੀਆ 'ਤੇ ਵੀ ਗਰਾਂਟ ਵਿਚ 'ਗੜਬੜ' ਕਰਨ ਦੇ ਸਵਾਲ ਉਠੇ**
-ਕੋਈ ਨੀਂ ਸਰਕਾਰ ਵੀ ਆਪਣੀ ਐ ਤੇ ਵਿਜੀਲੈਂਸ ਵੀ। ਰਣੀਕੇ ਵਾਂਗ ਕਲੀਨ ਚਿੱਟ ਮਿਲੂ। ਸ਼ਿਕੰਜਾ ਕੱਸ ਹੋਊ ਵਿਚਾਰੇ ਪੀ.ਏ. 'ਤੇ।

***ਕੰਮ ਨਾਲ ਬਹੁਤ ਨੇਹ ਹੈ ਨੇਹਾ ਧੂਪੀਆ ਨੂੰ**
-ਜਿਹੜੀ ਚੀਜ਼ ਦੀ ਬੰਦੇ ਕੋਲ ਘਾਟ ਹੋਵੇ ਉਹਦੇ ਨਾਲ ਤਾਂ ਨੇਹ ਹੁੰਦਾ ਈ ਐ।

SUPER TRAVEL
847-676-9090, 773-465-5566
E-mail: supertravel2003@yahoo.com
Lowest Fares With Excellent Service
AMERICAN AIR, CONTINENTAL AIR
JET AIRWAYS DELTA, AIR INDIA, KLM, LUFTHANSA.
For Emergency Call anytime at 847-673-3825
EARLY BIRD SALE!!!!
India $545
London $250



Prince's Barber Shop
37477 Fremont Blvd, suite C, Fremont, CA 94536
Men & Children's Hair Cut
*Threading *Custom Text
*Men's Facials *Hair Coler
*Custom Designing *Shave &
*Line-ups *Head Massage
ਇੰਡੀਆ ਅਤੇ ਅਮਰੀਕਾ ਦਾ 13 ਸਾਲ ਦਾ ਤਜ਼ਰਬਾ
Business hours:
Mon thru Friday 9am to 8pm
Sat- Sunday- 8am to 8pm
(Tuesday 9am to 4pm)
Cell: (510)-677-9942
Shop: (510)-505-9605




MRP TRAVEL
Lowest International and Domestic Fares
FLY ANY AIRLINE OF YOUR CHOICE
Providing the lowest Airfare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40
Passport & Visa services also available
India Vacation tour package also available.
Asiana Airlines Emirates KOREAN AIR SINGAPORE AIRLINES CATHAY PACIFIC Lufthansa CHINA AIRLINES



ਦੁਨੀਆ ਭਰ ਵਿਚ ਚੱਲਣ ਵਾਲਾ ਸ਼ਿਕਾਗੋ ਤੋਂ ਪਹਿਲਾ ਪੰਜਾਬੀ ਰੇਡੀਓ
Radio Chann Pardesi ਰੇਡੀਓ ਚੰਨ ਪ੍ਰਦੇਸੀ
ਸੁਣੋ ਤਾਜ਼ਾ ਖਬਰਾਂ, ਸਿਹਤ ਸਬੰਧੀ ਜਾਣਕਾਰੀ, ਗੁਰਬਾਣੀ, ਹੁਕਮਨਾਮੇ ਦਾ ਸਿੱਧਾ ਪ੍ਰਸਾਰਣ
ਗੀਤ-ਸੰਗੀਤ ਦੇ ਬਹੁਤ ਹੀ ਵਧੀਆ ਪ੍ਰੋਗਰਾਮ
ਅਮਰੀਕਾ ਦੇ ਸਥਾਨਕ ਮਸਲਿਆਂ ਬਾਰੇ ਵਿਚਾਰ-ਚਰਚਾ ਤੇ ਹੋਰ ਬੜਾ ਕੁਝ
ਫੋਨ 832-225-5354 'ਤੇ ਕਾਲ ਕਰਕੇ ਅਤੇ ਵੈਬਸਾਈਟ www.channpardesi.com ਰਾਹੀਂ 24 ਘੰਟੇ 7 ਦਿਨ ਸੁਣੋ
tunein market iPhone
ਵਾਜਬ ਕੀਮਤਾਂ 'ਤੇ ਇਸ਼ਤਿਹਾਰ ਦਿਓ ਅਤੇ ਆਪਣਾ ਕਾਰੋਬਾਰ ਵਧਾਓ
RADIO CHANN PARDESI
ਹੋਰ ਜਾਣਕਾਰੀ ਅਤੇ ਰੇਡੀਓ ਸੈਟ ਮੰਗਵਾਉਣ ਲਈ ਇਹਨਾਂ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ
ਦਰਸ਼ਨ ਬਸਰਾਓ 815-557-4991
ਸਰਵਣ ਟਿਵਾਣਾ 219-670-4579
https://www.facebook.com/ChannPardesiRadio Email : info@channpardesi.com
www.channpardesi.com

FARMERS INSURANCE GROUP Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਭ੍ਰਿਸ਼ਟਾਚਾਰ ਦੇ ਕੇਸਾਂ 'ਚ ਘਿਰੇ ਲੀਡਰਾਂ ਨੂੰ ਬਚਾਉਣ ਦੀ ਕਵਾਇਦ

**ਚੰਡੀਗੜ੍ਹ:** ਪੰਜਾਬ ਦੀ ਸੱਤਾ 'ਤੇ ਦੂਜੀ ਵਾਰ ਕਾਬਜ਼ ਹੁੰਦਿਆਂ ਹੀ ਅਕਾਲੀ-ਭਾਜਪਾ ਸਰਕਾਰ ਨੇ ਆਪਣੇ ਆਗੂਆਂ ਖ਼ਿਲਾਫ਼ ਚੱਲਦੇ ਭ੍ਰਿਸ਼ਟਾਚਾਰ ਦੇ ਕੇਸ ਬੰਦ ਕਰਵਾਉਣ ਦੀ ਕਵਾਇਦ ਵਿੱਢ ਦਿੱਤੀ ਹੈ। ਇਸ ਕੰਮ ਦੀ ਜ਼ਿੰਮੇਵਾਰੀ ਪੰਜਾਬ ਵਿਜੀਲੈਂਸ ਬਿਊਰੋ ਨੂੰ ਸੌਂਪੀ ਗਈ ਹੈ। ਵਿਜੀਲੈਂਸ ਬਿਊਰੋ ਨੇ ਜ਼ੁਬਾਨੀ ਹੁਕਮ ਮਿਲਦਿਆਂ ਹੀ ਹਾਕਮ ਪਾਰਟੀ ਨਾਲ ਸਬੰਧਤ ਸਿਆਸਤਦਾਨਾਂ ਖ਼ਿਲਾਫ਼ ਚਲਦੇ ਮਾਮਲਿਆਂ ਨੂੰ ਅਦਾਲਤੀ ਪ੍ਰਕਿਰਿਆ ਦੌਰਾਨ ਲੀਹੋਂ ਲਾਹੁਣ ਦੀ ਮੁਹਿੰਮ ਵਿੱਢ ਦਿੱਤੀ ਹੈ। ਸੂਬੇ ਵਿਚ ਅਕਾਲੀ-ਭਾਜਪਾ ਗੱਠਜੋੜ ਦੀ ਨਵੇਂ ਸਿਰਿਓਂ ਸਰਕਾਰ ਬਣਨ ਤੋਂ ਬਾਅਦ ਬਿਊਰੋ ਦੇ ਕੰਮ ਢੰਗ ਵਿਚ ਵੱਡੀ ਤਬਦੀਲੀ ਆ ਗਈ ਹੈ।

ਅਸਲ 'ਚ ਦੋ ਅਕਾਲੀਆਂ ਨੂੰ ਹੇਠਲੀ ਅਦਾਲਤ ਨੇ ਸਜ਼ਾ ਸੁਣਾ ਦਿੱਤੀ ਸੀ ਜਿਸ ਕਰਕੇ ਸਰਕਾਰ ਤੇ ਹਾਕਮ ਪਾਰਟੀ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪਿਆ। ਇਸ ਤੋਂ ਬਾਅਦ ਸਰਕਾਰ ਨੇ ਫੈਸਲੇ ਤੋਂ ਪਹਿਲਾਂ ਹੀ ਕੇਸਾਂ ਦਾ ਭੋਗ ਪਾਉਣ ਦੀ ਰਣਨੀਤੀ ਘੜੀ ਹੈ। ਅਦਾਲਤ ਨੇ ਸਾਬਕਾ ਮੰਤਰੀ ਜਥੇਦਾਰ ਤੋਤਾ ਸਿੰਘ ਨੂੰ ਕੁਝ ਮਹੀਨੇ ਪਹਿਲਾਂ ਹੀ ਸਰਕਾਰੀ ਕਾਰ ਦੀ ਦੁਰਵਰਤੋਂ ਦੇ ਮਾਮਲੇ ਵਿਚ ਸਜ਼ਾ ਸੁਣਾਈ ਗਈ ਸੀ। ਜਥੇਦਾਰ ਤੋਤਾ ਸਿੰਘ ਨੂੰ ਮੰਤਰੀ ਦੇ ਅਹੁਦੇ ਤੋਂ ਹੱਥ ਧੋਣੇ ਪਏ ਸਨ।

ਪਿਛਲੇ ਸਾਲ ਪਾਰਟੀ ਦੇ ਇਕ ਹੋਰ ਆਗੂ ਸੋਹਨ ਸਿੰਘ ਠੰਡਲ ਨੂੰ ਵੀ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਮਾਮਲੇ ਵਿੱਚ ਸਜ਼ਾ ਸੁਣਾ ਦਿੱਤੀ ਸੀ ਪਰ ਸ. ਠੰਡਲ ਨੂੰ ਹਾਈ ਕੋਰਟ ਨੇ ਬਰੀ ਕਰ ਦਿੱਤਾ ਸੀ। ਪੰਜਾਬ ਦੀਆਂ ਵੱਖ ਵੱਖ ਅਦਾਲਤਾਂ ਵਿਚ ਇਸ ਸਮੇਂ ਪੰਜਾਬ ਵਿਧਾਨ ਸਭਾ ਦੇ ਸਾਬਕਾ ਸਪੀਕਰ ਨਿਰਮਲ ਸਿੰਘ ਕਾਹਲੋਂ ਤੇ ਹੋਰ ਕਈਆਂ ਵਿਰੁੱਧ ਮਾਮਲੇ ਚੱਲ ਰਹੇ ਹਨ। ਪਿਛਲੇ ਛੇ ਮਹੀਨਿਆਂ ਦੌਰਾਨ ਬਿਊਰੋ ਵੱਲੋਂ ਕਿਸੇ ਵੀ ਸਿਆਸਤਦਾਨ ਨੂੰ ਸ਼ਿਕਾਰ ਨਹੀਂ ਬਣਾਇਆ ਗਿਆ ਬਲਕਿ ਭ੍ਰਿਸ਼ਟਾਚਾਰ ਦੇ ਕੇਸਾਂ ਦਾ ਸਾਹਮਣਾ ਕਰ ਰਹੇ ਸਿਆਸੀ ਵਿਅਕਤੀਆਂ ਦੇ ਛੁਟਕਾਰੇ ਦਾ ਕਾਨੂੰਨੀ ਰਾਹ ਲੱਭਿਆ ਜਾ ਰਿਹਾ ਹੈ।

ਬਿਊਰੋ ਵੱਲੋਂ ਇਸ ਤਰ੍ਹਾਂ ਦੀ ਪ੍ਰਗਤੀ ਤਿੰਨ ਮਹੱਤਵਪੂਰਨ ਮਾਮਲਿਆਂ ਵਿਚ ਦਿਖਾਈ ਗਈ ਹੈ। ਲੁਧਿਆਣਾ ਦੇ ਸਿਟੀ ਸੈਂਟਰ ਘੁਟਾਲੇ ਵਿਚ ਬਿਊਰੋ ਵੱਲੋਂ ਨਵੀਂ ਦਿੱਲੀ ਦੇ ਵਪਾਰੀ ਪਰਿਵਾਰ ਨੂੰ ਰਾਹਤ ਦੇਣ ਦਾ ਯਤਨ ਕੀਤਾ ਗਿਆ। ਉਸ ਤੋਂ ਬਾਅਦ ਸੂਬੇ ਦੇ ਮੁੱਖ ਸੰਸਦੀ ਸਕੱਤਰ ਵਿਰਸਾ ਸਿੰਘ ਵਲਟੋਹਾ ਵਿਰੁੱਧ ਚਲਦੇ ਮਾਮਲੇ ਨੂੰ ਵਾਪਸ ਲੈਣ ਦੀ ਪ੍ਰਕਿਰਿਆ ਅਰੰਭੀ ਗਈ ਤੇ ਹੁਣ ਸਾਬਕਾ ਅਕਾਲੀ ਮੰਤਰੀ ਸੁੱਚਾ ਸਿੰਘ ਲੰਗਾਹ ਵਿਰੁੱਧ ਚਲਦੇ ਭ੍ਰਿਸ਼ਟਾਚਾਰ ਤੇ ਸਰੋਤਾਂ ਤੋਂ ਜ਼ਿਆਦਾ ਆਮਦਨ ਦੇ ਕੇਸ ਨੂੰ ਪੁੱਠਾ ਮੋੜਾ ਦੇਣ ਦੀ ਕਾਰਵਾਈ ਵਿੱਢ ਦਿੱਤੀ ਗਈ ਹੈ।

**ਬਾਦਲਾਂ ਨੇ ਸੌਂਪੀ ਵਿਜੀਲੈਂਸ ਬਿਊਰੋ ਨੂੰ ਜ਼ਿੰਮੇਵਾਰੀ**



ਬਿਊਰੋ ਦੇ ਮੁਖੀ ਸੁਰੇਸ਼ ਅਰੋੜਾ ਦਾ ਦਾਅਵਾ ਹੈ ਕਿ ਬਿਊਰੋ ਨੂੰ ਪੂਰੀ ਤਰ੍ਹਾਂ ਪੇਸ਼ਾਵਰ ਲੀਹਾਂ 'ਤੇ ਲਿਆਂਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਕੁਝ ਮਾਮਲਿਆਂ ਵਿਚ ਬਿਊਰੋ ਦੇ ਅਧਿਕਾਰੀਆਂ ਨੇ ਗਲਤੀਆਂ ਵੀ ਕੀਤੀਆਂ ਹਨ। ਉਨ੍ਹਾਂ ਕਿਹਾ ਕਿ ਪੁਰਾਣੀਆਂ ਗਲਤੀਆਂ ਨੂੰ ਸੁਧਾਰਨ ਦਾ ਯਤਨ ਹੈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਵਿਰੁੱਧ ਚਲਦੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਗਵਾਹਾਂ ਦੇ ਮੁੱਕਰਨ ਬਾਰੇ ਚਰਚਾ ਚੱਲੀ ਪਰ ਬਿਊਰੋ ਵੱਲੋਂ ਜਿਸ ਤਰ੍ਹਾਂ ਦੀਆਂ ਸਰਗਰਮੀਆਂ ਪਿਛਲੇ ਕੁਝ ਕੁ ਮਹੀਨਿਆਂ ਦੌਰਾਨ ਸ. ਵਲਟੋਹਾ ਤੇ ਸ. ਲੰਗਾਹ ਦੇ ਮਾਮਲੇ ਵਿਚ ਦਿਖਾਈ ਗਈ, ਉਸ ਤਰ੍ਹਾਂ ਦਾ ਪਹਿਲਾਂ ਕਦੇ ਵੀ ਨਹੀਂ ਵਾਪਰਿਆ। ਸ. ਵਲਟੋਹਾ ਤੇ ਸ. ਲੰਗਾਹ ਵਿਰੁੱਧ ਕਾਂਗਰਸ ਸਰਕਾਰ ਵੇਲੇ ਭ੍ਰਿਸ਼ਟਾਚਾਰ ਦੇ ਮਾਮਲੇ ਦਰਜ ਹੋਏ ਸਨ। ਉੱਚ ਪੱਧਰੀ ਸੂਤਰਾਂ ਅਨੁਸਾਰ ਅਕਾਲੀ ਆਗੂਆਂ ਵਿਰੁੱਧ ਦਰਜ ਮਾਮਲਿਆਂ ਬਾਰੇ ਰਾਹ ਕੱਢਣ ਲਈ ਬਿਊਰੋ ਨੂੰ ਜ਼ਬਾਨੀ ਹਦਾਇਤਾਂ ਦਿੱਤੀਆਂ ਹੋਈਆਂ ਹਨ।

## ਵਿਜੀਲੈਂਸ ਪੰਜਾਬ ਸਰਕਾਰ ਦਾ ਹੱਥ ਠੋਕਾ: ਖਹਿਰਾ



**ਜਲੰਧਰ:** ਪੰਜਾਬ ਕਾਂਗਰਸ ਨੇ ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਨੂੰ ਵਿਜੀਲੈਂਸ ਬਿਊਰੋ ਵੱਲੋਂ ਦਿੱਤੀ ਗਈ ਕਲੀਨ ਚਿੱਟ ਨੂੰ ਰੱਦ ਕੀਤਾ ਹੈ। ਸਾਬਕਾ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਵਿਜੀਲੈਂਸ ਬਿਊਰੋ ਨੂੰ ਰਾਜ ਸਰਕਾਰ ਦਾ ਹੱਥ ਠੋਕਾ ਆਖਦਿਆਂ ਕਿਹਾ ਕਿ ਸ. ਰਣੀਕੇ ਨੂੰ ਕਲੀਨ ਚਿੱਟ ਦਿੱਤੇ ਜਾਣ ਨਾਲ ਸਪੱਸ਼ਟ ਹੋ ਗਿਆ ਹੈ ਕਿ ਇਹ ਸਾਰਾ ਕੁਝ ਸਿਆਸਤ ਤੋਂ ਪ੍ਰੇਰਿਤ ਹੈ ਤੇ ਵਿਜੀਲੈਂਸ ਬਾਦਲਾਂ ਦੇ ਇਸ਼ਾਰੇ 'ਤੇ ਕੰਮ ਕਰ ਰਹੀ ਹੈ। ਉਨ੍ਹਾਂ ਇਸ ਮਾਮਲੇ ਦੀ ਜਾਂਚ ਸੀ.ਬੀ.ਆਈ. ਤੋਂ ਕਰਾਉਣ ਦੀ ਮੰਗ ਕੀਤੀ।

ਸ. ਖਹਿਰਾ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਦਿੱਤੇ ਬਾਰਡਰ ਏਰੀਆ ਡਿਵੈਲਪਮੈਂਟ ਫੰਡਾਂ ਵਿਚ ਸ. ਰਣੀਕੇ ਦੇ ਪੀ.ਏ. ਸਰਬਦਿਆਲ ਸਿੰਘ ਵੱਲੋਂ 74 ਲੱਖ ਰੁਪਏ ਦਾ ਘਪਲਾ ਕਰਨ ਦਾ ਦੋਸ਼ ਲੱਗਿਆ ਸੀ ਤੇ ਇਨ੍ਹਾਂ ਦੋਸ਼ਾਂ ਕਾਰਨ ਹੀ ਰਣੀਕੇ ਨੂੰ ਮੰਤਰੀ ਦਾ ਅਹੁਦਾ ਛੱਡਣਾ ਪਿਆ ਸੀ। ਜ਼ਿਕਰਯੋਗ ਹੈ ਕਿ ਵਿਜੀਲੈਂਸ ਬਿਊਰੋ ਵੱਲੋਂ ਅੰਮ੍ਰਿਤਸਰ ਦੀ ਵਧੀਕ ਸੈਸ਼ਨ ਅਦਾਲਤ ਵਿਚ ਇਸ ਮਾਮਲੇ ਬਾਰੇ ਜੋ ਚਲਾਨ ਪੇਸ਼ ਕੀਤਾ ਗਿਆ ਸੀ, ਉਸ ਵਿਚ ਸ. ਰਣੀਕੇ ਦਾ ਨਾਮ ਸ਼ਾਮਲ ਨਹੀਂ ਸੀ। ਕਾਂਗਰਸ ਨੇ ਸਾਬਕਾ ਮੰਤਰੀ ਰਣੀਕੇ ਦਾ ਨਾਂ ਰਿਪੋਰਟ ਵਿਚੋਂ ਕੱਢੇ ਜਾਣ 'ਤੇ ਇਤਰਾਜ਼ ਪ੍ਰਗਟ ਕਰਦਿਆਂ ਇਸ ਰਿਪੋਰਟ ਨੂੰ ਰੱਦ ਕੀਤਾ ਹੈ।

ਸ. ਸੁਖਪਾਲ ਸਿੰਘ ਖਹਿਰਾ ਨੇ ਸਵਾਲ ਕੀਤਾ ਕਿ ਕੀ ਹੁਣ ਵਿਜੀਲੈਂਸ ਬਿਊਰੋ ਭ੍ਰਿਸ਼ਟਾਚਾਰ ਦੇ ਮਾਮਲਿਆਂ ਦਾ ਸਾਹਮਣਾ ਕਰ ਰਹੇ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਵਿਰੁੱਧ ਵੀ ਮਾਮਲਾ ਵਾਪਸ ਲਵੇਗੀ। ਉਨ੍ਹਾਂ ਕਿਹਾ ਕਿ ਸ. ਲੰਗਾਹ ਵਿਰੁੱਧ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਪੁਖ਼ਤਾ ਸਬੂਤ ਹਨ ਤੇ ਅੱਠ ਗਵਾਹ ਵੀ ਹਨ। ਸ. ਖਹਿਰਾ ਨੇ ਮੰਗ ਕੀਤੀ ਕਿ ਪੰਜਾਬ ਵਿੱਚ ਲੋਕਪਾਲ ਦੀ ਨਿਯੁਕਤੀ ਤੁਰੰਤ ਕੀਤੀ ਜਾਵੇ ਤਾਂ ਜੋ ਸੂਬੇ ਦੇ ਲੋਕ ਭ੍ਰਿਸ਼ਟਾਚਾਰ ਦੀਆਂ ਸ਼ਿਕਾਇਤਾਂ ਲੋਕਪਾਲ ਕੋਲ ਕਰ ਸਕਣ।

# ਰਣੀਕੇ ਨੂੰ ਭ੍ਰਿਸ਼ਟਾਚਾਰ ਦੇ ਕੇਸ ਵਿਚੋਂ ਬਚਾਉਣ ਲਈ ਤਰੱਦਦ

**ਅੰਮ੍ਰਿਤਸਰ:** ਅਟਾਰੀ ਸਰਹੱਦੀ ਹਲਕੇ ਵਿਚ ਕੇਂਦਰੀ ਤੇ ਸੂਬਾਈ ਫੰਡਾਂ ਵਿਚ ਹੋਏ ਘਪਲੇ ਦੀ ਜਾਂਚ ਕਰ ਰਹੇ ਵਿਜੀਲੈਂਸ ਬਿਊਰੋ ਨੇ ਕੇਂਦਰੀ ਫੰਡਾਂ ਦੇ ਘਪਲੇ ਦੀ ਜਾਂਚ ਮੁਕੰਮਲ ਕਰ ਲਈ ਹੈ ਜਦੋਂਕਿ ਸੂਬਾਈ ਫੰਡਾਂ ਦੇ ਮਾਮਲੇ ਦੀ ਚੱਲ ਰਹੀ ਜਾਂਚ ਦੌਰਾਨ ਹੁਣ ਤਕ ਡੇਢ ਕਰੋੜ ਰੁਪਏ ਦੀ ਰਕਮ ਦਾ ਗਬਨ ਕੀਤੇ ਜਾਣ ਦਾ ਪਤਾ ਲਾ ਲਿਆ ਹੈ। ਭਾਵੇਂ ਇਸ ਘਪਲੇ ਵਿਚ ਸਾਬਕਾ ਮੰਤਰੀ ਗੁਲਜ਼ਾਰ ਸਿੰਘ ਰਣੀਕੇ ਅਹੁਦੇ ਤੋਂ ਅਸਤੀਫਾ ਦੇ ਚੁੱਕੇ ਹਨ ਪਰ ਵਿਜੀਲੈਂਸ ਬਿਊਰੋ ਨੇ ਉਨ੍ਹਾਂ ਨੂੰ ਕਲੀਨ ਚਿੱਟ ਦੇ ਦਿੱਤੀ ਹੈ। ਇਸ ਕੇਸ ਵਿਚ ਉਨ੍ਹਾਂ ਦੇ ਨਿੱਜੀ ਸਹਾਇਕ ਸਰਬਦਿਆਲ ਸਿੰਘ ਤੇ ਹੋਰਾਂ ਨੂੰ ਨਾਮਜ਼ਦ ਕੀਤਾ ਹੋਇਆ ਹੈ।

ਇਸ ਘਪਲੇ ਸਬੰਧੀ ਹੁਣ ਤਕ ਦੋ ਵੱਖ-ਵੱਖ ਕੇਸ ਦਰਜ ਹੋ ਚੁੱਕੇ ਹਨ। ਵਿਜੀਲੈਂਸ ਬਿਊਰੋ ਵੱਲੋਂ ਬੀਤੇ ਦਿਨ ਸਰਹੱਦੀ ਖੇਤਰ ਵਿਕਾਸ ਫੰਡ ਘਪਲੇ ਦੀ ਜਾਂਚ ਦੇ ਮਾਮਲੇ ਵਿਚ ਸਥਾਨਕ ਅਦਾਲਤ ਵਿਚ ਚਲਾਨ ਪੇਸ਼ ਕਰ ਦਿੱਤਾ ਗਿਆ ਹੈ। ਵਿਜੀਲੈਂਸ ਵਿਭਾਗ ਨੇ ਇਸ ਕੇਸ ਵਿਚ ਸਾਬਕਾ ਮੰਤਰੀ ਸ. ਰਣੀਕੇ ਨੂੰ ਨਾਮਜ਼ਦ ਨਹੀਂ ਕੀਤਾ ਤੇ ਉਨ੍ਹਾਂ ਨੂੰ ਕਲੀਨ ਚਿੱਟ ਦੇ ਦਿੱਤੀ ਗਈ ਹੈ। ਇਸ ਕੇਸ ਵਿਚ 74 ਲੱਖ ਰੁਪਏ ਦਾ ਘਪਲਾ ਸਾਹਮਣੇ ਆਇਆ ਹੈ। ਸੂਬਾਈ ਫੰਡਾਂ ਤਹਿਤ ਦਿਹਾਤੀ ਵਿਕਾਸ ਫੰਡ ਦੀ ਗਰਾਂਟ ਵਿਚ ਹੋਏ ਘਪਲੇ ਦੀ ਚੱਲ ਰਹੀ ਜਾਂਚ ਬਾਰੇ ਵਿਜੀਲੈਂਸ ਵਿਭਾਗ ਨੇ ਹੁਣ ਤਕ ਤਕਰੀਬਨ ਡੇਢ ਕਰੋੜ ਰੁਪਏ ਦੀ ਰਕਮ ਦੇ ਹੋਏ ਘਪਲੇ ਨੂੰ ਨਿਸ਼ਚਿਤ ਕੀਤਾ ਜਾ ਚੁੱਕਾ ਹੈ ਜਦੋਂਕਿ ਜਾਂਚ ਅਜੇ ਵੀ ਜਾਰੀ ਹੈ। ਵਿਭਾਗ ਦੇ ਸੂਤਰਾਂ ਮੁਤਾਬਕ ਘਪਲੇ ਦੀ ਰਕਮ ਹੋਰ ਵੀ ਵਧਣ ਦੀ ਉਮੀਦ ਹੈ। ਇਸ ਮਾਮਲੇ ਵਿਚ ਵੀ ਸਾਬਕਾ ਮੰਤਰੀ ਦੇ ਨਿੱਜੀ ਸਹਾਇਕ ਸਰਬਦਿਆਲ ਸਿੰਘ ਉਪਰ ਦੋਸ਼ ਹੈ ਕਿ ਉਸਨੇ ਬੈਂਕ ਵਿਚ ਜਾਅਲੀ ਖਾਤੇ ਖੁਲ੍ਹਵਾ ਕੇ ਸਰਕਾਰੀ ਗਰਾਂਟ ਵਿਚ ਘਪਲਾ ਕੀਤਾ ਹੈ। ਵਿਜੀਲੈਂਸ ਬਿਊਰੋ ਵੱਲੋਂ ਇਸ ਮਾਮਲੇ ਵਿਚ ਬੀ.ਡੀ.ਪੀ.ਓ. ਤੇ ਕੁਝ ਸਰਪੰਚਾਂ ਨੂੰ ਵੀ ਗ੍ਰਿਫ਼ਤਾਰ ਕੀਤਾ ਗਿਆ ਹੈ। ਵਿਜੀਲੈਂਸ ਬਿਊਰੋ ਦੇ ਐਸ.ਐਸ.ਪੀ. ਉਪਿੰਦਰਜੀਤ ਸਿੰਘ ਨੇ ਦੱਸਿਆ ਕਿ ਘਪਲੇ ਸਬੰਧੀ ਦੂਜੇ ਮਾਮਲੇ ਦੀ ਜਾਂਚ ਪੜਤਾਲ ਦਾ ਕੰਮ ਜਾਰੀ ਹੈ ਤੇ ਇਸ ਨੂੰ ਮੁਕੰਮਲ ਕਰਨ ਲਈ ਕੁਝ ਹੋਰ ਸਮੇਂ ਦੀ ਲੋੜ ਹੈ। ਇਸ ਦੌਰਾਨ ਵਿਜੀਲੈਂਸ ਨੇ ਸਰਬਦਿਆਲ ਦੇ ਰਿਸ਼ਤੇਦਾਰ ਹਰਜੀਤ ਸਿੰਘ ਦੇ ਘਰ ਛਾਪਾ ਮਾਰ ਕੇ ਉਥੋਂ 26 ਚੈੱਕ ਤੇ ਸਰਪੰਚਾਂ ਦੇ ਨਾਂ ਦੀਆਂ ਬਣੀਆਂ ਹੋਈਆਂ ਰਬੜ ਦੀਆਂ ਮੋਹਰਾਂ ਬਰਾਮਦ ਕੀਤੀਆਂ ਹਨ।

# ਹੈਲੀਕਾਪਟਰਾਂ ਦੇ ਗੇੜਿਆਂ ਨੇ ਖ਼ਜ਼ਾਨਾ ਉੜਾਇਆ

**ਬਠਿੰਡਾ:** ਮਾਲੀ ਕੰਗਾਲੀ ਹੋਣ ਦੇ ਬਾਵਜੂਦ ਪੰਜਾਬ ਸਰਕਾਰ ਵੱਲੋਂ ਹੈਲੀਕਾਪਟਰ ਦੇ ਮਹਿੰਗੇ ਝੂਟੇ ਲੈਣ ਤੋਂ ਗੁਰੇਜ ਨਹੀਂ ਕੀਤਾ ਜਾ ਰਿਹਾ। ਹੋਰ ਤਾਂ ਹੋਰ ਹੈਲੀਕਾਪਟਰ ਦੇ ਕਿਰਾਏ-ਭਾੜੇ ਦੀ ਅਦਾਇਗੀ 'ਤੇ ਏਜੀ (ਆਡਿਟ) ਨੇ ਵੀ ਇਤਰਾਜ਼ ਉਠਾਏ ਹਨ। ਮਹਿਕਮੇ ਨੇ ਇਤਰਾਜ਼ ਕੀਤਾ ਹੈ ਕਿ ਪੰਜਾਬ ਸਰਕਾਰ ਨੇ ਜਿੰਨੀ ਰਾਸ਼ੀ ਕਿਰਾਏ 'ਤੇ ਉਡਾਈ ਹੈ, ਉਸ ਨਾਲ ਤਾਂ ਦੋ ਹੈਲੀਕਾਪਟਰ ਖ਼ਰੀਦੇ ਜਾ ਸਕਦੇ ਸਨ।

ਦੋ ਹੈਲੀਕਾਪਟਰਾਂ ਦੀ ਕੀਮਤ ਬਾਰਾਬਰ ਕਰਾਇਆ ਤਾਰਿਆ



ਹਾਸਲ ਅੰਕੜਿਆਂ ਅਨੁਸਾਰ ਸਾਲ 1997 ਤੋਂ 31 ਮਾਰਚ, 2012 ਤੱਕ ਸਰਕਾਰੀ ਖ਼ਜ਼ਾਨੇ ਵਿਚੋਂ ਹੈਲੀਕਾਪਟਰਾਂ ਦਾ ਕਿਰਾਇਆ 107.55 ਕਰੋੜ ਰੁਪਏ ਤਾਰਿਆ ਜਾ ਚੁੱਕਾ ਹੈ। ਸੂਚਨਾ ਦੇ ਅਧਿਕਾਰ ਤਹਿਤ ਹਾਸਲ ਵੇਰਵਿਆਂ ਅਨੁਸਾਰ ਆਡਿਟ ਮਹਿਕਮੇ ਨੇ ਕਈ ਬੇਨੇਮੀਆਂ ਲੱਭੀਆਂ ਹਨ। ਆਡਿਟ ਰਿਪੋਰਟ ਮੁਤਾਬਕ ਪੰਜਾਬ ਸਰਕਾਰ ਵੱਲੋਂ ਕਿਰਾਏ 'ਤੇ ਲਿਆ ਹੈਲੀਕਾਪਟਰ ਅਕਤੂਬਰ 2010 ਵਿਚ ਚੰਡੀਗੜ੍ਹ ਵਿਚ ਹਾਦਸੇ ਦਾ ਸ਼ਿਕਾਰ ਹੋ ਗਿਆ ਸੀ। ਸਰਕਾਰ ਨੇ ਉਸ ਮਗਰੋਂ 27 ਅਕਤੂਬਰ, 2010 ਤੋਂ 16 ਦਸੰਬਰ, 2012 ਤੱਕ ਹੈਲੀਕਾਪਟਰ ਦੀ ਸੇਵਾ ਲੈਣੀ ਜਾਰੀ ਰੱਖੀ ਤੇ ਇਸ ਸਮੇਂ ਦੌਰਾਨ 1.42 ਕਰੋੜ ਰੁਪਏ ਦੀ ਰਾਸ਼ੀ ਕਿਰਾਏ ਵਜੋਂ ਦਿੱਤੀ ਗਈ।

ਸਰਕਾਰੀ ਖ਼ਜ਼ਾਨੇ ਨੂੰ ਵੱਡਾ ਚੂਨਾ ਉਦੋਂ ਲੱਗਿਆ ਜਦੋਂ ਸਰਕਾਰ ਨੇ ਲੋੜ ਅਨੁਸਾਰ ਵੱਖ-ਵੱਖ ਕੰਪਨੀਆਂ ਤੋਂ ਹੈਲੀਕਾਪਟਰ ਬਿਨਾਂ ਟੈਂਡਰਾਂ ਤੋਂ ਹੀ ਕਿਰਾਏ 'ਤੇ ਲੈ ਲਏ। ਪੰਜਾਬ ਸਰਕਾਰ ਨੇ ਦੂਸਰੇ ਹੈਲੀਕਾਪਟਰ 'ਤੇ 17 ਦਸੰਬਰ, 2010 ਤੋਂ 30 ਜੂਨ, 2011 ਤੱਕ ਕਿਰਾਇਆ 1.40 ਲੱਖ ਰੁਪਏ ਤੋਂ 2.15 ਲੱਖ ਰੁਪਏ ਪ੍ਰਤੀ ਘੰਟਾ ਤਾਰਿਆ ਜਦੋਂਕਿ ਪਹਿਲਾਂ ਹੀ ਚੱਲ ਰਹੇ ਹੈਲੀਕਾਪਟਰ ਦਾ ਪ੍ਰਤੀ ਘੰਟਾ ਕਿਰਾਇਆ 84 ਹਜ਼ਾਰ ਰੁਪਏ ਸੀ। ਇਸ ਤੋਂ ਇਲਾਵਾ ਪੰਜਾਬ ਸਰਕਾਰ ਦਾ ਕਰਾਰ ਪਵਨ ਹੰਸ ਕੰਪਨੀ ਨਾਲ 16 ਦਸੰਬਰ, 2010 ਨੂੰ ਖਤਮ ਹੋ ਗਿਆ ਸੀ ਪਰ ਸਰਕਾਰ ਇਹ ਕਰਾਰ ਖਤਮ ਹੋਣ ਮਗਰੋਂ ਵੀ ਹੈਲੀਕਾਪਟਰ ਵਰਤਦੀ ਰਹੀ।

ਰਾਜ ਸਰਕਾਰ ਵੱਲੋਂ 17 ਵਰ੍ਹਿਆਂ ਤੋਂ ਕਿਰਾਏ ਦਾ ਹੈਲੀਕਾਪਟਰ ਵਰਤਿਆ ਜਾ ਰਿਹਾ ਹੈ ਪਰ ਹੁਣ ਉਸ ਨੇ ਆਪਣਾ ਹੈਲੀਕਾਪਟਰ ਖਰੀਦਣ ਲਈ ਕਾਰਵਾਈ ਸ਼ੁਰੂ ਕੀਤੀ ਹੈ। ਸ਼ਹਿਰੀ ਹਵਾਬਾਜ਼ੀ ਵਿਭਾਗ ਨਵੇਂ ਹੈਲੀਕਾਪਟਰ ਦੀ ਕੀਮਤ ਤਕਰੀਬਨ 65 ਕਰੋੜ ਰੁਪਏ ਦੱਸਦਾ ਹੈ ਜਦੋਂਕਿ ਸਰਕਾਰ ਨੇ ਇਸ ਤੋਂ ਤਕਰੀਬਨ ਦੁਗਣੀ ਰਾਸ਼ੀ ਹੈਲੀਕਾਪਟਰ ਦੇ ਕਿਰਾਏ 'ਤੇ ਹੀ ਖਰਚ ਕਰ ਦਿੱਤੀ। ਹੈਲੀਕਾਪਟਰ ਦੀ ਸਭ ਤੋਂ ਵੱਧ ਵਰਤੋਂ ਪਿਛਲੇ ਪੰਜ ਵਰ੍ਹਿਆਂ ਦੌਰਾਨ ਹੋਈ। ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਤਾਂ ਕੈਪਟਨ ਅਮਰਿੰਦਰ ਸਿੰਘ ਨੂੰ ਵੀ ਇਸ ਮਾਮਲੇ ਵਿਚ ਪਿਛਾਂਹ ਛੱਡ ਦਿੱਤਾ।

ਸਰਕਾਰੀ ਸੂਚਨਾ ਅਨੁਸਾਰ ਪੰਜਾਬ ਸਰਕਾਰ ਨੇ ਸਾਲ 2007 ਤੋਂ ਸਾਲ 2012 (ਪੰਜ ਸਾਲ) ਤੱਕ ਹੈਲੀਕਾਪਟਰ ਦਾ ਕਿਰਾਇਆ 53.81 ਕਰੋੜ ਰੁਪਏ ਤਾਰਿਆ ਜਦੋਂਕਿ ਉਸ ਤੋਂ ਪਹਿਲਾਂ ਸਾਲ 1997 ਤੋਂ 2007 (10 ਸਾਲ) ਦਾ ਕਿਰਾਇਆ 44.06 ਕਰੋੜ ਰੁਪਏ ਤਾਰਿਆ ਗਿਆ ਸੀ। ਕੈਪਟਨ ਅਮਰਿੰਦਰ ਸਿੰਘ ਦੀ ਹਕੂਮਤ ਦੌਰਾਨ ਹੈਲੀਕਾਪਟਰ ਦਾ ਕਿਰਾਇਆ 22.62 ਕਰੋੜ ਰੁਪਏ ਤਾਰਿਆ ਗਿਆ ਜਦੋਂ ਕਿ ਲੰਘੇ ਪੰਜ ਵਰ੍ਹਿਆਂ ਦੌਰਾਨ ਸਰਕਾਰ ਨੇ ਇਕ ਦੀ ਥਾਂ ਦੋ-ਦੋ ਹੈਲੀਕਾਪਟਰ ਵੀ ਲੋੜ ਮੁਤਾਬਕ ਕਿਰਾਏ 'ਤੇ ਲਏ।

ਪਵਨ ਹੰਸ ਵੱਲੋਂ ਕਿਰਾਏ ਵਿਚ ਲਗਾਤਾਰ ਵਾਧਾ ਕੀਤਾ ਜਾਂਦਾ ਰਿਹਾ ਹੈ। ਸਾਲ 1997 ਵਿਚ ਹੈਲੀਕਾਪਟਰ ਦੇ ਪ੍ਰਤੀ ਮਹੀਨਾ ਫਿਕਸ ਚਾਰਜਜ਼ 18.60 ਲੱਖ ਰੁਪਏ ਸਨ ਜੋ ਹੁਣ ਵਧ ਕੇ 64.44 ਲੱਖ ਰੁਪਏ ਪ੍ਰਤੀ ਮਹੀਨਾ ਹੋ ਗਏ ਹਨ। ਇਸੇ ਤਰ੍ਹਾਂ ਹੈਲੀਕਾਪਟਰ ਦਾ ਸਾਲ 1997 ਵਿਚ ਪ੍ਰਤੀ ਘੰਟਾ ਕਿਰਾਇਆ 33,446 ਰੁਪਏ ਸੀ ਜੋ ਹੁਣ ਵਧ ਕੇ 84 ਹਜ਼ਾਰ ਰੁਪਏ ਪ੍ਰਤੀ ਘੰਟਾ ਹੋ ਗਿਆ ਹੈ।

# ਬਠਿੰਡਾ ਲੋਕ ਸਭਾ ਹਲਕੇ ਵਿਚ ਦਿਓਰ ਭਰਜਾਈ ਵਿਚਾਲੇ ਮੁਕਾਬਲਾ?

**ਚੰਡੀਗੜ੍ਹ:** ਪੀਪਲਜ਼ ਪਾਰਟੀ ਆਫ ਪੰਜਾਬ ਦੇ ਪ੍ਰਧਾਨ ਮਨਪ੍ਰੀਤ ਸਿੰਘ ਬਾਦਲ ਨੇ ਆਉਣ ਵਾਲੀਆਂ ਲੋਕ ਸਭਾ ਚੋਣਾਂ ਦੇ ਮੱਦੇਨਜ਼ਰ ਆਪਣੀ ਨਵੀਂ ਰਣਨੀਤੀ ਤਹਿਤ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ। ਪਿਛਲੇ ਕੁਝ ਸਮੇਂ ਤੋਂ ਮਨਪ੍ਰੀਤ ਬਾਦਲ ਪੰਜਾਬ ਕਾਂਗਰਸ ਪ੍ਰਧਾਨ ਕੈਪਟਨ ਅਮਰਿੰਦਰ ਸਿੰਘ ਨਾਲ ਨਜ਼ਦੀਕੀਆਂ ਵਧਾ ਰਹੇ ਹਨ ਤੇ ਇਹ ਚਰਚਾ ਵੀ ਖੁੱਲ੍ਹਮ ਖੁੱਲ੍ਹਾ ਹੋ ਰਹੀ ਹੈ ਕਿ ਕਾਂਗਰਸ ਨੇ ਬਠਿੰਡਾ ਹਲਕੇ ਦੀ ਸੀਟ ਗਠਜੋੜ ਹੋਣ 'ਤੇ ਮਨਪ੍ਰੀਤ ਬਾਦਲ ਨੂੰ ਦੇਣ ਦੀ ਪੇਸ਼ਕਸ਼ ਕੀਤੀ ਹੋਈ ਹੈ।

ਇਸੇ ਕਾਰਨ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਬਾਦਲ ਨੇ ਵੀ ਇਸ ਨੂੰ ਗੰਭੀਰਤਾ ਨਾਲ ਲੈਂਦਿਆਂ ਹਲਕੇ ਵਿਚ ਹੁਣ ਤੋਂ ਜ਼ੋਰਦਾਰ ਮੁਹਿੰਮ ਵਿੱਢੀ ਹੋਈ ਹੈ। ਹੁਣ ਮਨਪ੍ਰੀਤ ਬਾਦਲ ਨੇ ਵੀ ਆਪਣੇ ਭਵਿੱਖ ਦੀ ਰਣਨੀਤੀ ਤਹਿਤ ਹੁਣੇ ਤੋਂ ਹਰਸਿਮਰਤ ਬਾਦਲ ਦੇ ਮੁਕਾਬਲੇ ਲਈ ਤਿਆਰੀ ਸ਼ੁਰੂ ਕਰ ਦਿੱਤੀ ਹੈ। ਪੀ.ਪੀ.ਪੀ. ਦੇ ਬੁਲਾਰੇ ਅਰੁਣਜੋਤ ਸੋਢੀ ਨੇ ਮਨਪ੍ਰੀਤ ਬਾਦਲ ਵੱਲੋਂ ਬਠਿੰਡਾ ਹਲਕੇ ਦਾ ਦੌਰਾ ਸ਼ੁਰੂ ਕਰਨ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਇਸ ਤੋਂ ਬਾਅਦ ਅਗਲੇ ਪੜਾਅ ਵਿਚ ਨਵੰਬਰ ਮਹੀਨੇ ਪੰਜਾਬ ਭਰ ਵਿਚ ਜ਼ਿਲ੍ਹਾ ਪੱਧਰੀ ਬੈਠਕਾਂ ਕਰਕੇ ਪਾਰਟੀ ਨੂੰ ਲੋਕ ਸਭਾ ਚੋਣਾਂ ਲਈ ਬਾਕੀ ਹਲਕਿਆਂ ਵਿਚ ਮਜ਼ਬੂਤ ਕਰਨ ਲਈ ਮੁਹਿੰਮ ਤੇਜ਼ ਕੀਤੀ ਜਾਏਗੀ।

**ਹਰਸਿਮਰਤ ਤੇ ਮਨਪ੍ਰੀਤ ਬਾਦਲ ਹੋਏ ਸਰਗਰਮ**





ਉਨ੍ਹਾਂ ਦੱਸਿਆ ਕਿ ਪਾਰਟੀ ਦੇ ਜਥੇਬੰਦਕ ਢਾਂਚੇ ਦਾ ਐਲਾਨ ਵੀ ਅਗਲੇ ਕੁਝ ਦਿਨਾਂ ਵਿਚ ਕਰ ਦਿੱਤਾ ਜਾਏਗਾ। ਪੀ.ਏ.ਸੀ. ਤੇ ਅਨੁਸ਼ਾਸਨ ਕਮੇਟੀ ਵੀ ਗਠਿਤ ਕੀਤੀ ਜਾਏਗੀ। ਇਸ ਤੋਂ ਬਾਅਦ ਰਾਜ ਪੱਧਰ ਦੀ ਵੱਡੀ ਰੈਲੀ ਕਰਕੇ ਲੋਕ ਸਭਾ ਚੋਣਾਂ ਵਿਚ ਅਕਾਲੀ-ਭਾਜਪਾ ਨੂੰ ਜ਼ੋਰਦਾਰ ਟੱਕਰ ਦੇਣ ਲਈ ਮੁਹਿੰਮ ਤੇਜ਼ ਕੀਤੀ ਜਾਵੇਗੀ।

ਸ. ਮਨਪ੍ਰੀਤ ਬਾਦਲ ਦਾ ਕਹਿਣਾ ਹੈ ਕਿ ਉਨ੍ਹਾਂ ਦੀ ਪਾਰਟੀ ਦਾ ਮੁੱਖ ਮੰਤਵ ਸੱਤਾ ਹਥਿਆਉਣਾ ਨਹੀਂ, ਸਗੋਂ ਸੂਬੇ ਦੀ ਕਾਇਆਕਲਪ ਕਰਨਾ ਤੇ ਲੋਕਾਂ ਨੂੰ ਇਨਸਾਫ ਦਿਵਾਉਣਾ ਹੈ ਤੇ ਇਸ ਲਈ ਕੋਈ ਵੀ ਕੁਰਬਾਨੀ ਕਿਉਂ ਨਾ ਦੇਣੀ ਪਵੇ। ਸ. ਬਾਦਲ ਨੇ ਕਿਹਾ ਕਿ ਸੂਬੇ ਅੰਦਰ ਇਨਸਾਫ ਨਾਂ ਦੀ ਕੋਈ ਚੀਜ਼ ਨਹੀਂ। ਇਥੋਂ ਦੀ ਸਾਰੀ ਵਿਵਸਥਾ ਤਹਿਸ-ਨਹਿਸ ਹੋ ਚੁੱਕੀ ਹੈ ਤੇ ਸੱਤਾਧਾਰੀਆਂ ਨੂੰ ਸੱਤਾ ਦਾ ਫਿਕਰ ਜ਼ਿਆਦਾ ਤੇ ਲੋਕਾਂ ਦੀ ਘੱਟ ਹੈ।

ਲੋਕ ਸਭਾ ਚੋਣਾਂ ਬਾਰੇ ਮਨਪ੍ਰੀਤ ਬਾਦਲ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਦਾ ਕਾਂਗਰਸ ਨਾਲ ਸਮਝੌਤਾ ਹੋਇਆ ਹੈ ਜਾਂ ਨਾ ਪਰ ਅਕਾਲੀ ਦਲ ਬਾਦਲ ਨੂੰ ਵਕਾਰੀ ਲੋਕ ਸਭਾ ਸੀਟ ਬਠਿੰਡਾ ਤੋਂ ਜ਼ਰੂਰ ਹਰਾਵੇਗੀ।


## ਜ਼ਮੀਨ ਹੜੱਪਣ ਲਈ ਦੋਹਤੇ ਵੱਲੋਂ ਨਾਨਾ-ਨਾਨੀ ਦਾ ਕਤਲ

**ਭਗਤਾ ਭਾਈਕਾ:** ਥਾਣਾ ਦਿਆਲਪੁਰਾ ਅਧੀਨ ਪੈਂਦੇ ਪਿੰਡ ਜਲਾਲ ਵਿਚ ਇਕ ਦੋਹਤੇ ਨੇ ਜਾਇਦਾਦ ਜਲਦੀ ਹੜੱਪਣ ਦੀ ਲਾਲਸਾ 'ਚ ਆਪਣੇ ਨਾਨੇ-ਨਾਨੀ ਨੂੰ ਤੇਜ਼ਧਾਰ ਹਥਿਆਰਾਂ ਨਾਲ ਕਤਲ ਕਰ ਦਿੱਤਾ। ਮ੍ਰਿਤਕ ਜੋੜੇ ਨੇ ਦੋਸ਼ੀ ਨੂੰ ਆਪਣੀ ਜਾਇਦਾਦ ਦਾ ਵਾਰਿਸ ਐਲਾਨਿਆ ਹੋਇਆ ਸੀ।

ਪੁਲਿਸ ਅਨੁਸਾਰ ਪਿੰਡ ਜਲਾਲ ਦੇ 75 ਸਾਲਾ ਭਗਤ ਸਿੰਘ ਤੇ ਉਸ ਦੀ ਪਤਨੀ ਕਪੂਰ ਕੌਰ ਨੇ ਆਪਣੇ ਦੋਹਤੇ ਲਖਵੀਰ ਸਿੰਘ ਲੱਖੀ ਨੂੰ ਆਪਣੀ ਚੱਲ ਅਚੱਲ ਜਾਇਦਾਦ ਦਾ ਵਾਰਿਸ ਬਣਾਇਆ ਹੋਇਆ ਸੀ ਜਿਸ ਕਰਕੇ ਲਖਵੀਰ ਦੇ ਮਨ ਵਿਚ ਬਜ਼ੁਰਗ ਜੋੜੇ ਦੀ ਜਾਇਦਾਦ ਨੂੰ ਜਲਦੀ ਹੜੱਪਣ ਦੀ ਲਾਲਸਾ ਪੈਦਾ ਹੋ ਗਈ। ਇਸ ਲਈ ਉਸ ਨੇ ਆਪਣੇ ਨਾਨਾ-ਨਾਨੀ ਨੂੰ ਰਸਤੇ ਵਿਚੋਂ ਲਾਂਭੇ ਕਰਨ ਦੀ ਵਿਉਂਤ ਬਣਾਈ। ਸ. ਮਾਨ ਨੇ ਦੱਸਿਆ ਕਿ ਮੁਲਜ਼ਮ ਦੋ ਤੇ ਤਿੰਨ ਅਕਤੂਬਰ ਦੀ ਵਿਚਕਾਰਲੀ ਰਾਤ ਨੂੰ ਤੇਜ਼ਧਾਰ ਹਥਿਆਰਾਂ ਨਾਲ ਆਪਣੇ ਨਾਨਾ-ਨਾਨੀ ਦਾ ਕਤਲ ਕਰਕੇ ਫਰਾਰ ਹੋ ਗਿਆ। ਪੁਲਿਸ ਨੇ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਹੈ।

# ਸੋਨੀਆ ਦੇ ਜਵਾਈ ਨੇ ਕਾਂਗਰਸ ਨੂੰ ਕਸੂਤਾ ਫਸਾਇਆ

**ਨਵੀਂ ਦਿੱਲੀ:** ਕੇਂਦਰੀ ਮੰਤਰੀਆਂ ਵੱਲੋਂ ਸੋਨੀਆ ਗਾਂਧੀ ਦੇ ਜਵਾਈ ਰੌਬਰਟ ਵਾਡਰਾ ਦਾ ਬਚਾਅ ਕਰਨ ਤੇ ਉਸ ਉਪਰ ਨਾਜਾਇਜ਼ ਕਾਰੋਬਾਰੀ ਲਾਭ ਲੈਣ ਦੇ ਇਲਜ਼ਾਮਾਂ ਨੂੰ ਗ਼ਲਤ ਦਰਸਾਉਣ ਦੇ ਭਰਪੂਰ ਯਤਨਾਂ ਦੇ ਬਾਵਜੂਦ ਕਾਂਗਰਸੀ ਹਲਕਿਆਂ ਵਿਚ ਇਨ੍ਹਾਂ ਇਲਜ਼ਾਮਾਂ ਨੂੰ ਲੈ ਕੇ ਫਿਕਰ ਵਧਦਾ ਜਾ ਰਿਹਾ ਹੈ। ਇਹ ਪ੍ਰਭਾਵ ਬਣਦਾ ਜਾ ਰਿਹਾ ਹੈ ਕਿ ਇੰਡੀਆ ਅਗੇਂਸਟ ਕੁਰੱਪਸ਼ਨ ਦੇ ਆਗੂਆਂ ਅਰਵਿੰਦ ਕੇਜਰੀਵਾਲ ਤੇ ਪ੍ਰਸ਼ਾਤ ਭੂਸ਼ਣ ਵੱਲੋਂ ਛੇੜੇ ਗਏ ਇਸ ਵਿਵਾਦ ਦਾ ਨੁਕਸਾਨ ਗੁਜਰਾਤ ਤੇ ਹਿਮਾਚਲ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿਚ ਕਾਂਗਰਸ ਨੂੰ ਹੋਵੇਗਾ।


ਰੌਬਰਟ ਵਾਡਰਾ

ਹਾਲਾਂਕਿ ਕੋਈ ਵੀ ਕਾਂਗਰਸੀ ਆਗੂ ਇਸ ਬਾਰੇ ਖੁੱਲ੍ਹ ਕੇ ਬਿਆਨ ਦੇਣ ਲਈ ਤਿਆਰ ਨਹੀਂ ਪਰ ਫਿਰ ਵੀ ਬਹੁਤੇ ਆਗੂ ਇਹ ਮਹਿਸੂਸ ਕਰ ਰਹੇ ਹਨ ਕਿ ਸਮੁੱਚੇ ਵਿਵਾਦ ਦਾ ਸੋਨੀਆ ਗਾਂਧੀ ਤੇ ਉਨ੍ਹਾਂ ਦੇ ਪਰਿਵਾਰ ਦੇ ਅਕਸ 'ਤੇ ਬੁਰਾ ਅਸਰ ਪੈ ਰਿਹਾ ਹੈ। ਦੂਜੇ ਪਾਸੇ ਮੀਡੀਆ ਵੀ ਜਿਸ ਢੰਗ ਨਾਲ ਰੌਬਰਟ ਵਾਡਰਾ ਦੀ ਜਾਇਦਾਦ ਤੇ ਕਾਰੋਬਾਰੀ ਸਰਗਰਮੀਆਂ ਦੇ ਵੇਰਵੇ ਸਾਹਮਣੇ ਲਿਆ ਰਿਹਾ ਹੈ, ਉਸ ਤੋਂ ਕਾਂਗਰਸ ਨੂੰ ਇਹ ਪ੍ਰਭਾਵ ਦੂਰ ਕਰਨਾ ਔਖਾ ਹੋ ਗਿਆ ਹੈ ਕਿ ਵਾਡਰਾ ਨੇ ਨਹਿਰੂ-ਗਾਂਧੀ ਪਰਿਵਾਰ ਦਾ ਮੈਂਬਰ ਹੋਣ ਦਾ ਲਾਭ ਆਪਣੇ ਕਾਰੋਬਾਰੀ ਹਿੱਤਾਂ ਲਈ ਨਹੀਂ ਲਿਆ।

ਇਸੇ ਦੌਰਾਨ ਕੇਂਦਰੀ ਵਿੱਤ ਮੰਤਰੀ ਪੀ. ਚਿਦੰਬਰਮ ਨੇ ਰੌਬਰਟ ਵਾਡਰਾ ਤੇ ਡੀ.ਐਲ.ਐਫ. ਗਰੁੱਪ ਦਰਮਿਆਨ ਕਾਰੋਬਾਰੀ ਲੈਣ-ਦੇਣ ਦੀ ਜਾਂਚ ਕਰਵਾਉਣ ਦੀ ਸੰਭਾਵਨਾ ਰੱਦ ਕਰ ਦਿੱਤੀ। ਉਨ੍ਹਾਂ ਕਿਹਾ ਕਿ ਜਦੋਂ ਤਕ ਕਿਸੇ ਕਾਰੋਬਾਰੀ ਲੈਣ-ਦੇਣ ਦੇ ਗਲਤ ਹੋਣ ਦੇ ਸਪੱਸ਼ਟ ਦੋਸ਼ ਤੇ ਸਬੂਤ ਸਾਹਮਣੇ ਨਹੀਂ ਆਉਂਦੇ ਉਦੋਂ ਤਕ ਉਸ ਦੀ ਜਾਂਚ ਨਹੀਂ ਕਰਵਾਈ ਜਾ ਸਕਦੀ। ਜ਼ਿਕਰਯੋਗ ਹੈ ਕਿ ਵਾਡਰਾ 'ਤੇ ਦੋਸ਼ ਲੱਗੇ ਹਨ ਕਿ ਉਸ ਨੂੰ ਰਿਐਲਿਟੀ ਗਰੁੱਪ ਡੀ.ਐਲ.ਐਫ. ਨੇ 65 ਕਰੋੜ ਰੁਪਏ ਦਾ ਵਿਆਜ-ਰਹਿਤ ਕਰਜ਼ਾ ਦਿੱਤਾ ਜਿਸ ਬਦਲੇ ਉਸ ਨੇ ਇਸ ਗਰੁੱਪ ਨੂੰ ਹਰਿਆਣਾ ਵਿਚ ਜ਼ਮੀਨ ਦਿਵਾਉਣ ਵਿਚ ਮਦਦ ਕੀਤੀ।

ਇਸ ਕਰਜ਼ੇ ਰਾਹੀਂ ਵਾਡਰਾ ਨੇ ਲੰਮੀ-ਚੌੜੀ ਜਾਇਦਾਦ ਬਣਾਈ ਜਿਸ ਦੀ ਮੌਜੂਦਾ ਕੀਮਤ ਸੈਂਕੜੇ ਕਰੋੜਾਂ ਦੀ ਬਣਦੀ ਹੈ। ਡੀ.ਐਲ.ਐਫ. ਤੇ ਵਾਡਰਾ ਨੇ ਇਹ ਦੋਸ਼ ਰੱਦ ਕੀਤੇ ਹਨ। ਕੇਜਰੀਵਾਲ ਨੇ ਤਾਂ ਇਹ ਵੀ ਕਿਹਾ ਕਿ ਪ੍ਰਿਯੰਕਾ ਗਾਂਧੀ ਨੇ ਹਿਮਾਚਲ ਵਿਚ ਜੋ ਜਾਇਦਾਦ ਬਣਾਈ ਹੈ, ਉਹ ਵੀ ਗੈਰ-ਕਾਨੂੰਨੀ ਹੈ। ਹਿਮਾਚਲ ਵਿਚ ਭਾਜਪਾ ਦੀ ਸਰਕਾਰ ਹੈ ਤੇ ਉਥੋਂ ਦੇ ਸਾਬਕਾ ਮੁੱਖ ਮੰਤਰੀ ਸ਼ਾਂਤਾ ਕੁਮਾਰ ਤੇ ਮੌਜੂਦਾ ਮੁੱਖ ਮੰਤਰੀ ਪ੍ਰੇਮ ਕੁਮਾਰ ਧੂਮਲ ਨੂੰ ਇਸ ਦੀ ਅਸਲੀਅਤ ਲੋਕਾਂ ਸਾਹਮਣੇ ਲਿਆਉਣੀ ਚਾਹੀਦੀ ਹੈ।

# ਚੋਣ ਮੁਹਿੰਮ ਲਈ ਓਬਾਮਾ ਨੂੰ ਮਾਇਆ ਦੇ ਖੁੱਲ੍ਹੇ ਗੱਫੇ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਪਿਛਲੇ ਮਹੀਨੇ ਆਪਣੀ ਮੁੜ ਚੋਣ ਲਈ ਮੁਹਿੰਮ ਦੌਰਾਨ 18.10 ਕਰੋੜ ਡਾਲਰ ਫੰਡ ਇਕੱਠਾ ਕੀਤਾ ਜੋ ਹੁਣ ਤੱਕ ਕੁੱਲ 94.70 ਕਰੋੜ ਡਾਲਰ ਹੋਣ ਵਾਲਾ ਹੈ। ਇਸ ਤਰ੍ਹਾਂ ਉਹ ਚੱਲ ਰਹੀ ਚੋਣ ਵਿਚ ਇਕ ਅਰਬ ਡਾਲਰ ਦੇ ਰਿਕਾਰਡ ਤੱਕ ਪੁੱਜਣ ਵਾਲੇ ਹਨ। ਇਸੇ ਦੌਰਾਨ ਜਨਤਕ ਦਿਖਾਵਿਆਂ ਤੋਂ ਲਾਂਭੇ ਪ੍ਰਮੁੱਖ ਭਾਰਤੀ ਅਮਰੀਕੀ ਰਿਪਬਲਿਕਨ ਪਾਰਟੀ ਦੇ ਰਾਸ਼ਟਰਪਤੀ ਦੇ ਅਹੁਦੇ ਦੇ ਉਮੀਦਵਾਰ ਮਿੱਟ ਰੋਮਨੀ ਦੀ ਫੰਡ ਇਕੱਠਾ ਕਰਨ ਵਿਚ ਦਿਲ ਖੋਲ੍ਹ ਕੇ ਮੱਦਦ ਕਰ ਰਹੇ ਹਨ ਤੇ ਹੁਣ ਤੱਕ 1.50 ਤੋਂ 2 ਕਰੋੜ ਡਾਲਰ ਤੱਕ ਰਕਮ ਇਕੱਠੀ ਕਰ ਚੁੱਕੇ ਹਨ।

ਛੇ ਨਵੰਬਰ ਨੂੰ ਹੋਣ ਵਾਲੀ ਰਾਸ਼ਟਰਪਤੀ ਦੀ ਚੋਣ ਤੱਕ ਓਬਾਮਾ ਦੀ ਮੁਹਿੰਮ ਦੌਰਾਨ ਇਕ ਅਰਬ ਡਾਲਰ ਤੋਂ ਵੱਧ ਰਾਸ਼ੀ ਇਕੱਠੀ ਹੋਣ ਦੇ ਆਸਾਰ ਹਨ। ਓਬਾਮਾ ਨੇ ਟਵਿੱਟਰ 'ਤੇ ਐਲਾਨ ਕੀਤਾ ਹੈ ਕਿ ਸਤੰਬਰ ਵਿਚ ਮੁਹਿੰਮ ਲਈ 1825,813 ਲੋਕਾਂ ਨੇ 18.10 ਕਰੋੜ ਡਾਲਰ ਦੀ ਰਕਮ ਇਕੱਠੀ ਕੀਤੀ। 2012 ਦੌਰਾਨ ਮੁਹਿੰਮ ਲਈ ਤੇ ਡੈਮੋਕਰੈਟਿਕ ਪਾਰਟੀ ਲਈ ਨਾ ਸਿਰਫ ਇਕ ਕਰੋੜ ਡਾਲਰ ਦਾਨ ਦਾ ਅੰਕੜਾ ਪਾਰ ਕੀਤਾ ਬਲਕਿ ਹੇਠਲੇ ਪੱਧਰ ਤੱਕ ਲੋਕਾਂ ਤੱਕ ਪਹੁੰਚ ਕਰਨ ਵਿਚ ਵੀ ਪਾਰਟੀ ਨੇ ਰਿਕਾਰਡ ਸਫਲਤਾ ਹਾਸਲ ਕੀਤੀ ਹੈ। 18 ਲੱਖ ਅਮਰੀਕੀਆਂ ਨੇ ਸਤੰਬਰ ਮਹੀਨੇ 18.10 ਕਰੋੜ ਡਾਲਰ ਇਕੱਠੇ ਕੀਤੇ ਤੇ ਇਨ੍ਹਾਂ ਵਿਚੋਂ 567000 ਤੋਂ ਵੱਧ ਉਹ ਲੋਕ ਸਨ ਜਿਨ੍ਹਾਂ ਨੇ ਪਹਿਲੀ ਵਾਰ ਫੰਡ ਦਿੱਤਾ ਹੈ।

ਭਾਵੇਂ ਰੋਮਨੀ ਦੀ ਮੁਹਿੰਮ ਵੱਲੋਂ ਵੱਖ-ਵੱਖ ਨਸਲਾਂ ਦੀਆਂ ਕੁਲੀਸ਼ਨਾਂ ਵੱਲੋਂ ਇਕੱਠੀਆਂ ਕੀਤੀਆਂ ਰਕਮਾਂ ਦੇ ਵੱਖਰੇ ਵੇਰਵੇ ਨਹੀਂ ਦਿੱਤੇ ਗਏ ਪਰ ਵੱਡੇ ਦਾਨੀਆਂ ਦੀ ਸੂਚੀ ਵਿਚ 200 ਤੋਂ ਵੱਧ ਪ੍ਰਮੁੱਖ ਭਾਰਤੀ-ਅਮਰੀਕੀ ਸ਼ੁਮਾਰ ਹਨ। ਭਾਰਤੀ-ਅਮਰੀਕੀ ਕੁਲੀਸ਼ਨ ਨਵੰਬਰ 2011 ਵਿਚ ਰੋਮਨੀ ਦੀ ਮੁਹਿੰਮ ਬਾਰੇ ਕੌਮੀ ਵਿੱਤੀ ਕਮੇਟੀ ਦੇ ਚੇਅਰਮੈਨ ਸਪੈਂਸਰ ਜ਼ਵਿੱਕ ਨੇ ਕਾਇਮ ਕੀਤੀ ਸੀ। ਰੋਮਨੀ ਦੀ ਮੁਹਿੰਮ ਵਿਚ ਯਹੂਦੀ ਅਮਰੀਕੀ ਕੁਲੀਸ਼ਨ, ਔਰਤਾਂ ਦੀ ਕੁਲੀਸ਼ਨ ਤੇ ਹੋਰ ਕਈ ਕੁਲੀਸ਼ਨਾਂ ਸ਼ਾਮਲ ਹਨ। ਕੰਜ਼ਰਵੇਟਿਵਾਂ ਦੇ ਅੰਦਾਜ਼ੇ ਅਨੁਸਾਰ ਭਾਰਤੀ, ਅਮਰੀਕੀ ਕੁਲੀਸ਼ਨ ਨੇ 1.5 ਤੋਂ ਦੋ ਕਰੋੜ ਡਾਲਰ ਤੱਕ ਰਾਸ਼ੀ ਇਕੱਠੀ ਕਰਨ ਵਿਚ ਮੱਦਦ ਕੀਤੀ ਜੋ ਇਤਿਹਾਸਕ ਹੈ।

ਪ੍ਰਮੁੱਖ ਭਾਰਤੀ ਮੱਦਦਗਾਰਾਂ ਵਿਚ ਮਿੱਸੀਸਿੱਪੀ ਤੋਂ ਸੰਪਤ ਸ਼ਿਵਾਂਗੀ, ਵਰਜੀਨੀਆ ਤੋਂ ਸੁਧਾਕਰ ਸ਼ੇਨੋਏ ਤੇ ਸੀਧਰ ਪੋਟਾਰਾਜੂ, ਫਲੋਰੀਡਾ ਤੋਂ ਜ਼ੈਕ ਜ਼ਾਕਰੀਆ, ਅਕਸ਼ੈ ਦੇਸਾਈ ਤੇ ਅਮਰ ਵਿਜੈਨਗਰ, ਇੰਡੀਆਨਾ ਤੋਂ ਭਾਰਤ ਬਾਗਈ, ਮਿਸ਼ੀਗਨ ਤੋਂ ਰੁਪੇਸ਼ ਸ੍ਰੀਵਾਸਤਵ ਤੇ ਰਾਜ ਵਾਟੀਕੁੱਟੀ ਹਨ।


Are You Tired Of All Treatments?

Try Homeopathic Natural Medicines (HNM)

Gurdip Singh Sandhu

Homeopathic Practitioner/Consultant

DHMS-Gold Medalist, BAMS, MDEh.- India

1188 E Santa Clara St., San Jose, CA 95116

Homeopathic natural medicines supply


Gurdip Singh Sandhu

Well Experienced as:

Director, Principal, Professor and Chief Medical Officer in Medical Colleges and Hospitals of Punjab (India)

Practice Under State of California Act SB 577

EX Member:

The California Homeopathic Society

National Center For Homeopathy- USA

Ph:(408) 687-1899

(408) 729-6691

Fax:(408)292-6200

Email: Homeomdicine@yahoo.com

Website: www.Homeopathyatoz.com

Toll Free: 1-877-OK-HOMEO (1-877-654-6636)



Yarra, Kharazi & Associates

Phone: (888) 97YARRA (92772)

Immigration

Family Law

Personal Injury



ਇਮੀਗ੍ਰੇਸ਼ਨ, ਫੈਮਿਲੀ ਲਾਅ ਅਤੇ ਪਰਸਨਲ ਇੰਜਰੀ ਦੇ ਕੇਸਾਂ ਵਿਚ ਤੁਹਾਡੇ ਭਰੋਸੇਯੋਗ ਵਕੀਲ

Trust your matter to a specialist

ਅਸੀਂ ਇਸ ਖੇਤਰ ਦੇ ਮਾਹਿਰ ਹਾਂ ਅਤੇ ਤੁਹਾਡਾ ਕੇਸ ਸਹੀ ਢੰਗ ਨਾਲ ਲੜਨਾ ਸਾਡੀ ਜ਼ਿੰਮੇਵਾਰੀ ਤੇ ਸਾਡੀ ਸਿਰਦਰਦੀ ਹੋਵੇਗੀ

Offices in Bakersfield, Fresno and Merced.

Bring this ad in and receive a free consultation

ਸਾਡੇ ਦਫਤਰ ਬੇਕਰਜ਼ਫੀਲਡ, ਫਰਿਜ਼ਨੋ ਅਤੇ ਮਰਸਡ ਵਿਚ ਹਨ

ਇਹ ਇਸ਼ਤਿਹਾਰ ਲੈ ਕੇ ਆਓ ਤੇ ਆਪਣੇ ਕੇਸ ਬਾਰੇ ਮੁਫਤ ਸਲਾਹ ਲਓ

ਯੱਰਾ, ਖਰਾਜ਼ੀ ਐਂਡ ਐਸੋਸੀਏਟਸ

ਫੋਨ: 1-888-979-2772

Email: Info@rwyarra.com



ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

National Truck Driving School

ਸੈਕਰਾਮੈਂਟੋ ਅਤੇ ਯੂਬਾ ਸਿਟੀ ਕੈਲੀਫੋਰਨੀਆ

ਓਨਰ ਅਪਰੇਟਰ ਅਤੇ ਡਰਾਈਵਰ ਚਾਹੀਦੇ ਹਨ

ਕੰਪਨੀ ਡਰਾਈਵਰ ਨੂੰ 35 ਸੈਂਟ ਪ੍ਰਤੀ ਮੀਲ ਦਿੱਤੇ ਜਾਣਗੇ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ

*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ

*ਰਿਹਾਇਸ਼ ਅਤੇ ਏਅਰਪੋਰਟ ਤੋਂ ਚੁੱਕਣ ਤੇ ਛੱਡਣ ਦਾ ਖਾਸ ਪ੍ਰਬੰਧ

*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ



Call For Special Price

Kashmir S. Thandi

Office: (866) 933-3038

Balhar S. Ranu Cell:916-502-7733

Yuba City Ph:530-383-2785


1816 Main Ave., Secramento CA, 95838

# ਸਿੱਖਾਂ ਦਾ ਅਕਸ ਖ਼ਰਾਬ ਕਰਨ ਦੀ ਸਾਜ਼ਿਸ਼

## ਵਿਦੇਸ਼ਾਂ ਵਿਚ ਸਿੱਖਾਂ ਨੂੰ ਮਸੀਂ ਮਿਲਣ ਲੱਗੀ ਸੀ ਮਾਨਤਾ

**ਲੰਡਨ:** ਜੂਨ 1984 ਵਿਚ ਸ੍ਰੀ ਦਰਬਾਰ ਸਾਹਿਬ 'ਤੇ ਹਮਲੇ ਦੌਰਾਨ ਭਾਰਤੀ ਫੌਜ ਦੀ ਅਗਵਾਈ ਕਰਨ ਵਾਲੇ ਸੇਵਾ ਮੁਕਤ ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ 'ਤੇ ਹੋਏ ਹਮਲੇ ਨੂੰ ਪੂਰੀ ਸਿੱਖ ਕੌਮ 'ਤੇ ਮੜ੍ਹ ਕੇ ਉਸ ਦੇ ਅਕਸ ਨੂੰ ਖਰਾਬ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਮਰੀਕਾ ਵਿਖੇ ਗੁਰੂ ਘਰ ਵਿਚ ਛੇ ਸਿੱਖਾਂ ਦੀ ਹੱਤਿਆ ਤੋਂ ਬਾਅਦ ਦੁਨੀਆ ਭਰ ਵਿਚ ਸਿੱਖ ਕੌਮ ਨੂੰ ਹਮਦਰਦੀ ਮਿਲੀ।

ਇਸ ਤੋਂ ਇਲਾਵਾ ਨਵੰਬਰ 1984 ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾਵਾਂ ਨਾ ਮਿਲਣਾ ਜਾਂ ਕੇਸਾਂ ਨੂੰ ਲਮਕਾਉਣਾ ਵੀ ਵਿਦੇਸ਼ਾਂ ਵਿਚ ਸਿੱਖਾਂ ਲਈ ਹਮਦਰਦੀ ਦਾ ਕਾਰਨ ਬਣਿਆ। ਇਸੇ ਕਰਕੇ ਲੰਡਨ ਵਿਖੇ ਛੇ ਜੂਨ ਬਾਰੇ ਹੋਣ ਵਾਲੇ ਸਾਲਾਨਾ ਰੋਸ ਮੁਜ਼ਾਹਰੇ ਵਿਚ ਕਿਸੇ ਵੇਲੇ ਸਿੱਖਾਂ ਦੀ ਗਿਣਤੀ ਸਿਰਫ ਸੈਂਕੜਿਆਂ ਵਿਚ ਹੀ ਰਹਿ ਗਈ ਸੀ ਪਰ ਪਿਛਲੇ ਕੁਝ ਵਰ੍ਹਿਆਂ ਤੋਂ ਇਹ ਗਿਣਤੀ 30-40 ਹਜ਼ਾਰ ਤੋਂ ਵੀ ਟੱਪਣ ਲੱਗੀ ਹੈ। ਸਿੱਖਾਂ ਵੱਲੋਂ ਸਮੇਂ-ਸਮੇਂ ਬਰਤਾਨੀਆ ਦੀ ਪਾਰਲੀਮੈਂਟ ਵਿਚ ਸਿੱਖਾਂ ਵੱਲੋਂ ਦਸਤਾਰ ਤਲਾਸ਼ੀ, ਕ੍ਰਿਪਾਨ ਪਹਿਨਣ ਦੇ


ਜਨਰਲ ਕੁਲਦੀਪ ਸਿੰਘ ਬਰਾੜ

ਮਾਮਲੇ ਉਠਾਏ ਗਏ। ਲੰਡਨ ਦੰਗਿਆਂ ਵਿਚ ਸਿੱਖ ਕੌਮ ਦੀ ਭੂਮਿਕਾ ਦੀ ਮੌਜੂਦਾ ਪ੍ਰਧਾਨ ਮੰਤਰੀ ਡੇਵਿਡ ਕੈਮਰੂਨ ਨੇ ਸ਼ਲਾਘਾ ਕੀਤੀ ਸੀ। ਇਹ ਗੱਲ ਭਾਰਤੀ ਖੁਫੀਆ ਏਜੰਸੀਆਂ ਨੂੰ ਪ੍ਰੇਸ਼ਾਨ ਕਰ ਰਹੀ ਹੈ। ਹੁਣ ਜਨਰਲ ਬਰਾੜ 'ਤੇ ਹੋਏ ਹਮਲੇ ਨੂੰ ਸਿੱਖ ਕੌਮ 'ਤੇ ਮੜ੍ਹ ਕੇ ਉਨ੍ਹਾਂ ਦੇ ਅਕਸ ਨੂੰ ਅਤਿਵਾਦੀ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਇਹ ਪ੍ਰਭਾਵ ਕੁਝ ਸਿੱਖ ਬੁੱਧੀਜੀਵੀਆਂ ਅਤੇ ਬਹੁਤੀਆਂ ਪੰਥਕ ਜਥੇਬੰਦੀਆਂ ਵਿਚ ਪਾਇਆ ਜਾ ਰਿਹਾ ਹੈ।

ਬਰਤਾਨਵੀ ਪੁਲਿਸ ਨੇ ਭਾਵੇਂ ਇਸ ਕੇਸ ਵਿਚ ਦੋ ਨੌਜਵਾਨਾਂ ਖਿਲਾਫ ਕਾਰਵਾਈ ਚਲਾਈ ਹੈ ਪਰ ਅਜੇ ਤੱਕ ਇਨ੍ਹਾਂ ਦੇ ਕਿਸੇ ਦਹਿਸ਼ਤਗਰਦ ਜਥੇਬੰਦੀ ਨਾਲ ਸਬੰਧਾਂ ਦੀ ਗੱਲ ਸਾਹਮਣੇ ਨਹੀਂ ਆਈ ਹੈ। ਉਧਰ, ਬਰਾੜ ਨੇ ਖ਼ੁਦ ਹੀ ਇਸ ਘਟਨਾ ਪਿੱਛੇ ਸਾਕਾ ਨੀਲਾ ਤਾਰਾ ਤੇ ਬੱਬਰ ਖਾਲਸਾ ਦਾ ਨਾਂ ਲੈ ਦਿੱਤਾ ਹੈ। ਇੰਗਲੈਂਡ ਦੇ ਸਿੱਖ ਮੀਡੀਆ 'ਤੇ ਹੋਈ ਵਿਚਾਰ-ਚਰਚਾ ਵਿਚ ਇਸ ਘਟਨਾ ਨੂੰ ਸਿੱਖਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਕਿਹਾ ਜਾ ਰਿਹਾ ਹੈ।

ਸਿੱਖ ਜਥੇਬੰਦੀਆਂ ਦੇ ਨੁਮਾਇੰਦਿਆਂ ਨੇ ਇਨ੍ਹਾਂ ਵਿਚਾਰ ਚਰਚਿਆਂ ਵਿਚ ਕਿਹਾ ਹੈ ਕਿ ਵਿਦੇਸ਼ਾਂ ਵਿਚ ਸਿੱਖਾਂ ਨਾਲ ਹੋਈ ਬੇਇਨਸਾਫੀ ਨੂੰ ਹੁਣ ਮਾਨਤਾ ਮਿਲਣ ਲੱਗੀ ਹੈ। ਸਿੱਖਾਂ ਵੱਲੋਂ ਸ਼ਾਂਤਮਈ ਢੰਗ ਨਾਲ ਆਪਣੇ ਹੱਕਾਂ ਦੀ ਗੱਲ ਕੀਤੀ ਜਾ ਰਹੀ ਹੈ। ਭਾਈ ਬਲਵੰਤ ਸਿੰਘ ਰਾਜੋਆਣਾ ਦੇ ਮਾਮਲੇ ਵਿਚ ਵਿਦੇਸ਼ੀ ਸਰਕਾਰਾਂ ਵੱਲੋਂ ਸਿੱਖ ਭਾਈਚਾਰੇ ਦੀ ਗੱਲ ਨੇੜੇ ਹੋ ਕੇ ਸੁਣੀ ਹੈ। ਇਸੇ ਬੁਖਲਾਹਟ ਵਿਚ ਆ ਕੇ ਸਿੱਖ ਕੌਮ ਨੂੰ ਬਦਨਾਮ ਕਰਨ ਲਈ ਇਹ ਸਾਜ਼ਿਸ਼ ਰਚੀ ਗਈ ਹੈ।

# ਜਨਰਲ ਬਰਾੜ ਦੀ ਸੁਰੱਖਿਆ 'ਤੇ ਮੁੜ ਵਿਚਾਰ

**ਮੁੰਬਈ:** ਕੇਂਦਰ ਸਰਕਾਰ ਨੇ ਲੈਫਟੀਨੈਂਟ ਜਨਰਲ ਕੁਲਦੀਪ ਸਿੰਘ ਬਰਾੜ ਤੇ ਜੂਨ 1984 ਵਿਚ ਦਰਬਾਰ ਸਾਹਿਬ ਵਿਚ ਕੀਤੀ ਗਈ ਫੌਜੀ ਕਾਰਵਾਈ ਨਾਲ ਜੁੜੇ ਹੋਰ ਅਧਿਕਾਰੀਆਂ ਦੀ ਸੁਰੱਖਿਆ ਬਾਰੇ ਮੁੜ ਵਿਚਾਰ ਕੀਤੀ ਜਾ ਰਹੀ ਹੈ ਪਰ ਜਨਰਲ ਬਰਾੜ ਨੇ ਕਿਹਾ ਹੈ ਕਿ ਉਹ ਮੁੰਬਈ ਛੱਡ ਕੇ ਨਹੀਂ ਜਾਣਗੇ।

ਉਨ੍ਹਾਂ ਕਿਹਾ ਹੈ ਕਿ ਉਹ ਸਰਕਾਰ ਵੱਲੋਂ ਉਨ੍ਹਾਂ ਦੀ ਰਿਹਾਇਸ਼ ਕਿਸੇ ਹੋਰ ਜਗ੍ਹਾ ਤਬਦੀਲ ਕਰਨ ਦੇ ਕਿਸੇ ਵੀ ਕਦਮ ਦਾ ਵਿਰੋਧ ਕਰਨਗੇ। ਉਨ੍ਹਾਂ ਕਿਹਾ ਹੈ ਕਿ ਪਿਛਲੇ 20 ਸਾਲਾਂ ਤੋਂ ਉਹ ਮੁੰਬਈ ਵਿਚ ਰਹਿ ਰਹੇ ਹਨ ਤੇ ਉਨ੍ਹਾਂ ਦਾ ਘਰ ਪੂਰੀ ਤਰ੍ਹਾਂ ਸੁਰੱਖਿਅਤ ਹੈ। ਸ੍ਰੀ ਬਰਾੜ ਨੇ ਕਿਹਾ ਹੈ ਕਿ ਉਸ ਨਾਲ ਫੁਟਬਾਲ ਦੀ ਤਰ੍ਹਾਂ ਵਿਵਹਾਰ ਨਹੀਂ ਕੀਤਾ ਜਾ ਸਕਦਾ। ਭਾਰਤੀ ਫ਼ੌਜ ਦੇ 78 ਸਾਲਾ ਸਾਬਕਾ ਜਨਰਲ ਇਕ ਕੈਦੀ ਦੀ ਤਰ੍ਹਾਂ ਜੀਵਨ ਨਹੀਂ ਬਿਤਾਉਣਾ ਚਾਹੁੰਦੇ ਤੇ ਉਹ ਮਹਿਸੂਸ ਕਰਦੇ ਹਨ ਕਿ ਨਵੀਂ ਜਗ੍ਹਾ ਰਿਹਾਇਸ਼ ਤਬਦੀਲ ਕਰਨਾ ਉਨ੍ਹਾਂ ਦੇ ਜੀਵਨ ਨੂੰ ਦਰਪੇਸ਼ ਖਤਰੇ ਦਾ ਜਵਾਬ ਨਹੀਂ ਹੈ। ਉਨ੍ਹਾਂ ਕਿਹਾ ਕਿ ਉਹ 78 ਸਾਲ ਦੇ ਹੋ ਗਏ ਹਨ ਤੇ ਹੁਣ ਜੀਵਨ ਦੇ ਕੁਝ ਹੋਰ ਸਾਲ ਬਚੇ ਹਨ।

# ਹਿਮਾਚਲ ਤੇ ਗੁਜਰਾਤ 'ਚ ਚੋਣਾਂ ਤਾਰੀਖ਼ਾਂ ਦਾ ਐਲਾਨ

**ਨਵੀਂ ਦਿੱਲੀ:** ਚੋਣ ਕਮਿਸ਼ਨ ਨੇ ਹਿਮਾਚਲ ਪ੍ਰਦੇਸ਼ ਤੇ ਗੁਜਰਾਤ ਵਿਚ ਵਿਧਾਨ ਸਭਾਵਾਂ ਦੀਆਂ ਚੋਣਾਂ ਤਿੰਨ ਪੜਾਵਾਂ ਵਿਚ ਕਰਾਉਣ ਦਾ ਐਲਾਨ ਕੀਤਾ ਹੈ।

ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਲਈ ਵੋਟਾਂ ਇਕੋ ਪੜਾਅ ਵਿਚ ਚਾਰ ਨਵੰਬਰ ਨੂੰ ਪੈਣਗੀਆਂ। ਗੁਜਰਾਤ ਵਿਚ ਵੋਟਾਂ ਦੋ ਪੜਾਵਾਂ ਵਿਚ 13 ਤੇ 17 ਦਸੰਬਰ ਨੂੰ ਪੈਣਗੀਆਂ। ਵੋਟਾਂ ਦੀ ਗਿਣਤੀ ਵੀਹ ਦਸੰਬਰ ਨੂੰ ਕੀਤੀ ਜਾਵੇਗੀ।

# ਭਾਈ ਜਿੰਦਾ ਤੇ ਭਾਈ ਸੁੱਖਾ ਨੂੰ ਬਰਸੀ ਮੌਕੇ ਸ਼ਰਧਾਂਜਲੀਆਂ

**ਜੰਡਿਆਲਾ ਗੁਰੂ:** ਚੁਰਾਸੀ ਵਿਚ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ 'ਤੇ ਹਮਲਾ ਕਰਨ ਵਾਲੀ ਭਾਰਤੀ ਫੌਜ ਦੇ ਮੁਖੀ ਜਨਰਲ ਏ.ਕੇ. ਵੈਦਿਆ ਨੂੰ ਗੋਲੀਆਂ ਨਾਲ ਮਾਰ ਕੇ ਫਾਂਸੀ ਚੜ੍ਹੇ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਦੀ 20ਵੀਂ ਬਰਸੀ ਉਨ੍ਹਾਂ ਦੇ ਗ੍ਰਹਿ ਪਿੰਡ ਗਦਲੀ (ਨੇੜੇ ਜੰਡਿਆਲਾ ਗੁਰੂ, ਜ਼ਿਲ੍ਹਾ ਅੰਮ੍ਰਿਤਸਰ) ਵਿਖੇ ਪਰਿਵਾਰ ਵੱਲੋਂ ਮਨਾਈ ਗਈ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਉਣ ਉਪਰੰਤ ਕੀਰਤਨੀ ਜਥਿਆਂ ਨੇ ਕੀਰਤਨ ਕੀਤਾ।

ਇਸ ਤੋਂ ਬਾਅਦ ਵੱਖ-ਵੱਖ ਬੁਲਾਰਿਆਂ ਨੇ ਭਾਈ ਹਰਜਿੰਦਰ ਸਿੰਘ ਜਿੰਦਾ ਤੇ ਭਾਈ ਸੁਖਦੇਵ ਸਿੰਘ ਸੁੱਖਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕੌਮ ਦੇ ਮਹਾਨ ਸ਼ਹੀਦ ਕਰਾਰ ਦਿੱਤਾ। ਵੱਖ-ਵੱਖ ਬੁਲਾਰਿਆਂ ਨੇ ਕਿਹਾ ਕਿ ਭਾਈ ਜਿੰਦਾ-ਭਾਈ ਸੁੱਖਾ ਨੇ ਸਿੱਖ ਕੌਮ ਦੀ ਗੈਰਤ ਦੀ ਖਾਤਰ ਕੁਰਬਾਨੀ ਦਿੱਤੀ। ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਬਕਾ ਜਥੇਦਾਰ ਭਾਈ ਜਸਬੀਰ ਸਿੰਘ ਰੋਡੇ ਨੇ ਸਾਕਾ ਨੀਲਾ ਤਾਰਾ ਦੌਰਾਨ ਭਾਰਤੀ ਫੌਜ ਦੀ ਅਗਵਾਈ ਕਰਨ ਵਾਲੇ ਲੈਫਟੀਨੈਂਟ ਜਨਰਲ (ਸੇਵਾ ਮੁਕਤ) ਕੁਲਦੀਪ ਸਿੰਘ ਬਰਾੜ ਤੇ ਲੰਡਨ ਵਿਚ ਹੋਏ ਹਮਲੇ ਨੂੰ ਆਪੇ ਹੀ ਘੜੀ ਸੋਚੀ ਸਮਝੀ ਸਾਜਸ਼ ਕਰਾਰ ਦਿੱਤਾ। ਭਾਈ ਹਰਜਿੰਦਰ ਸਿੰਘ ਜਿੰਦਾ ਦੇ ਭਰਾਤਾ ਭਾਈ ਨਿਰਭੈਲ ਸਿੰਘ ਤੇ ਭਾਈ ਭੁਪਿੰਦਰ ਸਿੰਘ ਨੇ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ।

ਭਾਈ ਜਿੰਦਾ ਸੁੱਖਾ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਵਾਲਿਆਂ ਵਿਚ ਸੰਤ ਬਲਜੀਤ ਸਿੰਘ ਦਾਦੂਵਾਲ, ਕਰਨੈਲ ਸਿੰਘ ਪੀਰ ਮੁਹੰਮਦ, ਗਿਆਨੀ ਗੁਰਬਖਸ਼ ਸਿੰਘ ਗੁੰਥੀ, ਬਲਜੀਤ ਸਿੰਘ ਖ਼ਾਲਸਾ ਸ਼ਾਮਲ ਹਨ।

# ਅਣਖ ਲਈ ਕਤਲ ਦੇ ਪੰਜ ਦੋਸ਼ੀਆਂ ਨੂੰ ਸਜ਼ਾ-ਏ-ਮੌਤ

**ਨਵੀਂ ਦਿੱਲੀ:** ਸਾਲ 2010 'ਚ ਇਕ ਜੋੜੇ ਦੀ ਹੱਤਿਆ ਕਰਨ ਦੇ ਦੋਸ਼ 'ਚ ਅਦਾਲਤ ਨੇ ਲੜਕੀ ਦੇ ਮਾਪਿਆਂ, ਚਾਚਾ-ਚਾਚੀ ਤੇ ਚਚੇਰੇ ਭਰਾ ਨੂੰ ਸਜ਼ਾ-ਏ-ਮੌਤ ਸੁਣਾਈ ਹੈ। ਅਡੀਸ਼ਨਲ ਸੈਸ਼ਨ ਜੱਜ ਨੇ ਸਜ਼ਾ ਸੁਣਾਉਂਦਿਆਂ ਕਿਹਾ ਕਿ ਦੋਸ਼ੀਆਂ ਲਈ ਸਿਰਫ਼ ਤੇ ਸਿਰਫ਼ ਸਜ਼ਾ-ਏ-ਮੌਤ ਹੈ। ਇਹ ਕਾਰਾ ਮਨੁੱਖਤਾ ਉਪਰ ਧੱਬਾ ਹੈ ਤੇ ਇਸ ਨਾਲ ਨਿਆਂ ਦੀ ਅੰਤਰਆਤਮਾ ਕੰਬ ਗਈ ਹੈ।

ਆਸ਼ਾ (19) ਤੇ ਯੋਗੇਸ਼ (20) ਪ੍ਰੇਮ ਵਿਆਹ ਕਰਾਉਣ ਦੇ ਇੱਛੁਕ ਸਨ। ਯੋਗੇਸ਼ ਅਨੁਸੂਚਿਤ ਜਾਤੀ ਨਾਲ ਸਬੰਧਤ ਹੋਣ ਕਰਕੇ ਲੜਕੀ ਦੇ ਮਾਪਿਆਂ ਨੂੰ ਇਹ ਰਿਸ਼ਤਾ ਨਾਮਨਜ਼ੂਰ ਸੀ।

# ਸਾਬਕਾ ਪੁਲਿਸ ਮੁਖੀ ਭਿੰਡਰ ਨੇ ਸੁਰੱਖਿਆ ਮੰਗੀ

**ਗੁਰਦਾਸਪੁਰ:** ਸਾਕਾ ਨੀਲਾ ਤਾਰਾ ਵੇਲੇ ਦਿੱਲੀ ਪੁਲਿਸ ਦੇ ਕਮਿਸ਼ਨਰ ਰਹੇ ਪ੍ਰੀਤਮ ਸਿੰਘ ਭਿੰਡਰ ਨੇ ਪੰਜਾਬ ਸਰਕਾਰ ਤੋਂ ਆਪਣੀ ਸੁਰੱਖਿਆ ਬਹਾਲ ਕਰਨ ਦੀ ਮੰਗ ਕੀਤੀ ਹੈ। ਸਰਕਾਰ ਨੇ ਦੋ ਕੁ ਹਫਤੇ ਪਹਿਲਾਂ ਉਨ੍ਹਾਂ ਦੀ ਸੁਰੱਖਿਆ ਵਾਪਸ ਲੈ ਲਈ ਸੀ।

ਸ. ਭਿੰਡਰ ਨੂੰ ਕੁਝ ਸਾਲ ਪਹਿਲਾਂ ਕੇਂਦਰ ਸਰਕਾਰ ਵੱਲੋਂ ਦਿੱਤੀ ਗਈ ਜ਼ੈੱਡ ਪਲੱਸ ਸੁਰੱਖਿਆ ਵਾਪਸ ਲੈ ਲਈ ਗਈ ਸੀ। ਉਸ ਤੋਂ ਬਾਅਦ ਪੰਜਾਬ ਸਰਕਾਰ ਨੇ ਗੁਰਦਾਸਪੁਰ ਦੇ ਸੈਕਟਰੀ ਮੁਹੱਲੇ ਵਿਚ ਸਥਿਤ ਉਨ੍ਹਾਂ ਦੇ ਘਰ 'ਤੇ ਦਰਜਨ ਭਰ ਸੁਰੱਖਿਆ ਗਾਰਡ ਮੁਹੱਈਆ ਕਰਵਾਏ ਸਨ। ਸੁਰੱਖਿਆ ਗਾਰਡਾਂ ਦੀ ਗਿਣਤੀ ਪਹਿਲਾਂ ਘਟਾ ਕੇ ਚਾਰ ਕਰ ਦਿੱਤੀ ਗਈ ਸੀ ਤੇ ਦੋ ਕੁ ਹਫਤੇ ਪਹਿਲਾਂ ਉਨ੍ਹਾਂ ਦੀ ਸਾਰੀ ਸੁਰੱਖਿਆ ਵਾਪਸ ਲੈ ਲਈ ਗਈ ਸੀ।

ਸ. ਭਿੰਡਰ ਸਾਬਕਾ ਕੇਂਦਰੀ ਮੰਤਰੀ ਮਰਹੂਮ ਸੁਖਬੰਸ ਕੌਰ ਭਿੰਡਰ ਦੇ ਪਤੀ ਹਨ। ਉਨ੍ਹਾਂ ਦੱਸਿਆ ਕਿ 1984 ਵਿਚ ਸਾਕਾ ਨੀਲਾ ਤਾਰਾ ਵੇਲੇ ਉਹ ਪੰਜਾਬ ਦੇ ਡੀ.ਜੀ.ਪੀ. ਸਨ ਤੇ ਲੈਫਟੀਨੈਂਟ ਕਰਨਲ ਕੇ.ਐਸ. ਬਰਾੜ ਦੇ ਨਾਲ ਉਹ (ਭਿੰਡਰ) ਵੀ ਅਪਰੇਸ਼ਨ ਵਿਚ ਸ਼ਾਮਲ ਸਨ।


ਪੰਜਾਬੀ ਰੇਡੀਓ ਯੂਐਸਏ ਵਲੋਂ ਬੜੇ ਹੀ ਮਾਣ ਨਾਲ..
24 ਘੰਟੇ ਚੱਲਣ ਵਾਲਾ ਗੁਰਬਾਣੀ ਰੇਡੀਓ ਸ਼ੁਰੂ
www.GurbaniRadio.org
ਫੋਨ 'ਤੇ ਸੁਣਨ ਲਈ ਕਾਲ ਕਰੋ
605.475.6868 Ext. 4
832.551.5029 Ext. 4

ਪੰਜਾਬੀ ਰੇਡੀਓ ਯੂਐਸਏ
Punjabi RADIO USA


Uniting Punjabi's All Over
Studio Telephone : (408) 272-5200


ਪੰਜਾਬੀ ਰੇਡੀਓ ਦੇ ਪ੍ਰੋਗਰਾਮ


- **ਸਵੇਰੇ 4 ਵਜੇ** ਅੰਮ੍ਰਿਤ ਵੇਲਾ ਸਚੁ ਨਾਉਂ, ਗੁਰਦੁਆਰਾ ਸਾਹਿਬ ਫਰੀਮਾਂਟ ਤੋਂ ਸਿੱਧਾ ਪ੍ਰਸਾਰਣ
- ਸ਼੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਤੋਂ ਹੁਕਮਨਾਮੇ ਦੀ ਪੰਜਾਬੀ ਤੇ ਅੰਗਰੇਜ਼ੀ ਵਿਚ ਵਿਆਖਿਆ (ਅੰਗਰੇਜ਼ੀ : ਭਾਈ ਸੁੱਖਾ ਸਿੰਘ)
- ਆਤਮਿਕ ਆਨੰਦ ਪ੍ਰੋਗਰਾਮ ☞ ਸ਼ਬਦ ਗੁਰਬਾਣੀ
- ਘਰ ਸੰਸਾਰ, ਦੇਸੋਂ ਪਰਦੇਸ, ਸੁਰ ਪੰਜਾਬ ਦੇ, ਭੈਣਾਂ ਵਾਸਤੇ ਸਪੈਸ਼ਲ ਪ੍ਰੋਗਰਾਮ ☞ 'ਬੌਲੀਵੁੱਡ ਹਿੱਟਸ' (Bollywood Hits)
- ਹਾਸਰਸ ਪ੍ਰੋਗਰਾਮ 'ਹੱਸਦੇ ਹਸਾਉਂਦੇ' ☞ ਖ਼ਬਰ 'ਤੇ ਨਜ਼ਰ ☞ ਸਿਹਤ ਸੰਭਾਲ- ਘਰੇਲੂ ਨੁਸਖਿਆਂ ਦਾ ਹਿੱਟ ਪ੍ਰੋਗਰਾਮ LIVE
- ਯੂਐਸ ਚੋਣਾਂ 2012 ਸ਼ੋਅ ☞ ਝਿਲਮਿਲ ਤਾਰੇ, ਬੱਚਿਆਂ ਲਈ ਖਾਸ ਪ੍ਰੋਗਰਾਮ ☞ ਧੰਨ ਲਿਖਾਰੀ ਨਾਨਕਾ- ਕਵੀ ਦਰਬਾਰ
- 'ਕੁਝ ਗੱਲਾਂ ਕੁੱਝ ਗੀਤ' ☞ 'ਲਹਿਰੇਂ' (ਬਾਬੂ ਲਾਲ ਤੇ ਬਿਮਲੇਸ਼ ਪ੍ਰਸਾਦ ਫੀਜੀ ਦਾ ਹਿੱਟ ਪ੍ਰੋਗਰਾਮ)
- **6 ਵਜੇ ਸ਼ਾਮ** 'ਸਰਬ ਸਾਂਝੀ ਗੁਰਬਾਣੀ' (ਰਹਿਰਾਸ ਸਾਹਿਬ, ਕੀਰਤਨ, ਢਾਡੀ ਵਾਰਾਂ ਤੇ ਕਥਾ ਵੱਖ ਵੱਖ ਗੁਰਦੁਆਰਾ ਸਾਹਿਬ ਤੋਂ)
- ਸੋਮਵਾਰ ਭਖਦੇ ਮਸਲਿਆਂ 'ਤੇ LIVE Talk Show (ਸੁਸ਼ੀਲ ਦੁਸਾਂਝ) ☞ 'ਇਕ ਸੋਚ' ☞ ਜੌਬ ਐਂਡ ਬਿਜਨਸ ਸ਼ੋਅ
- ਖ਼ਬਰਸਾਰ (ਜਸਵਿੰਦਰ ਸਿੰਘ ਬਿੱਟਾ) ☞ ਇਕ ਖ਼ਾਸ ਮੁਲਾਕਾਤ ☞ ਲਹਿੰਦੇ ਪੰਜਾਬ ਦੀਆਂ ਬਾਂਗਾਂ (ਮਸੂਦ ਮੱਲ੍ਹੀ)
- ਪਾਣੀ 'ਚ ਮਧਾਣੀ ☞ ਬੁਝਾਰਤਾਂ ਦਾ ਹਿੱਟ ਪ੍ਰੋਗਰਾਮ (ਸ਼ੁੱਕਰਵਾਰ ਰਾਤ 8:30 ਤੋਂ 10:00 ਵਜੇ)


**ਤਾਜ਼ੀਆਂ ਖ਼ਬਰਾਂ ਰੇਡੀਓ 'ਤੇ**
ਪੰਜਾਬ ਤੋਂ ਸੁਸ਼ੀਲ ਦੁਸਾਂਝ
ਲਹਿੰਦੇ ਪੰਜਾਬ ਤੋਂ ਮਸੂਦ ਮੱਲ੍ਹੀ
ਅੰਤਰਰਾਸ਼ਟਰੀ ਖ਼ਬਰਾਂ- ਗੁਰਪ੍ਰੀਤ ਸਿੰਘ
ਪੰਜਾਬ ਤੋਂ ਜਸਵਿੰਦਰ ਸਿੰਘ ਬਿੱਟਾ
**ਹੁਣ ਇਹ ਸਾਰੀਆਂ ਖ਼ਬਰਾਂ ਅਤੇ ਬੀਬੀਸੀ ਹਿੰਦੀ ਤੁਸੀਂ 24 ਘੰਟੇ ਕਾਲ ਕਰਕੇ ਸੁਣ ਸਕਦੇ ਹੋ**
605.475.6868 Ext. 1 ਜਾਂ
832.551.5029 Ext. 1

ਨਵੇਂ ਪ੍ਰੋਗਰਾਮ
- **ਸੱਜਰੀ ਸਵੇਰ** -ਸੋਮਵਾਰ ਤੋਂ ਸ਼ਨਿਚਰਵਾਰ
- **ਨਜ਼ਰੀਆ** -ਸਮਾਜਿਕ ਮਸਲਿਆਂ ਬਾਰੇ ਰੋਜਾਨਾ ਰਾਤ ਨੂੰ
- **ਤੁਹਾਡੇ ਸ਼ਹਿਰ ਦੇ ਵਿਹੜੇ** -ਸ਼ਹਿਰਾਂ ਦਾ ਇਤਿਹਾਸ ਤੇ ਰੌਚਕ ਜਾਣਕਾਰੀ
- **ਟੌਪ 10** -ਨਵੇਂ ਗੀਤਾਂ ਦਾ ਵੋਟਾਂ 'ਤੇ ਆਧਾਰਤ ਪ੍ਰੋਗਰਾਮ

**ਹੁਣ ਕਿਸੇ ਵੀ ਫੋਨ ਤੋਂ ਕਾਲ ਕਰਕੇ ਸੁਣ ਸਕਦੇ ਹੋ ਪੰਜਾਬੀ ਰੇਡੀਓ ਯੂਐਸਏ**
*ਹਫ਼ਤੇ ਦੇ ਸੱਤੇ ਦਿਨ 24 ਘੰਟੇ - ਸੁਣਨ ਲਈ ਕਾਲ ਕਰੋ ਜੀ*
**605.475.6868 • 832.551.5029**
ਹੋਰ ਜਾਣਕਾਰੀ ਲਈ 408.722.7698 • Email: info@punjabiradiousa.com • 3750 McKee Road, # B, San Jose CA 95127 • Listen LIVE www.punjabiradiousa.com

# ਰੋਮਨੀ ਦੇ ਸਵਾਲਾਂ ਅੱਗੇ ਓਬਾਮਾ ਹੋਇਆ ਲਾਜਵਾਬ





**ਵਾਸ਼ਿੰਗਟਨ:** ਰੀਪਬਲਿਕਨ ਮਿੱਟ ਰੋਮਨੀ ਨੇ ਰਾਸ਼ਟਰਪਤੀ ਦੇ ਅਹੁਦੇ ਲਈ ਦੋਵੇਂ ਉਮੀਦਵਾਰਾਂ ਵਿਚਾਲੇ ਹੋਈ ਪਹਿਲੀ ਆਹਮੋ-ਸਾਹਮਣੇ ਬਹਿਸ ਦੌਰਾਨ ਮੌਜੂਦਾ ਰਾਸ਼ਟਰਪਤੀ ਬਰਾਕ ਓਬਾਮਾ ਨੂੰ ਉਸ ਦੇ ਆਰਥਿਕਤਾ, ਸਿਹਤ ਸੰਭਾਲ, ਨੌਕਰੀਆਂ ਤੇ ਵਿੱਤੀ ਘਾਟੇ ਬਾਰੇ ਟਰੈਕ ਰਿਕਾਰਡ 'ਤੇ ਲਾਜਵਾਬ ਕਰ ਦਿੱਤਾ। ਪਿਛਲੇ ਸਮੇਂ ਦੌਰਾਨ ਓਬਾਮਾ ਨੇ ਵਿੱਤੀ ਘਾਟਾ ਘੱਟ ਕਰਨ ਤੇ ਆਪਣੀਆਂ ਪ੍ਰਾਪਤੀਆਂ 'ਤੇ ਜ਼ੋਰ ਦਿੱਤਾ।

ਤਿੰਨ ਬਹਿਸਾਂ 'ਚੋਂ ਪਹਿਲੀ ਵਿਚ 65 ਸਾਲਾ ਰੋਮਨੀ ਨੇ 51 ਸਾਲਾ ਓਬਾਮਾ ਨੂੰ ਸਿੱਧੇ ਹੱਥੀਂ ਲੈਂਦਿਆਂ ਆਪਣਾ ਮਜ਼ਬੂਤ ਪੱਖ ਪੇਸ਼ ਕੀਤਾ ਤੇ ਦੋਸ਼ ਲਾਏ ਕਿ ਉਹ ਵੱਡੇ ਮੰਦੇ ਮਗਰੋਂ ਦੇਸ਼ ਨੂੰ ਸਭ ਤੋਂ ਵੱਡੇ ਆਰਥਿਕ ਸੰਕਟ ਵਿਚੋਂ ਕੱਢਣ ਵਿਚ ਅਸਫਲ ਰਹੇ। 90 ਮਿੰਟ ਦੀ ਪ੍ਰਾਈਮ ਟਾਈਮ ਬਹਿਸ ਨੂੰ ਆਨਲਾਈਨ ਸਨਸਨੀ ਵਜੋਂ ਦੇਖਿਆ ਗਿਆ ਤੇ ਟੀ.ਵੀ. ਚੈਨਲ ਦਾਅਵਾ ਕਰ ਰਹੇ ਸਨ ਕਿ ਰਿਕਾਰਡ ਗਿਣਤੀ ਦਰਸ਼ਕਾਂ ਨੇ ਇਹ ਸਾਰਾ ਪ੍ਰੋਗਰਾਮ ਦੇਖਿਆ। ਫੌਰੀ ਮਗਰੋਂ ਸੀ.ਐਨ.ਐਨ. ਤੇ ਸੀ.ਬੀ.ਐਸ. ਦੀਆਂ ਸਰਵੇ ਚੋਣਾਂ ਨੇ ਰੋਮਨੀ ਨੂੰ ਜੇਤੂ ਐਲਾਨ ਦਿੱਤਾ। ਰੋਮਨੀ ਨੂੰ 67 ਫੀਸਦੀ ਰਜਿਸਟਰਡ ਵੋਟਰਾਂ ਨੇ ਵੋਟ ਦਿੱਤੀ ਤੇ ਓਬਾਮਾ ਨੂੰ ਸਿਰਫ 25 ਫੀਸਦੀ ਨੇ ਹੁੰਗਾਰਾ ਭਰਿਆ। ਇਸ ਬਹਿਸ 'ਚ ਰੋਮਨੀ ਆਪਣੇ ਹਮਲਾਵਰ ਰੁਖ਼ ਸਦਕਾ ਆਪਣੀ ਪੁਜ਼ੀਸ਼ਨ ਕਾਫੀ

**ਰੋਮਨੀ ਦੇ ਹੱਕ 'ਚ 67 ਫੀਸਦੀ ਵੋਟਿੰਗ**

ਮਜ਼ਬੂਤ ਕਰ ਗਏ ਹਨ। 1960 ਤੋਂ ਅਮਰੀਕਾ 'ਚ ਰਾਸ਼ਟਰਪਤੀ ਦੀ ਚੋਣ ਤੋਂ ਪਹਿਲਾਂ ਦੋਵਾਂ ਦੀ ਆਹਮੋ-ਸਾਹਮਣੇ ਬਹਿਸ ਕਰਾਈ ਜਾਂਦੀ ਹੈ ਜਿਸ ਤੋਂ ਇਹ ਜਾਨਣ ਦਾ ਮੌਕਾ ਲੱਗ ਜਾਂਦਾ ਹੈ ਕਿ ਅਗਲਾ ਰਾਸ਼ਟਰਪਤੀ ਕੌਣ ਹੋਵੇਗਾ।

ਇਸ ਚੋਣ ਮੁਤਾਬਕ ਬਹਿਸ 'ਚ ਹਰ ਮੁੱਦੇ 'ਤੇ ਰੋਮਨੀ ਜੇਤੂ ਬਣਕੇ ਉਭਰੇ। ਰੋਮਨੀ ਦਾ ਸਾਰਾ ਜ਼ੋਰ ਇਹ ਦੱਸਣ 'ਤੇ ਲੱਗਿਆ ਰਿਹਾ ਕਿ ਉਹ ਕਿਵੇਂ ਵੀ ਓਬਾਮਾ ਤੋਂ ਘੱਟ ਕੱਦਾਵਾਰ ਨਹੀਂ ਜਦਕਿ ਰਾਸ਼ਟਰਪਤੀ ਆਪਣੇ ਵਿਰੋਧੀ ਦੀਆਂ ਕੁਝ ਨੀਤੀਆਂ ਨੂੰ ਚੁਣੌਤੀ ਦੇਣ 'ਚ ਉੱਕਦੇ ਰਹੇ। ਸਿਆਸੀ ਵਿਸ਼ਲੇਸ਼ਣਕਾਰਾਂ ਮੁਤਾਬਕ ਇਸ ਲਈ ਸੰਭਾਵੀ ਕਾਰਨ ਇਹ ਸੀ ਕਿ ਰੋਮਨੀ ਨੇ ਬਹਿਸ 'ਚ ਆਪਣਾ ਸਾਰਾ ਧਿਆਨ ਨੌਕਰੀਆਂ ਦੇ ਮੌਕੇ ਪੈਦਾ ਕਰਨ 'ਤੇ ਕੇਂਦਰਤ ਕੀਤਾ ਹੋਇਆ ਸੀ ਤੇ ਓਬਾਮਾ ਨੇ ਘਾਟਾ ਪੂਰਨ ਦੇ ਮਾਮਲੇ 'ਤੇ ਜ਼ੋਰ ਦੇਈ ਰੱਖਿਆ।

ਆਪਣੀ ਚੋਣ ਮੁਹਿੰਮ 'ਚ ਓਬਾਮਾ ਤੋਂ ਰਤਾ ਕੁ ਪਿੱਛੇ ਚੱਲ ਰਹੇ ਮਿੱਟ ਰੋਮਨੀ ਨੇ ਬਹਿਸ ਮਗਰੋਂ ਆਪਣਾ ਆਧਾਰ ਮਜ਼ਬੂਤ ਕਰ ਲਿਆ। ਰੋਮਨੀ ਦਾ ਕਹਿਣਾ ਸੀ ਕਿ ਉਹ ਨੌਕਰੀਆਂ ਨੂੰ ਖ਼ਤਰੇ 'ਚ ਨਹੀਂ ਪਾਉਣਾ ਚਾਹੁੰਦਾ। ਦਰਾਂ 'ਚ ਕਟੌਤੀ ਕਰਕੇ ਉਹ ਵੱਧ ਨੌਕਰੀਆਂ ਪੈਦਾ ਕਰਨ ਦੇ ਹੱਕ 'ਚ ਹੈ। ਉਨ੍ਹਾਂ ਕਿਹਾ ਕਿ ਵਧੇਰੇ ਲੋਕਾਂ ਨੂੰ ਵਧੇਰੇ ਧਨ ਕਮਾਉਣ ਲਾ ਕੇ ਉਨ੍ਹਾਂ 'ਤੇ ਵੱਧ ਕਰ ਲਾਉਣ ਨਾਲੋਂ ਉਹ ਇਕ ਸੰਤੁਲਨ ਬਜਟ ਦੇ ਧਾਰਨੀ ਹਨ। ਰੋਮਨੀ ਨੇ ਕਮਜ਼ੋਰ ਆਰਥਿਕ ਵਾਧਾ ਦਰ ਤੇ 8.1 ਫੀਸਦੀ ਬੇਰੁਜ਼ਗਾਰੀ ਨੂੰ ਲੈ ਕੇ ਓਬਾਮਾ ਦੀ ਖਿਚਾਈ ਕੀਤੀ। ਵਾਰ-ਵਾਰ ਚੁੱਪ ਕਰਾਏ ਗਏ ਓਬਾਮਾ ਨੇ ਕਿਹਾ ਕਿ ਉਹ ਅਮਰੀਕਾ ਦੇ ਲੋਕਾਂ ਨੂੰ ਸਿਰਫ਼ ਇਹ ਕਹਿਣਗੇ ਕਿ ਇਤਿਹਾਸ ਤੇ ਆਮ ਸਮਝ ਇਹੋ ਕਹਿੰਦੀ ਹੈ ਕਿ ਨੌਕਰੀਆਂ ਪੈਦਾ ਕਰਨ ਦਾ ਕੋਈ ਪੱਕਾ ਫਾਰਮੂਲਾ ਜਾਂ ਢੰਗ ਤਰੀਕਾ ਨਹੀਂ ਹੈ।

# ਓਬਾਮਾ ਦਾ ਖਰਚਾ ਬਰਤਾਨਵੀ ਸ਼ਾਹੀ ਪਰਿਵਾਰ ਤੋਂ ਵੀ ਵੱਧ

**ਵਾਸ਼ਿੰਗਟਨ:** ਅਮਰੀਕਾ ਦੇ ਰਾਸ਼ਟਰਪਤੀ ਬਾਰਕ ਓਬਾਮਾ ਦੇ ਖਰਚ ਅੱਗੇ ਬਰਤਾਨੀਆ ਦੇ ਸ਼ਾਹੀ ਪਰਿਵਾਰ ਦਾ ਖਰਚਾ ਵੀ ਬੌਣਾ ਨਜ਼ਰ ਆਉਂਦਾ ਹੈ। ਓਬਾਮਾ ਪਰਿਵਾਰ ਦੀ ਸ਼ਾਹੀ ਜ਼ਿੰਦਗੀ 'ਤੇ ਕਰਦਾਤਾਵਾਂ ਦੇ ਅਰਬਾਂ ਡਾਲਰ ਲੁਟਾਏ ਜਾਂਦੇ ਹਨ। ਪਿੱਛੇ ਜਿਹੇ ਆਈ ਕਿਤਾਬ 'ਚ ਦਾਅਵਾ ਕੀਤਾ ਗਿਆ ਹੈ ਕਿ ਅਮਰੀਕਾ ਦੇ ਰਾਸ਼ਟਰਪਤੀ ਬਰਾਕ ਓਬਾਮਾ ਦੇ ਪਰਿਵਾਰ 'ਤੇ ਹਰ ਸਾਲਾ ਤਕਰੀਬਨ 1.4 ਅਰਬ ਡਾਲਰ ਖਰਚ ਹੁੰਦੇ ਹਨ।

**ਸਾਲਾਨਾ ਖਰਚਾ 1.4 ਅਰਬ ਡਾਲਰ ਤੋਂ ਵੱਧ**

ਰਾਬਰਟ ਕੈਥ ਗਰੇ ਨੇ ਆਪਣੀ ਕਿਤਾਬ 'ਪ੍ਰੈਜ਼ੀਡੈਂਸ਼ੀਅਲ ਪਰਕ ਗਾਨ ਰਾਇਲ' ਵਿਚ ਦੱਸਿਆ ਹੈ ਕਿ 2008 ਤੋਂ ਓਬਾਮਾ ਪਰਿਵਾਰ ਕ੍ਰਿਸਮਿਸ ਦੀਆਂ ਛੁੱਟੀਆਂ ਬਿਤਾਉਣ ਲਈ ਵੱਖ-ਵੱਖ ਥਾਂਵਾਂ 'ਤੇ ਜਾ ਰਿਹਾ ਹੈ। ਇਸ 'ਤੇ ਸਾਲਾਨਾ 40 ਲੱਖ ਡਾਲਰ ਦਾ ਖਰਚ ਆਉਂਦਾ ਹੈ। ਗਰੇ ਮੁਤਾਬਕ ਬ੍ਰਿਟੇਨ ਦੇ ਸ਼ਾਹੀ ਪਰਿਵਾਰ 'ਤੇ ਪਿਛਲੇ ਸਾਲ ਸਿਰਫ਼ 5.78 ਕਰੋੜ ਡਾਲਰ ਖਰਚ ਹੋਏ ਸਨ।

ਓਬਾਮਾ ਨੂੰ ਤਨਖ਼ਾਹ ਤੋਂ ਇਲਾਵਾ ਹਰ ਸਾਲ 50 ਹਜ਼ਾਰ ਡਾਲਰ ਮਿਲਦੇ ਹਨ। ਇਸ ਤੋਂ ਇਲਾਵਾ ਓਬਾਮਾ ਪਰਿਵਾਰ ਦਾ ਯਾਤਰਾ ਲਈ ਹਰ ਸਾਲ ਇਕ ਲੱਖ ਡਾਲਰ, ਮਨੋਰੰਜਨ ਲਈ 19 ਹਜ਼ਾਰ ਡਾਲਰ, ਸ਼ੈਫ 'ਤੇ ਤਕਰੀਬਨ 50 ਲੱਖ ਡਾਲਰ, ਕੁੱਤੇ 'ਬੋ' ਦੀ ਦੇਖਭਾਲ ਲਈ 1,02,000 ਡਾਲਰ ਖਰਚ ਆਉਂਦਾ ਹੈ। ਅਮਰੀਕੀ ਰਾਸ਼ਟਰਪਤੀ ਦੇ ਜਹਾਜ਼ ਏਅਰਫੋਰਸ ਵਨ 'ਚ ਕੁਲ 26 ਕਰਿਊ ਮੈਂਬਰ ਤੇ ਪੰਜ ਸ਼ੈਫ ਹਰ ਸਮੇਂ ਨਾਲ ਚੱਲਦੇ ਹਨ। ਵਾਈਟ ਹਾਊਸ 'ਚ ਇਕ ਥੀਏਟਰ ਹੈ। ਓਬਾਮਾ ਦਾ ਪਰਿਵਾਰ ਥੀਏਟਰ 'ਚ ਮੂਵੀ ਦੇਖਦਾ ਹੈ। ਮੂਵੀ ਵਿਖਾਉਣ ਲਈ ਪ੍ਰੋਜੈਕਟਰ ਚਲਾਉਣ ਵਾਲਾ 24 ਘੰਟੇ ਹਾਜ਼ਰ ਰਹਿੰਦਾ ਹੈ।

ਓਬਾਮਾ ਦੀ ਪਤਨੀ ਮਿਸ਼ੇਲ ਓਬਾਮਾ ਸਾਲ ਵਿਚ 42 ਦਿਨ ਛੁੱਟੀਆਂ 'ਤੇ ਰਹਿੰਦੀ ਹੈ। ਉਨ੍ਹਾਂ ਦੀ ਸੁਰੱਖਿਆ ਤੇ ਯਾਤਰਾ ਲਈ ਖਰਚ ਸਰਕਾਰ ਹੀ ਉਠਾਉਂਦੀ ਹੈ। ਅਮਰੀਕੀ ਰਾਸ਼ਟਰਪਤੀ ਸੈਨੇਟਾ ਦੀ ਆਗਿਆ ਲਏ ਬਿਨਾਂ ਹੀ ਉੱਚ ਦਰਜੇ ਵਾਲੇ ਸਟਾਫ਼ ਦੀ ਭਰਤੀ ਕਰ ਸਕਦਾ ਹੈ। ਓਬਾਮਾ ਦੇ ਕੋਲ ਫਿਲਹਾਲ 469 ਸੀਨੀਅਰ ਸਟਾਫਰ ਤੇ 43 ਜਾਰ ਹਨ।ਇਨ੍ਹਾਂ 'ਚੋਂ 226 ਨੂੰ ਸਾਲਾਨਾ ਇਕ ਲੱਖ ਡਾਲਰ ਦੀ ਤਨਖ਼ਾਹ ਮਿਲਦੀ ਹੈ ਜਦਕਿ 77 ਨੂੰ ਸਾਲਾਨਾ ਇਕ ਲੱਖ 71 ਹਜ਼ਾਰ ਤਨਖ਼ਾਹ ਦੇ ਰੂਪ 'ਚ ਮਿਲਦੇ ਹਨ। 2009 'ਚ ਕੈਮਪ ਡੇਵਿਡ ਵਿਚ ਓਬਾਮਾ ਦੇ ਪਰਿਵਾਰ ਤੇ ਮਹਿਮਾਨਾਂ ਦੀ ਸੇਵਾ 'ਚ ਲੱਗੇ ਮਿਲਟਰੀ ਪੈਰੋਲ 'ਤੇ ਅੱਠ ਕਰੋੜ ਡਾਲਰ ਖਰਚ ਹੋਏ।

# ਭਾਈ ਬਿੱਟੂ ਅਤੇ ਭਾਈ ਬੜਾਪਿੰਡ ਦੀ ਗ੍ਰਿਫਤਾਰੀ ਬਾਦਲਕਿਆਂ ਦੀ ਰਾਜਸੀ ਬਦਲਾਖੋਰੀ ਕਰਾਰ

**ਨਿਊ ਯਾਰਕ (ਪੰਜਾਬ ਟਾਈਮਜ਼ ਬਿਊਰੋ):** ਸਿੱਖ ਯੂਥ ਆਫ਼ ਅਮਰੀਕਾ ਨੇ ਪੰਜਾਬ ਪੁਲਿਸ ਵਲੋਂ ਸ੍ਰੋਮਣੀ ਅਕਾਲੀ ਦਲ (ਪੰਚ ਪ੍ਰਧਾਨੀ) ਦੇ ਮੁਖੀ ਭਾਈ ਕੁਲਬੀਰ ਸਿੰਘ ਬੜਾਪਿੰਡ ਅਤੇ ਸੁਪਰੀਮ ਕੌਂਸਲ ਦੇ ਮੁਖੀ ਭਾਈ ਦਲਜੀਤ ਸਿੰਘ ਬਿੱਟੂ ਨੂੰ ਗ੍ਰਿਫਤਾਰ ਕੀਤੇ ਜਾਣ ਨੂੰ ਅਕਾਲੀ ਦਲ (ਬਾਦਲ) ਵਲੋਂ ਕੀਤੀ ਜਾ ਰਹੀ 'ਰਾਜਸੀ ਬਦਲਾਖੋਰੀ' ਕਰਾਰ ਦਿੰਦਿਆਂ ਕਿਹਾ ਹੈ ਕਿ ਸਿੱਖ ਮਸਲਿਆਂ ਲਈ ਪੰਥਕ ਧਿਰਾਂ ਨਾਲ ਰਲ ਕੇ ਲੋਕ ਰਾਜੀ ਢੰਗ ਨਾਲ ਸਰਗਰਮੀਆਂ ਕਰ ਰਹੇ ਦੋਵਾਂ ਨੇਤਾਵਾਂ ਉਤੇ ਦੇਸ਼ ਧ੍ਰੋਹੀ ਅਤੇ ਹਿੰਸਾ ਦੇ ਬੇਸਿਰ ਪੈਰ ਦੋਸ਼ ਲਾਉਣੇ ਅਸਲ ਵਿਚ ਸਰਕਾਰ ਅਤੇ ਪੁਲਿਸ ਦੇ ਸਮਾਜ ਵਿਰੋਧੀ ਕਿਰਦਾਰ ਦੀ ਉਘੜਵੀਂ ਮਿਸਾਲ ਹੈ।

ਸ੍ਰੀ ਅਕਾਲ ਤਖਤ ਦੇ ਜਥੇਦਾਰ ਨੂੰ ਇਨ੍ਹਾਂ ਗ੍ਰਿਫਤਾਰੀਆਂ ਵਿਰੁਧ ਪੱਤਰ ਭੇਜਣ ਲਈ ਦਸਤਖਤੀ ਮੁਹਿੰਮ ਵਿੱਢਦਿਆਂ ਜਥੇਬੰਦੀ ਨੇ ਕਿਹਾ ਹੈ ਕਿ ਪੁਲਿਸ ਵਲੋਂ ਭਾਈ ਬਿੱਟੂ ਅਤੇ ਭਾਈ ਬੜਾਪਿੰਡ ਨੂੰ ਗ੍ਰਿਫਤਾਰ ਕਰਨ ਦੇ ਤਰੀਕੇ ਅਤੇ ਖ਼ਤਰਨਾਕ ਕਾਰਵਾਈਆਂ ਕਰਨ ਵਾਲੀ ਮਨਘੜਤ ਕਹਾਣੀ ਰਾਹੀਂ ਅਦਾਲਤ ਵਿਚੋਂ ਰਿਮਾਂਡ ਲੈਣਾ ਪਰ ਧਮਾਕਾਖੇਜ ਸਮੱਗਰੀ ਅਤੇ ਪਾਬੰਦੀਸ਼ੁਦਾ ਲਿਟਰੇਟਰ ਨੂੰ ਅਦਾਲਤ ਅੱਗੇ ਪੇਸ਼ ਨਾ ਕਰ ਸਕਣ ਤੋਂ ਕਿਸੇ ਨੂੰ ਕੋਈ ਸ਼ੱਕ ਬਾਕੀ ਨਹੀਂ ਰਹਿ ਜਾਂਦਾ ਕਿ ਇਹ ਸਭ ਕੁਝ ਝੂਠ ਦੇ ਪੁਲੰਦੇ ਤੋਂ ਸਿਵਾ ਕੁਝ ਵੀ ਨਹੀਂ। ਇਹ ਅਮਨ ਕਾਨੂੰਨ ਜਾਂ ਖਾੜਕੂਵਾਦ ਨਾਲ ਸਬੰਧਤ ਕੇਸ ਨਹੀਂ ਸਗੋਂ ਬਾਦਲਕਿਆਂ ਅਤੇ ਉਨ੍ਹਾਂ ਦੇ ਜਰਖਰੀਦ ਪੁਲਿਸ ਅਧਿਕਾਰੀਆਂ ਵਲੋਂ ਸਿੱਖ ਹੱਕਾਂ ਲਈ ਲੜਨ ਵਾਲਿਆਂ ਨੂੰ ਝੂਠੇ ਕੇਸਾਂ ਵਿਚ ਫਸਾ ਕੇ ਜ਼ੇਲ੍ਹਾਂ ਵਿਚ ਸੁੱਟਣ ਦੀ ਲੰਮੀ ਸਾਜ਼ਿਸ਼ ਦਾ ਹਿੱਸਾ ਹੈ।

ਸਿੱਖ ਯੂਥ ਆਫ਼ ਅਮਰੀਕਾ ਦੇ ਆਗੂ ਭਾਈ ਗੁਰਿੰਦਰ ਸਿੰਘ ਮਾਨਾ ਨੇ ਇਕ ਬਿਆਨ ਵਿਚ ਕਿਹਾ ਹੈ ਕਿ ਜਥੇਬੰਦੀ ਸਮਝਦੀ ਹੈ ਕਿ ਬਾਦਲ ਸਰਕਾਰ ਆਉਣ ਵਾਲੀਆਂ ਲੋਕ ਸਭਾ ਚੋਣਾਂ ਤੱਕ ਇਨ੍ਹਾਂ ਸਿੰਘਾਂ ਨੂੰ ਅੰਦਰ ਰਖੇਗੀ ਜਿਵੇਂ ਕਿ ਪਿਛਲੀਆਂ ਸ੍ਰੋਮਣੀ ਗੁਰਦੁਆਰਾ ਕਮੇਟੀ ਦੀ ਚੋਣਾਂ ਸਮੇਂ ਭਾਈ ਦਲਜੀਤ ਸਿੰਘ ਨੂੰ ਢਾਈ ਸਾਲ ਨਜਾਇਜ਼ ਜੇਲ੍ਹ ਡੱਕੀ ਰਖਿਆ ਸੀ।

ਭਾਈ ਮਾਨਾ ਨੇ ਪੰਜਾਬ ਪੁਲਿਸ ਦੀ ਕਰੜੀ ਨਿਖੇਧੀ ਕਰਦਿਆਂ ਕਿਹਾ ਕਿ ਭਾਈ ਦਲਜੀਤ ਸਿੰਘ ਵਲੋਂ ਆਪਣੀ ਪਤਨੀ ਨੂੰ ਜੇਲ੍ਹ ਵਿਚੋਂ ਲਿਖੀਆਂ ਚਿਠੀਆਂ ਉਸ ਦੇ ਹੀ ਸਾਹਮਣੇ ਬੈਠ ਕੇ ਪੜ੍ਹ ਕੇ ਸੁਣਾਈਆਂ। ਜਿਸ ਮੁਲਕ ਵਿਚ ਪੁਲਿਸ ਦਾ ਕਿਰਦਾਰ ਹੀ ਇੰਨਾ ਗਿਰ ਚੁੱਕਾ ਹੈ ਕਿ ਸਾਡਾ ਕੁੱਝ ਵੀ ਪ੍ਰਾਈਵੇਟ ਨਹੀਂ ਤਾਂ ਉਥੇ ਸਿੱਖਾਂ ਨੂੰ ਇਨਸਾਫ ਦੀ ਕੋਈ ਉਮੀਦ ਨਹੀਂ ਰੱਖਣੀ ਚਾਹੀਦੀ।

ਸਿੱਖ ਯੂਥ ਆਫ਼ ਅਮਰੀਕਾ ਨੇ ਅਕਾਲ ਤਖਤ ਦੇ ਜਥੇਦਾਰ ਨੂੰ ਅਪੀਲ ਕੀਤੀ ਹੈ ਕਿ ਇਸ ਦਮਨ ਚੱਕਰ ਨੂੰ ਠੱਲ ਪਾਉਣ ਅਤੇ ਪੰਚ ਪ੍ਰਧਾਨੀ ਦੇ ਦੋਵਾਂ ਆਗੂਆਂ ਦੀ ਰਿਹਾਈ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਨੂੰ ਹਦਾਇਤ ਜਾਰੀ ਕਰਨ।


Triple Transport Inc.

5938 S. 13th St., Milwaukee, WI 53221
Ph: 414-282-2363, Fax: 414-282-2370

ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ

ਮਿਲਵਾਕੀ, ਵਿਸਕਾਨਸਿਨ ਦੀ ਇਕ ਇੰਟਰਮੌਡਲ ਕੰਪਨੀ ਨੂੰ ਅਨੁਭਵੀ ਸੀ ਡੀ ਐਲ ਡਰਾਈਵਰ ਅਤੇ ਓਨਰ ਅਪਰੇਟਰ ਚਾਹੀਦੇ ਹਨ



ਚੰਗੀ ਤਨਖਾਹ, ਰੋਜ਼ਾਨਾ ਘਰ ਆ ਸਕਦੇ ਹੋ

WI, MN, Upper MI, IL, Intermodal Freight

ਸੰਪਰਕ ਕਰੋ: ਬੇਅੰਤ ਸਿੰਘ ਬੋਪਾਰਾਏ

ਫੋਨ 414-349-3449





ਪੰਜਾਬ ਟਾਈਮਜ਼ ਦਾ ਨਾਂ ਲਓ ਅਤੇ 50 ਮਿੰਟ ਮੁਫਤ ਲਓ

10 ਸਾਲਾਂ ਤੋਂ ਪੰਜਾਬੀ ਪਰਿਵਾਰਾਂ ਦੀ ਪਹਿਲੀ ਪਸੰਦ

AMANTEL.COM

$25 ਵਿਚ 3000 ਮਿੰਟ (50 ਘੰਟੇ)

ਘਰ ਦੇ ਫੋਨ ਅਤੇ ਸੈਲ ਫੋਨ ਲਈ ਇਕੋ ਰੇਟ

ਇਸ ਆਫਰ ਨੂੰ ਹੁਣੇ ਹੀ ਲੈਣ ਲਈ ਇਹ ਕੂਪਨ ਕੋਡ ਸਾਡੀ ਵੈਬਸਾਈਟ 'ਤੇ ਜਾ ਕੇ ਆਪਣੇ ਅਕਾਊਂਟ ਵਿਚ ਟਾਈਪ ਕਰੋ ਅਤੇ ਆਪਣੇ ਪਿਆਰਿਆਂ ਨਾਲ ਫੋਨ 'ਤੇ ਲੰਮੀਆਂ ਅਤੇ ਢੇਰ ਸਾਰੀਆਂ ਗੱਲਾਂ ਕਰੋ।

vaisakhi
Coupon Code

ਜਿੰਨੀ ਦੇਰ ਗੱਲਾਂ ਕਰੋਗੇ ਉਨੇ ਹੀ ਮਿੰਟ ਕੱਟੇ ਜਾਣਗੇ

24/7 Customer Service Available

Same rate for lanline and mobile.

ਟੋਲ ਫਰੀ ਨੰਬਰ 1-888-652-6268
732-983-4332/4333

ਪੰਜਾਬ ਟਾਈਮਜ਼

*ਸ਼ਨਿਚਰਵਾਰ, 13 ਅਕਤੂਬਰ 2012*

## ਪੰਜਾਬ ਦਾ ਉਜਾੜਾ

ਬਾਦਲ ਸਰਕਾਰ ਦੇ ਕਹਿਣ ਮੁਤਾਬਕ ਪੰਜਾਬ ਦਾ ਖਜ਼ਾਨਾ ਖਾਲੀ ਹੈ ਪਰ ਉਪ ਮੰਤਰੀ ਸੁਖਬੀਰ ਸਿੰਘ ਬਾਦਲ ਆਪਣੇ ਪੁਰਾਣੇ ਅਮੀਰ ਸਕੂਲ ਨੂੰ ਇਕ ਕਰੋੜ ਰੁਪਏ ਦੀ ਅਣਮੰਗੀ ਗ੍ਰਾਂਟ ਦੇ ਦਿੰਦਾ ਹੈ। ਸੂਬੇ ਦੇ ਸਰਕਾਰੀ ਸਕੂਲ ਅਧਿਆਪਕਾਂ ਅਤੇ ਸਹੂਲਤਾਂ ਬਾਝੋਂ ਬੁਰੇ ਹਾਲੀਂ ਹਨ; ਸਰਕਾਰੀ ਹਸਪਤਾਲਾਂ ਵਿਚ ਸਿਹਤ ਸਹੂਲਤਾਂ ਨਾ ਹੋਣ ਦੇ ਬਰਾਬਰ ਹਨ; ਹੋਰ ਸਰਕਾਰੀ ਅਦਾਰਿਆਂ ਦੇ ਵੀ ਮੰਦੜੇ ਹਾਲ ਹਨ; ਨਸ਼ਿਆਂ ਦੀ ਮਾਰ ਨੇ ਸੂਬੇ ਨੂੰ ਘਸਿਆਰਾ ਬਣਾ ਦਿੱਤਾ ਹੈ। ਇਸ ਸਭ ਦੇ ਬਾਵਜੂਦ ਹਾਕਮ ਧਿਰ ਨੂੰ ਕਿਸੇ ਦਾ ਕੋਈ ਫਿਕਰ ਹੈ। ਰਹਿੰਦੀ ਕਸਰ ਸੌੜੀ ਸਿਆਸੀ ਪਹੁੰਚ ਅਤੇ ਲੋਕਾਂ ਨੂੰ ਲੁੱਟਣ ਵਿਚ ਮਸਰੂਫ ਅਫ਼ਸਰਸ਼ਾਹੀ ਨੇ ਕੱਢ ਦਿੱਤੀ ਹੈ। ਇਸ ਦੀ ਤਾਜ਼ਾ ਮਿਸਾਲ ਸੇਵਾਮੁਕਤ ਫੌਜੀ ਅਫਸਰ ਕੁਲਦੀਪ ਸਿੰਘ ਬਰਾੜ ਜਿਸ ਨੇ ਓਪਰੇਸ਼ਨ ਬਲਿਊ ਸਟਾਰ ਵਿਚ ਮੋਹਰੀ ਹਿੱਸਾ ਲਿਆ ਸੀ, ਉਤੇ ਹੋਏ ਹਮਲੇ ਤੋਂ ਬਾਅਦ ਸ਼ੁਰੂ ਹੋਇਆ ਕੋਝਾ 'ਕਾਰੋਬਾਰ' ਹੈ। ਅਤਿਵਾਦ ਦਾ ਹਊਆ ਖੜ੍ਹਾ ਕਰ ਕੇ ਇਕ ਵਾਰ ਫਿਰ ਪੰਜਾਬ ਦੀ ਘੇਰਾਬੰਦੀ ਅਰੰਭ ਦਿੱਤੀ ਗਈ ਹੈ। ਇਸ ਹਮਲੇ ਤੋਂ ਪਹਿਲਾਂ ਪੰਜਾਬ ਵਿਚ ਕੁਝ ਖਾੜਕੂ ਆਗੂਆਂ ਦੀ ਫੜੋ-ਫੜੀ ਨੇ ਮਾਮਲਾ ਮੁਕੰਮਲ ਰੂਪ ਵਿਚ ਇਸ ਪਾਸੇ ਤੋਰ ਦਿੱਤਾ ਜਾਪਦਾ ਹੈ। ਇਸ ਮਾਮਲੇ ਵਿਚ ਮੀਡੀਆ ਦਾ ਰੋਲ ਸਭ ਤੋਂ ਵੱਧ ਸ਼ੱਕੀ ਰਿਹਾ ਹੈ। ਮਾਮਲੇ ਦੀ ਤਹਿਕੀਕਾਤ ਤੋਂ ਬਗੈਰ ਹੀ ਇਸ ਬਾਰੇ ਰਿਪੋਰਟਾਂ ਅਤੇ ਬਿਆਨ ਧੜਾ-ਧੜ ਨਸ਼ਰ ਕੀਤੇ ਜਾ ਰਹੇ ਹਨ। ਮੀਡੀਆ ਨੇ ਇਹੀ ਕੁਝ 1980ਵਿਆਂ ਵਿਚ ਕੀਤਾ ਸੀ ਜਦੋਂ ਸਿਆਸਤਦਾਨਾਂ ਦੀ ਨਾਲਾਇਕੀ ਕਾਰਨ ਪੰਜਾਬ ਬਲਦੀ ਦੇ ਬੁੱਥੇ ਪੈ ਗਿਆ ਸੀ। ਜਨਰਲ ਬਰਾੜ ਦੇ ਬਿਆਨ ਅਤੇ ਇੰਟਰਵਿਊ ਰਤਾ ਕੁ ਧਿਆਨ ਮੰਗਦੇ ਹਨ। ਇਹ ਬਿਆਨ ਕਿਸੇ ਜ਼ਿੰਮੇਵਾਰ ਫੌਜੀ ਅਫਸਰ ਨਾਲੋਂ ਕਿਸੇ ਸਿਆਸਤਦਾਨ ਦੇ ਵੱਧ ਜਾਪਦੇ ਹਨ; ਹਾਲਾਂਕਿ ਉਹ ਕਹਿ ਇਹੀ ਰਹੇ ਹਨ ਕਿ ਉਹ ਬਤੌਰ ਫੌਜੀ ਹੀ ਇਸ ਮਾਮਲੇ ਬਾਰੇ ਵਿਚਾਰ ਪ੍ਰਗਟ ਕਰ ਰਹੇ ਹਨ। ਓਪਰੇਸ਼ਨ ਬਲਿਊ ਸਟਾਰ ਬਾਰੇ ਦੋ ਦਹਾਕੇ ਪਹਿਲਾਂ ਲਿਖੀ ਕਿਤਾਬ ਵਿਚ ਵੀ ਉਹ ਇਹੀ ਦਾਅਵਾ ਕਰਦੇ ਹਨ ਪਰ ਇਹ ਮਸਲਾ ਇੰਨਾ ਸਾਧਾਰਨ ਨਹੀਂ। ਇੰਟੈਲੀਜੈਂਸ ਬਿਊਰੋ ਦੇ ਮੁਖੀ ਨਿਹਚਲ ਸਿੰਘ ਸੰਧੂ ਅਤੇ ਕੇਂਦਰ ਸਰਕਾਰ ਦੇ ਆਗੂ ਜਿਸ ਤਰ੍ਹਾਂ ਅੱਡੀਆਂ ਚੁੱਕ-ਚੁੱਕ ਕੇ ਪੰਜਾਬ ਵਿਚ ਅਤਿਵਾਦ ਬਾਰੇ ਖੁਲਾਸਾ ਕਰ ਰਹੇ ਹਨ, ਉਸ ਵਿਚ ਦਿਆਨਤਦਾਰੀ ਦਾ ਅੰਸ਼ ਉਕਾ ਹੀ ਗਾਇਬ ਹੈ।

ਪਿਛਲੇ ਤਿੰਨ ਦਹਾਕਿਆਂ ਦੀ ਬਹਿਸ ਅਤੇ ਪੁਣ-ਛਾਣ ਦੌਰਾਨ ਇਹ ਸਿੱਟਾ ਤਕਰੀਬਨ ਕੱਢਿਆ ਜਾ ਚੁੱਕਾ ਹੈ ਕਿ ਓਪਰੇਸ਼ਨ ਬਲਿਊ ਸਟਾਰ ਤੋਂ ਬਿਨਾਂ ਸਰ ਸਕਦਾ ਸੀ। ਲੋਕ ਇਹ ਗੱਲ ਵੀ ਭਲੀਭਾਂਤ ਸਮਝ ਚੁੱਕੇ ਹਨ ਕਿ ਸੰਤ ਜਰਨੈਲ ਸਿੰਘ ਭਿੰਡਰਾਂਵਾਲੇ ਵੱਲੋਂ ਅਕਾਲ ਤਖਤ ਸਾਹਿਬ ਨੂੰ ਲੜਾਈ ਦਾ ਅਖਾੜਾ ਬਣਾਉਣਾ ਵੀ ਉਤਨਾ ਹੀ ਚੱਕਵਾਂ ਫੈਸਲਾ ਸੀ। ਇਸ ਤਰ੍ਹਾਂ ਦੀ ਸਿੱਧੀ ਜੰਗ ਵਿਚ ਕੁੱਦਣਾ ਕਿਸੇ ਵੀ ਸੂਰਤ ਵਿਚ ਨਾ ਪੰਜਾਬ ਅਤੇ ਨਾ ਹੀ ਸਿੱਖਾਂ ਦੇ ਹਿਤ ਵਿਚ ਸੀ, ਪਰ ਹੁਣ ਇਕ ਵਾਰ ਫਿਰ ਆਪੋ-ਆਪਣੇ ਪੈਂਤੜੇ ਤੋਂ ਉਹੀ ਗੱਲਾਂ ਦੁਹਰਾਈਆਂ ਜਾ ਰਹੀਆਂ ਹਨ। ਰਤਾ ਕੁ ਗੌਖ ਕੇ ਦੇਖਿਆ ਜਾਵੇ ਤਾਂ ਇਹ ਉਹੀ ਪੈਂਤੜੇ ਹਨ ਜਿਨ੍ਹਾਂ ਦੀ ਜ਼ਿਦ ਕਰ ਕੇ ਉਦੋਂ ਹਾਲਾਤ ਕਾਬੂ ਤੋਂ ਬਾਹਰ ਹੋਏ। ਉਸ ਤੋਂ ਬਾਅਦ ਪੰਜਾਬ ਨੇ ਜੋ ਕੁਝ ਆਪਣੇ ਪਿੰਡੇ ਉਤੇ ਝੱਲਿਆ, ਉਹ ਇਥੇ ਦੁਹਰਾਉਣ ਦੀ ਲੋੜ ਨਹੀਂ। ਪੰਜਾਬ ਵਿਚ ਅਤਿਵਾਦ ਮੁੜ ਫੈਲਣ ਬਾਰੇ ਕੀਤੇ ਜਾ ਰਹੇ ਪ੍ਰਚਾਰ ਉਤੇ ਜੇ ਤਰਦੀ ਜਿਹੀ ਨਿਗ੍ਹਾ ਵੀ ਮਾਰੀਏ ਤਾਂ ਖੁਫੀਆ ਏਜੰਸੀਆਂ ਤੇ ਕੇਂਦਰ ਸਰਕਾਰ ਦੇ ਕੁਝ ਗੁਰਗਿਆਂ ਦੀ ਚਲਾਕੀ ਫੱਟ ਸਾਹਮਣੇ ਆ ਜਾਂਦੀ ਹੈ। ਪਿਛਲੇ ਡੇਢ-ਦੋ ਦਹਾਕਿਆਂ ਦੌਰਾਨ ਖਾੜਕੂਆਂ ਦੀ ਲੀਡਰਸ਼ਿਪ ਨੇ ਪੰਜਾਬ ਵਿਚ ਆਪਣਾ ਆਧਾਰ ਕਾਇਮ ਕਰਨ ਦਾ ਅੱਡੀ-ਚੋਟੀ ਦਾ ਜ਼ੋਰ ਲਾ ਲਿਆ। ਇਨ੍ਹਾਂ ਆਗੂਆਂ ਨੇ ਤੱਤੇ ਆਗੂ ਸਿਮਰਨਜੀਤ ਸਿੰਘ ਮਾਨ ਨਾਲ ਰਲ ਕੇ ਵੀ ਦੇਖ ਲਿਆ ਹੈ ਅਤੇ ਦਿੱਲੀ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਜਿਸ ਦੀਆਂ ਤਾਰਾਂ ਸਿੱਧੀਆਂ ਕਾਂਗਰਸ ਨਾਲ ਜੁੜੀਆਂ ਹੋਈਆਂ ਹਨ, ਨਾਲ ਮਿਲ ਕੇ ਚੱਲਣ ਦਾ ਹੀਲਾ ਵੀ ਕੀਤਾ ਪਰ ਇਨ੍ਹਾਂ ਆਗੂਆਂ ਦੀ ਪੰਜਾਬ ਦੇ ਸਿਆਸੀ ਪਿੜ ਵਿਚ ਦਾਲ ਨਹੀਂ ਗਲੀ। ਇਸ ਦਾ ਕਾਰਨ ਇਹੀ ਹੈ ਕਿ ਖਾੜਕੂ ਲੀਡਰਸ਼ਿਪ ਕੋਲ ਅਜੇ ਤੱਕ ਪੰਜਾਬ ਲਈ ਕੋਈ ਪ੍ਰੋਗਰਾਮ ਨਹੀਂ ਅਤੇ ਇਨ੍ਹਾਂ ਦੀ ਸਾਰੀ ਸਰਗਰਮੀ ਜਾਂ ਤਾਂ ਬਾਦਲਾਂ ਦੀ ਨਿੱਘਰੀ ਹੋਈ ਸਿਆਸਤ ਦੇ ਖਿਲਾਫ ਹੁੰਦੀ ਹੈ ਤੇ ਜਾਂ ਫਿਰ ਸਿਰਸੇ ਵਾਲੇ ਸਾਧ ਵਰਗਿਆਂ ਖਿਲਾਫ ਨਿਰੋਲ ਗੁੱਸੇ ਦਾ ਪ੍ਰਗਟਾਵਾ ਹੁੰਦਾ ਹੈ। ਇਸ ਤਰ੍ਹਾਂ ਦੀ ਪ੍ਰਤੀਕਿਰਿਆਵਾਦੀ ਸਿਆਸਤ ਨਾਲ ਮੌਕੇ 'ਤੇ ਮਾੜਾ-ਮੋਟਾ ਫਾਇਦਾ ਤਾਂ ਜ਼ਰੂਰ ਹੋ ਜਾਂਦਾ ਹੈ ਅਤੇ ਇਹ ਵੀ ਲਗਦਾ ਹੈ ਕਿ ਹਾਂ, ਕੋਈ ਧਿਰ ਤਾਂ ਲੜ ਰਹੀ ਹੈ, ਪਰ ਪਰਨਾਲਾ ਉਥੇ ਦਾ ਉਥੇ ਹੀ ਰਹਿੰਦਾ ਹੈ। ਆਖਰਕਾਰ ਕੁਝ ਦਿਨਾਂ ਦੇ ਰੌਲੇ ਪਿੱਛੋਂ ਮਸਲੇ ਨੇ ਸ਼ਾਂਤ ਹੋਣਾ ਹੀ ਹੁੰਦਾ ਹੈ। ਜ਼ਾਹਿਰ ਹੈ ਕਿ ਖਾੜਕੂ ਲੀਡਰਸ਼ਿਪ ਸਣੇ ਪੰਜਾਬ ਬਾਰੇ ਹਰ ਧਿਰ ਆਪੋ-ਆਪਣੇ ਹਿਸਾਬ ਨਾਲ ਲੋੜ ਮੁਤਾਬਕ ਸਰਗਰਮੀ ਕਰ ਰਹੀ ਹੈ। ਫਿਰ ਅਚਾਨਕ ਜਦੋਂ ਜਨਰਲ ਉਤੇ ਹਮਲੇ ਵਰਗੀ ਕੋਈ ਘਟਨਾ ਵਾਪਰਦੀ ਹੈ ਤਾਂ ਖੁਫੀਆ ਏਜੰਸੀਆਂ ਤੇ ਕੇਂਦਰ ਦੀ ਭਾਰੂ ਲੀਡਰਸ਼ਿਪ ਮਾਮਲੇ ਨੂੰ ਆਪਣੇ ਹਿਤਾਂ ਮੁਤਾਬਕ ਖਿੱਚ ਕੇ ਆਪਣੇ ਪਾਲੇ ਵਿਚ ਲਿਆ ਖਲਿਆਰਦੇ ਹਨ। ਫਿਰ ਰੱਜ ਕੇ ਇਸ ਦੀ ਵਰਤੋਂ-ਕੁਵਰਤੋਂ ਕੀਤੀ ਜਾਂਦੀ ਹੈ। ਪੰਜਾਬ ਲਈ ਦੁਖਦਾਈ ਗੱਲ ਇਹ ਹੈ ਕਿ ਕਿਸੇ ਵੀ ਧਿਰ ਦੀ ਲੀਡਰਸ਼ਿਪ ਇਸ ਚਲਾਕੀ ਨੂੰ ਜੜ੍ਹਾਂ ਤੋਂ ਫੜਨ ਵਿਚ ਅਸਮਰੱਥ ਹੀ ਰਹਿੰਦੀ ਹੈ। ਇਸ ਤੋਂ ਬਾਅਦ ਵੱਖ-ਵੱਖ ਧਿਰਾਂ ਦੀ ਸਰਗਰਮੀ ਸ਼ੁਰੂ ਹੋ ਜਾਂਦੀ ਹੈ ਜਾਂ ਕਹਿ ਲਓ ਕਿ ਗਤੀ ਫੜ ਜਾਂਦੀ ਹੈ। ਉਦੋਂ ਇਨ੍ਹਾਂ ਧਿਰਾਂ ਨੂੰ ਕੋਈ ਵੀ ਗੱਲ ਸੁਣਾਉਣੀ ਔਖੀ ਹੋ ਜਾਂਦੀ ਹੈ। ਇਹ ਧਿਰਾਂ ਸਗੋਂ ਆਪਣੀ 'ਲੜਾਈ' ਦਾ ਆਪਣਾ ਕੋਈ ਤਰਕ ਘੜ ਲੈਂਦੀਆਂ ਹਨ। ਇਸ ਘੁੰਮਣਘੇਰੀ ਵਿਚ ਫਸਿਆ ਪੰਜਾਬ ਅਜਿਹੀ ਲੀਡਰਸ਼ਿਪ ਦੀ ਤਲਾਸ਼ ਵਿਚ ਹੈ ਜੋ ਇਹਨੂੰ ਇਸ ਘੁੰਮਣਘੇਰੀ ਵਿਚੋਂ ਕੱਢਣ ਦਾ ਕੋਈ ਹੀਲਾ ਕਰੇ। ਪੰਜਾਬ ਦੀ ਅਗਲੀ ਪੁਲਾਂਘ ਦੀਆਂ ਤੰਦਾਂ ਇਸ ਜਾਨਦਾਰ ਲੀਡਰਸ਼ਿਪ ਦੀ ਆਮਦ ਨਾਲ ਜੁੜੀਆਂ ਹੋਈਆਂ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਮਾਪਿਆਂ ਦਾ ਪਛਤਾਵਾ!

ਅੱਖਾਂ ਮੀਟਦੇ ਫਰਜ਼ਾਂ ਤੋਂ ਰਹਿਣ ਮਾਪੇ, ਮਗਰੋਂ ਕੋਸਦੇ ਰੱਬ ਦੇ ਭਾਣਿਆਂ ਨੂੰ।
ਉਹਦਾ ਮੁੱਲ ਨਾ ਕੋਈ ਬੇ-ਅਰਥ ਜਾਣੋ, ਭਾਣਾ ਬੀਤੇ ਤੋਂ ਰੋਣਿਆਂ ਰਾਣਿਆਂ ਨੂੰ।
ਢਿੱਡੋਂ ਜਾਇਆਂ ਦੀ ਹੋਵੇ ਕਰਤੂਤ ਮਾੜੀ, ਸੋਧੇ ਕੌਣ ਫਿਰ ਵਿਗੜਿਆਂ ਲਾਣਿਆਂ ਨੂੰ।
ਮੁੱਢਾਂ ਉਪਰ ਹੀ ਡਾਲੇ ਹਮੇਸ਼ ਜਾਂਦੇ, ਮਿਹਣੇ ਵੱਜਦੇ ਤਾਹੀਂਓਂ ਘਰਾਣਿਆਂ ਨੂੰ।
ਲਿਫ ਕੇ ਚੱਲਣਾ ਪੈਂਦਾ ਔਲਾਦ ਅੱਗੇ, ਕਿਸੇ ਔਗੁਣ ਤੋਂ ਮਾਪਿਆਂ ਕਾਣਿਆਂ ਨੂੰ।
ਮਾਪੇ ਡਾਲਰਾਂ ਵਿਚ ਹੀ ਰਹੇ ਉਲਝੇ, ਆਉਣੀ ਮੱਤ ਸੀ ਕਿਵੇਂ ਨਿਆਣਿਆਂ ਨੂੰ!

# ਭਾਰਤੀ ਹੁਕਮਰਾਨ ਪ੍ਰਮਾਣੂ ਪਲਾਂਟ ਲਗਾਉਣ ਲਈ ਬਜ਼ਿੱਦ ਕਿਉਂ?


ਬੂਟਾ ਸਿੰਘ
ਫ਼ੋਨ:91-94634-74342

ਭਾਰਤ ਦੀ ਆਰਥਿਕ-ਸਮਾਜੀ ਜ਼ਿੰਦਗੀ ਦਾ ਕੋਈ ਖੇਤਰ ਐਸਾ ਨਹੀਂ ਹੈ ਜਿਥੇ ਆਲਮੀ ਕਾਰਪੋਰੇਟ ਸਰਮਾਏ ਲਈ ਕੰਮ ਕਰਨ ਵਾਲੀ ਹੁਕਮਰਾਨ ਜਮਾਤ ਅਤੇ ਮੁਲਕ ਦੇ ਅਵਾਮ ਦਰਮਿਆਨ ਤਿੱਖਾ ਟਕਰਾਅ ਨਹੀਂ ਚੱਲ ਰਿਹਾ। ਖੁੱਲ੍ਹੀ ਮੰਡੀ ਦੇ ਆਰਥਿਕ ਸਿਧਾਂਤ ਦੇ ਪੈਰੋਕਾਰ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਤੇ ਗ੍ਰਹਿ ਮੰਤਰੀ ਪੀ. ਚਿਦੰਬਰਮ ਵਰਗੇ ਹੁਕਮਰਾਨਾਂ ਦੀਆਂ ਨਜ਼ਰਾਂ 'ਚ ਹਰ ਚੀਜ਼ ਬਦੇਸ਼ੀ ਜਾਂ ਦੇਸੀ ਕਾਰਪੋਰੇਟ ਸਰਮਾਏਦਾਰੀ ਦੇ ਮੁਨਾਫ਼ੇ ਦਾ ਸਾਧਨ ਬਣਨੀ ਚਾਹੀਦੀ ਹੈ, ਚਾਹੇ ਇਸ ਲਈ ਮੁਲਕ ਨੂੰ ਕੋਈ ਵੀ ਕੀਮਤ ਕਿਉਂ ਨਾ ਚੁਕਾਉਣੀ ਪਵੇ। ਦੋ ਦਹਾਕੇ ਪਹਿਲਾਂ ਸੰਸਾਰ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਦੇ ਦਬਾਅ ਹੇਠ ਭਾਰਤੀ ਹੁਕਮਰਾਨਾਂ ਵਲੋਂ ਅਪਣਾਈਆਂ ਨਵ-ਉਦਾਰਵਾਦੀ ਨੀਤੀਆਂ ਦਾ ਕਹਿਰ ਇਸ ਵਕਤ ਸਿਖ਼ਰਾਂ 'ਤੇ ਹੈ; ਕਿਉਂਕਿ ਇਹ ਮੁਲਕ ਦੇ ਅਮੀਰ ਕੁਦਰਤੀ ਵਸੀਲਿਆਂ ਉੱਪਰ ਆਲਮੀ ਕਾਰਪੋਰੇਟ ਸਰਮਾਏਦਾਰੀ ਦੀ ਜਕੜ ਹੋਰ ਮਜ਼ਬੂਤ ਕਰਨ ਲਈ ਆਰਥਿਕਤਾ ਦੇ ਰਹਿੰਦੇ ਖੇਤਰ ਵੀ ਉਨ੍ਹਾਂ ਦੇ ਹਵਾਲੇ ਕਰਨ ਦਾ ਅਗਲਾ ਪੜਾਅ ਹੈ।

ਇਨ੍ਹਾਂ ਹੀ ਲੀਹਾਂ 'ਤੇ ਹੁਕਮਰਾਨਾਂ ਵਲੋਂ ਊਰਜਾ ਦੀ ਪੈਦਾਵਾਰ ਦੇ ਖੇਤਰ 'ਚ ਆਲਮੀ ਕਾਰਪੋਰੇਸ਼ਨਾਂ ਦੇ ਹਿੱਤਾਂ ਨੂੰ ਮੁੱਖ ਰੱਖ ਕੇ ਤਰ੍ਹਾਂ-ਤਰ੍ਹਾਂ ਦੇ ਪ੍ਰੋਜੈਕਟ ਮੁਲਕ ਉੱਪਰ ਥੋਪੇ ਜਾ ਰਹੇ ਹਨ। ਇਨ੍ਹਾਂ ਪ੍ਰੋਜੈਕਟਾਂ ਰਾਹੀਂ ਪੌਣ-ਪਾਣੀ ਦਾ ਕੁਦਰਤੀ ਤਵਾਜ਼ਨ ਤਾਂ ਬੁਰੀ ਤਰ੍ਹਾਂ ਵਿਗੜਦਾ ਹੀ ਹੈ, ਉਨ੍ਹਾਂ ਖੇਤਰਾਂ 'ਚ ਸਥਾਨਕ ਲੋਕਾਂ ਦਾ ਵੱਡੇ ਪੱਧਰ 'ਤੇ ਉਜਾੜਾ ਵੀ ਹੁੰਦਾ ਹੈ। ਪਹਿਲੇ ਪ੍ਰੋਜੈਕਟਾਂ ਦੇ ਤਲਖ਼ ਤਜਰਬਿਆਂ ਕਾਰਨ ਸਥਾਨਕ ਲੋਕ ਇਨ੍ਹਾਂ ਕਦਮਾਂ ਦਾ ਜ਼ੋਰਦਾਰ ਵਿਰੋਧ ਕਰਦੇ ਹਨ ਪਰ ਹੁਕਮਰਾਨ ਹਰ ਕੀਮਤ 'ਤੇ ਇਹ ਪ੍ਰੋਜੈਕਟ ਲਾਗੂ ਕਰਨ ਲਈ ਅੜੇ ਹੋਏ ਹਨ। ਅਵਾਮ ਦੇ ਵਿਰੋਧ ਨੂੰ ਸੁਭਾਵਿਕ, ਤਰਕਪੂਰਨ ਵਿਰੋਧ ਵਜੋਂ ਲੈਣ ਅਤੇ ਲੋਕਾਂ ਦੇ ਵਿਕਾਸ ਪ੍ਰੋਜੈਕਟਾਂ ਪ੍ਰਤੀ ਸਰੋਕਾਰ ਨੂੰ ਹਾਂਪੱਖੀ ਸਮਝਣ ਦੀ ਬਜਾਏ ਹੁਕਮਰਾਨ ਅਜਿਹੇ ਵਿਰੋਧ ਨੂੰ ਮੁਲਕ ਦੇ ਹਿੱਤਾਂ ਨਾਲ ਧ੍ਰੋਹ ਬਣਾ ਕੇ ਪੇਸ਼ ਕਰ ਰਹੇ ਹਨ। ਕੁਡਨਕੁਲਮ (ਤਾਮਿਲਨਾਡੂ) ਵਿਚ ਸਥਾਨਕ ਲੋਕ ਪ੍ਰਮਾਣੂ ਪਲਾਂਟ ਦਾ ਨੀਂਹ ਪੱਥਰ ਰੱਖਣ ਦੇ ਸਮੇਂ ਤੋਂ ਹੀ ਇਸ ਦਾ ਵਿਰੋਧ ਕਰ ਰਹੇ ਹਨ। ਇਹ ਸੰਘਰਸ਼ ਮਹਿਜ਼ ਸਥਾਨਕ ਲੋਕਾਂ ਦੇ ਹਿੱਤਾਂ ਲਈ ਅਤੇ ਉਨ੍ਹਾਂ ਦੇ ਉਜਾੜੇ ਤੇ ਤਬਾਹੀ ਨੂੰ ਰੋਕਣ ਲਈ ਨਹੀਂ, ਸਗੋਂ ਮੁਲਕ ਦੇ ਭਵਿੱਖ ਨੂੰ ਪ੍ਰਮਾਣੂ ਤਬਾਹੀ ਤੋਂ ਮਹਿਫੂਜ਼ ਰੱਖਣ ਦੀ ਵਿਆਪਕ ਲੜਾਈ ਹੈ। ਆਲਮੀ ਕਾਰਪੋਰੇਟ ਸਰਮਾਏਦਾਰੀ ਦੇ ਦਲਾਲ ਹੁਕਮਰਾਨਾਂ ਨੇ ਕੂੜ ਪ੍ਰਚਾਰ ਤੋਂ ਲੈ ਕੇ ਵਹਿਸ਼ੀ ਜਬਰ ਤੱਕ ਕੋਈ ਢੰਗ ਐਸਾ ਨਹੀਂ ਹੈ ਜੋ ਲੋਕਾਂ ਦੇ ਵਿਰੋਧ ਨੂੰ ਕੁਚਲਣ ਲਈ ਨਾ ਅਜ਼ਮਾਇਆ ਹੋਵੇ। ਮਛੇਰਿਆਂ ਦੇ ਪਿੰਡਾਂ ਨੂੰ ਪੁਲਿਸ ਨੇ ਘੇਰਾ ਪਾਇਆ ਹੋਇਆ ਹੈ, ਪਾਣੀ ਤੇ ਬਿਜਲੀ ਦੀ ਸਪਲਾਈ ਬੰਦ ਹੈ ਅਤੇ ਉਨ੍ਹਾਂ ਦੇ ਘਰ-ਬਾਰ ਢਾਹੇ ਤੇ ਤਬਾਹ ਕੀਤੇ ਜਾ ਰਹੇ ਹਨ। 10 ਸਤੰਬਰ ਵਾਲਾ ਪ੍ਰਦਰਸ਼ਨ ਕੁਚਲਣ ਲਈ ਪੁਲਿਸ ਵਲੋਂ ਸ਼ਾਂਤਮਈ ਵਿਖਾਵਾਕਾਰੀਆਂ ਉੱਪਰ ਲਾਠੀਆਂ ਅਤੇ ਅੱਥਰੂ ਗੈਸ ਦੇ ਗੋਲੇ ਸੁੱਟਣ ਵਾਲੇ ਹਥਿਆਰਾਂ ਨਾਲ ਲੈਸ ਹੋ ਕੇ ਜੰਗੀ ਹੱਲਾ ਬੋਲਿਆ ਗਿਆ। ਪੁਲਿਸ ਵਲੋਂ ਕਈ ਜਣਿਆਂ ਨੂੰ ਸਮੁੰਦਰ 'ਚ ਸੁੱਟ ਦਿੱਤਾ ਗਿਆ, ਔਰਤਾਂ ਨੂੰ ਬੇਇੱਜ਼ਤ ਕੀਤਾ ਗਿਆ, ਵੱਡੇ ਪੱਧਰ 'ਤੇ ਗ੍ਰਿਫ਼ਤਾਰੀਆਂ ਕੀਤੀਆਂ ਗਈਆਂ ਅਤੇ ਘਰਾਂ 'ਚ ਇਸ ਤਰ੍ਹਾਂ ਧਾੜਵੀਆਂ ਵਾਂਗ ਲੁੱਟਮਾਰ ਕੀਤੀ ਗਈ ਜਿਵੇਂ ਦੂਜੇ ਮੁਲਕ ਦੀਆਂ ਫ਼ੌਜਾਂ ਮੱਧਯੁਗ 'ਚ ਕਹਿਰ ਵਰਤਾਉਂਦੀਆਂ ਸਨ।

ਪਿੱਛੇ ਜਿਹੇ ਪ੍ਰਧਾਨ ਮੰਤਰੀ ਨੇ ਕਹਿ ਦਿੱਤਾ ਕਿ ਵਿਰੋਧ ਕਰਨ ਵਾਲੇ ਐੱਨ.ਜੀ.ਓ. (ਗੈਰ-ਸਰਕਾਰੀ ਜਥੇਬੰਦੀਆਂ) ਹਨ ਤੇ ਇਨ੍ਹਾਂ ਨੂੰ ਬਦੇਸ਼ਾਂ ਤੋਂ ਫੰਡ ਆਉਂਦੇ ਹਨ। ਫਿਰ ਇਕ ਕੇਂਦਰੀ ਮੰਤਰੀ ਨੇ ਇਸ ਸੰਘਰਸ਼ ਪਿੱਛੇ ਬਦੇਸ਼ੀ ਹੱਥ ਦਰਸਾਉਣ ਲਈ ਹੋਰ ਵੀ ਹਾਸੋਹੀਣੀ ਦਲੀਲ ਦਿੱਤੀ ਕਿ ਬਦੇਸ਼ੀ ਹੱਥ ਤੋਂ ਬਗੈਰ ਗਰੀਬ ਮਛੇਰਿਆਂ ਨੂੰ ਬਾਇਓਗੈਸ ਅਤੇ ਪ੍ਰਮਾਣੂ ਊਰਜਾ ਦਰਮਿਆਨ ਫ਼ਰਕ ਕਿਵੇਂ ਪਤਾ ਲੱਗ ਗਿਆ! ਪਰ ਜਾਗਰੂਕ ਹਿੱਸੇ ਮਨਮੋਹਨ ਸਿੰਘ ਹਕੂਮਤ ਦੀ ਦੇਸ਼ ਭਗਤੀ ਦੇ ਢੌਂਗ ਨੂੰ ਵੀ ਚੰਗੀ ਤਰ੍ਹਾਂ ਸਮਝਦੇ ਹਨ ਅਤੇ ਮੁਲਕ ਵਿਰੋਧੀ ਹਕੂਮਤੀ ਨੀਤੀਆਂ ਦੇ ਵਾਜਬ ਵਿਰੋਧ ਦੀ ਸਚਾਈ ਵੀ ਜਾਣਦੇ ਹਨ। ਇਸ ਕਰ ਕੇ ਹੁਕਮਰਾਨਾਂ ਦਾ ਕੋਈ ਵੀ ਢੰਗ ਅਵਾਮ ਦੇ ਵਿਆਪਕ ਵਿਰੋਧ ਨੂੰ ਦਬਾਉਣ 'ਚ ਕਾਮਯਾਬ ਨਹੀਂ ਹੋ ਰਿਹਾ। ਲੋਕ ਕਦੇ ਧਰਤੀ 'ਚ ਨਕਲੀ ਕਬਰਾਂ ਪੁੱਟ ਕੇ ਉਨ੍ਹਾਂ 'ਚ ਲੇਟ ਕੇ ਰੋਸ ਪ੍ਰਗਟਾਉਂਦੇ ਹਨ ਅਤੇ ਕਦੇ ਕਿਸ਼ਤੀਆਂ ਰਾਹੀਂ ਸਮੁੰਦਰੀ ਕੰਢੇ ਨੂੰ ਚੁਫੇਰਿਓਂ ਘੇਰਾ ਪਾਉਂਦੇ ਹਨ।

ਕੁਡਨਕੁਲਮ 'ਚ ਮੋਰਚੇ ਲਾਈ ਬੈਠੀਆਂ ਜਥੇਬੰਦੀਆਂ ਅਨੁਸਾਰ ਪ੍ਰਮਾਣੂ ਪਲਾਂਟ ਦਾ ਸ਼ਾਂਤਮਈ ਵਿਰੋਧ ਕਰ ਰਹੇ ਲੋਕਾਂ ਵਿਰੁੱਧ 109 ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ ਜਿਨ੍ਹਾਂ ਵਿਚ 55,795 ਲੋਕਾਂ ਨੂੰ ਮੁਕੱਦਮਿਆਂ 'ਚ ਸ਼ਾਮਲ ਕੀਤਾ ਗਿਆ ਹੈ। 3,600 ਲੋਕਾਂ ਖ਼ਿਲਾਫ਼ 'ਮੁਲਕ ਵਿਰੁੱਧ ਜੰਗ ਛੇੜਨ' ਦਾ ਦੋਸ਼ ਹੈ ਅਤੇ 3,200 ਹੋਰ ਲੋਕ ਦੇਸ਼-ਧ੍ਰੋਹ ਦੇ ਮੁਜਰਮ ਹਨ। ਇਹ ਉਸ ਭਾਰਤੀ ਸਟੇਟ ਦਾ ਫ਼ਰਤੀਲਾਪਣ ਹੈ ਜਿਸ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ, 1992 'ਚ ਬਾਬਰੀ ਮਸਜਿਦ ਢਾਹੇ ਜਾਣ ਜਾਂ ਗੁਜਰਾਤ 'ਚ ਮੁਸਲਮਾਨਾਂ ਦੇ ਕਤਲੇਆਮ ਵਰਗੇ ਹੌਲਨਾਕ ਸਾਕਿਆਂ ਸਬੰਧੀ ਕੇਸ ਦਰਜ ਕਰਨ ਲਈ ਕਦੇ ਵੀ ਇਸ ਕਦਰ ਸਰੋਕਾਰ ਨਹੀਂ ਦਿਖਾਇਆ। ਕੁਡਨਕੁਲਮ ਸਿਰਫ਼ ਇਕ ਮਿਸਾਲ



ਹੈ, ਅਜਿਹੇ ਜਮਹੂਰੀ ਵਿਰੋਧ ਦੇ ਦਮਨ ਦਾ ਦਾਇਰਾ ਬਹੁਤ ਵਸੀਹ ਹੈ। 28-29 ਸਤੰਬਰ ਨੂੰ ਮੁਲਕ ਦੇ ਕੋਨੇ-ਕੋਨੇ ਤੋਂ 30 ਦੇ ਕਰੀਬ ਜਥੇਬੰਦੀਆਂ ਨੇ ਰਾਜਧਾਨੀ ਦਿੱਲੀ ਵਿਚ ਲੋਕ ਅਦਾਲਤ ਲਾ ਕੇ ਦਲਿਤਾਂ, ਕਬਾਇਲੀਆਂ, ਕਿਸਾਨਾਂ, ਮੁਸਲਮਾਨਾਂ, ਬੁੱਧੀਜੀਵੀਆਂ, ਫਿਲਮਸਾਜ਼ਾਂ, ਕਲਾਕਾਰਾਂ, ਪੱਤਰਕਾਰਾਂ ਆਦਿ ਵਿਰੁੱਧ ਬਣਾਏ ਗਏ ਝੂਠੇ ਮੁਕੱਦਮਿਆਂ ਅਤੇ ਗ੍ਰਿਫ਼ਤਾਰੀਆਂ ਦੇ ਰੌਂਗਟੇ ਖੜ੍ਹੇ ਕਰਨ ਵਾਲੇ ਤੱਥ ਪੇਸ਼ ਕੀਤੇ ਹਨ।

ਕੁਡਨਕੁਲਮ ਦੇ ਲੋਕਾਂ ਦਾ ਕਸੂਰ ਸਿਰਫ਼ ਇਹ ਹੈ ਕਿ ਉਹ ਮੁਲਕ ਦੀਆਂ ਊਰਜਾ ਦੀਆਂ ਵਧ ਰਹੀਆਂ ਲੋੜਾਂ ਪੂਰੀਆਂ ਕਰਨ ਦੇ ਨਾਂ ਹੇਠ ਸਰਕਾਰ ਵਲੋਂ ਅਪਣਾਏ 'ਊਰਜਾ ਵਿਕਾਸ ਮਾਡਲ' ਨਾਲ ਸਹਿਮਤ ਨਹੀਂ। ਸ਼ੁਰੂ ਤੋਂ ਹੀ ਉਨ੍ਹਾਂ ਦੇ ਮਨਾਂ 'ਚ ਪ੍ਰਮਾਣੂ ਪਲਾਂਟਾਂ ਦੇ ਮਹਿਫੂਜ਼ ਨਾ ਹੋਣ ਬਾਰੇ ਖ਼ਦਸ਼ੇ ਹਨ। ਖ਼ਦਸ਼ੇ ਦੂਰ ਕਰਨ ਲਈ ਕਦੇ ਵੀ ਸੱਤਾ ਵਲੋਂ ਤਸੱਲੀਬਖ਼ਸ਼ ਅਤੇ ਜਮਹੂਰੀ ਅਮਲ ਅਖ਼ਤਿਆਰ ਨਹੀਂ ਕੀਤਾ ਗਿਆ। ਇਹ ਖ਼ਦਸ਼ੇ ਉਦੋਂ ਯਕੀਨ 'ਚ ਬਦਲ ਗਏ ਜਦੋਂ ਭਾਰਤ ਸਰਕਾਰ ਦੀ ਪ੍ਰਮਾਣੂ ਊਰਜਾ ਕਾਰਪੋਰੇਸ਼ਨ ਨੇ ਇਸ ਪਲਾਂਟ ਬਾਰੇ ਜਗ੍ਹਾ ਦੀ ਪੜਤਾਲ ਅਤੇ ਸੁਰੱਖਿਆ ਵਿਸ਼ਲੇਸ਼ਣ ਦੀਆਂ ਰਿਪੋਰਟਾਂ ਦੀ ਜਾਣਕਾਰੀ ਸਥਾਨਕ ਲੋਕਾਂ ਨਾਲ ਸਾਂਝੀਆਂ ਕਰਨ ਤੋਂ ਇਨਕਾਰ ਕਰ ਦਿੱਤਾ।

ਦੂਜੇ ਪਾਸੇ, 11 ਮਾਰਚ 2011 ਨੂੰ ਜਪਾਨ 'ਚ ਸੁਨਾਮੀ ਅਤੇ ਭੂਚਾਲ ਆਉਣ 'ਤੇ ਫੁਕੁਸ਼ਿਮਾ ਸਥਿਤ ਪ੍ਰਮਾਣੂ ਪਲਾਂਟ ਵਲੋਂ ਮਚਾਈ ਭਿਆਨਕ ਤਬਾਹੀ ਨਾਲ ਇਕ ਵਾਰ ਫਿਰ ਇਹ ਸਾਬਤ ਹੋ ਗਿਆ ਕਿ ਅਜਿਹੇ ਪਲਾਂਟ ਮਨੁੱਖਤਾ ਲਈ ਕਿਵੇਂ ਜਾਨਾਂ ਦਾ ਖੌਅ ਹਨ। ਜਪਾਨ ਦੀ ਹਕੂਮਤ ਭਾਵੇਂ ਇਸ ਤਬਾਹੀ ਤੋਂ ਬਾਅਦ ਜ਼ਮੀਨ ਅਤੇ ਸਮੁੰਦਰੀ ਪਾਣੀਆਂ 'ਚ ਛੱਡੇ ਰੇਡੀਓ ਐਕਟਿਵ ਤੱਤਾਂ ਦੀ ਮਾਤਰਾ ਅਤੇ ਭਿਆਨਕਤਾ ਉੱਪਰ ਪਰਦਾ ਪਾਉਣ ਲਈ ਪੂਰਾ ਜ਼ੋਰ ਲਗਾ ਰਹੀ ਹੈ ਪਰ ਤੱਥ ਦਰਸਾਉਂਦੇ ਹਨ ਕਿ 200 ਕਿਲੋਮੀਟਰ ਦੇ ਘੇਰੇ ਵਿਚ ਸਬਜ਼ੀਆਂ ਵਿਚ ਵੀ ਇਹ ਘਾਤਕ ਤੱਤ ਵੱਡੀ ਮਾਤਰਾ 'ਚ ਮੌਜੂਦ ਹਨ ਅਤੇ ਪੌਣ-ਪਾਣੀ ਨੂੰ ਇਨ੍ਹਾਂ ਘਾਤਕ ਅਸਰਾਂ ਤੋਂ ਮੁਕਤ ਹੋਣ ਲਈ ਕਈ ਦਹਾਕੇ ਲੱਗਣਗੇ। ਫਿਰ ਵੀ ਭਾਰਤੀ ਹੁਕਮਰਾਨ ਅਵਾਮ ਦੀਆਂ ਅੱਖਾਂ 'ਚ ਘੱਟਾ ਪਾਉਣ ਲਈ ਝੂਠ ਬੋਲ ਰਹੇ ਹਨ ਕਿ ਲਗਾਇਆ ਜਾ ਰਿਹਾ ਪ੍ਰਮਾਣੂ ਪਲਾਂਟ ਅਜਿਹੇ ਖ਼ਤਰਿਆਂ ਤੋਂ ਮਹਿਫ਼ੂਜ਼ ਹੈ। ਮਾਮਲੇ ਦਾ ਗੰਭੀਰ ਪਹਿਲੂ ਇਹ ਵੀ ਹੈ ਕਿ ਹੁਕਮਰਾਨ ਇਹ ਪਲਾਂਟ ਜਮਹੂਰੀ ਤਰੀਕੇ ਨਾਲ ਨਹੀਂ ਲਗਾ ਰਹੇ ਸਗੋਂ ਸਥਾਨਕ ਲੋਕਾਂ ਦੀ ਮਰਜੀ ਵਿਰੁੱਧ ਧੱਕੇ ਨਾਲ ਥੋਪ ਰਹੇ ਹਨ। ਉਹ ਵੀ ਉਦੋਂ ਜਦੋਂ ਜਰਮਨੀ, ਸਵਿਟਜ਼ਰਲੈਂਡ, ਇਟਲੀ, ਇੱਥੋਂ ਤੱਕ ਕਿ ਜਪਾਨ ਵਰਗੇ ਮੁਲਕ ਵੀ ਆਪਣੇ ਪ੍ਰਮਾਣੂ ਪਲਾਂਟਾਂ ਦੇ ਪ੍ਰੋਗਰਾਮ ਪੜਾਅਵਾਰ ਵਾਪਸ ਲੈ ਰਹੇ ਹਨ। ਫਰਾਂਸ ਜਿਸ ਦੀ ਬਿਜਲੀ ਦੀ 80 ਫ਼ੀ ਸਦੀ ਨਿਰਭਰਤਾ ਪ੍ਰਮਾਣੂ ਰਿਐਕਟਰਾਂ ਉੱਪਰ ਹੈ, ਦਾ ਇਹ ਨਿਰਭਰਤਾ 2025 ਤੱਕ 50 ਫ਼ੀ ਸਦੀ ਘਟਾਉਣ ਦਾ ਟੀਚਾ ਹੈ। ਚੇਤੇ ਰਹੇ ਕਿ ਫੁਕੁਸ਼ਿਮਾ ਕਾਂਡ ਤੋਂ ਪਹਿਲਾਂ ਹੀ ਆਲਮੀ ਪੱਧਰ 'ਤੇ ਪ੍ਰਮਾਣੂ ਊਰਜਾ ਉੱਪਰ ਟੇਕ ਘਟ ਗਈ ਸੀ। ਇਹ 17 ਫ਼ੀ ਸਦੀ ਤੋਂ ਘਟ ਕੇ 11 ਫ਼ੀ ਸਦੀ 'ਤੇ ਆ ਚੁੱਕੀ ਸੀ।

ਫੁਕੁਸ਼ਿਮਾ ਤੋਂ ਬਾਅਦ ਪ੍ਰਮਾਣੂ ਪਲਾਂਟਾਂ ਦੀ ਭਰੋਸੇਯੋਗਤਾ ਹੋਰ ਵੀ ਸ਼ੱਕੀ ਹੋ ਗਈ ਹੈ। ਪ੍ਰਮਾਣੂ ਸਾਜ਼ੋ-ਸਮਾਨ ਦੀ ਸਪਲਾਈ ਕਰਨ ਵਾਲੀ ਦੁਨੀਆਂ ਦੀ ਸਭ ਤੋਂ ਵੱਡੀ ਕੰਪਨੀ ਜਨਰਲ ਇਲੈਕਟ੍ਰਿਕ ਦਾ ਤਰਜਮਾਨ ਜੈੱਫ਼ ਇਮੈਲ ਕਹਿੰਦਾ ਹੈ ਕਿ ਪ੍ਰਮਾਣੂ ਊਰਜਾ ਨੂੰ ਸਹੀ ਠਹਿਰਾਉਣਾ 'ਸੱਚੀਓਂ ਹੀ ਮੁਸ਼ਕਲ ਕੰਮ' ਹੈ ਪਰ ਸ਼ਾਇਦ ਉਹ ਗਲਤ ਸੋਚਦਾ ਹੈ, ਮਨਮੋਹਨ ਸਿੰਘ ਵਰਗੇ ਹੁਕਮਰਾਨ ਇਸ ਨੂੰ ਸਹੀ ਠਹਿਰਾਉਣ 'ਚ ਕੋਈ ਮੁਸ਼ਕਿਲ ਮਹਿਸੂਸ ਨਹੀਂ ਕਰਦੇ।

ਇਨ੍ਹੀਂ ਦਿਨੀਂ ਨਸ਼ਰ ਹੋਈ ਇਕ ਹੋਰ ਅਹਿਮ ਰਿਪੋਰਟ ਨੇ ਭਾਰਤੀ ਹੁਕਮਰਾਨਾਂ ਦੀ ਇਮਾਨਦਾਰੀ ਉੱਪਰ ਇਕ ਸਵਾਲੀਆ ਚਿੰਨ੍ਹ ਹੋਰ ਲਗਾ ਦਿੱਤਾ ਹੈ। ਇੰਡੀਅਨ ਇੰਸਟੀਚਿਊਟ ਆਫ ਸਾਇੰਸ, ਬੰਗਲੌਰ ਦੇ ਦੋ ਪ੍ਰੋਫੈਸਰਾਂ ਦੇ ਇਕ ਅਧਿਐਨ ਜੋ 'ਕਰੰਟ ਸਾਇੰਸ ਜਰਨਲ' ਵਿਚ ਛਪਿਆ ਹੈ, ਅਨੁਸਾਰ ਮੁਲਕ ਦੀਆਂ ਬਿਜਲੀ ਜ਼ਰੂਰਤਾਂ ਮਹਿਜ਼ ਸੂਰਜੀ ਊਰਜਾ ਤੋਂ ਹੀ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ। ਇੰਸਟੀਚਿਊਟ ਦੇ ਵਾਤਾਵਰਣ ਤਬਦੀਲੀ ਦੇ ਦੀਵੇਚਾ ਸੈਂਟਰ ਵਿਚ ਕੰਮ ਕਰਦੇ ਦੋ ਖੋਜਕਾਰਾਂ ਨੇ ਇਸ ਦਲੀਲ ਨੂੰ ਰੱਦ ਕੀਤਾ ਹੈ ਕਿ ਸੂਰਜੀ ਊਰਜਾ ਪੈਦਾ ਕਰਨ ਲਈ ਭਾਰਤ ਕੋਲ ਰਕਬੇ ਦੀ ਘਾਟ ਹੈ (ਇਹ ਦਲੀਲ ਮੁਤਬਾਦਲ ਸੂਰਜੀ ਊਰਜਾ ਸਰੋਤ ਦੇ ਟਿਕਾਊ ਹੋਣ ਨੂੰ ਖਾਰਜ ਕਰਨ ਲਈ ਅਕਸਰ ਦਿੱਤੀ ਜਾਂਦੀ ਹੈ) ਅਤੇ ਇਹ ਤਰਜੀਹੀ ਬਦਲ ਨਹੀਂ ਹੈ। ਇੰਸਟੀਚਿਊਟ ਦੇ ਮੈਟੀਰੀਅਲ ਇੰਜੀਨੀਅਰਿੰਗ ਵਿਭਾਗ ਦੇ ਵਿਗਿਆਨੀ ਅਤੁਲ ਚੋਕਸੀ ਦਾ ਦਾਅਵਾ ਹੈ ਕਿ 4250 ਲੱਖ ਮਕਾਨਾਂ ਦੀਆਂ ਛੱਤਾਂ ਉਪਰ ਤਿੰਨ-ਤਿੰਨ ਕਿਲੋਵਾਟ ਦੇ ਸੂਰਜੀ ਪੈਨਲ ਲਾਉਣ ਨਾਲ 1900 ਟੈਰਾਵਾਟ-ਅਵਰ (1 ਟੀ.ਡਬਲਯੂ.ਐੱਚ.□114 ਮੈਗਾਵਾਟ) ਸਾਲਾਨਾ ਬਿਜਲੀ ਪੈਦਾ ਕੀਤੀ ਜਾ ਸਕਦੀ ਹੈ ਜੋ 2070 ਦੀਆਂ ਅੰਦਾਜ਼ਨ ਜ਼ਰੂਰਤਾਂ ਦੇ ਅੱਧ ਦੇ ਬਰਾਬਰ ਹੋਵੇਗੀ।

ਫਿਰ ਮਨਮੋਹਨ ਸਿੰਘ ਹਕੂਮਤ ਪ੍ਰਮਾਣੂ ਊਰਜਾ ਪਲਾਂਟ ਲਾਉਣ ਦੀ ਅੜੀ ਕਿਉਂ ਕਰ ਰਹੀ ਹੈ? ਇਸ ਦੀ ਵਜ੍ਹਾ ਮੁਲਕ ਦੇ ਨਿਜ਼ਾਮ ਵਲੋਂ ਅਖ਼ਤਿਆਰ ਕੀਤੀਆਂ ਕਾਰਪੋਰੇਟ ਪੱਖੀ ਨੀਤੀਆਂ 'ਚ ਪਈ ਹੈ ਜਿਨ੍ਹਾਂ ਦਾ ਮਕਸਦ ਕਾਰਪੋਰੇਟ ਮੁਨਾਫ਼ਿਆਂ ਨੂੰ ਜ਼ਰਬਾਂ ਦੇਣਾ ਹੈ। ਅਵਾਮ ਅਤੇ ਮੁਲਕ ਦੇ ਹਿੱਤ ਇਨ੍ਹਾਂ ਨੀਤੀਆਂ ਵਿਚੋਂ ਪੂਰੀ ਤਰ੍ਹਾਂ ਮਨਫ਼ੀ ਹਨ। ਜੇ ਮੁਲਕ ਅਤੇ ਅਵਾਮ ਦੇ ਸਰੋਕਾਰਾਂ ਨੂੰ ਮੁੱਖ ਰੱਖ ਕੇ ਸਹੀ ਨੀਤੀਆਂ ਅਖ਼ਤਿਆਰ ਕੀਤੀਆਂ ਜਾਂਦੀਆਂ ਹਨ ਤਾਂ ਜਨਰਲ ਇਲੈਕਟ੍ਰਿਕ ਵਰਗੀਆਂ ਬਹੁ-ਕੌਮੀ ਕਾਰਪੋਰੇਸ਼ਨਾਂ ਦੀ ਪ੍ਰਮਾਣੂ ਰਿਐਕਟਰ ਬਣਾਉਣ ਦੀ ਸਨਅਤ ਬੇਕਾਰ ਹੋ ਜਾਵੇਗੀ। ਉਨ੍ਹਾਂ ਦੇ ਮੁਨਾਫ਼ੇ ਅਤੇ ਸਰਮਾਏ ਦੇ ਹਿੱਤਾਂ ਨੂੰ ਭਾਰੀ ਧੱਕਾ ਲੱਗੇਗਾ। ਮਨਮੋਹਨ ਸਿੰਘ ਅਤੇ ਉਸ ਦੇ ਜੋਟੀਦਾਰਾਂ ਨੂੰ ਦਿਨ-ਰਾਤ ਇਸੇ ਦੀ ਚਿੰਤਾ ਵੱਢ-ਵੱਢ ਖਾਂਦੀ ਹੈ।

# ਵੰਡਾਂ ਤੇ ਜੰਗਾਂ ਪੰਜਾਬ ਦੀਆਂ ਜੜ੍ਹਾਂ 'ਚ ਬੈਠ ਗਈਆਂ!

***ਕਈਆਂ ਨੇ ਮਜ਼੍ਹਬ ਰਾਹੀਂ ਲੋਕਾਂ ਨੂੰ ਕੌਮ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਅਮਲ ਵਿਚ ਆ ਕੇ ਇਹ ਗੱਲ ਕੌਮ ਦੇ ਤਕਾਜ਼ਿਆਂ 'ਤੇ ਪੂਰੀ ਨਹੀਂ ਉਤਰੀ ਕਿਉਂਕਿ ਮਜ਼੍ਹਬ ਨੇ ਕੌਮਪ੍ਰਸਤੀ ਦੇ ਉਲਟ ਲੋਕਾਂ ਨੂੰ ਵੰਡਿਆ, ਉਨ੍ਹਾਂ ਵਿਚ ਨਫ਼ਰਤ ਫੈਲਾਈ, ਲੜਾਇਆ ਤੇ ਪਿਛਾਂਹ ਖਿੱਚਿਆ। ਪੱਛਮ ਵਿਚ ਮਜ਼੍ਹਬ ਤੇ ਕੌਮਪ੍ਰਸਤੀ ਦਾ ਲੰਮਾ ਘੋਲ ਹੋਇਆ ਜਿਸ ਵਿਚ ਲੋਕਾਂ ਨੇ ਮਜ਼੍ਹਬ ਨੂੰ ਛੱਡ ਕੇ ਸਾਇੰਸ, ਟੈਕਨਾਲੋਜੀ ਅਤੇ ਕੌਮਪ੍ਰਸਤੀ ਨੂੰ ਚੁਣ ਲਿਆ ਅਤੇ ਤਰੱਕੀ ਕਰਕੇ ਖੁਸ਼ਹਾਲੀ, ਅਮਨ, ਇਨਸਾਨੀ ਜਾਨ ਦੀ ਹਿਫਾਜ਼ਤ ਦੀ ਜ਼ਮਾਨਤ ਤੋਂ ਇਲਾਵਾ ਦੁਨੀਆਂ ਦੀ ਲੀਡਰੀ ਵੀ ਲੈ ਲਈ। ਕੌਮਪ੍ਰਸਤੀ ਇਕ ਤਾਕਤ ਹੈ ਜੋ ਕਿਸੇ ਡਿਗੀ ਪਈ ਕੌਮ ਨੂੰ ਵੀ ਸਿਖਰਾਂ 'ਤੇ ਲੈ ਜਾਂਦੀ ਹੈ ਪਰ ਜੇ ਇਹ ਬੇਲਗਾਮ ਹੋ ਜਾਵੇ ਤਾਂ ਇਨਸਾਨੀਅਤ ਨੂੰ ਤਹਿਸ-ਨਹਿਸ ਵੀ ਕਰ ਦਿੰਦੀ ਹੈ।***

ਮੈਂ ਜਦੋਂ ਕਦੇ ਵੀ ਪੂਰਬੀ ਜਾਂ ਪੱਛਮੀ ਪੰਜਾਬ ਜਾਂਦਾ ਹਾਂ ਤਾਂ ਹੋਰਨਾਂ ਲੋਕਾਂ ਤੋਂ ਵੱਖ ਮੇਰਾ ਵਾਹ ਖਾਂਦੇ-ਪੀਂਦੇ ਪੰਜਾਬੀਆਂ ਨਾਲ ਵੀ ਪੈਂਦਾ ਹੈ। ਉਹ ਮੈਨੂੰ ਪੰਜਾਬੀ ਨਹੀਂ, ਸਗੋਂ ਸਵੀਡਨ ਵਿਚ ਰਹਿੰਦਾ ਬੰਦਾ ਸਮਝਦੇ ਹਨ। ਉਨ੍ਹਾਂ ਦਾ ਮੇਰੇ ਨਾਲ ਖ਼ਾਸ ਵਤੀਰਾ ਹੁੰਦਾ ਹੈ।



ਜਸਟਿਸ ਸੱਯਦ ਆਸਿਫ ਸ਼ਾਹਕਾਰ

ਉਹ ਪੂਰਾ ਜ਼ੋਰ ਲਾ ਕੇ ਮੇਰੇ ਸਾਹਮਣੇ ਪੱਛਮੀ ਬੰਦਾ ਬਣਨ ਦੀ ਕੋਸ਼ਿਸ਼ ਕਰਨਗੇ, ਅੰਗਰੇਜ਼ੀ ਬੋਲਣਗੇ ਅਤੇ ਪੱਛਮ ਦੇ ਮਸ਼ਹੂਰ ਟ੍ਰੇਡ ਮਾਰਕ ਦੀਆਂ ਖ਼ਰੀਦੀਆਂ ਚੀਜ਼ਾਂ ਦਿਖਾਉਣਗੇ। ਜੇ ਉਨ੍ਹਾਂ ਵਿਚੋਂ ਕੋਈ ਪੱਛਮ ਦਾ ਫੇਰਾ ਮਾਰ ਕੇ ਗਿਆ ਹੋਵੇ ਤਾਂ ਉਹ ਮੇਰੇ ਨਾਲ ਆਪਣੇ ਫੇਰੇ ਦੀਆਂ ਗੱਲਾਂ ਕਰੇਗਾ। ਜੇ ਉਹ ਪੱਛਮ ਨਹੀਂ ਗਿਆ ਤਾਂ ਪਹਿਲਾਂ ਪੰਜਾਬ ਦੇ ਵਿਗੜੇ ਨਿਜ਼ਾਮ ਦਾ ਗਿਲਾ ਕਰੇਗਾ ਕਿ ਪੰਜਾਬ ਵਿਚ ਉਸ ਦਾ ਮੁਸਤਕਬਿਲ ਨਹੀਂ ਹੈ। ਫਿਰ ਉਹ ਪੱਛਮ ਜਾਣ ਦੇ ਆਪਣੇ ਸੁਫਨੇ ਦੀ ਗੱਲ ਕਰੇਗਾ। ਇਹ ਗੱਲਾਂ ਸਿਰਫ਼ ਇਹੋ ਗਰੁੱਪ ਨਹੀਂ ਕਰਦਾ, ਲੱਗਭਗ ਹਰ ਪੰਜਾਬੀ ਕਰਦਾ ਹੈ।

ਅੱਜ ਪੰਜਾਬੀਆਂ ਦੀ ਵੱਡੀ ਗਿਣਤੀ ਪੱਛਮ ਵਿਚ ਜਾ ਕੇ ਪੱਕੇ ਤੌਰ 'ਤੇ ਵਸਣਾ ਚਾਹੁੰਦੀ ਹੈ। ਉਨ੍ਹਾਂ ਦਾ ਇਹ ਸੁਫਨਾ ਦੇਖ ਕੇ ਮੈਨੂੰ ਬਹੁਤ ਦੁੱਖ ਹੁੰਦਾ ਹੈ ਕਿ ਇਹ ਅਜਿਹੀ ਬਦਕਿਸਮਤ ਕੌਮ ਹੈ ਜਿਸ ਨੇ ਪਹਿਲਾਂ ਆਪਣੇ ਮੁੱਢ ਅਤੇ ਪਛਾਣ ਨੂੰ ਤਿਆਗਿਆ ਤੇ ਹੁਣ ਇਸ ਮਿੱਟੀ ਨੂੰ ਵੀ ਤਿਆਗ ਰਹੀ ਹੈ।

ਅੰਕੜਿਆਂ ਮੁਤਾਬਿਕ ਇਨ੍ਹਾਂ ਤਿਆਗੀਆਂ ਦੀ ਕਤਾਰ ਵਿਚ ਪਹਿਲੇ ਨੰਬਰ 'ਤੇ ਸਿੱਖ, ਦੂਜੇ 'ਤੇ ਹਿੰਦੂ ਅਤੇ ਤੀਜੇ 'ਤੇ ਮੁਸਲਮਾਨ ਆਉਂਦੇ ਹਨ। ਸਿੱਖਾਂ ਨੇ ਪਹਿਲਾਂ ਤਖ਼ਤ ਲਾਹੌਰ ਅਤੇ ਆਪਣਾ ਮੱਕਾ-ਮਦੀਨਾ ਤਿਆਗਿਆ ਤੇ ਹੁਣ ਇਸ ਧਰਤੀ ਨੂੰ ਵੀ ਤਿਆਗ ਰਹੇ ਹਨ।


ਪਹਿਲਾਂ ਜਦੋਂ ਪੰਜਾਬੀ ਬਾਹਰ ਜਾਂਦਾ ਸੀ ਤਾਂ ਉਸ ਪਿੱਛੇ ਅਮੀਰ ਬਣਨ ਦੀ ਇੱਛਾ ਹੁੰਦੀ ਸੀ। ਉਹ ਪੈਸੇ ਕਮਾ ਕੇ ਲਿਆਉਂਦਾ, ਵੱਡੀਆਂ-ਵੱਡੀਆਂ ਕੋਠੀਆਂ ਬਣਾਉਂਦਾ, ਕਾਰਾਂ ਖ਼ਰੀਦਦਾ ਅਤੇ ਸ਼ਰੀਕਾਂ ਅੱਗੇ ਟੌਹਰ ਮਾਰਦਾ। ਫਿਰ ਵਕਤ ਨੇ ਪਲਟਾ ਖਾਧਾ ਤੇ ਪੰਜਾਬੀ ਇਹ ਕੋਠੀਆਂ ਇਥੇ ਹੀ ਛੱਡ ਕੇ ਪੱਕੇ ਤੌਰ 'ਤੇ ਬਾਹਰ ਜਾ ਕੇ ਵਸ ਗਿਆ। ਅੱਜ ਉਹ ਕੋਠੀਆਂ ਭਾਂ-ਭਾਂ ਕਰਦੀਆਂ ਵਿਹਲੀਆਂ ਪਈਆਂ ਹਨ। ਇਹ ਕੋਠੀਆਂ ਉਨ੍ਹਾਂ ਦੀ ਪੰਜਾਬੀਅਤ ਦੇ ਮਕਬਰੇ ਅਤੇ ਮੜ੍ਹੀਆਂ ਬਣ ਚੁੱਕੀਆਂ ਹਨ।

ਅੱਜ ਇਹ ਪੰਜਾਬੀ ਨਹੀਂ, ਸਗੋਂ ਤਿਆਗੀ ਬਣ ਗਿਆ ਹੈ। ਇਨ੍ਹਾਂ ਵਿਚੋਂ ਵੱਡਾ ਤਿਆਗੀ ਉਹ ਹੈ ਜੋ ਆਪਣੇ ਘਰ ਵਿਚ ਹੀ ਤਿਆਗੀ ਬਣ ਚੁੱਕਾ ਹੈ। ਇਸ ਵਿਚ ਵੱਡੀ ਗਿਣਤੀ ਹਿੰਦੂਆਂ ਤੇ ਮੁਸਲਮਾਨਾਂ ਦੀ ਹੈ ਜੋ ਆਪਣੀ ਮਾਂ ਬੋਲੀ, ਆਪਣਾ ਵਿਰਸਾ ਤੇ ਪਛਾਣ ਤਿਆਗ ਚੁੱਕੇ ਹਨ। ਇਹ ਉਹ ਕਮਜ਼ੋਰ, ਮੌਕਾਪ੍ਰਸਤ ਅਤੇ ਅਹਿਸਾਨ-ਕਮਤਰੀ ਦੇ ਮਾਰੇ ਲੋਕ ਹਨ ਜਿਨ੍ਹਾਂ ਨੇ ਹਾਲਾਤ ਦਾ ਡਟ ਕੇ ਮੁਕਾਬਲਾ ਕਰਨ ਦੀ ਥਾਂ ਜ਼ਿੰਦਗੀ ਨੂੰ 'ਫ਼ਰਾਰ' ਬਣਾ ਲਿਆ ਹੈ।

ਮੈਂ ਜਦੋਂ ਇਨ੍ਹਾਂ ਤਿਆਗੀਆਂ ਵਰਗੇ ਹੋਰ ਲੋਕ ਲੱਭਣ ਲਈ ਆਸੇ-ਪਾਸੇ ਨਜ਼ਰ ਮਾਰਦਾ ਹਾਂ ਤਾਂ ਮੇਰੀ ਨਜ਼ਰ ਜਾਪਾਨ, ਕੋਰੀਆ ਤੇ ਚੀਨ 'ਤੇ ਜਾ ਪੈਂਦੀ ਹੈ। ਜਾਪਾਨ ਬਹੁਤ ਸਾਲ ਦੁਨੀਆਂ ਦੀ ਦੂਜੀ ਵੱਡੀ ਇਕਾਨਮੀ (ਅਰਥਵਿਵਸਥਾ) ਰਿਹਾ ਤੇ ਨਾਲ ਹੀ ਸਾਇੰਸ ਅਤੇ ਤਕਨਾਲੋਜੀ ਵਿਚ ਆਗੂ ਵੀ। ਅੱਜ ਉਸ ਦੀ ਥਾਂ ਚੀਨ ਲੈ ਚੁੱਕਾ ਹੈ ਜੋ ਭਲਕ ਦਾ ਪਹਿਲੇ ਨੰਬਰ ਦਾ ਦੇਸ਼ ਬਣ ਰਿਹਾ ਹੈ। ਉਥੋਂ ਦੇ ਲੋਕ ਤਿਆਗੀ ਕਿਉਂ ਨਹੀਂ ਬਣੇ?

ਮੈਨੂੰ ਪੰਜਾਬੀਆਂ ਅਤੇ ਇਨ੍ਹਾਂ ਵਿਚ ਉਹੀ ਫ਼ਰਕ ਲੱਗਾ ਜੋ ਪੰਜਾਬੀ ਤੇ ਪੱਛਮੀ ਦੁਨੀਆਂ ਦੇ ਲੋਕਾਂ ਵਿਚ ਹੈ। ਇਹ ਨਹੀਂ ਕਿ ਇਹ ਲੋਕ 'ਆਰਡਰ' ਉਤੇ ਬਣ ਕੇ ਆਏ ਹਨ ਤੇ ਪੰਜਾਬੀ ਰੂੜੀ ਦਾ ਮਾਲ ਹੈ। ਪੰਜਾਬੀ ਬਤੌਰ ਇਨਸਾਨ ਇਨ੍ਹਾਂ ਨਾਲੋਂ ਕਿਸੇ ਪੱਖੋਂ ਵੀ ਘੱਟ ਨਹੀਂ ਹੈ ਪਰ ਫ਼ਰਕ ਸਿਰਫ਼ ਮੁੱਢਲੀ ਸੋਚ ਦਾ ਹੈ। ਇਹ ਮੁੱਢਲੀ ਸੋਚ ਸਾਇੰਸ, ਟੈਕਨਾਲੋਜੀ ਅਤੇ ਕੌਮਪ੍ਰਸਤੀ ਹੈ। ਜਦੋਂ ਮੈਂ ਵਾਰ-ਵਾਰ ਕੌਮਪ੍ਰਸਤੀ ਦੀ ਰਟ ਲਾਉਂਦਾ ਹਾਂ ਤਾਂ ਮੈਨੂੰ ਡਰ ਲੱਗਣ ਲੱਗ ਪੈਂਦਾ ਹੈ ਕਿ ਕਿੱਧਰੇ 'ਕੌਮਪ੍ਰਸਤੀ' ਮੇਰੀ ਛੇੜ ਹੀ ਨਾ ਬਣ ਜਾਵੇ ਪਰ ਮੇਰੀ ਮਜਬੂਰੀ ਇਹ ਹੈ ਕਿ ਮੈਨੂੰ ਇਸ ਲਫ਼ਜ਼ ਤੋਂ ਬਿਨਾਂ ਪੰਜਾਬੀਆਂ ਦੇ ਮਸਲਿਆਂ ਦੀ ਹੋਰ ਕੋਈ ਕੁੰਜੀ ਵੀ ਨਜ਼ਰ ਨਹੀਂ ਆਉਂਦੀ। ਕਦੇ-ਕਦੇ ਮੈਨੂੰ ਇਸ ਗੱਲ ਦਾ ਵੀ ਸ਼ੱਕ ਪੈਂਦਾ ਹੈ ਕਿ ਕਿਤੇ ਪੰਜਾਬੀਆਂ ਨੂੰ ਕੌਮਪ੍ਰਸਤੀ ਦਾ ਲਫ਼ਜ਼ ਸਮਝ ਵੀ ਲੱਗਾ ਹੈ ਜਾਂ ਨਹੀਂ?

***ਸਾਨੂੰ ਪੂਰੀ ਈਮਾਨਦਾਰੀ ਤੇ ਗੈਰ-ਜਾਨਿਬਦਾਰੀ ਨਾਲ ਪਰਖਣਾ ਪਵੇਗਾ ਕਿ ਪਿਛਲੇ 65 ਸਾਲਾਂ ਵਿਚ ਅਸੀਂ ਕੀ ਖੱਟਿਆ ਤੇ ਕੀ ਗੁਆਇਆ। ਇਸ ਪਰਖ ਦਾ ਨਤੀਜਾ ਕੋਈ ਰਾਜ਼ ਨਹੀਂ ਹੈ। ਸਾਨੂੰ ਇਸ ਗੱਲ ਦਾ ਚਾਨਣ ਹੈ ਕਿ ਅਸੀਂ ਕਿੰਨਾ ਪੰਜਾਬੀ ਮਰਵਾਇਆ, ਕਿੰਨੇ ਕਰੋੜ ਪੰਜਾਬੀ ਉੱਜੜਿਆ ਤੇ ਕਿੰਨੀ ਵਾਰ ਉੱਜੜਿਆ, ਕਿੰਨੇ ਖ਼ਰਬਾਂ ਦਾ ਨੁਕਸਾਨ ਕਰਵਾਇਆ? ਇਨ੍ਹਾਂ 65 ਸਾਲਾਂ ਵਿਚ ਅਸੀਂ ਅੱਗੇ ਆਏ ਹਾਂ ਜਾਂ ਪਿਛਾਂਹ ਜਾ ਰਹੇ ਹਾਂ? ਸਾਨੂੰ ਪੰਜਾਬ ਦੀ ਧਰਤੀ ਤੋਂ ਕੀ ਉਮੀਦਾਂ ਹਨ? ਸਾਨੂੰ ਇਹ ਵੀ ਪਤਾ ਹੈ ਕਿ ਸਾਡੀ ਬਰਬਾਦੀ ਦੀਆਂ ਜ਼ਿੰਮੇਵਾਰ 'ਵੰਡਾਂ' ਤੇ 'ਜੰਗਾਂ' ਹੀ ਹਨ। ਇਨ੍ਹਾਂ 'ਵੰਡਾਂ' ਤੇ 'ਜੰਗਾਂ' ਦੀ ਬੁਨਿਆਦ ਕੁਰੱਪਟ ਮਜ਼੍ਹਬ, ਕਬੀਲਿਆਂ ਦਾ ਨਿਜ਼ਾਮ, ਜਾਤ-ਪਾਤ, ਲਾਲਚ ਤੇ ਖ਼ੁਦਗਰਜ਼ੀ ਹੈ।***



ਕੌਮਪ੍ਰਸਤੀ ਹੈ ਕੀ? ਇਹ ਗੱਲ ਦੱਸਣ ਲਈ ਮੈਨੂੰ ਬਚਪਨ ਵਿਚ ਪੜ੍ਹੀ ਕਹਾਣੀ ਚੇਤੇ ਆ ਗਈ: ਇਕ ਕਿਸਾਨ ਦੇ ਕਈ ਪੁੱਤਰ ਸਨ। ਉਸ ਨੇ ਇਕ ਦਿਨ ਸਾਰਿਆਂ ਨੂੰ ਇਕੱਠੇ ਕੀਤਾ ਤੇ ਉਨ੍ਹਾਂ ਸਾਹਮਣੇ ਪਤਲੀਆਂ ਛਿਟੀਆਂ ਦਾ ਗੱਠਾ ਰੱਖ ਦਿੱਤਾ ਤੇ ਇਕ-ਇਕ ਨੂੰ ਬੁਲਾ ਕੇ ਕਹਿਣ ਲੱਗਾ ਕਿ ਇਸ ਗੱਠੇ ਨੂੰ ਤੋੜੋ। ਸਭ ਨੇ ਜ਼ੋਰ ਲਗਾਇਆ ਪਰ ਕੋਈ ਵੀ ਇਸ ਗੱਠੇ ਨੂੰ ਤੋੜ ਨਹੀਂ ਸਕਿਆ। ਫਿਰ ਕਿਸਾਨ ਨੇ ਗੱਠਾ ਖੋਲ੍ਹ ਦਿੱਤਾ ਤੇ ਕਹਿਣ ਲੱਗਾ ਕਿ ਇਕ-ਇਕ ਛਿਟੀ ਤੋੜੋ ਤਾਂ ਉਸ ਦੇ ਪੁੱਤਰਾਂ ਨੇ ਮਿੰਟ ਵਿਚ ਸਾਰੀਆਂ ਛਿਟੀਆਂ ਤੋੜ ਦਿੱਤੀਆਂ।

ਇਹ ਕਹਾਣੀ ਮੈਨੂੰ ਕੌਮਪ੍ਰਸਤੀ ਦੀ ਸ਼ਕਲ ਦਿਖਾਉਂਦੀ ਹੈ। ਕੌਮ ਕੀ ਹੈ? ਵੱਖੋ-ਵੱਖ ਸਿਆਣਿਆਂ ਨੇ ਇਸ ਨੂੰ ਆਪੋ-ਆਪਣੇ ਢੰਗ ਨਾਲ ਬਿਆਨ ਕੀਤਾ ਹੈ ਪਰ ਮੇਰੇ ਨੇੜੇ ਕੌਮ ਪਰਿਵਾਰ ਵਾਂਗ ਹੈ। ਜਿਵੇਂ ਪਰਿਵਾਰ ਦਾ ਮੁੱਢ, ਬੋਲੀ, ਇਤਿਹਾਸ, ਰਹਿਣ-ਸਹਿਣ, ਇਕ-ਦੂਜੇ ਨਾਲ ਜੁੜੇ ਮੁਫਾਦ ਅਤੇ ਰਹਿਣ ਦੀ ਥਾਂ ਸਾਂਝੀ ਹੈ, ਉਸੇ ਤਰ੍ਹਾਂ ਜੇ ਇਕ ਧਰਤੀ 'ਤੇ ਰਹਿੰਦੇ ਲੋਕਾਂ ਦਾ ਮੁੱਢ, ਬੋਲੀ, ਇਤਿਹਾਸ, ਰਹਿਣ-ਸਹਿਣ ਅਤੇ ਇਕ-ਦੂਜੇ ਨਾਲ ਜੁੜੇ ਮੁਫ਼ਾਦ ਸਾਂਝੇ ਹੋਣ ਤਾਂ ਇਸ ਨੂੰ ਕੌਮ ਆਖਿਆ ਜਾ ਸਕਦਾ ਹੈ। ਕੌਮਪ੍ਰਸਤੀ ਵੀ ਕੌਮ ਵਿਚੋਂ ਨਿਕਲੀ ਹੈ ਜੋ ਕਿਸਾਨ ਦੇ ਛਿਟੀਆਂ ਵਾਲੇ ਗੱਠੇ ਨੂੰ ਬੰਨ੍ਹਣ ਵਾਲੀ ਰੱਸੀ ਵਾਂਗ ਹੈ। ਕਿਸੇ ਸਿਆਣੇ ਨੇ ਕੌਮਪ੍ਰਸਤੀ ਨੂੰ ਇੰਜ ਬਿਆਨ ਕੀਤਾ ਹੈ:

"ਸਾਡਾ ਦਿਲ ਹਮੇਸ਼ਾ ਉਸ ਥਾਂ ਅਤੇ ਜ਼ਮੀਨ ਨੂੰ ਤਾਂਘਦਾ, ਪਿਆਰ ਕਰਦਾ ਹੈ ਜਿਸ ਜ਼ਮੀਨ 'ਤੇ ਅਸੀਂ ਪੰਘੂੜਾ ਝੂਟਿਆ ਹੁੰਦਾ ਹੈ, ਜਿਸ ਵਿਹੜੇ ਅਤੇ ਗਲੀਆਂ ਵਿਚ ਅਸੀਂ ਆਪਣੇ ਦਿਲਚਾਹੇ ਹਾਣੀਆਂ ਨਾਲ ਖੇਡੇ ਹੁੰਦੇ ਹਾਂ, ਜਿਥੇ ਅਸੀਂ ਆਪਣੀ ਮਾਂ ਤੋਂ ਗਾਲਾਂ/ਝਿੜਕਾਂ ਖਾਧੀਆਂ ਹੁੰਦੀਆਂ ਹਨ, ਜਿਸ ਮਿੱਟੀ ਵਿਚ ਸਾਡਾ ਅਤੇ ਸਾਡੇ ਬਜ਼ੁਰਗਾਂ ਦਾ ਪਸੀਨਾ ਡੁੱਲ੍ਹਿਆ ਹੁੰਦਾ ਹੈ, ਜਿਥੇ ਸਾਡੇ ਦਾਦਿਆਂ-ਪੜਦਾਦਿਆਂ ਦੀ ਮਿੱਟੀ ਪਈ ਹੈ, ਜਿਸ ਮਿੱਟੀ ਵਿਚੋਂ ਉੱਗਦੀਆਂ ਫਸਲਾਂ ਨੇ ਸਾਨੂੰ ਪਾਲਿਆ ਹੁੰਦਾ ਹੈ, ਜਿਥੇ ਸਾਡੇ ਸੁਫਨਿਆਂ, ਉਮੀਦਾਂ ਤੇ ਅਰਮਾਨਾਂ ਨੇ ਜਨਮ ਲਿਆ ਹੈ, ਉਸ ਧਰਤੀ ਨਾਲ ਪਿਆਰ ਹੋਣਾ ਲਾਜ਼ਮੀ ਹੈ। ਉਸ ਨਾਲ ਸਾਨੂੰ ਮੁਹੱਬਤ ਤਾਂ ਹੁੰਦੀ ਹੈ ਪਰ ਉਸ 'ਤੇ ਸਾਨੂੰ ਫਖ਼ਰ ਵੀ ਹੁੰਦਾ ਹੈ। ਇਸ ਤਰ੍ਹਾਂ ਹੀ ਸਾਡੇ ਪਿੰਡ ਦੇ, ਇਲਾਕੇ ਦੇ ਲੋਕ ਕਰਦੇ ਹਨ ਤੇ ਇਸ ਤਰ੍ਹਾਂ ਕੌਮਪ੍ਰਸਤੀ ਦਾ ਜਨਮ ਹੁੰਦਾ ਹੈ।"

ਇਹ ਇਕ ਨਿਜ਼ਾਮ ਜਾਂ ਜਜ਼ਬਾ ਹੈ ਜੋ ਲੋਕਾਂ ਨੂੰ ਜੋੜ ਕੇ ਮਜ਼ਬੂਤ ਕਰਦਾ ਹੈ। ਕਈ ਲੋਕਾਂ ਨੇ ਮਜ਼੍ਹਬ ਰਾਹੀਂ ਲੋਕਾਂ ਨੂੰ ਕੌਮ ਬਣਾਉਣ ਦੀ ਕੋਸ਼ਿਸ਼ ਕੀਤੀ ਪਰ ਅਮਲ ਵਿਚ ਆ ਕੇ ਇਹ ਗੱਲ ਕੌਮ ਦੇ ਤਕਾਜ਼ਿਆਂ 'ਤੇ ਪੂਰੀ ਨਹੀਂ ਉਤਰੀ ਕਿਉਂਕਿ ਮਜ਼੍ਹਬ ਨੇ ਕੌਮਪ੍ਰਸਤੀ ਦੇ ਉਲਟ ਲੋਕਾਂ ਨੂੰ ਵੰਡਿਆ, ਉਨ੍ਹਾਂ ਵਿਚ ਨਫ਼ਰਤ ਫੈਲਾਈ, ਲੜਾਇਆ ਤੇ ਪਿਛਾਂਹ ਖਿੱਚਿਆ। ਪੱਛਮ ਵਿਚ ਮਜ਼੍ਹਬ ਤੇ ਕੌਮਪ੍ਰਸਤੀ ਦਾ ਲੰਮਾ ਘੋਲ ਹੋਇਆ ਜਿਸ ਵਿਚ ਲੋਕਾਂ ਨੇ ਮਜ਼੍ਹਬ ਨੂੰ ਛੱਡ ਕੇ ਸਾਇੰਸ, ਟੈਕਨਾਲੋਜੀ ਅਤੇ ਕੌਮਪ੍ਰਸਤੀ ਨੂੰ ਚੁਣ ਲਿਆ ਅਤੇ ਤਰੱਕੀ ਕਰਕੇ ਖੁਸ਼ਹਾਲੀ, ਅਮਨ, ਇਨਸਾਨੀ ਜਾਨ ਦੀ ਹਿਫਾਜ਼ਤ ਦੀ ਜ਼ਮਾਨਤ ਤੋਂ ਇਲਾਵਾ ਦੁਨੀਆ ਦੀ ਲੀਡਰੀ ਵੀ ਲੈ ਲਈ।

ਕੌਮਪ੍ਰਸਤੀ ਇਕ ਤਾਕਤ ਹੈ ਜੋ ਕਿਸੇ ਡਿਗੀ ਪਈ ਕੌਮ ਨੂੰ ਵੀ ਸਿਖਰਾਂ 'ਤੇ ਲੈ ਜਾਂਦੀ ਹੈ ਪਰ ਜੇ ਇਹ ਬੇਲਗਾਮ ਹੋ ਜਾਵੇ ਤਾਂ ਇਨਸਾਨੀਅਤ ਨੂੰ ਤਹਿਸ-ਨਹਿਸ ਵੀ ਕਰ ਦਿੰਦੀ ਹੈ।

ਇਸ ਦੀਆਂ ਦੋਵੇਂ ਮਿਸਾਲਾਂ ਜਰਮਨੀ ਤੇ ਜਾਪਾਨ ਤੋਂ ਮਿਲਦੀਆਂ ਹਨ ਜਦੋਂ ਇਹ ਬੇਲਗਾਮ ਹੋਈ ਤੇ ਇਸ ਦੀ ਸ਼ਕਲ ਨਾਜ਼ੀਵਾਦ ਤੇ ਫਾਸ਼ੀਵਾਦ ਅਤੇ ਸਾਮਰਾਜ ਬਣੀ। ਦੂਜੀ ਵੱਡੀ ਜੰਗ ਮਗਰੋਂ ਜਦੋਂ ਜਰਮਨੀ ਤੇ ਜਾਪਾਨ ਹਾਰ ਕੇ ਜ਼ਮੀਨ 'ਤੇ ਜਾ ਡਿਗੇ ਤਾਂ ਇਸੇ ਕੌਮਪ੍ਰਸਤੀ ਨੇ ਉਨ੍ਹਾਂ ਨੂੰ ਚੁੱਕ ਕੇ ਮੁੜ ਪੈਰਾਂ 'ਤੇ ਖੜ੍ਹੇ ਕਰ ਦਿੱਤਾ। ਕੌਮਪ੍ਰਸਤੀ ਨੂੰ ਹਮੇਸ਼ਾ ਹਥਿਆਰ ਹੀ ਕੁਰਾਹੇ ਪਾਉਂਦਾ ਹੈ ਜੋ ਕਿਸੇ ਕੌਮ ਨੂੰ ਤਬਾਹ-ਬਰਬਾਦ ਕਰਦਾ ਹੈ।

ਇਸ ਦਾ ਸਬਕ ਜਰਮਨੀ ਤੇ ਜਾਪਾਨ ਨੇ ਸਿੱਖਿਆ ਹੈ ਜਿਨ੍ਹਾਂ ਦੀ ਫ਼ੌਜ ਹੁਣ ਨਾ ਹੋਣ ਦੇ ਬਰਾਬਰ ਹੈ। ਕੌਮਪ੍ਰਸਤੀ ਦੀ ਚੰਗੀ ਸੂਰਤ ਦੇਸ਼ ਪਿਆਰ ਹੈ ਪਰ ਇਹ ਦੇਸ਼ ਪਿਆਰ ਅਜਿਹਾ ਹੋਵੇਗਾ ਜੋ ਨਾ ਸਿਰਫ਼ ਆਪਣੇ ਦੇਸ਼ ਨੂੰ ਪਿਆਰ ਕਰੇ, ਸਗੋਂ ਦੂਜੇ ਦੇਸ਼ਾਂ ਨੂੰ ਵੀ ਪਿਆਰ ਕਰੇ। ਦੇਸ਼ ਕੋਈ ਨਕਸ਼ੇ ਨਹੀਂ ਹਨ, ਸਗੋਂ ਉਥੇ ਵੀ ਸਾਡੇ ਵਰਗੇ ਇਨਸਾਨ ਵਸਦੇ ਹਨ। ਹਰ ਸਿਆਣਾ ਬੰਦਾ ਅਤੇ ਸਿਆਣੀ ਕੌਮ ਮਾਜ਼ੀ ਵਿਚ ਕੀਤੇ ਫ਼ੈਸਲਿਆਂ ਦੇ ਨਤੀਜੇ ਪਰਖਦੇ ਰਹਿੰਦੇ ਹਨ। ਸਾਨੂੰ ਵੀ ਇਹ ਕਰਨਾ ਪਵੇਗਾ।

ਸਾਨੂੰ ਪੂਰੀ ਈਮਾਨਦਾਰੀ ਤੇ ਗੈਰ-ਜਾਨਿਬਦਾਰੀ ਨਾਲ ਪਰਖਣਾ ਪਵੇਗਾ ਕਿ ਪਿਛਲੇ 65 ਸਾਲਾਂ ਵਿਚ ਅਸੀਂ ਕੀ ਖੱਟਿਆ ਤੇ ਕੀ ਗੁਆਇਆ। ਇਸ ਪਰਖ ਦਾ ਨਤੀਜਾ ਕੋਈ ਰਾਜ਼ ਨਹੀਂ ਹੈ। ਸਾਨੂੰ ਇਸ ਗੱਲ ਦਾ ਚਾਨਣ ਹੈ ਕਿ ਅਸੀਂ ਕਿੰਨਾ ਪੰਜਾਬੀ ਮਰਵਾਇਆ, ਕਿੰਨੇ ਕਰੋੜ ਪੰਜਾਬੀ ਉੱਜੜਿਆ ਤੇ ਕਿੰਨੀ ਵਾਰ ਉੱਜੜਿਆ, ਕਿੰਨੇ ਖ਼ਰਬਾਂ ਦਾ ਨੁਕਸਾਨ ਕਰਵਾਇਆ? ਇਨ੍ਹਾਂ 65 ਸਾਲਾਂ ਵਿਚ ਅਸੀਂ ਅੱਗੇ ਆਏ ਹਾਂ ਜਾਂ ਪਿਛਾਂਹ ਜਾ ਰਹੇ ਹਾਂ? ਸਾਨੂੰ ਪੰਜਾਬ ਦੀ ਧਰਤੀ ਤੋਂ ਕੀ ਉਮੀਦਾਂ ਹਨ? ਸਾਨੂੰ ਇਹ ਵੀ ਪਤਾ ਹੈ ਕਿ ਸਾਡੀ ਬਰਬਾਦੀ ਦੀਆਂ ਜ਼ਿੰਮੇਵਾਰ 'ਵੰਡਾਂ' ਤੇ 'ਜੰਗਾਂ' ਹੀ ਹਨ। ਇਨ੍ਹਾਂ 'ਵੰਡਾਂ' ਤੇ 'ਜੰਗਾਂ' ਦੀ ਬੁਨਿਆਦ ਕੁਰੱਪਟ ਮਜ਼੍ਹਬ, ਕਬੀਲਿਆਂ ਦਾ ਨਿਜ਼ਾਮ, ਜਾਤ-ਪਾਤ, ਲਾਲਚ ਤੇ ਖ਼ੁਦਗਰਜ਼ੀ ਹੈ।

ਸਾਨੂੰ ਇਹ ਵੀ ਪਤਾ ਹੈ ਕਿ ਅਸੀਂ ਅੰਦਰੂਨੀ (ਘਰ ਬੈਠੇ) ਅਤੇ ਬਹਿਰੂਨੀ (ਬਾਹਰ ਭੱਜ ਗਏ) ਤਿਆਗੀ ਬਣ ਚੁੱਕੇ ਹਾਂ। ਘਰ ਬੈਠਾ ਤਿਆਗੀ ਆਪਣੇ ਸਾਰੇ ਵਤੀਰੇ ਕਾਰਨ ਕੌਮ ਦਾ ਦੁਸ਼ਮਣ ਬਣ ਚੁੱਕਾ ਹੈ। ਇਸ ਧਰਤੀ ਦੀ ਬੋਲੀ, ਇਤਿਹਾਸ, ਵਿਰਸੇ ਤੋਂ 'ਫ਼ਰਾਰ' ਇਸ ਕੌਮ ਨਾਲ ਨਫ਼ਰਤ ਦਾ ਸਬੂਤ ਹੈ। ਹਰ ਬੰਦਾ ਕੁਰੱਪਸ਼ਨ ਤੇ ਮੌਕਾਪ੍ਰਸਤੀ ਦਾ ਕਾਮਾ ਬਣ ਕੇ ਇਸ ਦੀਆਂ ਨੀਹਾਂ ਨੂੰ ਦਿਨੋ-ਦਿਨ ਕਮਜ਼ੋਰ ਕਰ ਰਿਹਾ ਹੈ। ਸਾਨੂੰ ਇਹ ਵੀ ਪਤਾ ਹੈ ਕਿ ਇਹ ਨਿਜ਼ਾਮ ਸਾਨੂੰ ਕਿੱਧਰ ਲਿਜਾ ਰਿਹਾ ਹੈ। ਇਸ ਦਾ ਖ਼ੁਲਾਸਾ ਇਤਿਹਾਸ ਹੈ ਜੋ ਦੱਸਦਾ ਹੈ ਕਿ ਇਸ ਰਾਹ 'ਤੇ ਤੁਰਨ ਵਾਲੀਆਂ ਕੌਮਾਂ ਹਮੇਸ਼ਾ ਬਰਬਾਦ ਹੋਈਆਂ ਹਨ।


ਇਹ ਫ਼ੈਸਲੇ ਦੀ ਘੜੀ ਹੈ ਤੇ ਸਾਨੂੰ ਹੁਣ ਇਕ ਰਾਹ ਚੁਣਨਾ ਪਵੇਗਾ-ਮੌਜੂਦਾ ਤਬਾਹੀ ਵਾਲਾ ਰਾਹ ਜਾਂ ਕੌਮਪ੍ਰਸਤੀ ਦੇ ਜ਼ਰੀਏ ਭਲਕ ਦੀ ਅਜ਼ੀਮ ਤੇ ਆਲੀਸ਼ਾਨ ਕੌਮ ਬਣਨ ਦਾ ਰਾਹ। ਇਹ ਰਾਹ ਚੁਣਨ ਲਈ ਸਾਨੂੰ ਆਪਣੇ ਗਿਰੇਬਾਨ ਵਿਚ ਝਾਕਣਾ ਪਵੇਗਾ ਕਿ ਅਸੀਂ ਕਿੰਨੇ ਕੁ ਹਿੰਦੂ, ਸਿੱਖ, ਮੁਸਲਮਾਨ ਤੇ ਇਸਾਈ ਹਾਂ। ਕੀ ਅਸੀਂ ਹਿੰਦੂ, ਸਿੱਖ, ਮੁਸਲਮਾਨ ਤੇ ਇਸਾਈ ਦੀ ਥਾਂ ਪੰਜਾਬੀ ਬਣ ਸਕਦੇ ਹਾਂ?

ਅਸੀਂ ਕਿੰਨੀਆਂ ਕੁ ਜਾਤਾਂ, ਗੋਤਾਂ ਤੇ ਕਬੀਲਿਆਂ ਦੇ ਨਿਜ਼ਾਮ ਵਿਚ ਫਸੇ ਹੋਏ ਹਾਂ? ਕੀ ਅਸੀਂ ਇਸ ਨਿਜ਼ਾਮ ਦੇ ਜਾਲ ਤੋਂ ਆਜ਼ਾਦ ਹੋ ਸਕਦੇ ਹਾਂ? ਕੀ ਅਸੀਂ ਆਪਣੇ-ਆਪ ਨੂੰ ਬਦਲ ਸਕਦੇ ਹਾਂ? ਜਦੋਂ ਇਕ ਵੀ ਪੰਜਾਬੀ ਆਪਣੇ-ਆਪ ਨੂੰ ਬਦਲਣ ਦਾ ਫ਼ੈਸਲਾ ਕਰ ਲਵੇਗਾ ਤਾਂ ਇਕ ਲਹਿਰ ਦਾ ਮੁੱਢ ਬੱਝ ਜਾਵੇਗਾ ਕਿਉਂਕਿ ਇਕ ਜੋਤ ਵੀ ਹਨੇਰੇ ਦੀ ਬੁੱਕਲ ਨੂੰ ਪਾੜ ਸੁੱਟਦੀ ਹੈ। ਫਿਰ ਇਕ ਜੋਤ ਨਾਲ ਦੂਜੀ ਜੋਤ ਜਗੇਗੀ ਤੇ ਇਕ ਦਿਨ ਹਰ ਪੰਜਾਬੀ ਇਕ ਜੋਤ ਬਣ ਜਾਵੇਗਾ ਅਤੇ ਪੰਜਾਬ ਦੀ ਧਰਤੀ ਕੌਮਪ੍ਰਸਤੀ ਦੀਆਂ ਕਰੋੜਾਂ ਜੋਤਾਂ ਨਾਲ ਜਗਮਗਾ ਉੱਠੇਗੀ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਉਹ ਕਿਹੜਾ ਪੰਜਾਬੀ ਹੈ ਜੋ ਪਹਿਲੀ ਜੋਤ ਹੈ?

# ਮਨਮੋਹਨ ਸਰਕਾਰ ਦੀ ਅਚਾਨਕ ਸਰਗਰਮੀ ਦੇ ਅਰਥ

ਭਾਰਤ ਦੀ ਕੇਂਦਰੀ ਕੈਬਨਿਟ ਵੱਲੋਂ ਪਿਛਲੇ ਕੁਝ ਸਮੇਂ ਵਿਚ ਲਿਆਂਦੀ ਐਲਾਨਾਂ ਦੀ ਹਨੇਰੀ ਇਹੀ ਦਰਸਾਉਂਦੀ ਹੈ ਕਿ ਸਰਕਾਰ ਡੂੰਘੀ ਨੀਂਦ ਵਿਚੋਂ ਜਾਗ ਪਈ ਹੈ। ਇਸ ਪਿੱਛੇ ਦੋ ਬਾਹਰੀ ਕਾਰਕ ਕੰਮ ਕਰਦੇ ਹਨ। ਇਕ ਹੈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਪੱਛਮੀ ਮੀਡੀਆ ਵੱਲੋਂ ਹੋਈ ਤਿੱਖੀ ਪਰ ਜਾਇਜ਼ ਆਲੋਚਨਾ। ਇਸ ਵਿਚ ਪੱਛਮੀ ਮੀਡੀਆ ਨੇ ਪ੍ਰਧਾਨ ਮੰਤਰੀ ਨੂੰ ਅਸਫ਼ਲ ਤੇ ਨਿਕੰਮਾ ਤੱਕ ਕਹਿ ਦਿੱਤਾ। ਦੂਜਾ ਕਾਰਨ ਇਹ ਸੀ ਕਿ ਦਰਜਾਬੰਦੀ ਬਾਰੇ ਪ੍ਰਭਾਵਸ਼ਾਲੀ ਏਜੰਸੀਆਂ ਵੱਲੋਂ ਵਿਕਾਸ ਦਰ ਦੇ ਮਾਮਲੇ ਵਿਚ ਭਾਰਤ ਦਾ ਦਰਜਾ ਘਟਾਉਣ ਨਾਲ ਖ਼ਤਰਾ ਪੈਦਾ ਹੋ ਗਿਆ ਸੀ। ਇਸ ਨਾਲ ਸਰਕਾਰ ਡਰ ਗਈ। ਇਸ ਤੋਂ ਇਲਾਵਾ ਹੁਣ ਵਿੱਤੀ ਘਾਟਾ ਵੀ ਹੱਦਾਂ ਟੱਪ ਰਿਹਾ ਹੈ। ਪ੍ਰਧਾਨ ਮੰਤਰੀ ਜੋ ਪ੍ਰਸ਼ਾਸਨਕ ਮਾਮਲਿਆਂ ਵਿਚ ਦਿਲਚਸਪੀ ਨਾ ਲੈਣ ਦੀ ਪਹੁੰਚ ਅਪਣਾ ਰਹੇ ਸਨ ਤੇ ਸਰਕਾਰ ਦੇ ਨਾਂ-ਮਾਤਰ ਮੁਖੀ ਸਨ, ਅਚਾਨਕ ਹਰਕਤ ਵਿਚ ਆ ਗਏ। ਇਸ ਤੋਂ ਇਲਾਵਾ, ਉਨ੍ਹਾਂ ਕੋਲ ਜਾਂ ਕਾਂਗਰਸ ਪਾਰਟੀ ਵਿਚ ਉਨ੍ਹਾਂ ਦੇ ਸਰਪ੍ਰਸਤਾਂ ਕੋਲ ਇਹ ਪ੍ਰਭਾਵ ਦੂਰ ਕਰਨ ਦਾ ਕੋਈ ਹੋਰ ਰਾਹ ਵੀ ਨਹੀਂ ਸੀ ਕਿਉਂਕਿ ਸਰਕਾਰ ਲਕਬੇ ਦੀ ਮਾਰ ਹੇਠ ਹੈ।



*ਡਾ. ਮਨਮੋਹਨ ਸਿੰਘ*

ਇਹ ਵੱਖਰੀ ਗੱਲ ਹੈ ਕਿ ਸਰਕਾਰ ਦੇ ਤਾਜ਼ਾ ਫ਼ੈਸਲੇ ਦਲਾਲ ਸਟਰੀਟ ਨੂੰ ਖੁਸ਼ ਕਰਨ ਲਈ ਕੀਤੇ ਗਏ ਸਮਝੇ ਜਾ ਰਹੇ ਹਨ। 'ਆਮ ਆਦਮੀ ਸਟਰੀਟ' ਨੂੰ ਇਨ੍ਹਾਂ ਦਾ ਕੋਈ ਫਾਇਦਾ ਨਹੀਂ। ਸ਼ੇਅਰ ਬਾਜ਼ਾਰ ਦੇ ਸੱਟੇਬਾਜ਼ਾਂ, ਕਾਰਪੋਰੇਟ ਸਰਗਣਿਆਂ, ਉੱਚੀ ਆਮਦਨ ਵਾਲੇ ਵਰਗਾਂ ਨੂੰ ਖੁਸ਼ ਰੱਖਣਾ ਚੰਗੀ ਚੋਣ ਰਣਨੀਤੀ ਭਾਵੇਂ ਨਾ ਹੋਵੇ ਪਰ ਇਸ ਨਾਲ ਘੱਟੋ-ਘੱਟ ਇਹ ਯਕੀਨੀ ਤਾਂ ਬਣਦਾ ਹੀ ਹੈ ਕਿ ਪ੍ਰਿੰਟ ਤੇ ਟੀ.ਵੀ. ਮੀਡੀਆ ਦਾ ਇਕ ਵੱਡਾ ਹਿੱਸਾ ਸਰਕਾਰ ਦੇ ਸੋਹਲੇ ਗਾਉਂਦਾ ਹੈ, ਕਿਉਂਕਿ ਇਸ ਹਿੱਸੇ ਨਾਲ ਸਬੰਧਤ ਮੀਡੀਆ ਮਾਲਕ ਵੀ ਇਸੇ ਜਮਾਤ ਦੇ ਹਿਤਾਂ ਦੀ ਨੁਮਾਇੰਦਗੀ ਕਰਦੇ ਹਨ।


ਸਭ ਤੋਂ ਅਜੀਬ ਗੱਲ ਇਹ ਹੈ ਕਿ ਹਾਲ ਹੀ ਵਿਚ ਸਰਕਾਰ ਵੱਲੋਂ ਕੀਤੇ ਗਏ ਧੂੰਆਂਧਾਰ ਆਰਥਿਕ ਫ਼ੈਸਲਿਆਂ ਵਿਚ ਅਜਿਹਾ ਕੁਝ ਨਹੀਂ ਹੈ ਜੋ ਸਿੱਧੇ ਤੌਰ 'ਤੇ ਆਮ ਆਦਮੀ ਦੇ ਹਿਤਾਂ ਦੇ ਅਨੁਕੂਲ ਹੋਵੇ। ਇਹ ਫ਼ੈਸਲੇ ਵਿਦੇਸ਼ੀ ਅਤੇ ਭਾਰਤੀ ਸਰਮਾਏਦਾਰਾਂ ਨੂੰ ਹੀ ਮੁਨਾਫ਼ਾ ਦਿੰਦੇ ਸਮਝੇ ਜਾ ਰਹੇ ਹਨ। ਡੀਜ਼ਲ ਦੀ ਕੀਮਤ ਵਿਚ ਵਾਧੇ ਅਤੇ ਪ੍ਰਤੀ ਮਹੀਨਾ ਰਸੋਈ ਗੈਸ ਦੇ ਸਿਲੰਡਰਾਂ ਵਿਚ ਕੀਤੀ ਗਈ ਕਟੌਤੀ ਪਿੱਛੇ ਜੋ ਮਰਜ਼ੀ ਆਰਥਿਕ ਦਲੀਲਾਂ ਦਿੱਤੀਆਂ ਜਾਣ ਪਰ ਇਸ ਨਾਲ ਆਮ ਆਦਮੀ ਦੇ ਬਜਟ ਨੂੰ ਬੇਹੱਦ ਧੱਕਾ ਲੱਗਾ ਹੈ। ਉਧਰ ਪ੍ਰਚੂਨ ਵਪਾਰ, ਬੀਮਾ ਤੇ ਪੈਨਸ਼ਨ ਦੇ ਖੇਤਰ ਵਿਚ ਜੋ ਸਿੱਧੇ ਵਿਦੇਸ਼ੀ ਨਿਵੇਸ਼ 'ਚ ਵਾਧੇ ਨੂੰ ਹਰੀ ਝੰਡੀ ਦਿੱਤੀ ਗਈ ਹੈ, ਉਸ ਦਾ ਅਰਥ ਇਹੀ ਨਿਕਲਦਾ ਹੈ ਕਿ ਸਰਕਾਰ ਸਰਮਾਏਦਾਰੀ ਨੂੰ ਫਾਇਦਾ ਪਹੁੰਚਾ ਰਹੀ ਹੈ, ਪਰ ਇਹ ਫ਼ੈਸਲਾ ਹੁਣ ਕਾਂਗਰਸੀ ਆਗੂਆਂ ਨੇ ਕਰਨਾ ਹੈ ਕਿ 'ਆਮ ਆਦਮੀ' ਦੇ ਹਿਤਾਂ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰਦਿਆਂ ਵਾਲ ਸਟਰੀਟ/ਦਲਾਲ ਸਟਰੀਟ ਦੇ ਹਿਤਾਂ ਨੂੰ ਸਾਧਣਾ ਕੋਈ ਸਿਆਣੀ ਰਣਨੀਤੀ ਹੈ ਜਾਂ ਨਹੀਂ।

ਕਾਂਗਰਸ ਪ੍ਰਧਾਨ ਬੀਬੀ ਸੋਨੀਆ ਗਾਂਧੀ ਪਹਿਲਾਂ ਕੌਮੀ ਸਲਾਹਕਾਰ ਕੌਂਸਲ ਵਿਚ ਝੋਲੇ ਵਾਲਿਆਂ ਦੀ ਪਿਛਲੱਗ ਬਣੇ ਰਹੇ ਹਨ, ਹੁਣ ਕੁਝ ਕਾਰਨਾਂ ਕਰ ਕੇ ਰਾਤੋ-ਰਾਤ ਡਾ. ਮਨਮੋਹਨ ਸਿੰਘ ਤੇ ਪੀ. ਚਿਦੰਬਰਮ ਦੇ ਨਵ-ਉਦਾਰਵਾਦ ਦੇ ਪੈਰੋਕਾਰ ਬਣ ਗਏ ਜਾਪਦੇ ਹਨ। ਅਸਲ ਵਿਚ ਉਨ੍ਹਾਂ ਦਾ ਮੁੱਖ ਸਰੋਕਾਰ ਆਪਣੀ ਪਰਿਵਾਰਕ ਇਜਾਰੇਦਾਰੀ ਕਾਇਮ ਰੱਖਣਾ ਹੀ ਹੈ।

**-ਵਰਿੰਦਰ ਕਪੂਰ**

# ਭ੍ਰਿਸ਼ਟਾਚਾਰ ਦੀ ਗੱਲ ਜਦੋਂ ਸੋਨੀਆ ਤੱਕ ਵੀ ਪਹੁੰਚ ਗਈ ਤਾਂ...

## ਸਿਆਸਤ ਦਾ ਪਿੜ



ਜਤਿੰਦਰ ਪਨੂੰ
ਫੋਨ: 91-98140-68455

***ਜਿਹੜੀਆਂ ਗੱਲਾਂ ਕੇਜਰੀਵਾਲ ਨੇ ਆਪਣੀ ਪਾਰਟੀ ਦੇ ਆਚਰਣ ਬਾਰੇ ਕਹੀਆਂ, ਉਹ ਸਾਡੇ ਲਈ ਅਸਲੋਂ ਨਵੀਂਆਂ ਨਹੀਂ। ਉਸ ਦੇ ਜਲਸੇ ਤੋਂ ਇੰਜ ਜਾਪਦਾ ਸੀ, ਜਿਵੇਂ ਇਹ ਦਿੱਲੀ ਦੀ ਬਜਾਏ ਪੰਜਾਬ ਦੇ ਪਿੰਡ ਖਟਕੜ ਕਲਾਂ ਵਿਚ ਹੋ ਰਿਹਾ ਹੋਵੇ ਤੇ ਭਾਸ਼ਣ ਦੇਣ ਵਾਲਾ ਵੀ ਅਰਵਿੰਦ ਕੇਜਰੀਵਾਲ ਨਹੀਂ, ਮਨਪ੍ਰੀਤ ਸਿੰਘ ਬਾਦਲ ਹੈ। ਮਨਪ੍ਰੀਤ ਬਾਦਲ ਨੇ ਵੀ ਕਿਹਾ ਸੀ ਕਿ ਉਸ ਦੀ ਪਾਰਟੀ ਜਿੱਤ ਗਈ ਤਾਂ ਲਾਲ-ਬੱਤੀ ਵਾਲਾ ਸੱਭਿਆਚਾਰ ਪੰਜਾਬ ਦੀ ਰਾਜਨੀਤੀ ਵਿਚ ਖਤਮ ਕਰ ਕੇ ਵਿਖਾ ਦੇਣਗੇ, ਤੇ ਇਹੋ ਗੱਲਾਂ ਅਰਵਿੰਦ ਕੇਜਰੀਵਾਲ ਕਹਿ ਰਿਹਾ ਸੀ। ਅਰਵਿੰਦ ਕੇਜਰੀਵਾਲ ਨੇ ਕਿਹਾ ਸੀ ਕਿ ਜਿਹੜੇ ਪ੍ਰਤੀਨਿਧ ਸਾਡੇ ਵਾਲੀ ਰਾਜਨੀਤੀ ਲੈ ਕੇ ਅੱਗੇ ਆਉਣਗੇ, ਉਹ ਸਰਕਾਰੀ ਕੋਠੀ ਤੇ ਸਰਕਾਰੀ ਕਾਰ ਵੀ ਨਹੀਂ ਲੈਣਗੇ, ਤੇ ਇਹੋ ਕੁਝ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਸੀ।***

ਅਰਵਿੰਦ ਕੇਜਰੀਵਾਲ ਨੇ ਜਦੋਂ ਇਹ ਕਿਹਾ ਕਿ ਉਹ ਇੱਕ ਨਵੀਂ ਪਾਰਟੀ ਬਣਾਵੇਗਾ, ਸਾਡੇ ਸਮੇਤ ਸਭਨਾਂ ਲਈ ਇਸ ਦਾ ਮਤਲਬ ਇਹੋ ਸੀ ਕਿ ਉਹ ਹੁਣ ਬਾਕੀ ਆਗੂਆਂ ਵਰਗਾ ਇੱਕ ਆਗੂ ਬਣਨ ਤੁਰ ਪਿਆ ਹੈ ਤੇ ਭ੍ਰਿਸ਼ਟਾਚਾਰ ਦੇ ਵਿਰੋਧ ਦਾ ਮੋਰਚਾ ਲਗਭਗ ਠੱਪ ਹੋ ਜਾਣਾ ਹੈ। ਜਿਸ ਬਜ਼ੁਰਗ ਸਮਾਜ ਸੇਵੀ ਅੰਨਾ ਹਜ਼ਾਰੇ ਦਾ ਬਾਲਕਾ ਬਣ ਕੇ ਉਹ ਮੈਦਾਨ ਵਿਚ ਨਿਤਰਿਆ ਸੀ, ਉਸ ਨੇ ਵੀ ਅਰਵਿੰਦ ਨਾਲੋਂ ਫਾਸਲਾ ਪਾਉਣਾ ਸ਼ੁਰੂ




*ਸੋਨੀਆ ਗਾਂਧੀ*

ਕਰ ਦਿੱਤਾ ਤੇ ਇਥੋਂ ਤੱਕ ਕਹਿ ਦਿੱਤਾ ਕਿ ਹੁਣ ਉਹ ਸਾਡਾ ਨਾਂ ਜਾਂ ਫੋਟੋ ਤੱਕ ਨਾ ਵਰਤੇ, ਕਿਉਂਕਿ ਦੋਵਾਂ ਦੇ ਰਸਤੇ ਵੱਖੋ-ਵੱਖ ਹੋ ਗਏ ਹਨ। ਕਿਰਨ ਬੇਦੀ ਉਸ ਨਾਲੋਂ ਪਹਿਲਾਂ ਹੀ ਫਾਸਲਾ ਪਾ ਚੁੱਕੀ ਸੀ, ਜਿਸ ਦੀ ਕਹਾਣੀ ਹੋਰਨਾਂ ਤੋਂ ਥੋੜ੍ਹੀ ਵੱਖਰੀ ਹੈ। ਉਸ ਨੇ ਵਖਰੇਵਾਂ ਇਸ ਲਈ ਜ਼ਾਹਰ ਕੀਤਾ ਕਿ ਅਰਵਿੰਦ ਨੇ ਪ੍ਰਧਾਨ ਮੰਤਰੀ ਮਨਮੋਹਨ ਸਿੰਘ ਅਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਨਾਲ ਭਾਜਪਾ ਪ੍ਰਧਾਨ ਨਿਤਿਨ ਗਡਕਰੀ ਦੇ ਘਰ ਅੱਗੇ ਧਰਨਾ ਲਾਉਣ ਦਾ ਐਲਾਨ ਕਰ ਦਿੱਤਾ ਸੀ, ਜਿਸ ਲਈ ਕਿਰਨ ਬੇਦੀ ਦਾ ਮਨ ਨਹੀਂ ਸੀ ਮੰਨਦਾ। ਬਹੁਤੇ ਲੋਕਾਂ ਦੀ ਰਾਏ ਇਹ ਸੀ ਕਿ ਕਿਰਨ ਬੇਦੀ ਭਾਜਪਾ ਵਾਲਿਆਂ ਵੱਲ ਨਰਮੀ ਰੱਖਦੀ ਹੈ। ਫਿਰ ਅਰਵਿੰਦ ਕੇਜਰੀਵਾਲ ਦੇ ਇੱਕ ਹੋਰ ਪੁਰਾਣੇ ਸਾਥੀ ਕੁਮਾਰ ਵਿਸਵਾਸ ਨੇ ਵੀ ਫਾਸਲਾ ਪਾ ਲਿਆ। ਰਾਜਨੀਤਕ ਪਹੁੰਚ ਲੈ ਕੇ ਦਿੱਲੀ ਵਿਚ ਅਰਵਿੰਦ ਵੱਲੋਂ ਕੀਤੇ ਗਏ ਪਹਿਲੇ ਜਲਸੇ ਵਿਚ ਕੁਮਾਰ ਵਿਸਵਾਸ ਨੇ ਇਹ ਭਾਸ਼ਣ ਕਰ ਦਿੱਤਾ ਕਿ ਉਹ ਜਲਸੇ ਵਿਚ ਬੋਲਣ ਪਿੱਛੋਂ ਮੰਚ ਉਤੇ ਬੈਠਣ ਦੀ ਬਜਾਏ ਲੋਕਾਂ ਵਿਚ ਜਾ ਕੇ ਬੈਠੇਗਾ। ਕਾਰਨ ਇਸ ਦਾ ਇਹ ਕਿ ਜੇ ਕੱਲ੍ਹ ਨੂੰ ਅਰਵਿੰਦ ਕੇਜਰੀਵਾਲ ਦੀ ਪਾਰਟੀ ਕਿਸੇ ਤਰ੍ਹਾਂ ਕਾਮਯਾਬ ਹੋ ਜਾਵੇ ਤੇ ਫਿਰ ਹੋਰ ਪਾਰਟੀਆਂ ਵਾਂਗ ਇਹ ਵੀ ਭ੍ਰਿਸ਼ਟ ਕੰਮ ਕਰਨ ਲੱਗ ਪਵੇ ਤਾਂ ਦਸ-ਵੀਹ ਸਾਲ ਬਾਅਦ ਕੋਈ ਇਸ ਦੇ ਖਿਲਾਫ ਧਰਨਾ ਦੇਣ ਵਾਲਾ ਵੀ ਹੋਣਾ ਚਾਹੀਦਾ ਹੈ।

ਜਿਹੜੀਆਂ ਗੱਲਾਂ ਕੇਜਰੀਵਾਲ ਨੇ ਆਪਣੀ ਪਾਰਟੀ ਦੇ ਆਚਰਣ ਬਾਰੇ ਕਹੀਆਂ, ਉਹ ਸਾਡੇ ਲਈ ਅਸਲੋਂ ਨਵੀਂਆਂ ਨਹੀਂ। ਉਸ ਦੇ ਜਲਸੇ ਤੋਂ ਇੰਜ ਜਾਪਦਾ ਸੀ, ਜਿਵੇਂ ਇਹ ਦਿੱਲੀ ਦੀ ਬਜਾਏ ਪੰਜਾਬ ਦੇ ਪਿੰਡ ਖਟਕੜ ਕਲਾਂ ਵਿਚ ਹੋ ਰਿਹਾ ਹੋਵੇ ਤੇ ਭਾਸ਼ਣ ਦੇਣ ਵਾਲਾ ਵੀ ਅਰਵਿੰਦ ਕੇਜਰੀਵਾਲ ਨਹੀਂ, ਮਨਪ੍ਰੀਤ ਸਿੰਘ ਬਾਦਲ ਹੈ। ਮਨਪ੍ਰੀਤ ਬਾਦਲ ਨੇ ਵੀ ਕਿਹਾ ਸੀ ਕਿ ਉਸ ਦੀ ਪਾਰਟੀ ਜਿੱਤ ਗਈ ਤਾਂ ਲਾਲ-ਬੱਤੀ ਵਾਲਾ ਸੱਭਿਆਚਾਰ ਪੰਜਾਬ ਦੀ ਰਾਜਨੀਤੀ ਵਿਚ ਖਤਮ ਕਰ ਕੇ ਵਿਖਾ ਦੇਣਗੇ, ਤੇ ਇਹੋ ਗੱਲਾਂ ਅਰਵਿੰਦ ਕੇਜਰੀਵਾਲ ਕਹਿ ਰਿਹਾ ਸੀ। ਅਰਵਿੰਦ ਕੇਜਰੀਵਾਲ ਨੇ ਕਿਹਾ ਸੀ ਕਿ ਜਿਹੜੇ ਪ੍ਰਤੀਨਿਧ ਸਾਡੇ ਵਾਲੀ ਰਾਜਨੀਤੀ ਲੈ ਕੇ ਅੱਗੇ ਆਉਣਗੇ, ਉਹ ਸਰਕਾਰੀ ਕੋਠੀ ਤੇ ਸਰਕਾਰੀ ਕਾਰ ਵੀ ਨਹੀਂ ਲੈਣਗੇ, ਤੇ ਇਹੋ ਕੁਝ ਮਨਪ੍ਰੀਤ ਸਿੰਘ ਬਾਦਲ ਨੇ ਕਿਹਾ ਸੀ। ਲਗਭਗ ਹਰ ਗੱਲ ਇੱਕੋ ਜਿਹੀ ਹੋਣ ਦੇ ਬਾਵਜੂਦ ਇੱਕ ਮਾਮਲੇ ਵਿਚ ਦੋਵਾਂ ਦਾ ਬਹੁਤ ਵੱਡਾ ਫਰਕ ਸੀ। ਮਨਪ੍ਰੀਤ ਬਾਦਲ ਦੀ ਰੈਲੀ ਵਿਚ ਬੰਦੇ ਅਰਵਿੰਦ ਕੇਜਰੀਵਾਲ ਦੀ ਰੈਲੀ ਨਾਲੋਂ ਵੱਧ ਹੁੰਦੇ ਸਨ, ਪਰ ਬਾਅਦ ਵਿਚ ਪਤਾ ਲੱਗਾ ਕਿ ਉਹ ਮਨਪ੍ਰੀਤ ਦੇ ਆਪਣੇ ਨਹੀਂ ਸੀ ਹੁੰਦੇ। ਜਿਹੜੇ ਅਕਾਲੀ ਲੀਡਰਾਂ ਨੂੰ ਟਿਕਟ ਮਿਲਣ ਬਾਰੇ ਸ਼ੱਕ ਹੁੰਦਾ ਸੀ, ਉਹ ਆਪਣੇ ਬੰਦੇ ਮਨਪ੍ਰੀਤ ਬਾਦਲ ਦੀ ਰੈਲੀ ਵਿਚ ਭਿਜਵਾ ਕੇ ਨਾਲ ਹੀ ਪੁਲਿਸ ਦੇ ਅਫਸਰਾਂ ਤੋਂ ਉਚੇਚ ਨਾਲ ਇਹ ਸੂਚਨਾ ਚੰਡੀਗੜ੍ਹ ਬਾਦਲ ਬਾਪ-ਬੇਟੇ ਨੂੰ ਪੁਚਾਉਣ ਦਾ ਪ੍ਰਬੰਧ ਕਰ ਦਿੰਦੇ ਸਨ ਕਿ ਫਲਾਣਾ ਆਗੂ ਮਨਪ੍ਰੀਤ ਬਾਦਲ ਵੱਲ ਚਲੇ ਚੱਲਿਆ ਹੈ। ਅਗਲੀ ਰਾਤ ਨੂੰ ਉਨ੍ਹਾਂ ਦਾ ਟਿਕਟ ਲਈ ਸੌਦਾ ਵੱਜ ਜਾਂਦਾ ਤੇ ਫਿਰ ਪੀਪਲਜ਼ ਪਾਰਟੀ ਤੋਂ ਪੁਰਾਣੇ ਘਰ ਨੂੰ ਕਬੂਤਰਬਾਜ਼ੀ ਹੋ ਜਾਂਦੀ ਸੀ। ਜਿਹੜੀ ਭੀੜ ਅਰਵਿੰਦ ਦੇ ਮਗਰ ਜੁੜੀ, ਉਹ ਰਾਜਸੀ ਕਬੂਤਰਬਾਜ਼ੀ ਕਰਨ ਤੇ ਕਰਵਾਉਣ ਵਾਲਿਆਂ ਦੀ ਨਹੀਂ ਸੀ, ਇਸ ਲਈ ਉਸ ਤੋਂ ਇਹ ਖਤਰਾ ਘੱਟ ਹੈ ਕਿ ਉਹ ਲੋਕ ਅੰਤਲੀ ਘੜੀ ਦਗਾ ਦੇ ਜਾਣਗੇ। ਦੇਸ਼ ਦੇ ਮੀਡੀਏ ਨੇ ਉਸ ਦੀ ਇਸ ਪਹੁੰਚ ਦਾ ਲੋੜ ਮੁਤਾਬਕ ਹੁੰਗਾਰਾ ਨਹੀਂ ਸੀ ਭਰਿਆ, ਪਰ ਆਖਰ ਨੂੰ ਭਰਨਾ ਪੈ ਗਿਆ।

ਜਦੋਂ ਪਿਛਲਾ ਹਫਤਾ ਸ਼ੁਰੂ ਹੋਇਆ ਸੀ, ਉਦੋਂ ਦੇਸ਼ ਦੇ ਸਾਹਮਣੇ ਹੋਰ ਮਸਲੇ ਵੱਡੇ ਜਾਪਦੇ ਸਨ ਅਤੇ ਅਰਵਿੰਦ ਦੇ ਇਸ ਐਲਾਨ ਵੱਲ ਕਿਸੇ ਨੇ ਬਹੁਤਾ ਧਿਆਨ ਨਹੀਂ ਸੀ ਦਿੱਤਾ ਕਿ ਉਹ ਅਗਲੇ ਦਿਨਾਂ ਵਿਚ ਦੋ ਵੱਡੇ ਘਰਾਂ ਬਾਰੇ ਖੁਲਾਸੇ ਕਰ ਕੇ ਦੇਸ਼ ਦੇ ਲੋਕਾਂ ਨੂੰ ਦੰਗ ਕਰ ਦੇਵੇਗਾ। ਉਸ ਦੇ ਇੱਕੋ ਖੁਲਾਸੇ ਨੇ ਦੇਸ਼ ਦੇ ਸਭ ਤੋਂ ਤਾਕਤਵਰ ਰਾਜਸੀ ਪਰਿਵਾਰ ਦੀ ਤੰਦ ਫੜੀ ਤੇ ਆਪਣੀ ਹੋਂਦ ਦਾ ਉਹ ਅਹਿਸਾਸ ਕਰਵਾਇਆ ਹੈ, ਜਿਸ ਦਾ ਕਿਸੇ ਨੂੰ ਅੰਦਾਜ਼ਾ ਹੀ ਨਹੀਂ ਸੀ। ਲੋਕ ਹੁਣ ਤੱਕ ਇਹੋ ਕਹਿੰਦੇ ਸਨ ਕਿ ਟੈਲੀਕਾਮ ਦੇ ਸਪੈਕਟਰਮ ਦਾ ਘੋਟਾਲਾ ਹੋਇਆ ਤਾਂ ਕਰਨ ਵਾਲਿਆਂ ਕੀਤਾ ਹੋਊ, ਸੋਨੀਆ ਗਾਂਧੀ ਤੇ ਮਨਮੋਹਨ ਸਿੰਘ ਉਤੇ ਭ੍ਰਿਸ਼ਟਾਚਾਰ ਦਾ ਸ਼ੱਕ ਨਹੀਂ ਕੀਤਾ ਜਾ ਸਕਦਾ। ਕੋਲੇ ਦੇ ਸਕੈਂਡਲ ਦੇ ਬਾਅਦ ਵੀ ਗੱਲ ਹੋਰਨਾਂ ਦੁਆਲੇ ਘੁੰਮਦੀ ਰਹੀ, ਸੋਨੀਆ ਗਾਂਧੀ ਦੇ ਪਰਿਵਾਰ ਜਾਂ ਪ੍ਰਧਾਨ ਮੰਤਰੀ ਤੱਕ ਕੋਈ ਸਿੱਧਾ ਦੋਸ਼ ਲੱਗਣ ਦੀ ਨੌਬਤ ਨਹੀਂ ਸੀ ਆਈ। ਅਰਵਿੰਦ ਕੇਜਰੀਵਾਲ ਨੇ ਇੱਕ ਮਾਮਲਾ ਸਿੱਧਾ ਸੋਨੀਆ ਗਾਂਧੀ ਦੇ ਪਰਿਵਾਰ ਦਾ ਕੱਢ ਲਿਆਂਦਾ ਹੈ।

ਸੋਨੀਆ ਗਾਂਧੀ ਦੇ ਜਵਾਈ ਰਾਬਰਟ ਵਾਡਰਾ ਉਤੇ ਅਰਵਿੰਦ ਕੇਜਰੀਵਾਲ ਨੇ ਦੋਸ਼ ਲਾਇਆ ਹੈ ਕਿ ਉਸ ਕੋਲ ਪੰਜਾਹ ਲੱਖ ਰੁਪਏ ਸਨ, ਚਾਰ ਸਾਲਾਂ ਵਿਚ ਤਿੰਨ ਸੌ ਕਰੋੜ ਤੋਂ ਵੱਧ ਦਾ ਮਾਲਕ ਬਣ ਗਿਆ ਹੈ ਤੇ ਇਹ ਜਾਇਦਾਦ ਉਹ ਹੈ, ਜਿਸ ਦਾ ਜ਼ਿਕਰ ਕਾਗਜ਼ਾਂ ਵਿਚ ਹੈ, ਅਮਲ ਵਿਚ ਹੋਰ ਵੀ ਹੋ ਸਕਦੀ ਹੈ। ਭ੍ਰਿਸ਼ਟਾਚਾਰ ਦਾ ਢੰਗ ਬੜਾ ਵਲਾਵੇਂਦਾਰ ਨਿਕਲਿਆ ਹੈ। ਭਾਰਤ ਵਿਚ ਪ੍ਰਾਪਰਟੀ ਦਾ ਕਾਰੋਬਾਰ ਕਰਨ ਵਾਲੀ ਇੱਕ ਸਿਖਰਲੀ ਕੰਪਨੀ ਡੀ ਐਲ ਐਫ ਨਾਲ ਅੰਦਰ-ਖਾਤੇ ਕੋਈ ਏਦਾਂ ਦਾ ਸੌਦਾ ਵੱਜ ਗਿਆ ਕਿ ਰਾਬਰਟ ਵਾਡਰਾ ਦੇ ਘਰ ਮਾਇਆ ਦੀ ਦੇਵੀ ਲਕਸ਼ਮੀ ਨੇ ਡੇਰਾ ਆਣ ਲਾਇਆ। ਸੱਤ ਫਲੈਟ ਉਸ ਨੂੰ ਡੀ ਐਲ ਐਫ ਵੱਲੋਂ ਸਿਰਫ ਪੰਜ ਕਰੋੜ ਵੀਹ ਲੱਖ ਰੁਪਏ ਵਿਚ ਮਿਲ ਗਏ, ਜਦ ਕਿ ਇੱਕ ਫਲੈਟ ਦੀ ਘੱਟੋ-ਘੱਟ ਕੀਮਤ 35 ਕਰੋੜ ਸੀ ਤੇ ਜੇ ਚੱਜ ਦੇ ਟਿਕਾਣੇ ਉਤੇ ਹੋਵੇ ਤਾਂ 70 ਕਰੋੜ ਤੱਕ ਬਣ ਜਾਂਦੀ ਸੀ। ਯਾਨਿ ਦੋ ਸੌ ਕਰੋੜ ਤੋਂ ਵੱਧ ਦਾ ਮਾਲ ਸਿਰਫ ਸਵਾ ਪੰਜ ਕਰੋੜ ਰੁਪਏ ਵਿਚ ਮਿਲ ਗਿਆ। ਇੱਕ ਹੋਰ ਥਾਂ ਇੱਕ ਫਲੈਟ ਉਸੇ ਕੰਪਨੀ ਨੇ ਸਿਰਫ 89 ਲੱਖ ਵਿਚ ਇਹੋ ਜਿਹਾ ਦੇ ਦਿੱਤਾ, ਜਿਸ ਦੀ ਬਜ਼ਾਰੂ ਕੀਮਤ ਵੀਹ ਕਰੋੜ ਰੁਪਏ ਤੋਂ ਵੱਧ ਬਣ ਜਾਂਦੀ ਹੈ। ਸਰਕਾਰੀ ਕਾਗਜ਼ਾਂ ਮੁਤਾਬਕ ਰਾਬਰਟ ਵਾਡਰਾ ਨੇ ਏਦਾਂ ਦੇ ਸੌਦਿਆਂ ਨਾਲ ਡੀ ਐਲ ਐਫ ਤੋਂ ਕੁੱਲ 65 ਕਰੋੜ ਰੁਪਏ ਦੀ ਜਾਇਦਾਦ 'ਖਰੀਦ' ਲਈ, ਪਰ ਉਸ ਦੇ ਆਪਣੇ ਕੋਲ ਸਿਰਫ 50 ਲੱਖ ਸਨ, ਜਿਹੜੇ ਇੱਕ ਕਰੋੜ ਵੀ ਨਹੀਂ ਬਣਦੇ, 65 ਕਰੋੜ ਰੁਪਏ ਕਿੱਥੋਂ ਆ ਗਏ?



*ਅਰਵਿੰਦ ਕੇਜਰੀਵਾਲ*


65 ਕਰੋੜ ਕਿੱਥੋਂ ਆ ਗਏ? ਇਹ ਹੋਰ ਵੀ ਨਿਰਾਲਾ ਕਿੱਸਾ ਹੈ। ਪਤਾ ਨਹੀਂ ਕਿਹੜੀ ਸਾਂਝ ਦੀ ਤੰਦ ਸੀ ਕਿ ਜਦੋਂ ਡੀ ਐਲ ਐਫ ਵੱਲੋਂ ਰਾਬਰਟ ਵਾਡਰਾ ਨੂੰ 300 ਕਰੋੜ ਰੁਪਏ ਦਾ ਮਾਲ ਸਿਰਫ਼ 65 ਕਰੋੜ ਵਿਚ 'ਵੇਚਿਆ' ਗਿਆ, ਨਾਲ ਹੀ ਰਾਬਰਟ ਦੀ ਹੈਸੀਅਤ ਦਾ ਖਿਆਲ ਕਰ ਕੇ ਉਸ ਦੇ ਲਈ 65 ਕਰੋੜ ਰੁਪਏ ਦੀ ਰਕਮ ਦਾ ਪ੍ਰਬੰਧ ਵੀ ਕਰ ਦਿੱਤਾ। ਡੀ ਐਲ ਐਫ ਨੇ ਆਪਣੇ ਕੋਲੋਂ ਉਸ ਨੂੰ 65 ਕਰੋੜ ਰੁਪਏ 'ਕਰਜ਼ਾ' ਦੇ ਦਿੱਤਾ, ਤਾਂ ਕਿ ਉਹ ਉਸ ਦੀ ਜਾਇਦਾਦ 'ਖਰੀਦ' ਸਕੇ ਅਤੇ ਇਹ ਸੌਦਾ ਨਾਲ ਹੀ ਵੱਜ ਗਿਆ ਕਿ ਇਸ ਕਰਜ਼ੇ ਦਾ ਵਿਆਜ ਵੀ ਉਸ ਨੂੰ ਨਹੀਂ ਦੇਣਾ ਪਵੇਗਾ।

ਅਸੀਂ ਸੁਣਿਆ ਸੀ ਕਿ ਰਾਜੇ ਦਾ ਪੁੱਤਰ ਮੰਗਣ ਵੀ ਜਾਵੇ ਤਾਂ ਉਸ ਨੂੰ ਮੋਤੀਆਂ ਦੀ ਖੈਰ ਪੈਂਦੀ ਹੈ। ਇਥੇ ਸਚਮੁੱਚ ਮੁਲਕ ਦੀ 'ਬੇਤਾਜ ਮਹਾਰਾਣੀ' ਸੋਨੀਆ ਗਾਂਧੀ ਦਾ ਧਰਮ-ਪੁੱਤਰ, ਜਵਾਈ, ਵੱਡੇ ਘਰਾਣੇ ਡੀ ਐਲ ਐਫ ਦੀ ਸਰਦਲ ਤੱਕ ਗਿਆ ਤਾਂ ਉਸ ਨੂੰ ਮੋਤੀਆਂ ਨਾਲੋਂ ਮਹਿੰਗੀ ਖੈਰ ਮਿਲ ਗਈ। ਕਾਰਨ ਸਾਫ ਸੀ ਕਿ ਡੀ ਐਲ ਐਫ ਵਾਲਿਆਂ ਨੇ ਉਸ ਹਰਿਆਣੇ ਵਿਚ ਕਾਰੋਬਾਰ ਕਰਨਾ ਸੀ, ਜਿਸ ਵਿਚ ਕਾਂਗਰਸ ਪਾਰਟੀ ਦੀ ਸਰਕਾਰ ਸੀ ਤੇ ਉਸ ਦੇ ਮੁੱਖ ਮੰਤਰੀ ਨੂੰ ਆਪਣੀ ਪਾਰਟੀ ਪ੍ਰਧਾਨ ਸੋਨੀਆ ਗਾਂਧੀ ਦਾ ਆਸ਼ੀਰਵਾਦ ਚਾਹੀਦਾ ਸੀ। ਬਦਲੇ ਵਿਚ ਡੀ ਐਲ ਐਫ ਨੇ ਮਾਇਆ ਨੂੰ ਕਿੰਨਾ ਹੂੰਝਾ ਮਾਰਿਆ ਤਾ ਇਹ ਹੂੰਝਾ ਮਾਰਨ ਲਈ ਹਰਿਆਣਾ ਸਰਕਾਰ ਜਾਂ ਦਿੱਲੀ ਵਿਚ ਬੈਠੇ ਮੰਤਰੀਆਂ ਨੇ ਪ੍ਰਾਜੈਕਟ ਪਾਸ ਕਰਨ ਵਿਚ ਕਿੰਨੀ ਸਹੂਲਤ ਕਿਸ ਪਾਸੇ ਤੋਂ ਦਿੱਤੀ, ਇਸ ਦਾ ਸ਼ਾਇਦ ਕਦੇ ਖੁਲਾਸਾ ਹੀ ਨਹੀਂ ਹੋ ਸਕਣਾ।

ਅਰਵਿੰਦ ਕੇਜਰੀਵਾਲ ਨੇ ਇੱਕ ਵੱਡੇ ਘਰ ਬਾਰੇ ਖੁਲਾਸੇ ਕਰ ਕੇ ਭਾਜੜ ਪਾ ਦਿੱਤੀ ਤਾਂ ਲੋਕਾਂ ਵਿਚ ਇਹ ਗੱਲ ਵੀ ਚਲੀ ਗਈ ਕਿ ਇਹ ਨਰਿੰਦਰ ਮੋਦੀ ਵਰਗੇ ਹਵਾਈ ਗੁਬਾਰੇ ਨਹੀਂ ਛੱਡ ਰਿਹਾ। ਨਰਿੰਦਰ ਮੋਦੀ ਨੇ ਸੋਨੀਆ ਗਾਂਧੀ ਦੇ ਇਲਾਜ ਲਈ ਭਾਰਤ ਸਰਕਾਰ ਦੇ 1880 ਕਰੋੜ ਰੁਪਏ ਖਰਚ ਕਰਨ ਦੀ ਗੱਲ ਕੀਤੀ ਸੀ, ਪਿੱਛੋਂ ਪਤਾ ਲੱਗਾ ਕਿ ਇੱਕ ਵੀ ਪੈਸਾ ਖਰਚ ਨਹੀਂ ਹੋਇਆ ਤੇ ਹੁਣ ਮੋਦੀ ਇਹ ਕਹਿੰਦਾ ਹੈ ਕਿ ਜੇ ਦੋਸ਼ ਗਲਤ ਹੈ ਤਾਂ ਮੈਂ ਮੁਆਫੀ ਮੰਗ ਲਵਾਂਗਾ। ਅਰਵਿੰਦ ਵੱਲੋਂ ਲਾਏ ਦੋਸ਼ ਸਰਕਾਰੀ ਕਾਗਜ਼ਾਂ ਦੀਆਂ ਅਧਿਕਾਰਤ ਨਕਲਾਂ ਸਮੇਤ ਹਨ, ਮੁਆਫੀ ਦੀ ਲੋੜ ਨਹੀਂ ਪੈਣੀ। ਕੋਲੇ ਦੇ ਬਲਾਕਾਂ ਦੀ ਅਲਾਟਮੈਂਟ ਦਾ ਜੋ ਘੋਟਾਲਾ ਅਸੀਂ ਬੀਤੇ ਦੋ ਮਹੀਨਿਆਂ ਤੋਂ ਦੇਸ਼ ਦੀ ਰਾਜਨੀਤੀ ਵਿਚ ਰਿੜਕ ਹੁੰਦਾ ਵੇਖ ਰਹੇ ਹਾਂ, ਉਸ ਦਾ ਮੁੱਢ ਵੀ ਅਰਵਿੰਦ ਕੇਜਰੀਵਾਲ ਨੇ ਹੀ ਦਸਤਾਵੇਜ਼ ਪੇਸ਼ ਕਰ ਕੇ ਬੰਨ੍ਹਿਆ ਸੀ ਪਰ ਬਾਅਦ ਵਿਚ ਉਸ ਨੂੰ ਉਹ ਭਾਜਪਾ ਵਾਲੇ ਵੀ ਚੁੱਕ ਤੁਰੇ, ਜਿਹੜੇ ਖੁਦ ਇਸ ਘੋਟਾਲੇ ਵਿਚ ਸ਼ਾਮਲ ਸਨ। ਦੋਵਾਂ ਹੀ ਮੁੱਖ ਪਾਰਟੀਆਂ ਦਾ ਹੁਣ ਕੋਈ ਆਗੂ ਇਹ ਦਾਅਵਾ ਕਰਨ ਜੋਗਾ ਨਹੀਂ ਰਿਹਾ ਕਿ ਫਲਾਣੇ ਮਾਮਲੇ ਵਿਚ ਸਿਰਫ ਸਾਡੀ ਵਿਰੋਧੀ ਪਾਰਟੀ ਵਾਲੇ ਸ਼ਾਮਲ ਹਨ, ਸਾਡਾ ਇਸ ਵਿਚ ਕੋਈ ਰੋਲ ਨਹੀਂ ਹੈ।

ਹੁਣੇ-ਹੁਣੇ ਮਹਾਰਾਸ਼ਟਰ ਵਿਚ ਸਾਹਮਣੇ ਆਏ ਸਿੰਜਾਈ ਘੋਟਾਲੇ ਵਿਚ ਕਾਂਗਰਸੀ ਆਗੂ ਵੀ ਸ਼ਾਮਲ ਸਨ, ਘੋਟਾਲੇ ਦਾ ਮੁੱਖ ਧੁਰਾ ਕੇਂਦਰੀ ਮੰਤਰੀ ਅਤੇ ਐਨ ਸੀ ਪੀ ਪਾਰਟੀ ਦੇ ਮੁਖੀ ਸ਼ਰਦ ਪਵਾਰ ਦਾ ਭਤੀਜਾ ਅਜੀਤ ਪਵਾਰ ਸੀ, ਪਰ ਗੱਲ ਇਥੇ ਪਹੁੰਚ ਗਈ ਕਿ ਉਸ ਵਿਚ ਭਾਜਪਾ ਦੇ ਪ੍ਰਧਾਨ ਨਿਤਿਨ ਗਡਕਰੀ ਦੀ ਵੀ ਭੂਮਿਕਾ ਹੈ। ਖ਼ੁਦਕੁਸ਼ੀਆਂ ਕਰ ਰਹੇ ਕਿਸਾਨਾਂ ਦੇ ਖੇਤਾਂ ਨੂੰ ਪਾਣੀ ਦੇਣ ਦੀ ਸਕੀਮ ਵਾਸਤੇ ਪੈਸਾ ਖਰਚ ਕਰ ਕੇ ਡੈਮ ਬਣਾਏ ਗਏ, ਪਰ ਇੱਕ ਵੀ ਕਿਸਾਨ ਦੇ ਖੇਤ ਨੂੰ ਪਾਣੀ ਨਾ ਦੇ ਕੇ ਡੈਮਾਂ ਵਿਚ ਇਕੱਠਾ ਕੀਤਾ ਸਾਰਾ ਪਾਣੀ ਸ਼ਹਿਰਾਂ ਦੀਆਂ ਕਾਰਪੋਰੇਸ਼ਨਾਂ ਨੂੰ ਵੇਚ ਕੇ ਮੁਨਾਫਾ ਕਮਾਇਆ ਜਾਂਦਾ ਰਿਹਾ। ਕੁਝ ਡੈਮਾਂ ਦੀ ਰਕਮ ਕੇਂਦਰ ਸਰਕਾਰ ਨੇ ਸਕੈਂਡਲ ਦੀ ਬਦਬੂ ਆਉਣ ਪਿੱਛੋਂ ਰੋਕ ਲਈ। ਤਿੰਨ ਸੌ ਤੋਂ ਵੱਧ ਡੈਮ ਬਣੇ ਸਨ, ਪਰ ਨਿਤਿਨ ਗਡਕਰੀ ਨੇ ਸਿਰਫ ਦੋ ਡੈਮਾਂ ਦੇ ਪੈਸੇ ਜਾਰੀ ਕਰਨ ਲਈ ਕੇਂਦਰ ਦੇ ਕਾਂਗਰਸੀ ਮੰਤਰੀ ਨੂੰ ਉਦੋਂ ਚਿੱਠੀ ਲਿਖ ਦਿੱਤੀ, ਜਦੋਂ ਉਸ ਦੀ ਆਪਣੀ ਪਾਰਟੀ ਭਾਜਪਾ ਨੇ ਪਾਰਲੀਮੈਂਟ ਵਿਚ ਕਾਰਵਾਈ ਰੋਕੀ ਹੋਈ ਸੀ। ਜਿਹੜੇ ਦੋ ਡੈਮਾਂ ਦੇ ਪੈਸੇ ਜਾਰੀ ਕਰਨ ਲਈ ਚਿੱਠੀ ਲਿਖੀ, ਉਨ੍ਹਾਂ ਦੋਂਹ ਵਿਚੋਂ ਇੱਕ ਡੈਮ ਭਾਜਪਾ ਦੇ ਪਾਰਲੀਮੈਂਟ ਮੈਂਬਰ ਅਜੈ ਸੰਚੇਤੀ ਦੀ ਕੰਪਨੀ ਨੇ ਬਣਾਇਆ ਹੈ ਤੇ ਇਹ ਉਹੋ ਅਜੈ ਸੰਚੇਤੀ ਹੈ, ਜਿਸ ਨੂੰ ਝਾਰਖੰਡ ਰਾਜ ਵਿਚ ਕੋਲੇ ਦਾ ਬਲਾਕ ਨਿਤਿਨ ਗਡਕਰੀ ਨੇ ਅਲਾਟ ਕਰਵਾਇਆ ਸੀ। ਸਾਰੇ ਪਾਸੇ ਚਰਚਾ ਇਹ ਹੈ ਕਿ ਅਜੈ ਸੰਚੇਤੀ ਨਾ ਸਿਰਫ ਭਾਜਪਾ ਦੇ ਇਸ ਪ੍ਰਧਾਨ ਦਾ ਚਹੇਤਾ ਹੈ, ਸਗੋਂ ਦੋਵਾਂ ਦੀ ਇਸ ਤਰ੍ਹਾਂ ਦੇ ਕਾਲੇ ਧੰਦਿਆਂ ਵਿਚ ਭਾਈਵਾਲੀ ਹੈ। ਸਿੰਜਾਈ ਦਾ ਘੋਟਾਲਾ ਇੱਕੋ ਹੈ, ਪਰ ਇਸ ਵਿਚ ਜਦੋਂ ਕਾਂਗਰਸ, ਐਨ ਸੀ ਪੀ ਅਤੇ ਭਾਜਪਾ ਤਿੰਨਾਂ ਦੇ ਮੋਹਰੀ ਲੀਡਰਾਂ ਦੀ ਭੂਮਿਕਾ ਜ਼ਾਹਰ ਹੋ ਗਈ ਤਾਂ ਲੋਕਾਂ ਨੂੰ ਇਹ ਸੋਚਣ ਦਾ ਹੱਕ ਹੈ ਕਿ ਇਹ ਸਾਰੇ ਇੱਕੋ ਡਾਕੂ ਟੋਲੇ ਦੀਆਂ ਵੱਖੋ-ਵੱਖ ਟੀਮਾਂ ਹਨ ਤੇ ਇਹ ਵੀ ਸੋਚਣ ਦਾ ਹੱਕ ਹੈ ਕਿ ਲੜਾਈ ਕਾਂਗਰਸ ਨੂੰ ਲਾਹ ਕੇ ਭਾਜਪਾ ਨੂੰ ਅੱਗੇ ਲਿਆਉਣ ਜਾਂ ਕਾਂਗਰਸ ਨੂੰ ਬਿਠਾਈ ਰੱਖਣ ਲਈ ਨਹੀਂ, ਇਸ ਸਮੁੱਚੇ ਸਿਸਟਮ ਨੂੰ ਬਦਲਣ ਦੀ ਹੋਣੀ ਚਾਹੀਦੀ ਹੈ।

ਅਰਵਿੰਦ ਕੇਜਰੀਵਾਲ ਦੀ ਉਠਾਣ ਚੰਗੀ ਹੈ ਪਰ ਉਸ ਵਿਚ ਵੱਡਾ ਨੁਕਸ ਇਹੋ ਰਹਿ ਜਾਂਦਾ ਹੈ ਕਿ ਉਹ ਅਜੇ ਵੀ ਸਿਸਟਮ ਨੂੰ ਬਦਲਣ ਦੀ ਗੱਲ ਨਹੀਂ ਕਰਦਾ, ਰਾਜਸੀ ਪੱਖ ਤੋਂ ਦੇਸ਼ ਦੀ ਅਗਵਾਈ ਬਦਲਣ ਤੱਕ ਸੀਮਤ ਰਹਿੰਦਾ ਹੈ। ਉਸ ਦੀਆਂ ਖਾਹਿਸ਼ਾਂ ਨੇਕ ਹਨ ਪਰ ਇਸ ਸਿਸਟਮ ਵਿਚ ਇਹ ਸਿਰੇ ਚੜ੍ਹ ਜਾਣਗੀਆਂ, ਆਸ ਬੜੀ ਘੱਟ ਹੈ। ਦੂਸਰਾ ਨੁਕਸ ਉਸ ਵਿਚ ਇਹ ਹੈ ਕਿ ਉਹ ਆਪਣੇ ਤੋਂ ਇਲਾਵਾ ਹੋਰ ਹਰ ਕਿਸੇ ਨੂੰ ਸੂਝ ਤੋਂ ਸੱਖਣਾ ਸਮਝਣ ਦੀ ਉਹ ਗਲਤੀ ਕਰ ਰਿਹਾ ਹੈ, ਜਿਸ ਦਾ ਨੁਕਸਾਨ ਮਨਪ੍ਰੀਤ ਬਾਦਲ ਉਠਾ ਚੁੱਕਾ ਹੈ। ਦਿੱਲੀ ਦੇ ਪਿਛਲੇ ਸਾਲ ਦੇ ਇੱਕ ਧਰਨੇ ਦੇ ਮੌਕੇ ਇਹ ਗੱਲ ਸੀ ਪੀ ਆਈ ਦੇ ਮੁੱਖ ਨੇਤਾ ਏ ਬੀ ਬਰਧਨ ਨੇ ਠੀਕ ਕਹੀ ਸੀ ਕਿ ਕੰਮ ਤੁਸੀਂ ਨੇਕ ਕਰ ਰਹੇ ਹੋ, ਪਰ ਇਹ ਸਮਝਣਾ ਬੰਦ ਕਰ ਦਿਓ ਕਿ ਅਕਲ ਦਾ ਠੇਕਾ ਸਿਰਫ ਤੁਹਾਡੇ ਵੀਹ ਕੁ ਬੰਦਿਆਂ ਦੇ ਨਾਂ ਹੀ ਹੋ ਗਿਆ ਹੈ, ਹੋਰ ਵੀ ਬਥੇਰੇ ਲੋਕ ਇੱਕ ਤੋਂ ਇੱਕ ਸਿਆਣੇ ਹਨ, ਕਿਸੇ ਦੀ ਰਾਏ ਲੈ ਲਿਆ ਕਰੋ। ਇਹ ਲੋੜ ਬਿਲਕੁਲ ਹੈ ਕਿ ਦੇਸ਼ ਦੇ ਲੋਕਾਂ ਵਿਚ ਜਦੋਂ ਭ੍ਰਿਸ਼ਟਾਚਾਰ ਦੇ ਵਿਰੋਧ ਦਾ ਜੋਸ਼ ਸਿਖਰਾਂ ਉਤੇ ਹੈ, ਉਸ ਜੋਸ਼ ਦਾ ਲਾਭ ਦੇਸ਼ ਦੇ ਹਿੱਤਾਂ ਲਈ ਲਿਆ ਜਾਵੇ, ਪਰ ਜੋਸ਼ ਨੂੰ ਵਰਤਣ ਲਈ ਵੀ ਹੋਸ਼ ਦੀ ਲੋੜ ਹੁੰਦੀ ਹੈ, ਇਹ ਗੱਲ ਅਰਵਿੰਦ ਨੂੰ ਕੌਣ ਜਾ ਕੇ ਦੱਸੇਗਾ?




*ਡੀ ਐਲ ਐਫ ਵਲੋਂ ਬਣਾਇਆ ਗਿਆ ਫਲੈਟਾਂ ਦਾ ਇਕ ਇਮਾਰਤ ਸਮੂਹ*

# ਵਿਸ਼ਵ ਦੀ ਸਭ ਤੋਂ ਬਜ਼ੁਰਗ ਔਰਤ ਨਹੀਂ ਰਹੀ

**ਲੰਡਨ:** ਦੁਨੀਆਂ ਦੀ ਸਭ ਤੋਂ ਬਜ਼ੁਰਗ ਮਹਿਲਾ ਹੋਣ ਦਾ ਦਾਅਵਾ ਕਰਨ ਵਾਲੀ ਜਾਰਜੀਆ ਵਾਸੀ ਅੰਤੀਸਾ ਖਵੀਚਾਵਾ ਦਾ ਦੇਹਾਂਤ ਹੋ ਗਿਆ। ਉਹ 132 ਸਾਲ ਦੀ ਸੀ ਤੇ ਉਸ ਦਾ ਦਾਅਵਾ ਸੀ ਕਿ ਉਹ ਦੋ ਸੰਸਾਰ ਯੁੱਧਾਂ ਤੇ ਰੂਸੀ ਕ੍ਰਾਂਤੀ ਦੀ ਗਵਾਹ ਹੈ। ਅੰਤੀਸਾ ਆਪਣੇ ਆਖਰੀ ਸਮੇਂ ਵਿਚ ਜਾਰਜੀਆ ਦੇ ਪਹਾੜੀ ਪਿੰਡ ਸਾਚੀਕੋ 'ਚ ਆਪਣੇ 42 ਸਾਲਾ ਪੋਤੇ ਨਾਲ ਰਹਿੰਦੀ ਸੀ, ਉਸ ਕੋਲ ਉਮਰ ਦੇ ਸਬੂਤਾਂ ਵਜੋਂ ਸੋਵੀਅਤ ਯੁੱਗ ਦੇ ਕੁਝ ਦਸਤਾਵੇਜ਼ ਸਨ ਜਿਨ੍ਹਾਂ ਮੁਤਾਬਕ ਉਸ ਦੀ ਜਨਮ ਮਿਤੀ 8 ਜੁਲਾਈ, 1880 ਸੀ ਪਰ ਉਸ ਦੀ ਸਹੀ ਉਮਰ ਨੂੰ ਹਮੇਸ਼ਾ ਚੁਣੌਤੀ ਦਿੱਤੀ ਜਾਂਦੀ ਰਹੀ ਹੈ।

85 ਸਾਲ ਦੀ ਉਮਰ ਤਕ ਉਹ ਚਾਹ ਦੇ ਬਾਗਾਂ 'ਚ ਕੰਮ ਕਰਦੀ ਰਹੀ ਹੈ। ਉਸ ਦੇ 12 ਪੋਤੇ-ਪੋਤੀਆਂ, 18 ਪੜੋਤੇ-ਪੜੋਤੀਆਂ ਸਨ। ਉਸ ਦੀ ਚੰਗੀ ਸਿਹਤ ਦਾ ਰਾਜ਼ ਦੇਸੀ ਬਰਾਂਡੀ ਸੀ ਜੋ ਉਹ ਹਰ ਰੋਜ਼ ਥੋੜ੍ਹੀ ਮਾਤਰਾ ਵਿਚ ਲੈਂਦੀ ਸੀ। ਉਸ ਦੇ 72 ਸਾਲਾ ਪੁੱਤਰ ਮਿਖਾਇਲ ਦੇ ਜਨਮ ਵੇਲੇ ਉਹ 60 ਸਾਲ ਦੀ ਸੀ। ਉਸ ਨੇ ਸੋਵੀਅਤ ਯੂਨੀਅਨ ਦੀ ਸ਼ੁਰੂਆਤ ਤੇ ਅੰਤ ਦੋਵੇਂ ਦੇਖੇ ਹਨ। ਹਾਲਾਂਕਿ ਉਸ ਦੀ ਉਮਰ ਨੂੰ ਪ੍ਰਮਾਣਿਤ ਨਹੀਂ ਮੰਨਿਆ ਗਿਆ ਕਿਉਂਕਿ ਪਿਛਲੀ ਸਦੀ ਵਿਚ ਬਗਾਵਤਾਂ ਤੇ ਗ੍ਰਹਿ ਯੁੱਧ ਵੇਲੇ ਉਸ ਦਾ ਜਨਮ ਸਰਟੀਫਿਕੇਟ ਗੁਆਚ ਗਿਆ ਸੀ।

# ਸੰਪਾਦਕੀ ਮੰਡਲ ਦਾ ਸਰਪ੍ਰਾਈਜ਼!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ
ਫੋਨ: 408-915-1268

'ਲਿਖਤੁਮ' ਕਾਲਮ ਦੇ ਸਮੂਹ ਪਾਠਕ ਸਾਹਿਬਾਨ ਨੂੰ ਸਨਿਮਰ ਅਰਜ਼ ਹੈ ਕਿ ਉਹ ਬਰਾਏ ਮਿਹਰਬਾਨੀ ਆਪਣੀਆਂ ਚਿੱਤ-ਬਿਰਤੀਆਂ ਨੂੰ ਥੋੜ੍ਹਾ ਪਿਛਾਂਹ ਲਿਜਾ ਕੇ ਪਿਛਲੇ ਹਫ਼ਤੇ ਛਪੇ ਮੇਰੇ ਲੇਖ 'ਤਖ਼ਤਪੋਸ਼ ਦੇ ਤਬਸਰੇ' ਨਾਲ ਜੋੜਨ ਦੀ ਕ੍ਰਿਪਾਲਤਾ ਕਰਨ। ਉਂਜ, ਪੰਜਾਬੀ ਜੀਣ-ਥੀਣ ਦੇ ਵਰਤ-ਵਰਤਾਰੇ ਵਿਚ ਪਿਛਾਂਹ ਵੱਲ ਝਾਕਣ ਜਾਂ ਪਿੱਛੇ ਮੁੜਨ ਨੂੰ ਬਹੁਤਾ ਚੰਗਾ ਨਹੀਂ ਸਮਝਿਆ ਜਾਂਦਾ। ਪਿੱਛੇ ਨੂੰ ਮੁੜਿਆ ਆ ਰਿਹਾ ਕੋਈ ਸੱਜਣ ਜ਼ਰੂਰੀ ਨਹੀਂ ਕਿ ਪੱਥਰ ਚੱਟ ਕੇ ਹੀ ਮੁੜਿਆ ਹੋਵੇ, ਪਰ ਦੇਖਣ ਵਾਲੇ ਝੱਟ ਮੋੜ੍ਹੀ ਵਾਲੀ ਕਹਾਵਤ ਦੁਹਰਾ ਦਿੰਦੇ ਹਨ।

ਪਿਆਰੇ ਪਾਠਕਾਂ ਨੂੰ ਪਿੱਛੇ ਵੱਲ ਮੁੜਨ ਦੀ ਬੇਨਤੀ ਕਰਦਿਆਂ ਮੈਨੂੰ ਗਿਆਨੀ ਦਇਆ ਸਿੰਘ ਦਿਲਬਰ ਹੁਰਾਂ ਦੇ ਮੂੰਹੋਂ ਸੁਣੀ ਵਾਰਤਾ ਯਾਦ ਆ ਗਈ ਜਿਹੜੀ ਪੰਜਾਬੀਆਂ ਦੇ ਨੱਕ ਦੀ ਸੇਧੇ ਤੀਰ ਵਾਂਗ ਸਿੱਧੇ ਤੁਰੇ ਜਾਣ ਵਾਲੀ ਫਿਤਰਤ ਦੀ ਸ਼ੋਭਾ ਬਿਆਨ ਕਰਦੀ ਹੈ।

ਦਿਲਬਰ ਜੀ ਆਪਣੇ ਢਾਡੀ ਜਥੇ ਸਮੇਤ ਮਾਲਵੇ ਦੇ ਕਿਸੇ ਪਿੰਡ ਪ੍ਰੋਗਰਾਮ 'ਤੇ ਜਾ ਰਹੇ ਸਨ। ਸ਼ਾਮ ਦਾ ਘੁਸਮੁਸਾ ਸੀ। ਇਨ੍ਹਾਂ ਸੜਕ ਉਤੇ ਕੁਝ ਨਿਹੰਗ ਸਿੰਘ ਦੇਖੇ ਜੋ ਆਪਣੀ ਗੱਡੀ ਨੂੰ ਧੱਕਾ ਲਾਉਂਦੇ ਹੋਏ ਪਿਛਾਂਹ ਵੱਲ ਲਿਜਾ ਰਹੇ ਸਨ। ਦਿਲਬਰ ਹੁਰਾਂ ਉਨ੍ਹਾਂ ਦੀ ਕੋਈ ਮੱਦਦ ਕਰਨ ਵਾਸਤੇ ਆਪਣੀ ਗੱਡੀ ਰੋਕ ਕੇ ਉਨ੍ਹਾਂ ਨੂੰ ਪੁੱਛਿਆ, "ਸਿੰਘੋ, ਕੀ ਗੱਲ ਹੋ ਗਈ? ਗੱਡੀ 'ਚ ਤੇਲ ਮੁੱਕ ਗਿਐ?" ਧੱਕਾ ਲਾਉਂਦੇ ਨਿਹੰਗ ਸਿੰਘਾਂ ਨੇ ਨਾਂਹ ਵਿਚ ਸਿਰ ਹਿਲਾਏ।

ਇਨ੍ਹਾਂ ਦੂਜਾ ਸਵਾਲ ਪੁੱਛ ਲਿਆ, "ਕੋਈ ਇੰਜਣ 'ਚ ਨੁਕਸ ਪੈ ਗਿਐ?"

"ਨਹੀਂ, ਸਾਡੀ ਗੱਡੀ 'ਚ ਕੋਈ ਨੁਕਸ ਨਹੀਂ ਪਿਆ...!" ਪਿੱਛੇ ਵੱਲ ਗੱਡੀ ਧੱਕੀ ਲਿਜਾ ਰਹੇ ਨਿਹੰਗ ਸਿੰਘਾਂ ਨੇ ਬੇਪ੍ਰਵਾਹੀ ਨਾਲ ਉਤਰ ਦਿੱਤਾ। ਹੁਣ ਦਿਲਬਾਰ ਜੀ ਦੇ ਜਥੇ ਨੇ ਥੋੜ੍ਹੇ ਹੈਰਾਨ ਹੁੰਦਿਆਂ ਆਜਜ਼ੀ ਨਾਲ ਉਨ੍ਹਾਂ ਨੂੰ ਪੁੱਛਿਆ, "ਖਾਲਸਾ ਜੀ, ਜੇ ਗੱਡੀ ਵਿਚ ਤੇਲ ਵੀ ਹੈਗਾ, ਟਾਇਰ, ਇੰਜਣ ਸਭ ਠੀਕ-ਠਾਕ ਨੇ, ਫਿਰ ਇਹਨੂੰ ਧੱਕਾ ਲਾ ਕੇ ਪਿਛਾਂਹ ਕਿਉਂ ਲਿਜਾ ਰਹੇ ਹੋ?"

"ਓ ਭਈ ਗੁਰੂ ਕੇ ਢਾਡੀਓ, ਖਾਲਸੇ ਨੇ ਆਪਣੀ ਛਾਉਣੀ ਵੱਲ ਨੂੰ ਵਹੀਰਾਂ ਘੱਤੀਆਂ ਹੋਈਆਂ ਸਨ ਜੋ ਇੱਥੋਂ ਕਾਫੀ ਦੂਰ ਹੈ। ਦੋ-ਚਾਰ ਕੁ ਖੇਤ ਪਿੱਛੇ ਟਿਊਬਵੈਲ ਚੱਲਦਾ ਸਾਡੇ ਨਜ਼ਰੀ ਪੈ ਗਿਆ। ਸਿੰਘਾਂ ਨੂੰ ਲੱਗੀ ਹੋਈ ਸੀ ਤ੍ਰੇਹ। ਗੱਡੀ ਸਾਡੀ 'ਤੇਜਾ ਸਿੰਘ ਤੇ ਭੂਤਨੀ' ਵਾਂਗ ਭੱਜੀ ਜਾ ਰਹੀ ਸੀ। ਰੁਕਦੀ-ਰੁਕਦੀ ਕਾਫੀ ਦੂਰ ਆ ਗਈ!...ਸੋ ਹੁਣ ਅਸੀਂ ਉਥੇ ਜਾ ਕੇ ਜਲ ਛਕਣਾ ਹੈ। ਇਸ ਕਰ ਕੇ ਜਥਾ ਉਧਰ ਨੂੰ ਜਾ ਰਿਹਾ ਐ।"

ਰਵਾਇਤੀ ਸ਼ਸਤਰਾਂ ਨਾਲ ਲੈਸ ਤਿਆਰ-ਬਰ-ਤਿਆਰ ਜੋਸ਼ੀਲੇ ਨਿਹੰਗ ਸਿੰਘਾਂ ਵੱਲ ਦੇਖ ਕੇ, ਜਕਦਿਆਂ-ਜਕਦਿਆਂ ਦਿਲਬਰ ਸਾਹਿਬ ਕਹਿਣ ਲੱਗੇ ਕਿ ਬਾਬਾ ਜੀ ਗੱਡੀ ਵਿਚ ਇਕ 'ਬੈਕ ਗਿਅਰ' ਵੀ ਹੁੰਦਾ ਹੈ ਤਾਂ ਕਿ ਲੋੜ ਪੈਣ 'ਤੇ ਇਹ ਪਿੱਛੇ ਨੂੰ ਵੀ ਚਲਾਈ ਜਾ ਸਕੇ!

'ਬੈਕ ਗਿਅਰ' ਦਾ ਨਾਂ ਸੁਣ ਕੇ ਨਿਹੰਗ ਸਿੰਘ ਕੜਕ ਕੇ ਬੋਲੇ, "ਕੱਚੇ ਪਿਲਿਓ, ਤੁਹਾਨੂੰ ਪਤਾ ਨਹੀਂ, ਇਹ ਗੱਡੀ ਖਾਲਸੇ ਦੀ ਹੈ ਜੋ ਹਮੇਸ਼ਾ ਅੱਗੇ ਵੱਲ ਹੀ ਕਦਮ ਵਧਾਉਂਦਾ ਹੈ ਤੇ ਪਿਛਲ-ਖੁਰੀਏ ਕਦੀ ਨਹੀਂ ਤੁਰਦਾ...ਪਿਛਲਾ ਗਿਅਰ ਤਾਂ ਅਸੀਂ ਗੱਡੀ ਖਰੀਦਣ ਵੇਲੇ ਈ ਕਢਵਾ ਦੇਈਦਾ ਐ!"

...ਬੱਸ ਇਉਂ ਹੀ ਸਮਝੋ! ਹਫ਼ਤੇ ਦੇ ਹਫ਼ਤੇ ਨਵਾਂ ਕਾਲਮ ਲਿਖਣ ਲਈ ਅੱਗੇ ਵੱਲ ਭੱਜੇ ਜਾਂਦੇ ਨੂੰ ਮੈਨੂੰ ਵੀ ਪਿਆਸ ਲੱਗ ਗਈ। ਫਰਕ ਸਿਰਫ ਇੰਨਾ ਕੁ ਹੀ ਹੈ ਕਿ ਨਿਹੰਗ ਸਿੰਘਾਂ ਨੂੰ ਪਾਣੀ ਪੀਣ ਦੀ ਪਿਆਸ ਲੱਗੀ ਸੀ, ਮੈਨੂੰ ਪਿਆਸ ਲੱਗ ਗਈ ਪਾਠਕਾਂ ਕੋਲੋਂ ਸ਼ਾਬਾਸ਼ ਲੈਣ ਜਾਂ ਹੌਸਲਾ-ਅਫ਼ਜ਼ਾਈ ਦੀ। ਇਸੇ ਕਾਰਨ ਪਾਠਕਾਂ ਨੂੰ ਪਿਛਲੇ ਹਫ਼ਤੇ ਵਾਲੇ ਲੇਖ ਵੱਲ ਮੁੜਨ ਦੀ ਬੇਨਤੀ ਕੀਤੀ ਹੈ।

ਤਖ਼ਤਪੋਸ਼ ਦਾ ਤਬਸਰਾ ਪੜ੍ਹ ਕੇ ਚੋਟੀ ਦੇ ਕਈ ਲਿਖਾਰੀਆਂ ਦੇ ਨਾਲ-ਨਾਲ ਬਹੁਤ ਸਾਰੇ ਉਹ ਪਾਠਕ ਜਿਨ੍ਹਾਂ ਫੋਨ ਜਾਂ 'ਈ-ਮੇਲ' ਰਾਹੀਂ ਮੇਰੀ ਪਿੱਠ ਥਾਪੜੀ, ਸ਼ਾਇਦ ਸੋਚਣਗੇ ਕਿ ਮੈਨੂੰ ਪ੍ਰਸ਼ੰਸਾ ਦੀ ਹੋਰ ਕਿੰਨੀ ਕੁ ਭੁੱਖ ਹੈ? ਦੋਸਤੋ, ਹਉਮੈ ਨੂੰ ਪੱਠੇ ਪਾਉਣ ਵਾਲੀ ਚੰਦਰੀ ਭੁੱਖ ਤੋਂ ਰੱਬ ਸੱਚਾ ਹਰੇਕ ਨੂੰ ਬਚਾ ਕੇ ਰੱਖੇ; ਕਿਉਂਕਿ ਅਜਿਹੀ ਭੁੱਖ ਨੂੰ ਪ੍ਰਸ਼ੰਸਾ ਦੇ ਸਮੁੰਦਰ ਵੀ ਸ਼ਾਂਤ ਨਹੀਂ ਕਰ ਸਕਦੇ। ਦਰਅਸਲ, ਤਖ਼ਤਪੋਸ਼ ਦੇ ਤਬਸਰੇ ਵਾਲੇ ਲੇਖ ਨਾਲ ਕੁਝ ਹੋਰ ਅਜਿਹੀਆਂ ਗੱਲਾਂ ਅਚਨਚੇਤੀ ਜੁੜ ਗਈਆਂ, ਜਿਹੜੀਆਂ ਪਾਠਕਾਂ ਨਾਲ ਸਾਂਝੀਆਂ ਕਰਨੀਆਂ ਮੈਂ ਜ਼ਰੂਰੀ ਸਮਝੀਆਂ।

ਕਿੱਸਾ-ਕੋਤਾ ਸ਼ੁਰੂ ਕਰਨ ਤੋਂ ਪਹਿਲਾਂ ਮੈਂ ਪਾਠਕਾਂ ਨੂੰ ਆਪਣੀ ਇਕ ਹੋਰ ਕਮਜ਼ੋਰੀ ਤੋਂ ਵੀ ਜਾਣੂ ਕਰਵਾ ਦਿਆਂ। ਉਹ ਇਹ ਕਿ ਸੰਪਾਦਕ ਜੀ ਦੇ ਹਜ਼ਾਰ ਵਾਰ ਕਹੇ 'ਤੇ ਵੀ ਮੈਂ ਹਾਲੇ ਕੰਪਿਊਟਰ 'ਤੇ ਟਾਇਪ ਕਰਨ ਦੀ ਜੁਗਤ ਨਹੀਂ ਅਪਨਾ ਸਕਿਆ, ਜਦ ਕਿ ਮੇਰੇ ਬਹੁਤ ਸਾਰੇ ਲੇਖਕ ਮਿੱਤਰ ਆਪਣੀਆਂ ਲਿਖਤਾਂ ਖੁਦ ਟਾਈਪ ਕਰ ਕੇ ਹੀ ਅਖ਼ਬਾਰਾਂ ਜਾਂ ਮੈਗਜ਼ੀਨਾਂ ਨੂੰ ਭੇਜਦੇ ਹਨ ਪਰ ਮੈਂ ਵਹਿਮ ਦੀ ਹੱਦ ਤੱਕ ਪੈਨ ਨਾਲ ਜੁੜਿਆ ਹੋਇਆ ਹਾਂ। ਸ਼ਾਇਰ ਗੁਰਦੀਪ ਦੇ ਇਕ ਸ਼ਿਅਰ ਨੇ ਮੇਰੇ ਇਸ ਵਹਿਮ ਨੂੰ ਹੋਰ ਪੱਕਾ ਕਰ ਦਿੱਤਾ ਹੈ। ਉਹ ਕੰਪਿਊਟਰੀ ਅੱਖਰਾਂ ਨੂੰ 'ਮਸ਼ੀਨਾਂ ਦੀ ਕਲਾ' ਕਹਿੰਦਾ ਹੈ,

ਇਹ ਮਸ਼ੀਨਾਂ ਦੀ ਕਲਾ ਨੇ ਜਾਣੇ ਮਨ,
ਦਿਲ ਦੀ ਕਹਿ ਸਕਦੇ ਨਹੀਂ ਅੱਖਰ ਨਵੇਂ।

ਚਲੋ ਖ਼ੈਰ, ਕਹਾਣੀ ਨਿਬੇੜੀਏ...ਪਿਛਲੇ ਹਫ਼ਤੇ ਰੁਟੀਨ ਮੁਤਾਬਕ ਲੇਖ ਲਿਖ ਕੇ ਉਸ ਨੂੰ ਆਖਰੀ 'ਟੱਚ' ਦੇ ਰਿਹਾ ਸਾਂ। ਮਨ 'ਚ ਖਿਆਲ ਆਇਆ ਕਿ ਕਿੰਨਾ ਚੰਗਾ ਹੋਵੇ ਜੇ ਕਿਤੇ ਇਸ ਲੇਖ ਵਿਚ ਤਖ਼ਤਪੋਸ਼ ਜਾਂ ਚਾਚੇ ਰਾਮ ਕਿਸ਼ਨ ਦੀ ਫੋਟੋ ਛਪ ਜਾਏ, ਸੋਨੇ 'ਤੇ ਸੁਹਾਗੇ ਵਾਲੀ ਗੱਲ ਬਣ ਜਾਏ! ਦਿਲ ਕੀਤਾ ਵੀ ਕਿ ਦੋ ਕੁ ਦਿਨ ਪਹਿਲਾਂ ਆਪਣੇ ਪਿੰਡ ਜਾਨੀਵਾਲ ਪਹੁੰਚੇ ਜਰਮਨੀ ਵਾਲੇ ਕਾਬਲ ਸਿੰਘ ਨੂੰ ਫੋਨ ਕਰਾਂ, ਫੋਟੋਆਂ ਖਿੱਚ ਕੇ ਭੇਜਣ ਲਈ, ਪਰ ਮੈਂ ਜਕ ਗਿਆ ਕਿ ਉਹ ਕਿੱਥੇ ਕੰਪਿਊਟਰ ਭਾਲਦਾ ਫਿਰੇਗਾ। ਸੋ, ਫੋਟੋਆਂ ਵਾਲੀ ਰੀਝ ਦਿਲ ਵਿਚ ਹੀ ਦਬਾ ਕੇ ਮੈਂ ਲਿਖਤ ਸ਼ਿਕਾਗੋ 'ਪੰਜਾਬ ਟਾਈਮਜ਼' ਦੇ ਦਫ਼ਤਰ ਭੇਜ ਦਿੱਤੀ। ਕਿਸੇ-ਕਿਸੇ ਲੇਖ ਬਾਰੇ ਸੰਪਾਦਕ ਜੀ ਅਕਸਰ ਮੇਰੇ ਨਾਲ ਫੋਨ 'ਤੇ ਗੁਫਤਗੂ ਕਰ ਲੈਂਦੇ ਹੁੰਦੇ ਨੇ, ਕਿਸੇ ਵਾਧ-ਘਾਟ ਜਾਂ ਕੋਈ ਕਾਂਟ-ਛਾਂਟ ਕਰਨ ਲਈ, ਪਰ ਇਸ ਵਾਰ ਦਫ਼ਤਰੋਂ ਅਜਿਹਾ ਕੋਈ ਫੋਨ ਨਾ ਆਇਆ। ਮੰਗਲ-ਬੁੱਧਵਾਰ ਦੀ ਵਿਚਕਾਰਲੀ ਰਾਤ ਅਖ਼ਬਾਰ ਛਪ ਜਾਂਦੀ ਹੈ। ਸਾਡੇ ਨਾਲ ਤੇਹ-ਮੋਹ ਕਰ ਕੇ ਸੰਪਾਦਕ ਜੀ ਉਸੇ ਰਾਤ ਸਾਨੂੰ ਪੂਰੀ ਅਖ਼ਬਾਰ 'ਈ-ਮੇਲ' ਰਾਹੀਂ ਭੇਜ ਦਿੰਦੇ ਨੇ। ਹਰ ਬੁੱਧਵਾਰ ਦੀ ਤਰ੍ਹਾਂ ਮੈਂ ਅਖ਼ਬਾਰ 'ਤੇ ਸਰਸਰੀ ਨਜ਼ਰ ਮਾਰਨ ਲਈ 'ਈ-ਮੇਲ' ਖੋਲ੍ਹੀ। ਅਖ਼ਬਾਰ ਡਾਊਨਲੋਡ ਕਰ ਕੇ ਜਦੋਂ ਮੈਂ 'ਮਾਊਸ' ਦੀ ਫਿਰਕੀ ਘੁਮਾਉਂਦਿਆਂ ਸਫ਼ੇ ਪਰਤਣ ਲੱਗਾ ਤਾਂ ਆਪਣੇ ਕਾਲਮ ਦੇ ਉਤਲੇ ਪਾਸੇ ਇਕ ਬਜ਼ੁਰਗ ਦੀ ਤਸਵੀਰ ਦੇਖ ਕੇ ਮੈਂ ਭਵੰਤਰ ਜਿਹਾ ਗਿਆ! ਤਸਵੀਰ ਦਾ ਚਿਹਨ-ਚੱਕਰ ਚਾਚੇ ਰਾਮ ਕਿਸ਼ਨ ਨਾਲ ਐਨ ਰਲਦਾ-ਮਿਲਦਾ ਹੋਣ ਕਰ ਕੇ ਮੈਂ ਉਸ ਨੂੰ ਸੰਪਾਦਕ ਵੱਲੋਂ ਲੱਭਿਆ ਗਿਆ ਜਾਂ ਬਣਾਇਆ ਗਿਆ 'ਸਕੈਚ' ਹੀ ਸਮਝਿਆ। ਫਿਰਕੀ ਹੌਲੀ-ਹੌਲੀ ਘੁਮਾ ਕੇ ਜਦ ਸਫ਼ੇ ਦੇ ਅੱਧ ਵਿਚਕਾਰ ਜਾਨੀਵਾਲੀਏ ਟੱਬਰ ਦੀ ਫੋਟੋ ਦੇਖੀ ਤਾਂ ਮੈਂ ਭੌਂਚੱਕਾ ਹੀ ਰਹਿ ਗਿਆ। ਹੋਰ ਥੱਲੇ 'ਸੁੱਖਾਂ ਲੱਧੇ' ਤਖ਼ਤਪੋਸ਼ ਦੀ ਫੋਟੋ ਦੇਖ ਕੇ ਮੇਰੀਆਂ ਅੱਖਾਂ ਹੀ ਅੱਡੀਆਂ ਰਹਿ ਗਈਆਂ। ਫਿਰ ਉਤੇ ਵੱਲ ਦੇਖਿਆ, ਉਹ ਕੋਈ 'ਸਕੈਚ' ਨਹੀਂ ਸੀ, ਸਗੋਂ ਚਾਚੇ ਰਾਮ ਕਿਸ਼ਨ ਦੀ ਹੀ ਫੋਟੋ ਸੀ!



ਸੁੱਖਾਂ ਲੱਧਾ ਤਖ਼ਤਪੋਸ਼ ਜੋ ਰਾਮ ਕਿਸ਼ਨ ਨੇ ਬਣਵਾਇਆ ਸੀ

ਇਹ ਕਰਾਮਾਤ ਕਿਵੇਂ ਵਾਪਰ ਗਈ? ਕਿਸ ਨੇ ਮੇਰੀ ਰੀਝ ਅਨੁਸਾਰ ਸੋਨੇ 'ਤੇ ਸੁਹਾਗੇ ਵਾਲੀ ਗੱਲ ਕੀਤੀ ਹੋਵੇਗੀ? ਏਡੀ ਦੂਰ ਬੇਟ ਦੇ ਮੰਡ ਇਲਾਕੇ 'ਚੋਂ ਕੌਣ ਲਿਆਇਆ ਹੋਏਗਾ ਫੋਟੋਆਂ ਖਿੱਚ ਕੇ? ਉਲਝੇ ਸਵਾਲ, ਸ਼ਸ਼ੋਪੰਜ ਅਤੇ ਖ਼ੁਸ਼ੀ ਰਲ-ਮਿਲ ਕੇ ਮੇਰੇ ਚਿਹਰੇ 'ਤੇ ਤੈਰਨ ਲੱਗ ਪਏ। ਖ਼ੁਸ਼ੀ 'ਚ ਝੂਮਦਿਆਂ 'ਨੈਟ' ਤੋਂ ਉਠਿਆ। ਜੇ ਕੋਈ ਉਸ ਵੇਲੇ ਮੈਨੂੰ ਦੇਖਦਾ ਹੁੰਦਾ ਤਾਂ ਜ਼ਰੂਰ ਪੁੱਛਦਾ ਕਿ ਨੈਟ ਵਿਚੋਂ ਤੈਨੂੰ ਕਿਹੜੀ ਮਮੀਰੇ ਦੀ ਗੱਠੀ ਲੱਭ ਪਈ ਐ ਭਾਈ?

ਸੁਵਖਤਾ ਹੋਣ ਕਾਰਨ ਫੋਟੋਆਂ ਬਾਰੇ ਸ਼ਿਕਾਗੋ ਦਫ਼ਤਰ ਫੋਨ ਕਰਨਾ ਤਾਂ ਮੈਂ ਮੁਨਾਸਬ ਨਾ ਜਾਣਿਆ ਪਰ ਝੱਟ-ਪੱਟ ਜਾਨੀਵਾਲ ਫੋਨ ਖੜਕਾਇਆ। ਉਥੋਂ ਇੰਨਾ ਕੁ 'ਸੁਰਾਗ' ਮਿਲਿਆ ਕਿ ਕੋਈ ਬੰਦਾ ਆਇਆ ਸੀ ਜੋ ਮੇਰਾ ਨਾਂ ਲੈ ਕੇ ਉਨ੍ਹਾਂ ਦੀਆਂ ਕੁਝ ਫੋਟੋਆਂ ਖਿੱਚ ਕੇ ਲੈ ਗਿਆ। ਜਾਨੀਵਾਲ ਤੋਂ ਮਿਲੀ ਅਹਿਮ ਜਾਣਕਾਰੀ ਦੀਆਂ ਅਗਲੀਆਂ-ਪਿਛਲੀਆਂ ਕੜੀਆਂ ਦਾ ਖੁਲਾਸਾ ਜਾਣਨ ਲਈ ਫਿਰ ਸ਼ਿਕਾਗੋ ਦਫ਼ਤਰ ਫੋਨ ਕੀਤਾ। ਸਸਪੈਂਸ ਭਰਿਆ ਸਰਪ੍ਰਾਈਜ਼ ਮਿਸ਼ਨ ਸਹੀ ਸਲਾਮਤ ਸਿਰੇ ਚੜ੍ਹ ਜਾਣ ਦੀ ਖ਼ੁਸ਼ੀ ਵਿਚ ਖੀਵੇ ਹੁੰਦਿਆਂ ਸੰਪਾਦਕ ਜੀ ਨੇ ਜੋ ਜਾਣਕਾਰੀ ਦਿੱਤੀ, ਉਸ ਦਾ ਵੇਰਵਾ ਦੇ ਕੇ ਲੇਖ ਸਮਾਪਤ ਕਰਦੇ ਹਾਂ।

ਜਿਵੇਂ ਪਹਿਲਾਂ ਦੱਸਿਆ ਜਾ ਚੁੱਕਾ ਹੈ ਕਿ ਮੈਂ ਆਪਣੀ ਰਚਨਾ ਪੈਨ ਨਾਲ ਲਿਖ ਕੇ ਭੇਜਦਾ ਹਾਂ। ਖ਼ਬਰਾਂ ਜਾਂ ਛੋਟੇ-ਮੋਟੇ ਆਰਟੀਕਲ ਤਾਂ ਸ਼ਿਕਾਗੋ ਦਫ਼ਤਰ ਵਿਚ ਹੀ ਟਾਈਪ ਕਰ ਲਏ ਜਾਂਦੇ ਹਨ, ਲੇਕਿਨ ਵੱਡੇ ਲੇਖ ਪੰਜਾਬ ਵਿਚਲੇ 'ਪੰਜਾਬ ਟਾਈਮਜ਼' ਦੇ ਦਫ਼ਤਰ ਟਾਈਪ ਵਗੈਰਾ ਕਰਨ ਲਈ ਭੇਜ ਦਿੱਤੇ ਜਾਂਦੇ ਹਨ। ਜਦੋਂ ਮੇਰਾ ਤਖ਼ਤਪੋਸ਼ ਵਾਲਾ ਲੇਖ ਉਥੇ ਦਫ਼ਤਰ ਵਿਚ ਟਾਈਪ ਕਰਨ ਵਾਲਾ ਸੱਜਣ ਟਾਈਪ ਕਰਨ ਲੱਗਾ ਤਾਂ ਪੂਰੀ ਲਿਖਤ ਪੜ੍ਹ ਕੇ ਉਸ ਦੇ ਮਨ ਵਿਚ ਵੈਰਾਗ ਆ ਗਿਆ। ਲਿਖਤ ਵਿਚਲੇ ਪਾਤਰਾਂ ਦੀ ਅਨੂਠੀ ਸ਼ਰਧਾ, ਸਿਦਕ, ਅਸੂਲਪ੍ਰਸਤੀ ਅਤੇ ਰਚਨਾ ਦੀ ਲਿਖਣ ਸ਼ੈਲੀ ਤੋਂ ਭਾਵੁਕ ਹੁੰਦਿਆਂ ਉਸ ਦੇ ਦਿਲ 'ਚ ਫੁਰਨਾ ਫੁਰਿਆ ਕਿ ਕਿਉਂ ਨਾ ਇਸ ਪੁਰਾਤਨ ਤਖ਼ਤਪੋਸ਼ ਅਤੇ ਉਸ ਬਜ਼ੁਰਗ ਦੀ ਫੋਟੋ ਵੀ ਲੇਖ ਨਾਲ ਛਾਪੀ ਜਾਏ। ਸੰਪਾਦਕ ਨਾਲ ਗੱਲ ਕਰਨ ਪਿਛੋਂ ਉਸ ਨੇ ਜਾਨੀਵਾਲ ਤੋਂ ਪੱਚੀ-ਤੀਹ ਮੀਲ ਦੂਰ ਇਕ ਪਿੰਡ 'ਚ ਰਹਿੰਦੇ ਆਪਣੇ ਕਿਸੇ ਜਾਣੂ ਨੂੰ ਫੋਟੋਆਂ ਖਿੱਚ ਲਿਆਉਣ ਦੀ ਖੇਚਲ ਦਿੱਤੀ। (ਸ਼ੁਕਰ ਹੈ ਮੇਰੇ ਉਸ ਲੇਖ ਵਿਚਲੇ ਸਾਰੇ ਨਾਂ-ਥਾਂ ਅਤੇ ਤੱਥ 'ਕਪੋਲ-ਕਲਪਨਾ' ਆਧਾਰਤ ਨਹੀਂ ਸਨ!)

ਲੇਖ ਤੋਂ ਪ੍ਰਭਾਵਿਤ ਹੋਏ ਉਸ ਸੱਜਣ ਬਾਰੇ ਅਚੰਭੇ ਭਰੀ ਸੂਚਨਾ ਇਹ ਹੈ ਕਿ ਉਹ ਕੋਈ ਧਾਰਮਿਕ ਜਾਂ ਸ਼ਰਧਾਲੂ ਵਿਅਕਤੀ ਨਹੀਂ ਸਗੋਂ ਇਕ ਪੁਰਾਣਾ ਮਾਰਕਸਵਾਦੀ ਕਾਮਰੇਡ ਹੈ। ਕਿੱਥੇ ਤਖ਼ਤਪੋਸ਼ ਜਿਹੀ ਬੇਜਾਨ ਵਸਤੂ ਨੂੰ ਆਪਣੇ ਇਸ਼ਟ ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਸਮਰਪਿਤ ਕਰਨ ਵਾਲਾ ਧਰਮੀ ਜਿਉੜਾ ਰਾਮ ਕਿਸ਼ਨ ਅਤੇ ਕਿੱਥੇ ਤਰਕਸ਼ੀਲ ਤੇ ਮਾਰਕਸੀ ਵਿਚਾਰਧਾਰਾ ਨੂੰ ਪ੍ਰਣਾਇਆ ਇਕ ਸੁਹਿਰਦ ਕਾਮਰੇਡ! ਇਨ੍ਹਾਂ ਦੋਹਾਂ ਦਾ ਅਨੋਖਾ ਸੰਗਮ ਕਰਾਉਣ ਵਾਲੀ ਮੇਰੀ ਨਿਮਾਣੀ ਜਿਹੀ ਲੇਖਣੀ, ਪਿਆਰੇ ਪਾਠਕਾਂ ਦੀ ਸ਼ਾਬਾਸ਼ੇ ਦੀ ਹੱਕਦਾਰ ਹੈ ਕਿ ਨਹੀਂ?

**ਅੰਤਿਕਾ:** 'ਪੰਜਾਬ ਟਾਈਮਜ਼' ਦੇ ਸੰਪਾਦਕ-ਮੰਡਲ ਵੱਲੋਂ ਦਿੱਤੇ ਗਏ ਫੋਟੋ ਸਰਪ੍ਰਾਈਜ਼ ਬਾਰੇ ਗੱਲ ਕਰਦਿਆਂ ਪਾਰਖੂ ਮਿੱਤਰ ਭੁਪਿੰਦਰ ਸਿੰਘ ਪੰਧੇਰ ਨੂੰ ਮੈਂ ਦੱਸ ਰਿਹਾ ਸਾਂ ਕਿ ਪੰਜਾਬ ਰਹਿੰਦੇ ਉਸ ਅਣਜਾਣ ਵੀਰ ਦਾ ਫੋਨ ਨੰਬਰ ਲੈ ਕੇ ਉਸ ਦਾ ਧੰਨਵਾਦ ਕਰਨਾ ਹੈ। ਸਿਰੇ ਦਾ ਜਜ਼ਬਾਤੀ ਪੰਧੇਰ ਬੋਲਿਆ, "ਨਾ ਨਾ ਨਾ, ਇਹ ਗਲਤੀ ਨਾ ਕਰ ਲਿਉ ਭਾਅ ਜੀ! ਜਿਸ ਬੰਦੇ ਨੇ ਏਡਾ ਤਰੱਦਦ ਕਰ ਕੇ ਤੁਹਾਡੀ ਲਿਖਤ ਨੂੰ ਫੋਟੋਆਂ ਨਾਲ ਸ਼ਿੰਗਾਰ ਕੇ, ਤੁਹਾਡੇ ਦਿਲ ਦੀ ਰੀਝ ਪੂਰੀ ਕੀਤੀ ਹੈ, ਉਸ ਦੇ ਧੰਨਵਾਦ ਲਈ ਇਕ ਪੂਰਾ ਆਰਟੀਕਲ ਲਿਖਣਾ ਚਾਹੀਦਾ ਐ ਤੁਹਾਨੂੰ!"

# ਦੋਸਤੀ ਦੀ ਮਾਲਾ 'ਚੋਂ ਮੋਤੀ ਟੁੱਟ ਗਿਆ

ਮੇਰੇ ਦਿਲ ਦੀ ਗੱਲ



ਨਿੰਮਾ ਡੱਲੇਵਾਲਾ
ਫੋਨ:513-432-9754

ਅੱਜ ਦੇ ਯੁੱਗ ਵਿਚ ਸੱਚੇ ਦੋਸਤਾਂ ਤੇ ਸੱਚੀ ਦੋਸਤੀ ਦੀ ਚਮਕ ਕੁਝ ਧੁੰਦਲੀ ਪਈ ਨਜ਼ਰ ਆਉਂਦੀ ਹੈ। ਕੁਝ ਵਕਤ ਪਿਛਾਂਹ ਨਜ਼ਰ ਮਾਰੀਏ ਅਤੇ ਪੁਰਾਣੇ ਸਮਿਆਂ ਦੀ ਦੋਸਤੀ ਦੀ ਤੁਲਨਾ ਅੱਜ ਦੀ ਦੋਸਤੀ ਨਾਲ ਕਰੀਏ ਤਾਂ ਜ਼ਮੀਨ-ਅਸਮਾਨ ਦਾ ਫਰਕ ਨਜ਼ਰ ਆਏਗਾ। ਅੱਜ ਮੈਂ ਉਸ ਪੁਰਾਣੇ ਵਕਤ ਦੀ ਦੋਸਤੀ ਦਾ ਜ਼ਿਕਰ ਕਰਨ ਲੱਗਾ ਹਾਂ ਜਿਸ ਨੂੰ ਇਸ ਮਤਲਬੀ ਨਵੇਂ ਜ਼ਮਾਨੇ ਦੀ ਹਨੇਰੀ ਰਤਾ ਭਰ ਵੀ ਹਿਲਾ ਨਾ ਸਕੀ। ਛੇਵੀਂ ਜਮਾਤ ਦਾ ਸੱਚੀ ਦੋਸਤੀ ਵਾਲਾ ਉਸਰਿਆ ਮਹਿਲ ਅੱਜ ਤੱਕ ਇਸ ਕਰ ਕੇ ਸਲਾਮਤ ਹੈ ਕਿ ਸਮੇਂ-ਸਮੇਂ ਸਿਰ ਲੋੜ ਪੈਣ 'ਤੇ ਹਰ ਦੋਸਤ ਇਸ ਦੇ ਬਨੇਰਿਆਂ ਨੂੰ ਹਮਦਰਦੀ ਅਤੇ ਪਿਆਰ ਦਾ ਲੇਪ ਲਿਪਦਾ ਰਿਹਾ। ਸਭ ਦੋਸਤਾਂ ਦੇ ਦਿਲਾਂ ਵਿਚ ਪੈਦਾ ਹੋਈ ਮਦਦ ਵਾਲੀ ਭਾਵਨਾ ਨੇ ਕਦੇ ਵੀ ਖੁਦਗਰਜ਼ੀ ਵਾਲੇ ਬੀਜਾਂ ਨੂੰ ਪੁੰਗਰਨ ਨਹੀਂ ਦਿੱਤਾ ਜਿਸ ਦੀ ਬਦੌਲਤ ਪੁਰਾਣੇ ਵਕਤ ਦੀ ਦੋਸਤੀ ਅੱਜ ਪਰਿਵਾਰਕ ਸਾਂਝ ਦਾ ਰੂਪ ਧਾਰ ਗਈ ਹੈ।

ਮੇਰੇ ਨਾਲੋਂ ਕੁਝ ਜਮਾਤਾਂ ਅੱਗੇ ਪੜ੍ਹਦੇ ਹੈਪੀ, ਨਿਧਾਨ, ਬੱਲੀ, ਜੈਲੋ ਤੇ ਸ਼ੇਰੇ ਦੀ ਦੋਸਤ ਮੰਡਲੀ ਸੀ ਜੋ ਰੁਜ਼ਗਾਰ ਦਾ ਪਿੱਛਾ ਕਰਦੇ ਅਮਰੀਕਾ ਦੇ ਵੱਖ-ਵੱਖ ਸ਼ਹਿਰਾਂ 'ਚ ਆਣ ਵਸੇ ਪਰ ਲੋੜ ਪੈਣ 'ਤੇ ਕੋਹਾਂ ਦੀ ਦੂਰੀ ਨੂੰ ਦਿਲਾਂ ਵਾਲੀ ਨੇੜਤਾ ਬਰਾਬਰ ਲਿਆ ਖੜ੍ਹਾ ਕਰਦੀ ਹੈ। ਸੱਚੀ ਦੋਸਤੀ ਦੀ ਇਸ ਮਾਲਾ ਦਾ ਇਕ ਮੋਤੀ ਸੀ ਬਿੱਟੂ ਸੈਣੀ ਜਿਸ ਦੇ ਭਰ ਜਵਾਨੀ 'ਚ ਮਾਲਾ ਵਿਚੋਂ ਟੁੱਟ ਜਾਣ ਦੇ ਦੁੱਖ ਨੇ ਦੋਸਤਾਂ ਦੇ ਨੈਣਾਂ ਵਾਲੇ ਕਾਸੇ ਹੰਝੂਆਂ ਨਾਲ ਭਰ ਦਿੱਤੇ ਅਤੇ ਮੇਰੀ ਕਲਮ ਵੀ ਵੈਰਾਗੀ ਗਈ,

ਭੁੱਲ ਕੇ ਵੀ ਤੁਸੀਂ ਗੁਆਇਉ ਨਾ,
ਕਦੇ ਯਾਰ ਗੁਆਚੇ ਨਹੀਂ ਲੱਭਦੇ।
ਲੱਗੀਆਂ ਤੋੜ ਚੜ੍ਹਾਉਣ ਵਾਲੇ,
ਦਿਲਦਾਰ ਗੁਆਚੇ ਨਹੀਂ ਲੱਭਦੇ।
ਦਿਲੋਂ ਕੀਤੇ ਮਿੱਤਰ ਪਿਆਰਿਆਂ ਦੇ,
ਕਦੇ ਪਿਆਰ ਗੁਆਚੇ ਨਹੀਂ ਲੱਭਦੇ।
ਲੈ ਦੀਵਾ 'ਨਿੰਮਿਆ' ਲੱਭ ਲੈ ਕੋਈ।
ਇਕ ਵਾਰ ਗੁਆਚੇ ਨਹੀਂ ਲੱਭਦੇ।

ਪਿੰਡ ਬਹਿਰਾਮਪੁਰ ਦਾ ਬਿੱਟੂ ਸੈਣੀ ਪੜ੍ਹਾਈ ਦੇ ਨਾਲ-ਨਾਲ ਪਿੰਡ ਡੱਲੇ ਦੇ ਅੱਡੇ ਵਿਚ ਤੇਲ ਦਾ ਡਿੱਪੂ ਵੀ ਚਲਾਉਂਦਾ ਸੀ। ਉਹ ਸਭ ਮੁੰਡਿਆਂ ਤੋਂ ਵੱਧ ਟੌਅਰੀ ਸੀ। ਉਹਦੇ ਵਰਗੀ ਪੱਗ ਲਾਗਲੇ ਦਸਾਂ ਪਿੰਡਾਂ ਵਿਚ ਕੋਈ ਨਹੀਂ ਸੀ ਬੰਨ੍ਹਦਾ ਅਤੇ ਨਾ ਹੀ ਉਹਦੇ ਵਰਗਾ ਕੋਈ ਭੰਗੜਾ ਪਾ ਸਕਦਾ ਸੀ। ਮੇਰੀ ਪੱਗ ਵਿਚ ਨਿਖਾਰ ਵੀ ਉਸੇ ਦੀ ਪੱਗ ਵੇਖ ਕੇ ਆਇਆ। ਬੜਾ ਫੁਰਤੀਲਾ ਤੇ ਹਸਮੁੱਖ ਸੁਭਾਅ ਦਾ ਸੀ ਬਿੱਟੂ ਸੈਣੀ। ਸਭ ਦਾ ਦਿਲ ਲਾਈ ਰੱਖਣ ਵਾਲਾ। ਉਹਦੇ ਚਿਹਰੇ 'ਤੇ ਕਦੇ ਉਦਾਸੀ ਦੇ ਬਦਲ ਨਜ਼ਰ ਨਹੀਂ ਸੀ ਆਏ।

ਸਭ ਦੋਸਤਾਂ ਦੇ ਅਮਰੀਕਾ ਚਲੇ ਆਉਣ 'ਤੇ ਮੈਂ ਅਤੇ ਬਿੱਟੂ ਵੀ ਕਾਹਲੇ ਪੈ ਗਏ ਅਮਰੀਕਾ ਆਉਣ ਲਈ। ਮੇਰਾ ਦੂਰ ਦਾ ਇਕ ਰਿਸ਼ਤੇਦਾਰ ਜਿਸ ਦਾ ਨਾਂ ਵੀ ਬਿੱਟੂ ਹੈ ਤੇ ਅੱਜਕੱਲ੍ਹ ਮਿਲਵਾਕੀ ਵੱਸਦਾ ਹੈ, ਉਨ੍ਹਾਂ ਦਿਨਾਂ ਵਿਚ ਉਹ ਵਧੀਆ ਪ੍ਰੋਮੋਟਰ ਸੀ। ਉਸ ਦੇ ਲਾਏ ਕਈ ਬੂਟੇ ਅੱਜ ਫਲ-ਫੁੱਲ ਰਹੇ ਹਨ। ਮੇਰੇ ਵਾਂਗ ਪੈਸੇ ਫੜ ਫੜਾ ਕੇ ਬਿੱਟੂ ਸੈਣੀ 1997 ਵਿਚ ਪਤਨੀ ਤੇ ਇਕ ਪੁੱਤਰ ਪਿੱਛੇ ਛੱਡ ਕੇ ਮੇਰੇ ਨਾਲ ਅਮਰੀਕਾ ਚੜ੍ਹ ਆਇਆ। ਕੁਝ ਦਿਨ ਇਕੱਠੇ ਰਹਿਣ ਮਗਰੋਂ ਮੈਨੂੰ ਕੰਮ ਮਿਲਿਆ ਫਿਲਾਡੈਲਫੀਆ ਵਿਚ ਅਤੇ ਬਿੱਟੂ ਨੂੰ ਹੈਪੀ ਤੇ ਸੋਨੂੰ ਨੇ ਨਿਊ ਜਰਸੀ ਆਪਣੇ ਨਾਲ ਪੰਪ 'ਤੇ ਲਵਾ ਲਿਆ।

ਫੋਨ ਉਤੇ ਗੱਲਾਂ ਆਸਰੇ ਦਿਨ, ਮਹੀਨੇ ਤੇ ਕਈ ਸਾਲ ਗੁਜ਼ਰ ਗਏ। ਅਖੀਰ ਦੁਬਾਰਾ ਮੁਲਾਕਾਤਾਂ ਹੋਈਆਂ 2004 ਵਿਚ ਨਿਊ ਯਾਰਕ ਦੇ ਸ਼ਹਿਰ ਪ੍ਰਕਿਪਸੀ ਵਿਚ ਜਿਥੇ ਅਸੀਂ ਤਿੰਨ ਸਾਲ ਇਕੱਠਿਆਂ ਕੰਮ ਕੀਤਾ। ਉਸ ਸਮੇਂ ਮੈਂ ਉਸ ਦੇ ਹਸਮੁੱਖ ਚਿਹਰੇ ਉਤੇ ਆਈਆਂ ਉਦਾਸੀਆਂ ਪੜ੍ਹੀਆਂ। ਪਤਾ ਲੱਗਾ ਕਿ ਪਿੱਛੇ ਪਰਿਵਾਰ ਵਿਚ ਹੋਣ ਵਾਲਾ ਕਲੇਸ਼ ਉਸ ਦੇ ਪ੍ਰੇਸ਼ਾਨ ਰਹਿਣ ਦਾ ਕਾਰਨ ਬਣ ਗਿਆ ਸੀ। ਅਕਸਰ ਹੁੰਦਾ ਹੈ ਕਿ ਪਤਨੀ ਅਤੇ ਮਾਪੇ ਚੱਕੀ ਦੇ ਦੋ ਪੁੜ ਬਣ ਜਾਂਦੇ ਹਨ। ਬਿੱਟੂ ਵੀ ਇਨ੍ਹਾਂ ਪੁੜਾਂ ਵਿਚਾਲੇ ਆ ਗਿਆ। ਦੋਸਤਾਂ ਦੇ ਲੱਖ ਸਮਝਾਉਣ 'ਤੇ ਵੀ ਉਹ ਉਦਾਸੀ ਤੋਂ ਅਲੱਗ ਨਾ ਹੋ ਸਕਿਆ ਅਤੇ ਸ਼ਰਾਬ ਦਾ ਸਹਾਰਾ ਲੈਣ ਲੱਗ ਪਿਆ।

ਫਿਰ ਪੰਪ ਵਿਚ ਪਏ ਘਾਟੇ ਕਾਰਨ ਮੈਂ ਹੈਪੀ ਕੋਲ ਸਿਨਸਿਨੈਟੀ ਆ ਗਿਆ। ਬਿੱਟੂ ਮਿਲਣ ਆਇਆ। ਕੁਝ ਦਿਨ ਸਾਡੇ ਕੋਲ ਰੁਕਿਆ। ਬੜਾ ਜ਼ੋਰ ਲਾਇਆ ਕਿ ਸਾਡੇ ਵਾਂਗ ਉਹ ਵੀ ਕੋਈ ਕੇਸ ਅਪਲਾਈ ਕਰ ਦੇਵੇ ਤਾਂ ਕਿ ਪੇਪਰ ਬਣ ਜਾਣ ਅਤੇ ਉਹ ਵਾਪਸ ਜਾ ਕੇ ਆਪਣੇ ਪਰਿਵਾਰ ਦੀ ਖ਼ਬਰ-ਸਾਰ ਲੈ ਸਕੇ ਪਰ ਉਹਨੇ ਇਹੀ ਰਟ ਲਾਈ ਰੱਖੀ ਕਿ ਵਾਪਸ ਚਲਾ ਜਾਣਾ ਹੈ। ਉਹਨੇ ਟਿਕਟ ਲੈਣ ਮਗਰੋਂ ਹੀ ਸਾਨੂੰ ਫੋਨ ਕੀਤਾ। ਅਸੀਂ ਏਅਰਪੋਰਟ ਪਹੁੰਚਣ ਤੱਕ ਉਹਨੂੰ ਰੋਕਦੇ ਰਹੇ ਪਰ ਉਹ ਨਾ ਰੁਕਿਆ। ਅਮਰੀਕਾ ਨੂੰ ਅਲਵਿਦਾ ਕਹਿ ਕੇ ਵਾਪਸ ਉਡਾਰੀ ਮਾਰ ਗਿਆ। ਉਹਨੂੰ ਇਹ ਵੀ ਭਰਮ ਸੀ ਕਿ ਬਾਰਾਂ ਸਾਲਾਂ ਦੀਆਂ ਕਮਾਈਆਂ ਕਰ ਕੇ ਘੱਲੀਆਂ, ਉਥੇ ਜਾਣ ਸਾਰ ਮਿਲ ਜਾਣਗੀਆਂ ਜਿਸ ਨਾਲ ਉਹ ਕੋਈ ਕੰਮ ਕਰ ਲਵੇਗਾ। ਉਸ ਨੂੰ ਨਹੀਂ ਸੀ ਪਤਾ ਕਿ ਗੰਗਾ ਗਈਆਂ ਹੱਡੀਆਂ ਕਦੇ ਨਹੀਂ ਮਿਲਦੀਆਂ!

ਕੁਝ ਹਫ਼ਤਿਆਂ ਦੀ ਮਹਿਮਾਨ-ਨਿਵਾਜ਼ੀ ਮਗਰੋਂ ਜਦੋਂ ਬਾਰਾਂ ਸਾਲਾਂ ਦੀ ਕਮਾਈ ਦੇ ਹਿਸਾਬ-ਕਿਤਾਬ ਦੀ ਗੱਲ ਛਿੜੀ ਤਾਂ ਸਭ ਨੇ ਪੱਲੇ ਝਾੜ ਦਿੱਤੇ। ਬਾਰਾਂ ਸਾਲ ਤਾਂ ਕੀ, ਬਾਰਾਂ ਮਹੀਨੇ ਦੀ ਕਮਾਈ ਵੀ ਹੱਥ ਨਾ ਆਈ ਤੇ ਉਹਨੂੰ ਪੈਰਾਂ ਥੱਲਿਓਂ ਜ਼ਮੀਨ ਖਿਸਕੀ ਮਹਿਸੂਸ ਹੋਈ। ਬਿੱਟੂ ਨੇ ਸਾਰੀ ਉਮਰ ਪਰਿਵਾਰ ਲਈ ਖ਼ੁਸ਼ੀਆਂ ਖਰੀਦਣ ਦੀ ਕੋਸ਼ਿਸ਼ ਕੀਤੀ ਤੇ ਅੱਜ ਉਸੇ ਪਰਿਵਾਰ ਨੇ ਉਹਨੂੰ ਦਰਦਾਂ ਦੇ ਦਰਵਾਜ਼ੇ 'ਤੇ ਲਿਆ ਖੜ੍ਹਾ ਕੀਤਾ। ਬਿੱਟੂ ਆਪਣੇ ਦਰਦਾਂ ਦੀ ਦਾਰੂ ਸ਼ਰਾਬ ਨੂੰ ਸਮਝ ਬੈਠਾ ਜਿਸ ਨੇ ਪੀਣ ਵਾਲੇ ਨੂੰ ਹੀ ਹੌਲੀ-ਹੌਲੀ ਪੀ ਲਿਆ। ਸਿਰਫ 38 ਸਾਲਾਂ ਵਿਚ ਹੀ ਆਪਣੀ ਜੀਵਨ ਯਾਤਰਾ ਪੂਰੀ ਕਰ ਕੇ ਸਾਰੀ ਉਮਰ ਪਰਿਵਾਰ ਨੂੰ ਵਿਲਕਣ ਲਈ ਛੱਡ ਗਿਆ। ਉਹਦੇ ਇੱਥੇ ਵੱਸਦੇ ਕਈ ਦੋਸਤਾਂ ਦੀਆਂ ਕਾਲਾਂ ਆਈਆਂ ਕਿ ਸ਼ਰਧਾਂਜਲੀ ਵਜੋਂ ਉਸ ਬਾਰੇ ਕੁਝ ਲਿਖਾਂ। ਮੇਰੀ ਲਿਖਤ ਅਜੇ ਪੂਰੀ ਨਹੀਂ ਸੀ ਹੋਈ ਕਿ ਮੈਂ ਪਿੰਡ ਆਪਣੇ ਭਰਾ ਨੂੰ ਫੋਨ ਕਰ ਬੈਠਾ। ਉਹਨੇ ਦੱਸਿਆ ਕਿ ਰਾਤ ਬਿੱਟੂ ਦਾ ਭਰਾ ਜੱਸੀ ਵੀ ਪੂਰਾ ਹੋ ਗਿਆ...ਉਫ...ਵੱਡੇ ਭਰਾ ਦਾ ਸਿਵਾ ਵੀ ਠੰਢਾ ਨਹੀਂ ਸੀ ਹੋਇਆ ਕਿ ਛੋਟੇ ਭਰਾ ਦਾ ਸਿਵਾ ਵੀ ਬਰਾਬਰ ਬਲ ਗਿਆ। ਦੋ ਜਵਾਨ ਪੁੱਤਾਂ ਦੀ ਮੌਤ ਨਾਲ ਬੁੱਢੇ ਮਾਪਿਆਂ ਉਤੇ ਕੀ ਬੀਤੀ ਹੋਵੇਗੀ? ਦੋ ਸਿਰਾਂ ਤੋਂ ਫੁਲਕਾਰੀ ਦੇ ਰੰਗਾਂ ਨੇ ਚਿੱਟੀ ਚਾਦਰ ਦਾ ਰੂਪ ਧਾਰ ਲਿਆ। ਇਸ ਤਰ੍ਹਾਂ ਦਾ ਡਾਕਾ ਤਾਂ ਕਦੇ ਕਿਸੇ ਘਰ ਵੀ ਨਹੀਂ ਪਿਆ ਹੋਣਾ! ਇਹ ਤਾਂ ਜੱਗੋਂ ਤੇਰਵੀਂ ਸੀ:

ਦੋਸਤੀ ਵਾਲੀ ਮਾਲਾ 'ਚੋਂ
ਦੋ ਮੋਤੀ ਟੁੱਟ ਗਏ।
ਪੂਰੇ ਭਰੇ ਪਰਿਵਾਰ ਨੂੰ
ਕੰਡਿਆਂ 'ਤੇ ਸੁੱਟ ਗਏ।
ਕਈਆਂ ਦੀਆਂ ਕਈ ਸੱਧਰਾਂ ਦੇ
ਗਲਾਂ ਨੂੰ ਘੁੱਟ ਗਏ।
ਦੂਰ-ਦੁਰਾਡੇ ਜਾ ਬੈਠੇ
ਜ਼ਿੰਦਗੀ ਨਾਲ ਰੁੱਸ ਗਏ।
ਘੜੇ ਦੋ ਸਕੇ ਭਰਾਵਾਂ ਦੇ
ਅੱਜ ਇੱਕੋ ਥਾਂਵੇਂ ਫੁੱਟ ਗਏ।

# ਪਾਕਿਸਤਾਨ ਵਿਚ ਵੀਹ ਹਜ਼ਾਰ ਵੈਬਸਾਈਟਾਂ ਜਾਮ

**ਲਾਹੌਰ:** ਪਾਕਿਸਤਾਨ ਸਰਕਾਰ ਨੇ ਇਸਲਾਮ ਵਿਰੋਧੀ ਫਿਲਮ ਇਨੋਸੈਂਸ ਆਫ ਮੁਸਲਿਮਜ਼ ਦੀ ਫੁਟੇਜ ਸਮੇਤ ਹੋਰ ਇਤਰਾਜ਼ਯੋਗ ਸਮੱਗਰੀ ਪਰੋਸਣ ਵਾਲੀਆਂ 20 ਹਜ਼ਾਰ ਵੈੱਬਸਾਈਟਾਂ 'ਤੇ ਰੋਕ ਲਾ ਦਿੱਤੀ ਹੈ। ਇਨ੍ਹਾਂ ਵਿਚ ਯੂਟਿਊਬ ਵੀ ਸ਼ਾਮਲ ਹੈ। ਦੂਰ ਸੰਚਾਰ ਵਿਭਾਗ ਨਾਲ ਸਬੰਧਤ ਇਕ ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਇੰਟਰਨੈੱਟ 'ਤੇ ਇਸਲਾਮ ਵਿਰੋਧੀ ਫਿਲਮ ਅਪਲੋਡ ਕੀਤੇ ਜਾਣ ਤੋਂ ਬਾਅਦ ਉਨ੍ਹਾਂ 20 ਹਜ਼ਾਰ ਤੋਂ ਵਧੇਰੇ ਇਤਰਾਜ਼ਯੋਗ ਵੈੱਬਸਾਈਟਾਂ 'ਤੇ ਰੋਕ ਲਗਾ ਦਿੱਤੀ ਹੈ।

ਸਰਕਾਰੀ ਅਧਿਕਾਰੀ ਨੇ ਦੱਸਿਆ ਕਿ ਇਹ ਕਾਰਵਾਈ ਅਦਾਲਤ ਦੇ ਹੁਕਮਾਂ ਅਨੁਸਾਰ ਕੀਤੀ ਗਈ ਹੈ। ਉਹ ਲਾਹੌਰ ਦੀ ਸੈਸ਼ਨ ਅਦਾਲਤ ਦੇ ਉਸ ਫੈਸਲੇ ਦਾ ਹਵਾਲਾ ਦੇ ਰਹੇ ਸਨ ਜਿਸ ਤਹਿਤ ਯੂ.ਪੀ.ਏ. ਦੇ ਚੇਅਰਮੈਨ ਖ਼ਿਲਾਫ਼ ਕੇਸ ਦਰਜ ਕਰਨ ਦੇ ਹੁਕਮ ਦਿੱਤੇ ਗਏ ਸਨ ਕਿਉਂਕਿ ਉਨ੍ਹਾਂ ਦੀ ਸੰਸਥਾ ਇੰਟਰਨੈੱਟ 'ਤੇ ਇਸਲਾਮ ਵਿਰੋਧੀ ਫ਼ਿਲਮ ਦੇ ਅੰਸ਼ ਪੇਸ਼ ਕੀਤੇ ਜਾਣ ਉੱਪਰ ਰੋਕ ਨਹੀਂ ਲਾ ਸਕੀ ਸੀ।



*ਇਨ੍ਹਾਂ ਕਲਾਸਾਂ ਦਾ ਲਾਭ ਉਠਾ ਕੇ ਸਿਟੀਜ਼ਨ ਬਣੇ ਕੁਝ ਲੋਕ ਆਪਣੇ ਅਧਿਆਪਕਾਂ ਨਾਲ*

## ਸੈਨ ਹੋਜੇ ਵਿਚ ਮੁਫ਼ਤ ਸਿਟੀਜ਼ਨ ਕਲਾਸਾਂ

**ਸੈਨ ਹੋਜ਼ੇ (ਬਿਊਰੋ):** ਅਮਰੀਕੀ ਸਿਟੀਜ਼ਨਸ਼ਿਪ ਦੇ ਟੈਸਟ ਦੀ ਤਿਆਰੀ ਲਈ ਪੰਜਾਬੀ ਭਾਈਚਾਰੇ ਦੇ ਉਘੇ ਸਮਾਜ ਸੇਵੀ ਡਾ. ਹਰਬੰਸ ਸਿੰਘ ਸਰਾਂ ਅਤੇ ਚਰਨਜੀਤ ਸਿੰਘ ਪੰਨੂ ਵਲੋਂ ਹਰ ਸਨਿਚਰਵਾਰ 2 ਵਜੇ ਤੋਂ 4 ਵਜੇ ਤੱਕ ਇਥੇ ਐਵਰਗਰੀਨ ਲਾਇਬਰੇਰੀ ਅਬੌਰਨ ਰੋਡ ਵਿਚ ਕਲਾਸਾਂ ਲਾਈਆਂ ਜਾਂਦੀਆਂ ਹਨ। ਇਹ ਕਲਾਸਾਂ ਬਿਲਕੁਲ ਮੁਫਤ ਹਨ। ਉਹ ਕਿਸੇ ਕਿਸਮ ਦੀ ਕਾਨੂੰਨੀ ਜਾਣਕਾਰੀ ਨਹੀਂ ਦਿੰਦੇ।

ਇਨ੍ਹਾਂ ਕਲਾਸਾਂ ਵਿਚ ਅੰਗਰੇਜ਼ੀ ਦੀ ਮੁਢਲੀ ਪੜ੍ਹਾਈ ਵੀ ਕਰਵਾਈ ਜਾਂਦੀ ਹੈ ਅਤੇ ਇਨ੍ਹਾਂ ਕਲਾਸਾਂ ਦਾ ਲਾਭ ਭਾਰਤ, ਪਾਕਿਸਤਾਨ ਤੇ ਹੋਰ ਦੇਸ਼ਾਂ ਦੇ ਪੰਜਾਬੀ ਹਿੰਦੀ, ਅੰਗਰੇਜ਼ੀ ਤੇ ਉਰਦੂ ਆਦਿ ਭਾਸ਼ਾਵਾਂ ਵਾਲੇ ਉਮੀਦਵਾਰ ਵੀ ਉਠਾਉਂਦੇ ਹਨ। ਇਸ ਕਲਾਸ ਦਾ ਲਾਭ ਹੁਣ ਤੱਕ ਤਿੰਨ ਸੌ ਤੋਂ ਵੱਧ ਸਿੱਖਿਆਰਥੀ ਉਠਾ ਚੁਕੇ ਹਨ। ਹੋਰ ਜਾਣਕਾਰੀ ਵਾਸਤੇ ਡਾ. ਸਰਾਂ ਫ਼ੋਨ 408-531-7057 ਅਤੇ ਸ. ਪੰਨੂ ਫੋਨ 408-608-4961 ਨਾਲ ਸੰਪਰਕ ਕੀਤਾ ਜਾ ਸਕਦਾ ਹੈ।


*To Advertise with Punjab Times*
***Call: 847-359-0746***

OKKJI Transfer LLC.
15238 Radiance Dr., Noblesville, IN, 46060
ਡਰਾਈਵਰ ਤੇ ਓਨਰ ਅਪਰੇਟਰ ਦੀ ਲੋੜ ਹੈ
*ਲੋਕਲ ਤੇ ਲੌਂਗ ਰੂਟ
*ਡਰਾਈ ਅਤੇ ਰੀਫਰ ਲੋਡ
ਕਾਗਜ਼ ਦਿਓ ਤੇ ਪੈਸੇ ਲਓ
ਸੰਪਰਕ ਕਰੋ:
Toll Free: 1-855-966-5554
Manny Sandhu: 317-603-1000, Sam Bhullar: 732-486-9045


PANNU'S Legal Services

G.S. Pannu
Immigration Consultant - LDA
We provide services in
Bring US passport & proof of residence by 9:00 am at SF location we prepare your papers & get visa on sameday for $99 only. Call for details

IMMIGRATION CITIZENSHIP | DIVORCE CHILD SUPPORT | INDIAN PASSPORT | INDIAN VISA
OCI/PIO, Renunciation, Power of Attorney and related matters
We also handle Property and Divorce cases in Punjab
Serving you at Three Locations
FREMONT: 4127 Bay St., Unit 7, Fremont, CA 94538 (Near Fremont Bharat Bazar)
SAN FRANCISCO: 965 Mission St., Unit 102, San Francisco, CA 94103 (Near India Visa Center)
MANTECA: 1381 E. Yosemite Ave, Manteca, CA 95336 (off 99 & 120 Hwy - beside Dollar Tree store)
Call (510) 677-5200 | (209) 679-8025
E-mail: indiavisa123@yahoo.com • Fax: (510) 279-7624


ਇੰਡੀਆ ਕਾਲ ਕਰਨ ਲਈ ਸਭ ਤੋਂ ਵਧੀਆ ਤੇ ਭਰੋਸੇਮੰਦ ਸਰਵਿਸ
www.011india.com
$25 3,000 Minutes
$50 • $100 Available
✓ ਵਧੀਆ, ਸਾਫ਼ ਆਵਾਜ਼
✓ ਘਰੋਂ, ਸੈਲ ਫੋਨ ਤੋਂ ਵਰਤੋ
✓ ਇਕ ਮਿੰਟ ਗੱਲ, ਇਕ ਮਿੰਟ ਦੇ ਪੈਸੇ
✓ ਮਿੰਟ ਤੁਹਾਡੇ ਵਰਤਿਆਂ ਹੀ ਖਤਮ ਹੋਣਗੇ
ਸਾਨੂੰ ਗਾਹਕ ਭੇਜੋ ਤੇ ਫਰੀ ਮਿੰਟ ਲਵੋ!
ਇਕੋ ਡੀਲ ਤੇ ਦੋ ਨੰਬਰ ਕੱਠੇ ਚੱਲ ਸਕਦੇ ਹਨ।
ਅਮਰੀਕਾ ਜਾਂ ਕੈਨੇਡਾ ਤੋਂ ਇਕੋ ਰੇਟ
Limited Time Offer. Restrictions & Fees Apply.
800-914-1013 • 408-726-6103

Noble Dental Care

Shital Shah, DDS
Family and Cosmetic Dentistry
ਸਪੈਸ਼ਲ ਆਫਰ Special Offer
$50 Dental X-Rays, Examination Consultation and Cleaning (Cash Patients Only)* *Conditions Apply
Up to 50% off Cash Patients. Senior and Student Discounts
*Tooth Colored Fillings
*Gum Treatment
*Teeth Whitening
*Crowns and Bridges
*Full and Partial Dentures
*Porcelain Veneers
*Extraction
*Root Canals
*Night Guards
*Dentistry for Children
*ਸੀਨੀਅਰ ਅਤੇ ਸਟੂਡੈਂਟ ਡਿਸਕਾਊਂਟ
*ਦੰਦਾਂ ਦੇ ਰੰਗ ਨਾਲ ਮਿਲਦੀ ਫਿਲਿੰਗ
*ਮਸੂੜਿਆਂ ਦਾ ਇਲਾਜ
*ਦੰਦ ਚਿੱਟੇ ਕਰਨਾ
*ਕਰਾਊਨ ਤੇ ਬ੍ਰਿਜ
ਵਿਆਜ ਰਹਿਤ ਪੇਮੈਂਟ ਪਲੈਨ
Invisalign

Starting at $2,950*
*Limitided time offer may end without notice. Restrictions apply. Not valid with any other offer.
Emergency Patients Welcome
Evening/Saturday Appointments Available
State of the Art Dental Technology
Most Dental PPO Plans Accepted
Interest Free Payment Plans Available
Ph:510-493-2130
www.1nobledentalcare.com
34603 Alvarado Niles Rd., Union City, CA (Alvarado Niles & Decoto Rd., Behind Taco Bell)

The Anu Attorney Immigration Law Firm
Law offices of Anu Peshawaria
*Green Card *Family Immigration *Employment/Investor Visa *Citizenship *Litigation & Deportation *Defense *Appeals *BIA & Ninth Circuit Court
*Bankruptcy Consultation and Filing

Visa: Students, Athletes, Musicians, Journalists, Nurses, Teachers, Cooks, Religious & other professionals
Woman of the year award 1991 – India
US acclaimed extraordinary ability
Awarded for outstanding community service
Anu Peshawaria
Attorney at Law
Licensed to practice Immigration & Bankruptcy in all 50 states.
More than 20 year experience in US immigration & Indian law
ਪੰਜਾਬੀ, ਅੰਗਰੇਜ਼ੀ, ਹਿੰਦੀ ਤੇ ਉਰਦੂ ਵਿਚ ਗੱਲ ਕਰੋ
Weekends & Evening Appointments Available
Call: 1-866-586-6297, 510-353-0102
46560 Fremont Blvd., STE#205, Fremont, CA 94538
anu@anuattorney.com www.anuattorney.com

# ਬਾਬੇ ਨਾਨਕ ਦਾ ਸੁਨੇਹਾ ਕੁਲ ਲੋਕਾਈ ਤੱਕ ਪਹੁੰਚਾਉਣ ਦੀ ਲੋੜ ਉਤੇ ਜ਼ੋਰ

**ਯੂਬਾ ਸਿਟੀ (ਬਿਊਰੋ):** ਸਥਾਨਕ ਗੁਰਦੁਆਰਾ ਬੋਗ ਰੋਡ ਵਿਖੇ ਪਿਛਲੇ ਦਿਨੀਂ ਇਕ ਸਰਬ ਧਰਮ ਸੰਮੇਲਨ ਅਤੇ ਸਰਬੱਤ ਦੇ ਭਲੇ ਲਈ ਅਰਦਾਸ ਦਿਵਸ ਮਨਾਇਆ ਗਿਆ। ਸਮਾਗਮ ਵਿਚ ਵੱਖ ਵੱਖ ਧਰਮਾਂ ਵਿਚ ਵਿਸ਼ਵਾਸ ਰੱਖਣ ਵਾਲੇ ਲੋਕ ਵੀ ਹਾਜ਼ਰ ਹੋਏ। ਬੁਲਾਰਿਆਂ ਨੇ ਇਕੋ ਸੁਰ ਵਿਚ ਇਹ ਗੱਲ ਕਹੀ ਕਿ ਬਾਬੇ ਨਾਨਕ ਦਾ ਸੁਨੇਹਾ ਕਿਸੇ ਖਾਸ ਜਾਤ, ਵਰਗ, ਮਜਹਬ ਜਾਂ ਇਲਾਕੇ ਲਈ ਨਹੀਂ ਸਗੋਂ ਸਮੁੱਚੀ ਮਨੁਖਤਾ ਲਈ ਹੈ। ਬੁਲਾਰਿਆਂ ਦੀ ਸਾਂਝੀ ਰਾਏ ਸੀ ਕਿ ਬਾਬੇ ਨਾਨਕ ਦੇ ਫਲਸਫੇ ਨੂੰ ਅੱਜ ਦੇ ਤੇਜ ਤਰਾਰ ਤੇ ਪਦਾਰਥਵਾਦੀ ਯੁਗ ਵਿਚ ਵੱਧ ਤੋਂ ਵੱਧ ਪ੍ਰਚਾਰਨ ਦੀ ਜ਼ਰੂਰਤ ਹੈ। ਇਸੇ ਵਿਚ ਹੀ ਸਮੁੱਚੀ ਮਨੁਖਤਾ ਦਾ ਭਲਾ ਹੈ।

ਸਮਾਗਮ ਨੂੰ ਸੰਬੋਧਨ ਕਰਦਿਆਂ ਮਾਰਕਸੀ ਪਿਛੋਕੜ ਵਾਲੇ ਚਿੰਤਕ ਮਾਸਟਰ ਹਰਭਜਨ ਸਿੰਘ ਬਾਸੀ ਨੇ ਆਖਿਆ ਕਿ ਸਭ ਧਰਮਾਂ ਦਾ ਮਕਸਦ ਤੇ ਸੁਨੇਹਾ ਸਾਂਝਾ ਹੈ ਅਤੇ ਉਨ੍ਹਾਂ ਦੇ ਮੂਲ ਸਿਧਾਂਤ ਮਨੁੱਖਤਾ ਦੇ ਭਲੇ ਦੀ ਗੱਲ ਕਰਦੇ ਹਨ। ਹਰ ਧਰਮ ਦਾ ਮੂਲ ਸੁਭਾਅ ਸਮਾਜਵਾਦੀ ਹੈ। ਉਨ੍ਹਾਂ ਆਖਿਆ ਕਿ ਹਰ ਧਰਮ ਦੇ ਆਗੂਆਂ ਨੂੰ ਚਾਹੀਦਾ ਹੈ ਕਿ ਉਹ ਆਪੋ ਆਪਣੇ ਧਰਮ ਦੀ ਲੋਅ ਵਿਚ ਦਬੇ ਕੁਚਲੇ ਲੋਕਾਂ ਦੇ ਭਲੇ ਲਈ ਅਧਿਆਤਮਕਤਾ ਦੇ ਨਾਲ ਨਾਲ ਸਮਾਜ ਭਲਾਈ ਦੇ ਕੰਮਾਂ ਉਤੇ ਵੀ ਜ਼ੋਰ ਦੇਣ। ਜੇ ਧਾਰਮਿਕ ਨਸਲੀ ਤੇ ਹੋਰ ਵਖਰੇਵਿਆਂ ਤੋਂ ਉਪਰ ਉਠ ਕੇ ਸਮਾਜ ਭਲਾਈ ਦੇ ਕੰਮ ਕੀਤੇ ਜਾਣ ਤਾਂ ਆਪਸੀ ਸਾਂਝ ਹੋਰ ਵਧੇਗੀ।

ਗੁਰੂ ਘਰ ਦੇ ਸਾਬਕਾ ਪ੍ਰਧਾਨ ਸ. ਹਰਬੰਸ ਸਿੰਘ ਪੰਮਾ ਨੇ ਵਧ ਰਹੀ ਧਾਰਮਿਕ ਅਸਹਿਣਸ਼ੀਲਤਾ ਉਤੇ ਚਿੰਤਾ ਜਾਹਰ ਕਰਦਿਆਂ ਇਸਲਾਮੀ ਭਾਵਨਾਵਾਂ ਨੂੰ ਭੜਕਾਉਣ ਵਾਲੀ ਫਿਲਮ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕੀਤੀ ਅਤੇ ਨਾਲ ਹੀ ਇਸ ਫਿਲਮ ਦੀ ਆੜ ਵਿਚ ਅਮਰੀਕਾ ਵਿਰੋਧੀਆਂ ਵਲੋਂ ਦੁਨੀਆਂ



ਭਰ ਵਿਚ ਅਮਰੀਕਾ ਖਿਲਾਫ ਕੀਤੇ ਜਾ ਰਹੇ ਹਮਲਿਆਂ ਦੀ ਵੀ ਨਿਖੇਧੀ ਕੀਤੀ ਗਈ। ਉਨ੍ਹਾਂ ਆਖਿਆ ਕਿ ਸੀਰੀਆ ਵਿਚ ਅਮਰੀਕੀ ਰਾਜਦੂਤ ਦਾ ਕਤਲ ਮਾਨਵਤਾ ਵਿਰੁਧ ਅਪਰਾਧ ਹੈ।

ਸਥਾਨਕ ਬਾਲਮੀਕ ਸਭਾ ਦੇ ਬਾਨੀ ਸ੍ਰੀ ਸੋਹਨ ਲਾਲ ਗਿੱਲ ਨੇ ਆਖਿਆ ਕਿ ਦੁਨੀਆਂ ਦੇ ਹਰ ਧਰਮ ਦੇ ਬਾਨੀ ਨੇ ਦਬੇ ਕੁਚਲੇ ਲੋਕਾਂ ਨੂੰ ਉਪਰ ਚੁੱਕਣ ਲਈ ਆਪਣੇ ਗਲ ਲਾਇਆ ਪਰ ਜੇ ਇਸ ਦੇ ਬਾਵਜੂਦ ਅੱਜ ਲੋਕ ਜਾਤਾਂ-ਪਾਤਾਂ ਤੇ ਰੰਗਾਂ-ਨਸਲਾਂ ਦੇ ਵਿਤਕਰਿਆਂ ਕਰਕੇ ਆਪਸੀ ਭਿੰਨਭੇਦ ਕਰਦੇ ਹਨ ਤਾਂ ਸਮਝੋ ਉਨ੍ਹਾਂ ਨੂੰ ਆਪਣੇ ਧਰਮਾਂ ਦੇ ਮੂਲ ਸਿਧਾਂਤਾਂ ਦੀ ਸਮਝ ਨਹੀਂ ਤੇ ਜਾਂ ਉਹ ਇਨ੍ਹਾਂ ਦੀ ਅਵੱਗਿਆ ਕਰ ਰਹੇ ਹਨ। ਉਨ੍ਹਾਂ ਆਖਿਆ ਕਿ ਅੱਜ ਦੇ ਸਭਿਅਕ ਸਮਾਜ ਵਿਚ ਨਸਲੀ ਘ੍ਰਿਣਾ ਤੇ ਪੱਖਪਾਤ ਲਈ ਕੋਈ ਥਾਂ ਨਹੀਂ ਹੈ।

ਸਾਹਿਤਕਾਰ ਮਹਿੰਦਰ ਸਿੰਘ ਘੱਗ ਨੇ ਕਿਹਾ ਕਿ ਸਾਨੂੰ ਆਪੋ ਆਪਣੇ ਧਰਮਾਂ ਨਾਲ ਸਬੰਧਤ ਵੱਧ ਤੋਂ ਵੱਧ ਪੜ੍ਹਨਾ ਚਾਹੀਦਾ ਹੈ ਤਾਂ ਜੋ ਸਾਨੂੰ ਧਰਮ ਦੇ ਸਹੀ ਸੁਨੇਹੇ ਦੀ ਸਮਝ ਆ ਸਕੇ। ਗੁਰੂ ਘਰ ਦੇ ਪ੍ਰਧਾਨ ਮੋਹਨ ਸਿੰਘ ਬੈਂਸ ਅਤੇ ਸਕੱਤਰ ਗੁਰਦਿਆਲ ਸਿੰਘ ਨਿੱਜਰ ਨੇ ਆਖਿਆ ਕਿ ਆਉਣ ਵਾਲੇ ਸਮੇਂ ਵਿਚ ਸੰਗਤ ਦੇ ਸਹਿਯੋਗ ਨਾਲ ਅਜਿਹੇ ਸਮਾਗਮ ਸਮੇਂ ਸਮੇਂ ਕਰਵਾਏ ਜਾਂਦੇ ਰਹਿਣਗੇ। ਸਮਾਗਮ ਦੌਰਾਨ ਗੁਰੂ ਘਰ ਦੇ ਕੀਰਤਨੀਆਂ ਅਤੇ ਹੋਰ ਗੁਰੂ ਘਰਾਂ ਦੇ ਕੀਰਤਨੀਆਂ ਨੇ ਸ਼ਬਦ ਕੀਰਤਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਗੁਰੂ ਘਰ ਦੇ ਹੈਡ ਗ੍ਰੰਥੀ ਗਿਆਨੀ ਕਸ਼ਮੀਰਾ ਸਿੰਘ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

ਗੁਰੂ ਘਰ ਦੀ ਤਰਫੋਂ ਸੀਰੀਆ ਵਿਚ ਮਾਰੇ ਗਏ ਅਮਰੀਕੀ ਰਾਜਦੂਤ ਦੇ ਪਰਿਵਾਰ ਨੂੰ ਹਮਦਰਦੀ ਭਰਿਆ ਸੁਨੇਹਾ ਭੇਜਿਆ ਗਿਆ ਅਤੇ ਯੂਬਾ ਸਿਟੀ ਦੇ ਸਿੱਖ ਭਾਈਚਾਰੇ ਵਲੋਂ ਹਰ ਸੰਭਵ ਮਦਦ ਦਾ ਭਰੋਸਾ ਵੀ ਦਿੱਤਾ ਗਿਆ। ਸਮਾਗਮ ਨੂੰ ਸਫਲ ਬਣਾਉਣ ਵਿਚ ਗੁਰੂ ਘਰ ਦੇ ਡਾਇਰੈਕਟਰ ਹਰਦੇਵ ਸਿੰਘ ਥਿਆੜਾ ਦਾ ਅਹਿਮ ਰੋਲ ਸੀ। ਉਨ੍ਹਾਂ ਕਿਹਾ ਕਿ ਇਹ ਸਮਾਗਮ ਗੁਰੂ ਦੀ ਮੱਤ ਅਨੁਸਾਰ ਹੀ ਕਰਵਾਇਆ ਗਿਆ ਹੈ। ਸਮਾਗਮ ਦੀ ਸਹਿਯੋਗੀ ਇੰਡੀਆ ਐਜੂਕੇਸ਼ਨ ਐਂਡ ਕਲਚਰਲ ਐਸੋਸੀਏਸ਼ਨ ਦੇ ਪ੍ਰਧਾਨ ਮੱਖਣ ਸਿੰਘ ਬਾਸੀ ਨੇ ਸਮੂਹ ਸੰਗਤਾਂ ਦਾ ਇਸ ਸਮਾਗਮ ਲਈ ਸਹਿਯੋਗ ਵਾਸਤੇ ਧੰਨਵਾਦ ਕੀਤਾ।

# ਆਕਾਸ਼ ਗੰਗਾ ਵਿਚ ਹੋਰ ਬਲੈਕ ਹੋਲ

**ਵਾਸ਼ਿੰਗਟਨ:** ਨਾਸਾ ਦੇ ਸਵਿਫਟ ਉਪ ਗ੍ਰਹਿ ਨੇ ਆਕਾਸ਼ ਗੰਗਾ ਵਿਚ ਇਕ ਹੋਰ ਬਲੈਕ ਹੋਲ ਹੋਣ ਦੇ ਸਬੂਤ ਪੇਸ਼ ਕੀਤੇ ਹਨ। ਇਸ ਬਲੈਕ ਹੋਲ ਦਾ ਪਹਿਲਾਂ ਪਤਾ ਨਹੀਂ ਸੀ। ਨਾਸਾ ਦੇ ਸੂਤਰਾਂ ਅਨੁਸਾਰ ਆਕਾਸ਼ ਗੰਗਾ ਵਿਚ ਇਸ ਦੀ ਸਥਿਤੀ ਮੁਤਾਬਕ ਇਸ ਦਾ ਨਾਂ ਸਵਿਫਟ ਜੇ 1745-26 ਰੱਖਿਆ ਗਿਆ ਹੈ। ਭਾਵੇਂ ਪੁਲਾੜ ਵਿਗਿਆਨੀ ਹਾਲੇ ਇਸ ਦੇ ਸਹੀ ਫਾਸਲੇ ਦੀ ਥਾਹ ਨਹੀਂ ਪਾ ਸਕੇ ਪਰ ਉਨ੍ਹਾਂ ਦਾ ਮੰਨਣਾ ਹੈ ਕਿ ਇਹ ਬਲੈਕ ਹੋਲ ਗੈਲੇਕਸੀ ਦੇ ਅੰਦਰੂਨੀ ਖੇਤਰ ਵਿਚ 20,000 ਤੋਂ 30,000 ਪ੍ਰਕਾਸ਼ ਵਰ੍ਹੇ ਦੂਰ ਹੈ।

ਉਪ ਗ੍ਰਹਿ 'ਤੇ ਫਿੱਟ ਉਪਕਰਣਾਂ ਤੋਂ ਨਜ਼ਰ ਆਇਆ ਕਿ ਮਿਲਕੀਵੇਅ ਕੇਂਦਰ ਵੱਲੋਂ ਇਕ ਥਾਂ ਤੋਂ ਬਹੁਤ ਸਾਰੀ ਊਰਜਾ ਵਾਲੀਆਂ ਐਕਸ ਕਿਰਨਾਂ ਉਠ ਰਹੀਆਂ ਸਨ ਤੇ ਇਕ ਵਿਲੱਖਣ ਐਕਸਰੇ ਨੋਵਾ ਤੋਂ ਫੁੱਟ ਰਹੀ ਇਹ ਊਰਜਾ ਬਲੈਕ ਹੋਲ ਹੋਣ ਦੀ ਗਵਾਹੀ ਦੇ ਰਹੀ ਸੀ। ਤੀਖਣ ਐਕਸ ਕਿਰਨਾਂ ਛੱਡਣ ਵਾਲੇ ਨੋਵਾ ਬਹੁਤ ਘੱਟ ਹਨ ਤੇ ਕਿਸੇ ਮਿਸ਼ਨ ਵਿਚ ਕਦੇ-ਕਦਾਈਂ ਹੀ ਨਜ਼ਰ ਆਉਣ ਵਾਲੀ ਵਿਲੱਖਣ ਘਟਨਾ ਹੁੰਦੇ ਹਨ।

ਸਵਿਫਟ ਨੇ ਅਜਿਹਾ ਅਲੌਕਿਕ ਦ੍ਰਿਸ਼ ਪਹਿਲੀ ਵਾਰ ਫੜਿਆ ਹੈ। ਮਿਸ਼ਨ ਦੇ ਪ੍ਰਿੰਸੀਪਲ ਇਨਵੈਸਟੀਗੇਟਰ ਨੀਲ ਗਿਹਰਲਜ਼ ਨੇ ਨਾਸਾ ਦੇ ਗੋਡਾਰਡ ਪੁਲਾੜ ਉਡਾਣ ਕੇਂਦਰ ਤੋਂ ਦੱਸਿਆ ਕਿ ਅਸਲ 'ਚ ਉਹ ਅਜਿਹਾ ਕੁਝ ਵੇਖਣ ਦੀ ਹੀ ਉਡੀਕ ਕਰ ਰਹੇ ਸਨ। ਐਕਸ-ਰੇ ਨੋਵਾ ਇਕ ਅਜਿਹਾ ਥੋੜ ਚਿਰਾ ਐਕਸ-ਰੇ ਸਰੋਤ ਹੁੰਦਾ ਹੈ ਜੋ ਅਚਾਨਕ ਸਾਹਮਣੇ ਆਉਂਦਾ ਹੈ ਤੇ ਫਿਰ ਕੁਝ ਦਿਨਾਂ ਵਿਚ ਹੀ ਵੱਧ ਤੋਂ ਵੱਧ ਕਿਰਨਾਂ ਛੱਡ ਕੇ ਕੁਝ ਕੁ ਮਹੀਨਿਆਂ ਵਿਚ ਲੋਪ ਹੋ ਜਾਂਦਾ ਹੈ। ਕਿਰਨਾਂ ਦੀ ਇੰਨੀ ਤੇਜ਼ ਨਿਕਾਸੀ ਉਦੋਂ ਹੀ ਹੁੰਦੀ ਹੈ, ਬੇਹਿਸਾਬੀ ਦੱਬੀ ਗੈਸ ਅਚਾਨਕ ਕਿਸੇ ਸਭ ਤੋਂ ਵੱਧ ਠੋਸ ਵਸਤ ਵੱਲ ਵਧਣੀ ਸ਼ੁਰੂ ਹੁੰਦੀ ਹੈ। ਇਹ ਵਸਤ ਨਿਊਟਰਾਨ ਸਟਾਰ ਜਾਂ ਬਲੈਕ ਹੋਲ ਹੋ ਸਕਦੀ ਹੈ।

## ਆਸ਼ਾ ਭੌਂਸਲੇ ਦੀ ਧੀ ਵੱਲੋਂ ਖੁਦਕੁਸ਼ੀ

**ਮੁੰਬਈ:** ਬਾਲੀਵੁੱਡ ਦੀ ਉੱਘੀ ਗਾਇਕਾ ਆਸ਼ਾ ਭੌਂਸਲੇ ਦੀ ਧੀ ਵਰਸ਼ਾ ਭੌਂਸਲੇ ਨੇ ਦੱਖਣੀ ਮੁੰਬਈ ਸਥਿਤ ਆਪਣੇ ਘਰ ਵਿਚ ਰਿਵਾਲਵਰ ਨਾਲ ਆਪਣੇ ਆਪ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ।

ਵਰਸ਼ਾ (50 ਸਾਲ) ਨੇ ਪਹਿਲਾਂ ਵੀ ਦੋ ਵਾਰ ਖੁਦਕੁਸ਼ੀ ਦਾ ਯਤਨ ਕੀਤਾ ਸੀ। ਵਰਸ਼ਾ ਨੇ ਕੁਝ ਹਿੰਦੀ ਤੇ ਮਰਾਠੀ ਫਿਲਮਾਂ ਵਾਸਤੇ ਗੀਤ ਗਾਏ ਸਨ। ਉਹ ਕੁਝ ਰਸਾਲਿਆਂ ਵਾਸਤੇ ਕਾਲਮ ਵੀ ਲਿਖਦੀ ਸੀ ਤੇ ਉਹ ਤਲਾਕਸ਼ੁਦਾ ਸੀ।









# ਹਸਨ ਅਬਦਾਲ ਨੂੰ ਮਿਲੇਗਾ 'ਪਵਿੱਤਰ ਸ਼ਹਿਰ' ਦਾ ਦਰਜਾ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਪਾਕਿਸਤਾਨ ਨੇ ਹਸਨ ਅਬਦਾਲ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇਣ ਦਾ ਫੈਸਲਾ ਕੀਤਾ ਹੈ ਕਿਉਂਕਿ ਇਥੇ ਗੁਰੂ ਨਾਨਕ ਦੇਵ ਦੀ ਯਾਦ 'ਚ ਗੁਰਦੁਆਰਾ ਪੰਜਾ ਸਾਹਿਬ ਸੁਸ਼ੋਭਿਤ ਹੈ। ਇਹ ਖੁਲਾਸਾ ਪਾਕਿਸਤਾਨ ਗਏ 106 ਮੈਂਬਰੀ ਭਾਰਤੀ ਵਕੀਲਾਂ ਦੇ ਵਫਦ ਦੇ ਮੁਖੀ ਏ.ਸੀ. ਅਗਰਵਾਲ ਨੇ ਕੀਤਾ। ਉਨ੍ਹਾਂ ਦੱਸਿਆ ਕਿ ਪਾਕਿਸਤਾਨ ਦੇ ਗ੍ਰਹਿ ਮੰਤਰੀ ਰਹਿਮਾਨ ਮਲਿਕ ਨੇ ਵਫਦ ਨੂੰ ਭਰੋਸਾ ਦਿੱਤਾ ਕਿ ਹਸਨ ਅਬਦਾਲ ਨੂੰ ਪਵਿੱਤਰ ਸ਼ਹਿਰ ਦਾ ਦਰਜਾ ਦੇ ਦਿੱਤਾ ਜਾਵੇਗਾ।

ਇਸ ਮੌਕੇ ਜਨਾਬ ਮਲਿਕ ਨੇ ਸ੍ਰੀ ਅਗਰਵਾਲ ਨੂੰ ਇਕ ਚਿੱਠੀ ਦਿੱਤੀ ਜਿਸ ਵਿਚ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੂੰ ਪਾਕਿ ਆਉਣ ਦਾ ਸੱਦਾ ਦਿੱਤਾ ਤਾਂ ਜੋ 'ਪਵਿੱਤਰ ਸ਼ਹਿਰ' ਦਾ ਐਲਾਨ ਉਨ੍ਹਾਂ ਦੀ ਹਾਜ਼ਰੀ ਵਿਚ ਕਰ ਦਿੱਤਾ ਜਾਵੇ। ਇਸਲਾਮੀ ਮੁਲਕ 'ਚ ਇਹ ਪਹਿਲਾ ਸ਼ਹਿਰ ਹੋਵੇਗਾ ਜੋ ਸਿੱਖ ਧਰਮ ਦੇ ਸਥਾਨ ਕਰਕੇ ਪਵਿੱਤਰ ਐਲਾਨਿਆ ਜਾਵੇਗਾ। ਜ਼ਿਕਰਯੋਗ ਹੈ ਕਿ ਗੁਰਦੁਆਰਾ ਪੰਜਾ ਸਾਹਿਬ 'ਚ ਹਰ ਸਾਲ ਹਜ਼ਾਰਾਂ ਸ਼ਰਧਾਲੂ ਮੱਥਾ ਟੇਕਦੇ ਹਨ। ਭਾਰਤ ਤੋਂ ਸਾਲ 2008 'ਚ 20 ਹਜ਼ਾਰ ਸ਼ਰਧਾਲੂ ਪੰਜਾ ਸਾਹਿਬ ਗਏ ਸਨ ਜਿਨ੍ਹਾਂ ਦੀ ਗਿਣਤੀ 2011 'ਚ ਵਧ ਕੇ 22 ਹਜ਼ਾਰ ਹੋ ਗਈ ਤੇ ਹਰ ਸਾਲ ਇਹ ਵਧਦੀ ਜਾ ਰਹੀ ਹੈ। ਇਥੇ ਇਹ ਵੀ ਜ਼ਿਕਰਯੋਗ ਹੈ ਕਿ ਪਾਕਿਸਤਾਨ ਨੇ ਭਾਰਤ ਨਾਲ ਸਬੰਧ ਸੁਧਾਰਨ ਦੀ ਕਵਾਇਦ ਤਹਿਤ ਕੁਝ ਸਮਾਂ ਪਹਿਲਾਂ 65 ਵਰ੍ਹਿਆਂ ਬਾਅਦ ਬੰਦ ਪਏ ਤਿੰਨ ਗੁਰਦੁਆਰੇ ਖੋਲ੍ਹਣ ਦਾ ਫੈਸਲਾ ਕੀਤਾ ਸੀ। ਇਨ੍ਹਾਂ 'ਚ ਸਿਆਲਕੋਟ ਦਾ ਗੁਰਦੁਆਰਾ ਬਾਬੇ ਦੀ ਬੇਰ, ਪੇਸ਼ਾਵਰ ਦਾ ਭਾਈ ਜੋਗਾ ਸਿੰਘ ਗੁਰਦੁਆਰਾ ਤੇ ਲਾਹੌਰ ਦਾ ਗੁਰਦੁਆਰਾ ਬੇਬੇ ਨਾਨਕੀ ਸ਼ਾਮਲ ਹਨ। ਇਸ ਤੋਂ ਇਲਾਵਾ ਅਜੇ ਕੁਝ ਦਿਨ ਪਹਿਲਾਂ ਹੀ ਪਾਕਿ ਸਰਕਾਰ ਨੇ ਸ਼ਾਦਮਾਨ ਚੌਕ ਨੂੰ ਸ਼ਹੀਦ ਭਗਤ ਸਿੰਘ ਦਾ ਨਾਂ ਦੇਣ ਦਾ ਐਲਾਨ ਕੀਤਾ ਸੀ।


ਗੁਰਦੁਆਰਾ ਪੰਜਾ ਸਾਹਿਬ

# ਸ੍ਰੀ ਹਰਿਮੰਦਰ ਸਾਹਿਬ 'ਚ ਹੁਣ 'ਪਿੰਨੀ ਪ੍ਰਸ਼ਾਦ' ਮਿਲਿਆ ਕਰੇਗਾ

**ਅੰਮ੍ਰਿਤਸਰ:** ਤਖ਼ਤ ਸ੍ਰੀ ਪਟਨਾ ਸਾਹਿਬ, ਤਖ਼ਤ ਸ੍ਰੀ ਹਜ਼ੂਰ ਸਾਹਿਬ, ਸ੍ਰੀ ਹੇਮਕੁੰਟ ਸਾਹਿਬ ਤੇ ਹੋਰ ਦੂਰ-ਦੁਰਾਡੇ ਸਥਿਤ ਗੁਰਧਾਮਾਂ ਦੀ ਤਰ੍ਹਾਂ ਦੇਸ਼-ਵਿਦੇਸ਼ ਤੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣ ਆਉਣ ਵਾਲੀਆਂ ਸੰਗਤਾਂ ਦੀਆਂ ਭਾਵਨਾਵਾਂ ਦੇ ਮੱਦੇਨਜ਼ਰ ਸ਼੍ਰੋਮਣੀ ਕਮੇਟੀ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ 'ਪਿੰਨੀ ਪ੍ਰਸ਼ਾਦ' ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾਲੂਆਂ ਵੱਲੋਂ ਭੇਟ ਕੀਤੇ ਜਾਣ ਵਾਲੇ ਕੜਾਹ ਪ੍ਰਸ਼ਾਦ ਦੀ ਦੇਗ ਨੂੰ ਭੋਗ ਲਾਉਣ ਦਾ ਸਥਾਨ ਬਦਲਕੇ 'ਦਰਸ਼ਨੀ ਡਿਓਢੀ' ਕਰ ਦਿੱਤਾ ਗਿਆ ਹੈ।

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਦੇ ਪ੍ਰਕਾਸ਼ ਪੁਰਬ ਮੌਕੇ ਸ਼੍ਰੋਮਣੀ ਕਮੇਟੀ ਵੱਲੋਂ ਸ੍ਰੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਵਿਖੇ ਕੜਾਹ ਪ੍ਰਸ਼ਾਦ ਪ੍ਰਾਪਤ ਕਰਨ ਵਾਲੀਆਂ ਖਿੜਕੀਆਂ ਤੋਂ ਪਹਿਲਾਂ ਤਿੰਨ ਖਿੜਕੀਆਂ 'ਪਿੰਨੀ ਪ੍ਰਸ਼ਾਦ' ਲਈ ਖੋਲ੍ਹੀਆਂ ਗਈਆਂ ਹਨ। 'ਪਿੰਨੀ ਪ੍ਰਸ਼ਾਦ' ਪ੍ਰਾਪਤ ਕਰਨ ਲਈ ਸ਼ਰਧਾਲੂਆਂ ਲਈ ਸ਼੍ਰੋਮਣੀ ਕਮੇਟੀ ਵੱਲੋਂ 151 ਰੁਪਏ ਭੇਟਾ ਰੱਖੀ ਗਈ ਹੈ ਜਿਸ ਵਿਚ ਇਕ 'ਸਿਰੋਪਾਓ' ਤੇ ਇਕ 'ਪਿੰਨੀ ਪ੍ਰਸ਼ਾਦ' ਦੀ ਪਲਾਸਟਿਕ ਦੀ ਥੈਲੀ ਹੋਵੇਗੀ। ਇਸ ਤੋਂ ਇਲਾਵਾ ਵੱਖਰੇ ਤੌਰ 'ਤੇ ਜੋ ਸ਼ਰਧਾਲੂ ਸਿਰਫ਼ 'ਪਿੰਨੀ ਪ੍ਰਸ਼ਾਦ' ਪ੍ਰਾਪਤ ਕਰਨਾ ਚਾਹੁੰਦੇ ਹੋਣਗੇ, ਉਨ੍ਹਾਂ ਲਈ ਭੇਟਾ 20 ਰੁਪਏ ਪ੍ਰਤੀ ਥੈਲੀ ਰੱਖੀ ਗਈ ਹੈ।

ਇਸ ਬਾਰੇ ਮੈਨੇਜਰ ਸ੍ਰੀ ਦਰਬਾਰ ਸਾਹਿਬ ਹਰਬੰਸ ਸਿੰਘ ਮੱਲ੍ਹੀ ਨੇ ਦੱਸਿਆ ਕਿ ਦੇਸ਼-ਵਿਦੇਸ਼ ਤੋਂ ਆਉਣ ਵਾਲੀਆਂ ਸੰਗਤਾਂ ਦੀਆਂ ਭਾਵਨਾਵਾਂ ਨੂੰ ਧਿਆਨ ਵਿਚ ਰੱਖਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਕੜਾਹ ਪ੍ਰਸ਼ਾਦ ਦੀ ਦੇਗ ਨਾਲ ਪਹਿਲੀ ਵਾਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ 'ਪਿੰਨੀ ਪ੍ਰਸ਼ਾਦ' ਸ਼ੁਰੂ ਕੀਤਾ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਦੇਸ਼ ਦੇ ਵੱਖ-ਵੱਖ ਕੋਨਿਆਂ ਤੇ ਵਿਦੇਸ਼ਾਂ ਵਿਚ ਵਸਦੇ ਸਿੱਖ ਸ਼ਰਧਾਲੂਆਂ ਵਿਚ ਸ੍ਰੀ ਹਰਿਮੰਦਰ ਸਾਹਿਬ ਦਾ ਪ੍ਰਸ਼ਾਦ ਆਪਣੇ ਨਾਲ ਲੈ ਕੇ ਜਾਣ ਦੀ ਇੱਛਾ ਹੁੰਦੀ ਸੀ ਤੇ ਕੜਾਹ ਪ੍ਰਸ਼ਾਦ ਦੇ ਖ਼ਰਾਬ ਹੋਣ ਦੇ ਡਰ ਕਰਕੇ ਜ਼ਿਆਦਾ ਦੇਰ ਤੱਕ ਨਾ ਰੱਖੇ ਜਾਣ 'ਤੇ ਸ਼ਰਧਾਲੂਆਂ ਦੀ ਇਹ ਇੱਛਾ ਅਧੂਰੀ ਰਹਿ ਜਾਂਦੀ ਸੀ ਜਿਸ ਨੂੰ ਧਿਆਨ ਵਿਚ ਰੱਖਦਿਆਂ ਸ਼੍ਰੋਮਣੀ ਕਮੇਟੀ ਵੱਲੋਂ ਇਹ ਉਪਰਾਲਾ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ 'ਪਿੰਨੀ ਪ੍ਰਸ਼ਾਦਿ' ਦੀ ਭੇਟਾ 151 ਰੁਪਏ ਰੱਖੀ ਗਈ ਹੈ ਜਿਸ ਵਿਚ ਇਕ ਸਿਰੋਪਾਓ ਤੇ ਇਕ ਪਲਾਸਟਿਕ ਦੀ ਥੈਲੀ 'ਪਿੰਨੀ ਪ੍ਰਸ਼ਾਦਿ' ਦੀ ਹੋਵੇਗੀ। ਉਨ੍ਹਾਂ ਦੱਸਿਆ ਕਿ ਇਸ ਥੈਲੀ ਵਿਚ ਕਰੀਬ 80 ਗ੍ਰਾਮ ਪ੍ਰਸ਼ਾਦਿ ਹੋਵੇਗਾ। ਇਕੱਲਾ 'ਪਿੰਨੀ ਪ੍ਰਸ਼ਾਦ' ਪ੍ਰਾਪਤ ਕਰਨ ਲਈ 20 ਰੁਪਏ ਪ੍ਰਤੀ ਥੈਲੀ ਭੇਟਾ ਹੋਵੇਗੀ। ਸ਼ਰਧਾਲੂਆਂ ਦੀ ਸਹੂਲਤ ਨੂੰ ਮੁੱਖ ਰੱਖਦੇ ਹੋਏ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਸ਼ਰਧਾਲੂਆਂ ਵੱਲੋਂ ਭੇਟ ਕੀਤੇ ਜਾਣ ਵਾਲੇ ਕੜਾਹ ਪ੍ਰਸ਼ਾਦ ਦੀ ਦੇਗ ਨੂੰ ਭੋਗ ਲਾਉਣ ਲਈ ਦਰਸ਼ਨੀ ਡਿਓਢੀ ਦੇ ਬਾਹਰ 'ਲਾਚੀ ਬੇਰ' ਨੇੜੇ ਸੇਵਾਦਾਰ ਲਾਏ ਗਏ ਹਨ।

## ਵਿਦੇਸ਼ਾਂ ਨੂੰ ਆਉਂਦੇ ਸ਼ਰਧਾਲੂਆਂ ਦੀ ਮੰਗ 'ਤੇ ਲਿਆ ਫ਼ੈਸਲਾ



# ਕੇਂਦਰ ਸਰਕਾਰ ਵੱਲੋਂ ਲੰਗਰ ਲਈ ਵਰਤੇ ਜਾਂਦੇ ਸਿਲੰਡਰਾਂ 'ਤੇ ਸਬਸਿਡੀ ਖ਼ਤਮ

**ਅੰਮ੍ਰਿਤਸਰ:** ਕੇਂਦਰ ਸਰਕਾਰ ਵੱਲੋਂ ਗੈਸ ਸਿਲੰਡਰ 'ਤੇ ਸਬਸਿਡੀ ਖਤਮ ਕੀਤੇ ਜਾਣ ਤੋਂ ਬਾਅਦ ਇਸ ਦਾ ਅਸਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਗੁਰੂ ਰਾਮਦਾਸ ਲੰਗਰ 'ਤੇ ਵੀ ਬਹੁਤ ਪਿਆ ਹੈ। ਚੌਵੀ ਘੰਟੇ ਚੱਲਣ ਵਾਲੇ ਲੰਗਰ ਨੂੰ ਤਿਆਰ ਕਰਨ ਲਈ ਵਰਤੇ ਜਾਣ ਵਾਲੇ ਸਿਲੰਡਰਾਂ 'ਤੇ ਕੇਂਦਰ ਸਰਕਾਰ ਵੱਲੋਂ ਕੋਈ ਛੋਟ ਨਾ ਦਿੱਤੇ ਜਾਣ ਕਰਕੇ ਗੁਰੂ ਘਰ ਦੇ ਇਸ ਲੰਗਰ 'ਤੇ 65 ਤੋਂ 75 ਹਜ਼ਾਰ ਰੁਪਏ ਤੱਕ ਦਾ ਰੋਜ਼ਾਨਾ ਆਰਥਿਕ ਭਾਰ ਪਾ ਦਿੱਤਾ ਹੈ। ਲੰਗਰ ਘਰ ਵਿਚ ਰੋਜ਼ਾਨਾ 80 ਕੁਇੰਟਲ ਦੇ ਕਰੀਬ ਆਟਾ ਪੱਕਦਾ ਹੈ, 20 ਕੁਇੰਟਲ ਤੋਂ ਵਧੇਰੇ ਦਾਲ, ਚਾਰ ਕੁਇੰਟਲ ਚੌਲਾਂ ਦੀ ਖ਼ੀਰ ਜਾਂ ਸੇਵੀਆਂ, 25 ਕੁਇੰਟਲ ਚੌਲ ਤੇ 20 ਕੁਇੰਟਲ ਦੇ ਕਰੀਬ ਸਬਜ਼ੀਆਂ ਦਾ ਲੰਗਰ ਰੋਜ਼ ਤਿਆਰ ਹੁੰਦਾ ਹੈ। ਇਸ ਤੋਂ ਇਲਾਵਾ 24 ਘੰਟੇ ਚਾਹ ਤੇ ਦੁੱਧ ਦਾ ਲੰਗਰ ਚੱਲਦਾ ਹੈ। ਮੈਨੇਜ਼ਰ ਲੰਗਰ ਰਘਬੀਰ ਸਿੰਘ ਮੰਡ ਅਨੁਸਾਰ ਸੰਗਰਾਂਦ, ਮੱਸਿਆ, ਐਤਵਾਰ ਤੇ ਦਿਨ ਤਿਓਹਾਰ ਵਾਲੇ ਦਿਨ ਲੰਗਰ ਦੀ ਰਸਦ ਦੁਗਣੀ ਲੱਗਦੀ ਹੈ। ਲੰਗਰ ਤਿਅਰ ਕਰਨ ਲਈ ਔਸਤਨ ਰੋਜ਼ਾਨਾ 100 ਦੇ ਕਰੀਬ ਸਿਲੰਡਰਾਂ ਦੀ ਗੈਸ ਖ਼ਪਤ ਹੁੰਦੀ ਹੈ। ਇਸ ਤੋਂ ਇਲਾਵਾ 50 ਕੁਇੰਟਲ ਦੇ ਕਰੀਬ ਲੱਕੜਾਂ ਦਾ ਬਾਲਣ ਵੀ ਵਰਤਿਆ ਜਾਂਦਾ ਹੈ। ਕੇਂਦਰ ਸਰਕਾਰ ਵੱਲੋਂ ਗੈਸ ਸਿਲੰਡਰ 'ਤੇ ਸਬਸਿਡੀ ਵਾਪਸ ਲਏ ਜਾਣ ਤੋਂ ਪਹਿਲਾਂ ਲੰਗਰ ਤਿਆਰ ਕਰਨ ਲਈ ਵਰਤੇ ਜਾਣ ਵਾਲੇ ਸਿਲੰਡਰ ਦੀ ਕੀਮਤ ਕਰੀਬ 404 ਰੁਪਏ ਪ੍ਰਤੀ ਸਿਲੰਡਰ ਦੇ ਹਿਸਾਬ ਨਾਲ ਵਸੂਲੀ ਜਾਂਦੀ ਸੀ ਪਰ ਹੁਣ ਸਬਸਿਡੀ ਵਾਪਸ ਲਏ ਜਾਣ ਕਰਕੇ ਹੁਣ ਇਹ ਸਿਲੰਡਰ ਕਰੀਬ 1140 ਰੁਪਏ ਪ੍ਰਤੀ ਸਿਲੰਡਰ ਦੇ ਹਿਸਾਬ ਨਾਲ ਮਿਲ ਰਿਹਾ ਹੈ।

ਇਸ ਬਾਰੇ ਸ਼੍ਰੋਮਣੀ ਕਮੇਟੀ ਅਕਾਲੀ ਦਲ ਨਾਲ ਸਬੰਧਤ ਪਾਰਲੀਮੈਂਟ ਮੈਂਬਰਾਂ ਨੂੰ ਨਾਲ ਲੈ ਕੇ ਕੇਂਦਰੀ ਪੈਟਰੋਲੀਅਮ ਮੰਤਰੀ ਨੂੰ ਮਿਲਣ ਦਾ ਮਨ ਬਣਾ ਰਹੀ ਹੈ। ਸ਼੍ਰੋਮਣੀ ਕਮੇਟੀ ਦੇ ਸਕੱਤਰ ਦਿਲਮੇਘ ਸਿੰਘ ਖਟੜਾ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਿਆਂ ਵਿਚ ਚਲਾਏ ਜਾਣ ਵਾਲੇ ਲੰਗਰ ਨਿਸ਼ਕਾਮ ਸੇਵਾ ਭਾਵਨਾ ਨਾਲ ਚਲਾਏ ਜਾਂਦੇ ਹਨ ਇਹ ਨਾ ਤਾਂ ਘਰੇਲੂ ਤੇ ਨਾ ਹੀ ਵਪਾਰਕ ਖ਼ੇਤਰ ਵਿਚ ਆਉਂਦੇ ਹਨ। ਸੇਵਾ ਦੇ ਘੇਰੇ ਵਿਚ ਆਉਂਦੇ ਸ਼੍ਰੋਮਣੀ ਕਮੇਟੀ ਦੇ ਸਮੂਹ ਗੁਰਦੁਆਰਿਆਂ ਦੇ ਲੰਗਰਾਂ ਲਈ ਕੇਂਦਰ ਸਰਕਾਰ ਨੂੰ ਰਿਆਇਤੀ ਦਰਾਂ 'ਤੇ ਸਿਲੰਡਰ ਮੁਹੱਈਆ ਕਰਵਾਉਣੇ ਚਾਹੁੰਦੇ ਹਨ।

# ਕਾਂਗਰਸ ਚੁਰਾਸੀ ਦੇ ਦੋਸ਼ੀਆਂ ਨੂੰ ਬਚਾਉਣ 'ਚ ਜੁਟੀ

**ਚੰਡੀਗੜ੍ਹ:** ਕਾਂਗਰਸ ਚੁਰਾਸੀ ਦੇ ਦੋਸ਼ੀਆਂ ਨੂੰ ਬਚਾਉਣ 'ਚ ਜੁਟ ਗਈ ਹੈ। ਦਿੱਲੀ ਸਰਕਾਰ ਵੱਲੋਂ 1984 ਦੇ ਸਿੱਖ ਕਤਲੇਆਮ ਦੌਰਾਨ ਸੱਤ ਮਾਸੂਮ ਤੇ ਨਿਰਦੋਸ਼ ਵਿਅਕਤੀਆਂ ਦਾ ਬੇਰਹਿਮੀ ਨਾਲ ਕਤਲ ਕਰਨ ਦੇ ਦੋਸ਼ੀ ਠਹਿਰਾਏ ਕਿਸ਼ੋਰੀ ਲਾਲ ਨੂੰ ਮੁਆਫੀ ਦੇਣ ਦੀ ਸਿਫਾਰਸ਼ ਕੀਤੀ ਹੈ।

ਸ਼੍ਰੋਮਣੀ ਅਕਾਲੀ ਦਲ ਦਾ ਕਹਿਣਾ ਹੈ ਕਿ ਕਾਂਗਰਸੀ ਸਰਕਾਰਾਂ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦੁਆਉਣ ਲਈ ਰਹਿੰਦੇ ਕੇਸਾਂ ਦੀ ਪੈਰਵੀ ਕਰਨ ਦੀ ਥਾਂ ਉਨ੍ਹਾਂ ਨੂੰ ਰਿਹਾਅ ਕਰਨ ਲਈ ਪੱਬਾਂ ਭਾਰ ਹੋਈ ਪਈ ਹੈ ਜਿਨ੍ਹਾਂ ਨੂੰ ਅਦਾਲਤਾਂ ਨੇ ਦੋਸ਼ੀ ਠਹਿਰਾਇਆ ਹੋਇਆ ਹੈ।

ਪਾਰਟੀ ਦੇ ਸਕੱਤਰ ਤੇ ਬੁਲਾਰੇ ਡਾ. ਦਲਜੀਤ ਸਿੰਘ ਚੀਮਾ ਕਿਹਾ ਕਿ ਇਸ ਨਾਲ ਅਜਿਹੇ ਘਿਨੌਣੇ ਅਪਰਾਧ ਕਰਨ ਵਾਲਿਆਂ ਤੇ ਕਾਂਗਰਸ ਵਿਚਾਲੇ ਗੰਢਤੁਪ ਇਕ ਵਾਰ ਫਿਰ ਤੋਂ ਉਜਾਗਰ ਹੋਈ ਹੈ। ਡਾ. ਚੀਮਾ ਨੇ ਕਿਹਾ ਕਿ ਇਹ ਸਿਫਾਰਸ਼ ਉਸ ਵੇਲੇ ਕੀਤੀ ਗਈ ਹੈ ਜਦੋਂ ਸਾਰਾ ਦੇਸ਼ ਸੱਜਣ ਕੁਮਾਰ ਤੇ ਜਗਦੀਸ਼ ਟਾਈਟਲਰ ਵਰਗੇ ਉਨ੍ਹਾਂ ਦੋਸ਼ੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾਵਾਂ ਦਿੱਤ ਜਾਣ ਦੀ ਮੰਗ ਕਰ ਰਿਹਾ ਹੈ ਜਿਨ੍ਹਾਂ ਨੇ 1984 ਵਿਚ ਸਿੱਖਾਂ ਦਾ ਕਤਲੇਆਮ ਕੀਤਾ।

ਸ਼੍ਰੋਮਣੀ ਅਕਾਲੀ ਦਲ ਨੇ ਦਿੱਲੀ ਦੇ ਉਪ ਰਾਜਪਾਲ ਨੂੰ ਅਪੀਲ ਕੀਤੀ ਕਿ ਉਹ ਸ਼ੀਲਾ ਦੀਕਸ਼ਿਤ ਸਰਕਾਰ ਦੀ ਸਿਫਾਰਸ਼ ਤੁਰੰਤ ਰੱਦ ਕਰ ਦੇਣ ਤੇ ਅਦਾਲਤਾਂ ਵੱਲੋਂ ਦੋਸ਼ੀਆਂ ਨੂੰ ਦਿੱਤੀ ਸਜ਼ਾ ਦੇ ਅਖੀਰਲੇ ਦਿਨ ਤੱਕ ਜੇਲ੍ਹ ਵਿੱਚ ਡੱਕੇ ਰਹਿਣਾ ਯਕੀਨੀ ਬਣਾਉਣ। ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਬਲਵੰਤ ਸਿੰਘ ਰਾਮੂਵਾਲੀਆ ਨੇ ਕਿਹਾ ਕਿ ਇਕ ਪਾਸੇ ਕਾਂਗਰਸ ਕਹਿੰਦੀ ਹੈ ਕਿ ਸਿੱਖਾਂ ਨੂੰ 1984 ਦਾ ਕਤਲੇਆਮ ਭੁੱਲ ਜਾਣਾ ਚਾਹੀਦਾ ਹੈ ਪਰ ਹੁਣ ਜਦੋਂ ਸਿੱਖ ਭੁੱਲਣ ਦੀ ਕੋਸ਼ਿਸ਼ ਕਰ ਰਹੇ ਹਨ ਤਾਂ ਦਿੱਲੀ ਸਰਕਾਰ ਇਸ ਤਰ੍ਹਾਂ ਦੇ ਕਦਮ ਚੁੱਕ ਕੇ ਭੁੱਲਣ ਨਹੀਂ ਦਿੰਦੀ। ਉਹ ਸਿੱਖਾਂ ਦੇ ਜ਼ਖ਼ਮਾਂ 'ਤੇ ਨਮਕ ਛਿੜਕ ਕੇ ਸੰਤਾਪ ਯਾਦ ਕਰਵਾ ਰਹੀ ਹੈ। ਉਨ੍ਹਾਂ ਦੋਸ਼ ਲਾਇਆ ਕਿ '84 ਦੇ ਸਿੱਖ ਕਤਲੇਆਮ ਦੇ ਦੋਸ਼ੀਆਂ ਨੂੰ ਕਾਂਗਰਸੀਆਂ ਦੀ ਹਮਾਇਤ ਹਾਸਲ ਹੈ, ਇਸ ਲਈ ਸਰਕਾਰ ਦੋਸ਼ੀਆਂ ਨੂੰ ਸਜ਼ਾਵਾਂ ਦੁਆਉਣ ਲਈ ਕੋਈ ਠੋਸ ਕਾਰਵਾਈ ਨਹੀਂ ਕਰ ਰਹੀ ਹੈ।


# ਵਿਰਾਸਤ-ਏ-ਖਾਲਸਾ ਦਾ ਦੂਜਾ ਪੜਾਅ 2014 ਤੱਕ ਪੂਰਾ ਹੋਣ ਦੀ ਆਸ

## ਪੰਜਾਬ ਸਰਕਾਰ ਵੱਲੋਂ 74.55 ਕਰੋੜ ਪ੍ਰਵਾਨ

**ਚੰਡੀਗੜ੍ਹ (ਪੰਜਾਬ ਟਾਈਮਜ਼ ਬਿਊਰੋ):** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਆਨੰਦਪੁਰ ਸਾਹਿਬ ਵਿਖੇ ਮਹਾਨ ਸਿੱਖ ਇਤਿਹਾਸ ਨੂੰ ਦਰਸਾਉਂਦੇ ਵਿਰਾਸਤ-ਏ-ਖਾਲਸਾ ਦੇ ਦੂਜੇ ਪੜਾਅ ਦੀ ਉਸਾਰੀ ਲਈ ਸਾਲ 2012-13 ਲਈ 74.55 ਕਰੋੜ ਰੁਪਏ ਦੇ ਬਜਟ ਨੂੰ ਪ੍ਰਵਾਨਗੀ ਦਿੱਤੀ ਹੈ। ਇਹ ਕੰਮ ਮਾਰਚ 2014 ਤੱਕ ਨੇਪਰੇ ਚੜ੍ਹਣ ਦੀ ਉਮੀਦ ਹੈ। ਸ. ਬਾਦਲ ਨੇ ਆਨੰਦਪੁਰ ਸਾਹਿਬ ਫਾਊਂਡੇਸ਼ਨ ਦੀ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਿੱਤ ਵਿਭਾਗ ਨੂੰ ਇਸ ਪ੍ਰਾਜੈਕਟ ਦੇ ਬਜਟ ਤਹਿਤ ਬਚਦੀ 44.52 ਕਰੋੜ ਰੁਪਏ ਦੀ ਰਾਸ਼ੀ ਪੜਾਅਵਾਰ ਜਾਰੀ ਕਰਨ ਲਈ ਵੀ ਆਖਿਆ।

ਮੁੱਖ ਮੰਤਰੀ ਨੇ ਸਭਿਆਚਾਰਕ ਮਾਮਲੇ ਵਿਭਾਗ ਨੂੰ ਅਜਿਹਾ ਭਵਿੱਖਮੁਖੀ ਪ੍ਰੋਗਰਾਮ ਉਲੀਕਣ ਦੀ ਹਦਾਇਤ ਕੀਤੀ ਜਿਸ ਤਹਿਤ ਰਾਜ ਵਿਚ ਉਸਾਰੀਆਂ ਗਈਆਂ ਵੱਖ ਵੱਖ ਇਤਿਹਾਸਕ ਯਾਦਗਾਰਾਂ ਜਿਨ੍ਹਾਂ ਵਿਚ ਬਾਬਾ ਬੰਦਾ ਸਿੰਘ ਬਹਾਦਰ ਜੰਗੀ ਯਾਦਗਾਰ ਚੱਪੜਚਿੜੀ, ਵੱਡਾ ਘੱਲੂਘਾਰਾ ਯਾਦਗਾਰ ਕੁੱਪ ਰੋਹੀੜਾ (ਸੰਗਰੂਰ) ਤੇ ਛੋਟਾ ਘੱਲੂਘਾਰਾ ਮੈਮੋਰੀਅਲ ਕਾਹਨੂਵਾਨ ਛੰਭ (ਗੁਰਦਾਸਪੁਰ) ਵਿਖੇ ਹਰ ਹਫ਼ਤੇ ਦੇ ਅਖੀਰਲੇ ਦਿਨਾਂ ਵਿਚ ਸਭਿਆਚਾਰਕ ਪ੍ਰੋਗਰਾਮ ਜਿਵੇਂ ਇਤਿਹਾਸਕ ਨਾਟਕ, ਢਾਡੀ ਵਾਰਾਂ, ਧਾਰਮਿਕ ਤੇ ਸਭਿਆਚਾਰਕ ਪੱਖਾਂ ਨੂੰ ਉਜਾਗਰ ਕਰਦੇ ਲੇਜ਼ਰ ਸ਼ੋਅ ਕਰਵਾਏ ਜਾਣ।

ਵਿਰਾਸਤ-ਏ-ਖਾਲਸਾ ਦੇ ਦੂਜੇ ਪੜਾਅ ਦੇ ਡਿਜ਼ਾਇਨ ਤੇ ਸਰੂਪ ਜਿਸ ਨੂੰ ਪਹਿਲਾਂ ਹੀ ਸਿੱਖ ਵਿਦਵਾਨਾਂ ਤੇ ਇਤਿਹਾਸਕਾਰਾਂ ਦੀ ਇਕ ਕਨਸੈਪਟ ਕਮੇਟੀ ਵੱਲੋਂ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ, ਦਾ ਸ. ਬਾਦਲ ਵਲੋਂ ਮੁਲਾਂਕਣ ਕੀਤਾ ਗਿਆ। ਮੀਟਿੰਗ ਦੌਰਾਨ ਦੱਸਿਆ ਗਿਆ ਕਿ ਵਿਰਾਸਤ-ਏ-ਖਾਲਸਾ ਦਾ 14 ਗੈਲਰੀਆਂ ਵਾਲਾ ਉਸਾਰਿਆ ਗਿਆ ਫੇਜ਼-1 ਨੂੰ ਵੇਖਣ ਲਈ ਅੱਜ ਤੱਕ ਕਰੀਬ 18 ਲੱਖ ਸ਼ਰਧਾਲੂ ਪੁੱਜੇ ਹਨ। ਦੂਜੇ ਪੜਾਅ ਦੇ ਪ੍ਰਾਜੈਕਟ ਜਿਸ ਵਿਚ 15 ਤੋਂ 27 ਨੰਬਰ ਗੈਲਰੀਆਂ ਦਾ ਕੰਮ ਮੁਕੰਮਲ ਹੋਵੇਗਾ, ਨੂੰ ਮਾਰਚ 2014 ਤੱਕ ਨੇਪਰੇ ਚਾੜ੍ਹ ਦਿੱਤਾ ਜਾਵੇਗਾ। ਸਿੱਖਾਂ ਦੀ ਲਾਸਾਨੀ ਬਹਾਦਰੀ ਤੇ ਮਹਾਨ ਕੁਰਬਾਨੀਆਂ ਨੂੰ ਦਰਸਾਉਂਦੀਆਂ ਇਹ ਨਵੀਆਂ ਬਣਨ ਵਾਲੀਆਂ 13 ਗੈਲਰੀਆਂ ਨੂੰ ਤਰਤੀਬਵਾਰ ਇਸ ਤਰੀਕੇ ਨਾਲ ਸੰਜੋਇਆ ਗਿਆ ਹੈ ਕਿ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗੁਰਗੱਦੀ ਉਪਰੰਤ ਬਾਬਾ ਬੰਦਾ ਬਹਾਦਰ, ਸਿੱਖ ਸਰਦਾਰਾਂ, ਮਹਾਰਾਜਾ ਰਣਜੀਤ ਸਿੰਘ, ਪੰਜਾਬ 'ਤੇ ਅੰਗਰੇਜ਼ਾਂ ਦੀ ਹਕੂਮਤ, ਸਿੱਖ ਲਹਿਰਾਂ, ਆਜ਼ਾਦੀ ਸੰਘਰਸ਼ ਵਿਚ ਸਿੱਖਾਂ ਦੇ ਯੋਗਦਾਨ, ਦੇਸ਼ ਦੀ ਵੰਡ, ਸਿੱਖਾਂ ਦਾ ਆਪਣੇ ਆਪ ਨੂੰ ਦੇਸ਼ ਤੇ ਵਿਦੇਸ਼ਾਂ ਵਿਚ ਸਥਾਪਤ ਕਰਨਾ ਕਾਲਾਂ ਨੂੰ ਦਰਸਾਉਂਦਾ ਹੈ।



## 'ਜੰਗ-ਏ-ਆਜ਼ਾਦੀ' ਯਾਦਗਾਰ ਦਾ ਕੰਮ ਰਿੜ੍ਹਿਆ

**ਚੰਡੀਗੜ੍ਹ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਦਾਅਵਾ ਕੀਤਾ ਹੈ ਕਿ ਆਜ਼ਾਦੀ ਸੰਘਰਸ਼ ਵਿਚ ਕੁਰਬਾਨੀਆਂ ਦੇਣ ਵਾਲੇ ਪੰਜਾਬੀ ਸੂਰਬੀਰਾਂ ਨੂੰ ਸਮਰਪਿਤ ਵਿਸ਼ਵ ਪੱਧਰੀ 'ਜੰਗ-ਏ-ਆਜ਼ਾਦੀ' ਯਾਦਗਾਰ ਦੀ ਉਸਾਰੀ ਦਾ ਕੰਮ ਆਉਂਦੇ ਛੇ ਮਹੀਨਿਆਂ ਵਿਚ ਸ਼ੁਰੂ ਹੋ ਜਾਵੇਗਾ। ਮੁੱਖ ਮੰਤਰੀ ਨੇ ਆਖਿਆ ਕਿ ਜਲੰਧਰ ਜ਼ਿਲ੍ਹੇ ਵਿਚ ਕਰਤਾਰਪੁਰ ਵਿਖੇ 100 ਕਰੋੜ ਰੁਪਏ ਦੀ ਲਾਗਤ ਨਾਲ 25 ਏਕੜ ਜਗ੍ਹਾ ਵਿਚ ਇਸ ਸ਼ਾਨਦਾਰ ਯਾਦਗਾਰ ਦਾ ਕੰਮ ਸ਼ੁਰੂ ਹੋਣ ਤੋਂ ਦੋ ਸਾਲਾਂ ਵਿਚ ਮੁਕੰਮਲ ਕੀਤਾ ਜਾਵੇਗਾ। ਸ. ਬਾਦਲ ਨੇ ਫਾਊਂਡੇਸ਼ਨ ਦੇ ਮੈਂਬਰਾਂ ਨੂੰ ਜਾਣਕਾਰੀ ਦਿੱਤੀ ਕਿ ਇਸ ਯਾਦਗਾਰ ਲਈ 25 ਏਕੜ ਜ਼ਮੀਨ ਬਾਗਬਾਨੀ ਵਿਭਾਗ ਵੱਲੋਂ ਸਭਿਆਚਾਰਕ ਮਾਮਲਿਆਂ ਬਾਰੇ ਵਿਭਾਗ ਨੂੰ ਤਬਦੀਲ ਕੀਤੀ ਜਾ ਚੁੱਕੀ ਹੈ ਤੇ ਇਸ ਪ੍ਰਾਜੈਕਟ ਦਾ ਕਾਰਜ ਆਰੰਭਣ ਲਈ ਇਹ ਜ਼ਮੀਨ ਫਾਊਂਡੇਸ਼ਨ ਨੂੰ ਛੇਤੀ ਹੀ ਅਲਾਟ ਕਰ ਦਿੱਤੀ ਜਾਵੇਗੀ। ਸ. ਬਾਦਲ ਨੇ ਕਿਹਾ ਕਿ ਇਹ ਯਾਦਗਾਰ 1947 ਦੀ ਆਜ਼ਾਦੀ ਹਾਸਲ ਕਰਨ ਲਈ ਖਾਲਸਾ ਰਾਜ ਦੇ ਪਤਨ ਤੋਂ ਸ਼ੁਰੂ ਹੋਏ ਆਜ਼ਾਦੀ ਸੰਘਰਸ਼ ਵਿਚ ਵੱਡ-ਵਡੇਰਿਆਂ ਦੀਆਂ ਮਹਾਨ ਕੁਰਬਾਨੀਆਂ ਦੀ ਅਮੀਰ ਵਿਰਾਸਤ ਨੂੰ ਦਰਸਾਏਗੀ।

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

**Real Estate and Loans Under One Roof**

ਪਿਛਲੇ 25 ਸਾਲਾਂ ਤੋਂ ਬਿਜਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

## Reo/Short Sale Specialist

**We can sell your house in short sale at no cost to you.**

If your house is in foreclosure due to not making payments and you have received trustee sale date, even than we can sell your house in short sale. Selling house in short sale damages your credit less than if you let it go to foreclosure. We can also sell your house in short sale even if you are making mortgage payments on time with difficulty and your house value is a lot less than the loan.

## ਫੋਰਕਲੋਜ਼ਰ ਨਾਲੋਂ ਸ਼ਾਰਟਸੇਲ ਘੱਟ ਘਾਤਕ

ਜੇ ਤੁਹਾਡਾ ਘਰ ਕਰਜੇ ਦੀਆਂ ਕਿਸ਼ਤਾਂ ਨਾ ਦੇਣ ਕਰਕੇ ਫ਼ੋਰਕਲੋਜ਼ਰ ਵਿਚ ਆਇਆ ਹੋਇਆ ਹੈ ਅਤੇ ਤੁਹਾਨੂੰ ਟਰਸਟੀ ਸੇਲ ਦੀ ਤਾਰੀਖ ਵੀ ਮਿਲ ਗਈ ਹੈ, ਤਦ ਵੀ ਅਸੀਂ ਤੁਹਾਡਾ ਘਰ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ। ਸ਼ਾਰਟਸੇਲ ਵਿਚ ਘਰ ਵੇਚਣ ਨਾਲ ਤੁਹਾਡੇ ਕਰੈਡਿਟ ਦਾ ਉਨਾ ਨੁਕਸਾਨ ਨਹੀਂ ਹੁੰਦਾ ਜਿੰਨਾ ਕਿ ਫੋਰਕਲੋਜ਼ਰ ਵਿਚ ਜਾਣ ਨਾਲ ਹੁੰਦਾ ਹੈ। ਅਸੀਂ ਤੁਹਾਡਾ ਘਰ ਤਦ ਵੀ ਸ਼ਾਰਟਸੇਲ ਵਿਚ ਵੇਚ ਸਕਦੇ ਹਾਂ ਜੇ ਤੁਸੀਂ ਸਮੇਂ ਸਿਰ ਮਾਰਟਗੇਜ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਅਦਾ ਕਰੀ ਜਾ ਰਹੇ ਹੋ ਅਤੇ ਤੁਹਾਡੇ ਘਰ ਦੀ ਕੀਮਤ ਕਰਜੇ ਤੋਂ ਵੀ ਘਟ ਗਈ ਹੈ।

Selling new and old Homes from San Jose to Sacramento

*2004 to 2006 Award Winner Top 1% Listing Realtor in Bay Area

Fremont Office:
86 Pilgrim Loop
Fremont CA 94539
Tel:510-440-9292, Fax:510-656-8941



Sacramento Office:
8695 Territorial Way,
Elk Grove CA 95624
Tel:916-612-5773, Fax:916-393-2586

**Cell: 510-304-9292**
**Cell:408-666-8279**

**Jaswinder Gill** M.Sc (PAU)
CA DRE# 00966763
Broker/Owner/Notary

E-mail: jassi@jassigill.com or
Visit us @ www.jassigill.com
for hot listings

**Selling Homes from Gilroy to Sacramento, CA**

## Refinance Now

15 & 30 Yr Fixed Rates Are Still Better!!!
5/1, 7/1 ARM are also attractive
Refinance Now At Zero Cost

**Call Sukhi Gill @ 510-207-9067**
CA DRE Lic.#01180969,
NMLS# 352095

## JUST SOLD

1. 32467 Woodland Dr., Union City, CA 94587
2. 4172 Eugene St. Fremont, CA 94538
3. 4171 N. Greenland Ter., Fremont, CA 94555
4. 2856 Glen Donegal Dr. San Jose, CA 95148
5. 1969 Catalpa Way Hayward, CA 94545
6. 4276 Solar Cir., Union City, CA 94587
7. 4313 San Marino Ct. Elk Grove, CA 95858
8. 3339 Sueno Dr. San Jose, CA 95148
9. 847 Downing Cir., Lincoln, CA 95648
10. 2952 Remington Way San Jose, CA 95148
11. 27471 Ponderosa Ct. Hayward, CA 94545
12. 5685 Comanche Dr., San Jose, CA 95123
13. 32452 Springwood Dr., Union City, CA 94587
14. 675 Bethal Pl., Livermore, CA 94551
15. 648 Cayuga Dr., San Jose, CA 95123
16. 4080 Gibraltor Dr., Fremont, CA 94536
17. 4167 Asimuth Dr., Union City, CA 94587
18. 2459 Medallion Dr., Union City, CA 94587

**Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

# ਲੋਰੀਆਂ ਤੋਂ ਤੁਰੀ ਕਵਿਤਾ

ਇਹਨੂੰ ਅਸੀਂ ਭਾਵੇਂ ਇਤਿਹਾਸ ਦਾ ਸਿਰਜਿਆ ਸਬੱਬ ਕਹਿ ਲਈਏ ਪਰ ਹੈ ਇਹ ਮਨੁੱਖ ਦਾ ਸੁਭਾਗ ਕਿ ਉਹਦਾ ਪਹਿਲਾ ਭਾਸ਼ਾਈ ਵਾਹ ਲੋਰੀਆਂ ਦੇ ਰੂਪ ਵਿਚ ਸਾਹਿਤ ਨਾਲ ਪੈਂਦਾ ਹੈ। ਮਨੁੱਖੀ ਜੀਵਨ ਦਾ ਇਹ ਤੱਥ ਸ਼ਾਇਦ ਮਨੁੱਖੀ ਨਸਲ ਦੇ ਭਾਸ਼ਾਈ ਬਾਲਪਨ ਵਿਚ ਸਭ ਤੋਂ ਪਹਿਲਾਂ ਕਵਿਤਾ ਨਾਲ ਜੁੜੇ ਰਿਸ਼ਤੇ ਉੱਤੇ ਹੀ ਆਧਾਰਿਤ ਹੈ। ਯਕੀਨਨ ਉਸ ਸਮੇਂ ਵੀ ਮਨੁੱਖ ਗੱਲਬਾਤ ਤਾਂ ਹੁਣ ਵਾਂਗ 'ਵਾਰਤਕ' ਵਿਚ ਹੀ ਕਰਦਾ



**ਗੁਰਬਚਨ ਸਿੰਘ ਭੁੱਲਰ**

**ਫੋਨ: 011-6573-6868**

ਹੋਵੇਗਾ ਪਰ ਜਦੋਂ ਉਹਨੇ ਕਿਰਤ, ਵਿਚਾਰ ਅਤੇ ਭਾਸ਼ਾ ਦੇ ਸਮਾਨੰਤਰ ਵਿਕਾਸ ਤੇ ਅੰਤਰ-ਅਮਲ ਸਦਕਾ ਏਨਾ ਕੁ ਗਿਆਨ ਤੇ ਅਨੁਭਵ ਇਕੱਤਰ ਕਰ ਲਿਆ ਕਿ ਉਹ ਅਗਲੀਆਂ ਪੀੜ੍ਹੀਆਂ ਤੱਕ ਪੁੱਜਦਾ ਕਰਨਾ ਜ਼ਰੂਰੀ ਹੋ ਗਿਆ, ਤਦ ਕਵਿਤਾ ਦੀ ਲੋੜ ਪਈ। ਲਿਪੀ, ਕਾਗ਼ਦ ਤੇ ਕਲਮ ਤਾਂ ਅਜੇ ਹੈ ਨਹੀਂ ਸਨ ਅਤੇ ਵਾਰਤਕ ਰਾਹੀਂ ਤੱਤ ਤਾਂ ਚੇਤੇ ਰੱਖਿਆ ਜਾ ਸਕਦਾ ਹੈ, ਵਿਸਤਾਰ ਨਹੀਂ। ਇਹ ਕਵਿਤਾ ਹੀ ਹੈ ਜੋ ਪੂਰੀ ਦੀ ਪੂਰੀ ਚੇਤੇ ਰੱਖਣੀ ਕੋਈ ਔਖੀ ਨਹੀਂ ਹੁੰਦੀ। ਇਸੇ ਕਰ ਕੇ ਸਾਡੇ ਪੁਰਾਣੇ ਧਾਰਮਿਕ-ਦਾਰਸ਼ਨਿਕ ਗ੍ਰੰਥਾਂ ਦੀ ਗੱਲ ਤਾਂ ਛੱਡੋ, ਗਣਿਤ-ਸ਼ਾਸਤਰ, ਤਾਰਾ-ਵਿਗਿਆਨ, ਚਕਿਤਿਸਾ-ਵਿਗਿਆਨ ਆਦਿ ਦੀਆਂ ਪੁਰਾਤਨ ਪੁਸਤਕਾਂ ਵੀ ਕਵਿਤਾ ਵਿਚ ਹੀ ਮਿਲਦੀਆਂ ਹਨ।

ਜਜ਼ਬੇ ਨਾਲ ਕਵਿਤਾ ਦਾ ਅਟੁੱਟ ਨਾਤਾ ਹੈ। ਮਾਂ ਜਦੋਂ ਬਾਲ ਨੂੰ ਕਲੀ ਤੋਂ ਫੁੱਲ ਬਣਦਾ ਦੇਖ ਰਹੀ ਹੁੰਦੀ ਹੈ, ਜੀਵਨ-ਵਿਕਾਸ ਦੇ ਇਸ ਦੀਦਾਰ ਤੋਂ ਵੱਧ ਜਜ਼ਬਾਤੀ ਪਲ ਹੋਰ ਕਿਹੜੇ ਹੋ ਸਕਦੇ ਹਨ! ਇਹੋ ਸਮਾਂ ਹੁੰਦਾ ਹੈ ਜਦੋਂ ਉਹਦੇ ਜਜ਼ਬੇ ਲੋਰੀਆਂ ਬਣ ਕੇ ਵਗ ਤੁਰਦੇ ਹਨ। ਮਾਂ ਦੀ ਇਸ ਕਵਿਤਾ ਦਾ ਭਾਸ਼ਾਈ ਪੱਖ ਬਾਲ ਸਮਝੇ ਨਾ ਸਮਝੇ, ਜਜ਼ਬਾਤੀ ਪੱਖ ਜ਼ਰੂਰ ਸਮਝ ਜਾਂਦਾ ਹੈ। ਤਦੇ ਹੀ ਤਾਂ ਉਹ ਸ਼ਬਦਾਂ ਨੂੰ ਸਮਝਣ ਦੀ ਉਮਰ ਤੋਂ ਪਹਿਲਾਂ ਵੀ ਲੋਰੀਆਂ ਦਾ ਆਨੰਦ ਮਾਣਦਿਆਂ ਖੁੱਲ੍ਹ ਕੇ ਮੁਸਕਰਾਉਂਦਾ ਤੇ ਖਿੜਖਿੜ ਹੱਸਦਾ ਹੈ। ਇਹ ਲੋਰੀਆਂ ਹੀ ਸਾਹਿਤ ਦਾ ਪਹਿਲਾ ਬੀ ਬਣਦੀਆਂ ਹਨ ਜੋ ਮਨ ਦੀ ਮਿੱਟੀ ਵਿਚ ਪੈਂਦਾ ਹੈ। ਪੁੱਛਿਆ ਜਾ ਸਕਦਾ ਹੈ, ਤਾਂ ਫੇਰ ਹਰ ਬਾਲ ਵੱਡਾ ਹੋ ਕੇ ਸਾਹਿਤਕਾਰ ਕਿਉਂ ਨਹੀਂ ਬਣ ਜਾਂਦਾ? ਜਨਾਬ ਬਿਸਮਿਲ ਸਈਦੀ ਨੇ ਇਹ ਖ਼ੂਬਸੂਰਤ ਸ਼ਿਅਰ ਉਚੇਚਾ ਮੇਰੇ ਲਈ ਇਸ ਸਵਾਲ ਦੇ ਜਵਾਬ ਵਜੋਂ ਹੀ ਲਿਖਿਆ ਲਗਦਾ ਹੈ, ਬੱਸ 'ਮੁਹੱਬਤ' ਦੀ ਥਾਂ 'ਸਾਹਿਤ' ਕਰ ਲਵੋ: ਮੁਹੱਬਤ ਕੇ ਲੀਏ ਕੁਛ ਖਾਸ ਦਿਲ ਮਖ਼ਸੂਸ ਹੋਤੇ ਹੈਂ, ਯਿਹ ਵੁਹ ਨਗ਼ਮਾ ਹੈ ਜੋ ਹਰ ਸਾਜ਼ ਪੇ ਗਾਇਆ ਨਹੀਂ ਜਾਤਾ। ਹੋਰ ਹਰ ਬੀ ਵਾਂਗ ਸਾਹਿਤ ਦਾ ਬੀ ਹਰ ਮਿੱਟੀ ਵਿਚ ਨਹੀਂ ਉਗਦਾ, ਭਾਈ! ਇਹਦੇ ਲਈ ਕੋਈ ਕੋਈ ਮਿੱਟੀ ਹੀ ਮਖ਼ਸੂਸ ਹੁੰਦੀ ਹੈ!

ਮਨੁੱਖੀ ਇਤਿਹਾਸ ਦੇ ਵਰਤਮਾਨ ਦੌਰ ਵਿਚ ਮਨੁੱਖ ਦੇ ਮਸ਼ੀਨਾਂ ਨਾਲ ਮਸ਼ੀਨ ਬਣਦੇ ਜਾਣ ਤੋਂ ਪਹਿਲਾਂ ਕਵਿਤਾ ਲੋਰੀਆਂ ਤੋਂ ਤੁਰ ਕੇ ਜੀਵਨ ਦੇ ਖ਼ੁਸ਼ੀ ਤੇ ਗ਼ਮੀ, ਪ੍ਰਾਪਤੀ ਤੇ ਵਿਗੋਚੇ, ਮੇਲ ਤੇ ਬਿਰਹਾ ਜਿਹੇ ਹਰ ਜਜ਼ਬੇ ਨੂੰ ਗੀਤਾਂ ਰਾਹੀਂ ਪ੍ਰਗਟਾਉਂਦਿਆਂ ਅੰਤਕਾਲ ਵਿਚ ਵੀ ਵੈਣਾਂ ਦੇ ਰੂਪ ਵਿਚ ਨਾਲ ਨਿਭਦੀ ਸੀ। ਹਰ ਬਾਲ ਇਸ ਬਹੁਭਾਂਤੀ ਕਵਿਤਾ ਦਾ ਸਹਿਜ-ਸੁਭਾਵਿਕ ਸਰੋਤਾ-ਦਰਸ਼ਕ ਹੁੰਦਾ ਸੀ। ਵੰਨਸੁਵੰਨੇ ਗੀਤਾਂ ਬਾਰੇ ਤਾਂ ਕੁਛ ਦੱਸਣ-ਕਹਿਣ ਦੀ ਲੋੜ ਹੀ ਨਹੀਂ ਪਰ ਵੈਣਾਂ ਬਾਰੇ ਦੋ ਕੁ ਗੱਲਾਂ ਜ਼ਰੂਰੀ ਹਨ।

ਜੇ ਛੋਟਿਆਂ ਨੇ ਨਹੀਂ, ਮੇਰੇ ਹਾਣੀਆਂ ਤੇ ਵਡੇਰਿਆਂ ਨੇ ਵੈਣ ਜ਼ਰੂਰ ਸੁਣੇ ਹੋਏ ਹੋਣਗੇ। ਵੈਣਾਂ ਦੇ ਸਮੇਂ ਦੀ ਭਿਅੰਕਰਤਾ ਦੇ ਬਾਵਜੂਦ ਉਨ੍ਹਾਂ ਦੀ ਕਾਵਿਕਤਾ ਤੇ ਰਾਗਾਤਮਿਕਤਾ ਤਾਂ ਮੈਨੂੰ ਬਾਲ ਉਮਰੇ ਹੀ ਨਹੀਂ, ਬਹੁਤ ਮਗਰੋਂ ਤੱਕ ਵੀ ਅਚੰਭਿਤ ਕਰਦੀ ਰਹੀ ਅਤੇ ਸਵਾਲੀਆ ਨਿਸ਼ਾਨ ਬਣੀ ਰਹੀ। ਇੰਨੇ ਦੁੱਖ ਦੀ ਘੜੀ ਵਿਚ ਵੀ, ਕਹਿਰ ਦੀ ਮੌਤ ਸਮੇਂ ਵੀ, ਘੇਰੇ ਵਿਚ ਖਲੋ ਕੇ ਸਮੂਹਗਾਨ ਦੀ ਸ਼ੈਲੀ ਵਿਚ ਤੇ ਦੁਹੱਥੜਾਂ ਦੇ ਤਾਲ ਨਾਲ ਪਾਏ ਜਾਂਦੇ ਕੀਰਨੇ ਜਿਨ੍ਹਾਂ ਦੀ ਮੁੱਖ ਸੁਰ ਤੇ ਸੂਤਰਧਾਰ-ਸੰਚਾਲਕ ਮਰਾਸਣ ਹੁੰਦੀ ਸੀ, ਬੜੇ ਅਜੀਬ-ਅਨੋਖੇ ਲਗਦੇ। ਇਥੋਂ ਤੱਕ ਕਿ ਜੇ ਕੋਈ ਭਾਗੀਦਾਰ ਬੇਸੁਰੀ-ਬੇਤਾਲੀ ਹੋ ਜਾਂਦੀ, ਮਰਾਸਣ ਉਹਨੂੰ ਕੱਢ ਕੇ ਪਰ੍ਹੇ ਬਾਹਰ ਬਿਠਾ ਦਿੰਦੀ ਸੀ। ਮਗਰੋਂ ਜਦੋਂ ਪੱਕੀ ਗਾਇਕੀ ਸੁਣਨ ਨੂੰ ਮਿਲੀ ਤਾਂ ਮਹਿਸੂਸ ਹੋਇਆ ਕਿ ਵੈਣਾਂ ਦੀ ਉਠਾਣ, ਢਲਾਣ ਤੇ ਲੈਅ, ਸਭ ਕੁਛ ਤਾਂ ਰਾਗਾਂ ਵਾਂਗ ਹੁੰਦਾ ਸੀ!

ਅੱਗੇ ਚੱਲ ਕੇ ਮਹਾਂਭਾਰਤ ਬਾਰੇ ਇਕ ਲੇਖ ਵਿਚੋਂ ਜਿਵੇਂ ਬਾਲ ਉਮਰੋਂ ਅਣਸੁਲਝੀ ਮੇਰੀ ਇਸ ਅੜਾਉਣੀ ਦੇ ਹੱਲ ਦੀ ਕੁੰਜੀ ਮਿਲ ਗਈ। ਲਿਖਿਆ ਹੋਇਆ ਸੀ, ਯੁੱਧ ਦੀ ਸਮਾਪਤੀ ਮਗਰੋਂ ਰਣਖੇਤਰ ਵਿਚ ਵਿਛੇ ਪਏ ਮੋਇਆਂ ਸਬੰਧੀ ਪਰਿਵਾਰ-ਜਨਾਂ ਤੇ ਮਿੱਤਰਾਂ-ਸਨੇਹੀਆਂ ਦੇ ਅਸਹਿ ਦੁੱਖ ਨੂੰ ਚਿਤਰਨ ਵਾਲਾ ਮਹਾਂਭਾਰਤ ਦਾ ਖੰਡ ਸੰਸਾਰ-ਕਾਵਿ ਵਿਚ ਰੋਣ ਤੇ ਰੁਦਣ, ਵੈਰਾਗ ਤੇ ਵੇਦਨ, ਕਸਕ ਤੇ ਕਰੁਣਾ ਦੀ ਕਵਿਤਾ ਦੀ ਸਰਬੋਤਮ ਰਚਨਾ ਹੈ। ਸੋਚਿਆ, ਨਿਸ਼ਚੇ ਹੀ ਮਹਾਂਭਾਰਤ ਦਾ ਇਹ ਕਾਵਿ-ਖੰਡ ਉਸ ਸਮੇਂ ਜਾਣ ਵਾਲੇ ਦੀ ਜੀਵਨ-ਯਾਤਰਾ ਦੀ ਸਮਾਪਤੀ ਦੇ ਸਮਾਜਕ ਪ੍ਰਤਿਕਰਮ ਦਾ ਪਰਤੌ ਹੋਵੇਗਾ। ਕਈ ਸਭਿਅਤਾਵਾਂ ਵਿਚ ਮਨੁੱਖੀ ਨਸਲ ਦੇ ਆਦਿਕਾਲ ਦੇ ਅਜਿਹੇ ਸੰਕੇਤ ਮਿਲਦੇ ਹਨ ਕਿ ਸਾਡੇ ਪੁਰਖੇ ਜੋ ਅਜੇ ਸੰਸਕ੍ਰਿਤੀ ਨਾਲੋਂ ਪ੍ਰਕਿਰਤੀ ਦੇ ਵਧੇਰੇ ਨੇੜੇ ਸਨ, ਜੀਵਨ-ਯਾਤਰਾ ਦੀ ਸਮਾਪਤੀ ਨੂੰ ਵਿਛੋੜੇ ਦੀ ਚੀਸ ਦੇ ਬਾਵਜੂਦ ਪੱਕੇ ਫਲ ਦੇ ਭੋਇੰ ਉਤੇ ਡਿੱਗਣ ਵਾਂਗ ਸੰਪੂਰਨਤਾ ਦੀ ਸੰਤੁਸ਼ਟੀ ਵਜੋਂ



ਵਧੀਕ ਲੈਂਦੇ ਸਨ। ਉਹ ਜਾਣ ਵਾਲੇ ਨੂੰ ਸੋਗੀ ਮਨ ਨਾਲ ਹੀ ਸਹੀ, ਜਸ਼ਨ ਮਨਾ ਕੇ ਤੋਰਦੇ ਸਨ। ਜਿਉਂ-ਜਿਉਂ ਮਨੁੱਖ ਪ੍ਰਕਿਰਤੀ ਤੋਂ ਸੰਸਕ੍ਰਿਤੀ ਵੱਲ ਵਧਿਆ, ਜਸ਼ਨੀ ਪੱਖ ਰਹਿੰਦਾ-ਰਹਿੰਦਾ ਪਿੱਛੇ ਰਹਿ ਗਿਆ ਅਤੇ ਮੌਤ ਨਿਰੋਲ ਸੋਗ ਬਣ ਗਈ। ਅਦੁੱਤੀ ਕਾਵਿ ਮਹਾਂਭਾਰਤ ਵਿਚ ਕਾਨੀਬੱਧ ਹੋਏ ਯੁੱਧ ਪਿੱਛੋਂ ਦੇ ਵੈਣ ਇਸੇ ਸਮਾਜਕ ਰੀਤ ਦਾ ਪਰਤੌ ਸਨ ਜੋ ਅਜੇ ਕੁਛ ਦਹਾਕੇ ਪਹਿਲਾਂ ਤੱਕ ਸਾਡੇ ਸਮਾਜ ਵਿਚ ਕਾਵਿਕ ਕੀਰਨਿਆਂ ਦੀ ਰੀਤ ਬਣੇ ਰਹੇ।

ਕਾਵਿਕ ਰੁਦਣ ਦੀ ਆਪਣੀ ਹੀ ਧੂਹ ਹੁੰਦੀ ਹੈ ਜੋ ਮਨ ਦੀ ਪੀੜ ਨੂੰ ਨਿਕਾਸ ਦਿੰਦੀ ਹੈ। ਕਦੀ-ਕਦੀ ਤਾਂ ਇਹਦੀ ਸੁਰ ਸਮਕਾਲੀ ਕਵਿਤਾ ਵਿਚ ਵੀ ਸੁਣਾਈ ਦੇ ਜਾਂਦੀ ਹੈ। ਸੰਤੋਖ ਸਿੰਘ ਧੀਰ ਦੀ ਬੜੀ ਖ਼ੂਬਸੂਰਤ ਵੈਣ-ਕਵਿਤਾ ਹੈ: ਹੋ ਗਿਆ ਗੁਲ ਸੂਰਜ ਦਾ ਦੀਵਾ, ਆਥਣ ਪੱਲਾ ਮਾਰ ਗਈ/ਕੂੰਜ ਨਿੱਖੜ ਗਈ ਉਡਦੀ ਡਾਰੋਂ, ਦੱਸ ਨਾ ਕੋਈ ਸਾਰ ਗਈ/ਚਾਰੇ ਕੂੰਟਾਂ ਦਿੱਸਣ ਖਾਲੀ, ਕਿਤ ਵੱਲ ਮਾਰ ਉਡਾਰ ਗਈ/ਕੱਲਰ ਵਿਚ ਅਸੀਂ ਖੜ ਖੜ ਰੋਈਏ, ਕਰਕ ਕਲੇਜੇ ਪਾਰ ਗਈ/ਦਿਲ ਦੀ ਰੱਤ ਵਗੀ ਬਣ ਅੱਥਰੂ, ਜਿੰਦ ਅਸਾਡੀ ਹਾਰ ਗਈ/ਕਿਸ ਨਗਰੀ ਤੂੰ ਲਾ ਲਏ ਡੇਰੇ, ਕਿਉਂ ਇਹ ਨਗਰ ਵਿਸਾਰ ਗਈ!

ਮੇਰੇ ਬਾਲ-ਜੀਵਨ ਦੇ ਦੁਆਲੇ ਲੋਰੀਆਂ ਤੋਂ ਤੁਰ ਕੇ ਵੈਣਾਂ ਤੱਕ ਦੀ ਇਹ ਕਵਿਤਾ ਹੀ ਬਿਖਰੀ ਹੋਈ ਨਹੀਂ ਸੀ ਹੁੰਦੀ, ਹੋਰ ਵੱਖ-ਵੱਖ ਅਵਸਰਾਂ ਤੇ ਮਾਧਿਅਮਾਂ ਰਾਹੀਂ ਬਾਲ-ਮਨ ਤੱਕ ਪੁੱਜਦੀ ਅਨੇਕ ਭਾਂਤ ਦੀ ਕਵਿਤਾ ਵੀ ਖ਼ੂਬ ਖਿੱਚ ਪਾਉਂਦੀ ਅਤੇ ਬਹੁਤ ਪ੍ਰਭਾਵਿਤ ਕਰਦੀ ਸੀ। ਇਸ ਵਿਚ ਮੁੱਖ ਸਥਾਨ ਦੀਵਾਨਾਂ ਦਾ ਸੀ ਜੋ ਆਮ ਕਰਕੇ ਗੁਰਪੁਰਬਾਂ ਨੂੰ ਗੁਰਦੁਆਰਾ ਸਾਹਿਬ ਵਿਚ ਸਜਦੇ ਸਨ। ਅਸੀਂ ਸ਼ਰਧਾ ਭਰੇ ਚਾਅ-ਉਤਸ਼ਾਹ ਨਾਲ ਇਨ੍ਹਾਂ ਵਿਚ ਜਾਂਦੇ ਸੀ। ਇਨ੍ਹਾਂ ਦੀਵਾਨਾਂ ਵਿਚ ਕਵੀਸ਼ਰ ਧਾਰਮਿਕ ਪ੍ਰਸੰਗ ਸੁਣਾਉਂਦੇ ਅਤੇ ਰਾਗੀ ਕੀਰਤਨ ਕਰਦੇ। ਇਨ੍ਹਾਂ ਰਾਗੀਆਂ ਦੀ ਵਿਸ਼ੇਸ਼ਤਾ ਇਹ ਹੁੰਦੀ ਸੀ ਕਿ ਉਹ ਮੂਲ ਬਾਣੀ ਗਾਉਣ ਦੀ ਥਾਂ ਬਾਣੀ ਦੇ ਕਿਸੇ ਸ਼ਬਦ ਦੀ ਭਰਪੂਰ ਵਿਆਖਿਆ ਕਰ ਕੇ ਉਹਦੇ ਸਾਰ-ਤੱਤ ਨੂੰ ਆਮ-ਸਮਝ ਬੋਲੀ ਵਿਚ ਗਾਉਂਦੇ ਜੋ ਸਿੱਧਾ ਲੋਕ-ਮਨ ਵਿਚ ਉੱਤਰ ਜਾਂਦਾ ਸੀ। ਅਜਿਹੀ ਰਚਨਾ ਨੂੰ ਉਹ ਧਾਰਨਾ ਕਹਿੰਦੇ ਸਨ: 'ਮੇਰੇ ਰੋਗ ਦੀ ਸਮਝ ਨਾ ਕੋਈ, ਵੈਦਾ ਮੇਰੀ ਬਾਂਹ ਛੱਡ ਦੇ' ਜਾਂ 'ਸਿਰ ਧਰ ਕੇ ਤਲੀ 'ਤੇ ਆ ਜਾ, ਜੇ ਲੰਘਣੀ ਪ੍ਰੇਮ ਦੀ ਗਲੀ'!

ਗੁਰਦੁਆਰਿਆਂ ਤੋਂ ਬਾਹਰ ਲਾਏ ਗਏ ਖਾੜਿਆਂ ਵਿਚ ਕਵੀਸ਼ਰ ਆਮ ਕਰ ਕੇ ਸਮਾਜਕ ਵਿਸ਼ੇ ਲੈ ਕੇ ਜਾਂ ਪਿਆਰ-ਕਥਾਵਾਂ ਲੈ ਕੇ ਕਵੀਸ਼ਰੀ ਕਰਦੇ। ਅਜਿਹੇ ਖਾੜੇ ਢੱਡ-ਸਾਰੰਗੀ ਵਾਲਿਆਂ ਦੇ ਵੀ ਲਗਦੇ। ਇਨ੍ਹਾਂ ਖਾੜਿਆਂ ਵਿਚ ਸਰੋਤੇ ਨਿਰੋਲ ਪੁਰਸ਼ ਹੀ ਹੁੰਦੇ ਸਨ। ਆਪਣੀ ਕਲਾ ਬਾਰੇ ਅਤੇ ਕਲਾਕਾਰ ਵਜੋਂ ਆਪਣੀ ਸੋਭਾ ਬਾਰੇ ਸੁਚੇਤ ਰਹਿੰਦਿਆਂ ਕਵੀਸ਼ਰ ਤੇ ਢਾਡੀ ਭਾਵੇਂ ਕੋਈ ਲੱਚਰ ਗੱਲ ਨਹੀਂ ਸਨ ਕਰਦੇ ਪਰ ਉਸ ਸਮੇਂ ਇਸਤਰੀਆਂ ਇੰਨੀ ਕੁ ਰੁਮਾਂਚਿਕਤਾ ਦੀ ਲਛਮਨ-ਰੇਖਾ ਵੀ ਪਾਰ ਨਹੀਂ ਸਨ ਕਰਦੀਆਂ। ਨਾਲੇ ਅਜਿਹੇ ਖਾੜਿਆਂ ਵਿਚ ਬਹੁਤ ਸਾਰੇ ਸਰੋਤੇ ਅਕਸਰ ਹੀ ਬੋਤਲਾਂ ਦੇ ਡਾਟ ਵੀ ਖੋਲ੍ਹ ਲੈਂਦੇ ਸਨ। ਇਕ ਵੱਡੀ ਖਿੱਚ ਰਾਮਲੀਲ੍ਹਾ ਹੁੰਦੀ। ਰਾਮਲੀਲ੍ਹਾ ਮੰਡਲੀਆਂ ਯੂ.ਪੀ. ਵਿਚ ਦਸਹਿਰਾ ਤੇ ਦੀਵਾਲੀ ਮਨਾ ਕੇ ਸਾਡੇ ਪਿੰਡਾਂ ਵਿਚ ਕਰੁੱਤੀਆਂ ਆਉਂਦੀਆਂ ਪਰ ਇਸ ਨਾਲ ਦਰਸ਼ਕਾਂ ਨੂੰ ਕੋਈ ਫ਼ਰਕ ਨਹੀਂ ਸੀ ਪੈਂਦਾ। ਮਿੱਸੀ ਜਿਹੀ ਭਾਸ਼ਾ ਵਿਚ ਕਈ ਹਫ਼ਤਿਆਂ ਤੱਕ ਚਲਦੀ ਉਨ੍ਹਾਂ ਦੀ ਪੇਸ਼ਕਾਰੀ ਦਰਸ਼ਕਾਂ ਨੂੰ ਇਕੋ ਸਮੇਂ ਕਹਾਣੀ, ਨਾਟਕ ਤੇ ਕਵਿਤਾ ਦਾ ਰਸ ਤੇ ਆਨੰਦ ਦਿੰਦੀ। ਕਮਿਊਨਿਸਟ ਨਾਟ-ਟੋਲੀਆਂ ਸਾਡੇ ਪਿੰਡਾਂ ਵਿਚ ਮਗਰੋਂ ਆਉਣ ਲੱਗੀਆਂ।

ਹੀਰ-ਰਾਂਝਾ, ਮਿਰਜ਼ਾ-ਸਾਹਿਬਾਂ, ਸੱਸੀ-ਪੁੰਨੂੰ, ਆਦਿ ਪ੍ਰੇਮ-ਕਹਾਣੀਆਂ ਅਤੇ ਰੂਪ-ਬਸੰਤ, ਰਾਜਾ ਰਸਾਲੂ, ਪੂਰਨ ਭਗਤ ਤੇ ਸਾਧੂ ਦਯਾ ਸਿੰਘ ਦਾ 'ਜ਼ਿੰਦਗੀ ਬਿਲਾਸ' ਜਿਹੇ ਕਿੱਸੇ ਬੜੇ ਹਰਮਨਪਿਆਰੇ ਸਨ। ਗਰਮੀਆਂ ਦੀਆਂ ਦੁਪਹਿਰਾਂ ਜਾਂ ਵਿਹਲਾ ਵੇਲਾ ਬਿਤਾਉਣ ਲਈ ਸੱਥਾਂ ਵਿਚ ਜਾਂ ਪਿੱਪਲਾਂ-ਬੋਹੜਾਂ ਹੇਠ ਜੁੜਦੇ ਲੋਕਾਂ ਵਿਚੋਂ ਕੋਈ ਪੰਜਾਬੀ ਪੜ੍ਹਿਆ ਇਨ੍ਹਾਂ ਵਿਚੋਂ ਕੁਛ ਗਾ ਕੇ ਸੁਣਾਉਣ ਲਗਦਾ। ਇਨ੍ਹਾਂ ਤੋਂ ਇਲਾਵਾ, ਵਿਆਹ-ਸ਼ਾਦੀਆਂ ਤੇ ਹੋਰ ਸਮਾਗਮਾਂ ਮੌਕੇ ਲਾਊਡਸਪੀਕਰ ਵੀ ਗੂੰਜਣ ਲੱਗ ਪਿਆ ਸੀ। ਉਹਨੇ ਸੁਰਿੰਦਰ ਕੌਰ ਤੇ ਪ੍ਰਕਾਸ਼ ਕੌਰ, ਆਦਿ ਗਾਇਕ-ਗਾਇਕਾਵਾਂ ਅਤੇ ਅਮਰ ਸਿੰਘ ਸ਼ੌਂਕੀ ਤੇ ਦੀਦਾਰ ਸਿੰਘ ਰਟੈਂਡੇ ਵਾਲਾ ਵਰਗੇ ਢਾਡੀਆਂ ਦੇ ਨਾਂ ਸਾਡੇ ਪਿੰਡਾਂ ਵਿਚ ਘਰ-ਘਰ ਪੁੱਜਦੇ ਕਰ ਦਿੱਤੇ। ਇਥੇ ਇਹ ਗੱਲ ਵਰਨਣਯੋਗ ਹੈ ਕਿ ਉਸ ਸਮੇਂ ਗੀਤਕਾਰੀ ਤੇ ਗਾਇਕੀ ਅੱਜ ਵਾਂਗ ਲੱਚਰ-ਲੁੱਚੀ ਤੇ ਚਗਲੀ ਹੋਈ ਬਿਲਕੁਲ ਨਹੀਂ ਸੀ ਹੁੰਦੀ।

ਦੀਵਾਨਾਂ, ਖਾੜਿਆਂ ਤੇ ਕਿੱਸਿਆਂ ਦੀ ਸਾਡੇ ਪਿੰਡਾਂ ਦੇ ਜੀਵਨ ਵਿਚ ਬਹੁਤ ਵੱਡੀ ਸਾਹਿਤਕ-ਸਭਿਆਚਾਰਕ ਮਹੱਤਤਾ ਹੁੰਦੀ ਸੀ, ਭਾਵੇਂ 'ਸਾਹਿਤ' ਤੇ 'ਸਭਿਆਚਾਰ' ਜਿਹੇ ਸ਼ਬਦ ਤੇ ਸੰਕਲਪ ਲੋਕਾਂ ਨੇ ਸਮਝਣੇ ਤਾਂ ਕੀ, ਕਦੀ ਸੁਣੇ ਵੀ ਨਹੀਂ ਸਨ ਹੁੰਦੇ। ਇਸ ਲਿਖਤ ਵਿਚ ਇਨ੍ਹਾਂ ਤਿੰਨਾਂ-ਦੀਵਾਨਾਂ, ਖਾੜਿਆਂ ਅਤੇ ਕਿੱਸਿਆਂ-ਦਾ ਬਹੁਤ ਹੀ ਸੰਖੇਪ ਜ਼ਿਕਰ ਹੋਇਆ ਹੈ। ਲਗਦਾ ਹੈ, ਛੇਤੀ ਹੀ ਇਹ ਕੁਛ ਵਿਸਤਾਰ ਦੀ ਅੜੀਅਲ ਮੰਗ ਕਰਨ ਲੱਗਣਗੇ ਅਤੇ ਇਨ੍ਹਾਂ ਦੀ ਇਹ ਮੰਗ ਪਰਵਾਨ ਕਰਨੀ ਹੀ ਪਵੇਗੀ।

ਇਹ ਬਾਲਪਨ ਦੇ ਅਜਿਹੇ ਕਾਵਿਕ ਮਾਹੌਲ ਦੇ ਅਣਦਿਸਦੇ ਪ੍ਰਭਾਵ ਦਾ ਸਿੱਟਾ ਹੀ ਸੀ ਕਿ ਅੱਗੇ ਚੱਲ ਕੇ ਬਹੁਤੇ ਲੇਖਕਾਂ ਵਾਂਗ ਮੈਂ ਆਪਣੇ ਰਚਨਾ-ਕਾਰਜ ਦਾ ਆਰੰਭ ਕਵਿਤਾ ਤੋਂ ਹੀ ਕੀਤਾ ਜੋ ਉਸ ਸਮੇਂ ਮੁੱਖ ਰਸਾਲਿਆਂ ਵਿਚ ਛਪਦੀ ਰਹੀ ਅਤੇ 'ਮੌਨ ਕਹਾਣੀ' ਨਾਂ ਦੀ ਪੁਸਤਕ ਦੇ ਰੂਪ ਵਿਚ ਸਾਂਭੀ ਗਈ।

## ਆਖ ਤਸਵੀਰਾਂ ਬੋਲਦੀਆਂ

**'ਪੰਜਾਬ ਟਾਈਮਜ਼' ਦੇ ਪਾਠਕਾਂ ਲਈ ਸ਼ੁਰੂ ਕੀਤੇ ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੂੰ ਭਰਪੂਰ ਹੁੰਗਾਰਾ ਮਿਲਿਆ ਹੈ। ਇਸ ਕਾਲਮ ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਇਕ-ਦੋ ਸਤਰਾਂ ਵਿਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। 'ਗਾਗਰ ਵਿਚ ਸਾਗਰ' ਭਰਨ ਵਾਲਿਆਂ ਨੂੰ ਪਹਿਲ ਮਿਲੇਗੀ। ਵਧੀਆ ਲਿਖਤਾਂ ਪਰਚੇ ਵਿਚ ਛਾਪੀਆਂ ਜਾਣਗੀਆਂ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਕਾਵਿ ਟੋਟਾ ਤੁਹਾਡੀ ਆਪਣੀ ਜਾਂ ਕਿਸੇ ਹੋਰ ਦੀ ਰਚਨਾ ਵੀ ਹੋ ਸਕਦੀ ਹੈ। ਜੇ ਤੁਹਾਡੇ ਪਾਸ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀ ਕੋਈ ਵਧੀਆ ਤਸਵੀਰ ਜਾਂ ਕੋਈ ਹੋਰ ਵਿਕੋਲਿਤਰੀ ਤਸਵੀਰ ਹੈ ਤਾਂ ਤੁਸੀਂ ਉਹ ਵੀ ਇਸ ਕਾਲਮ ਲਈ ਭੇਜ ਸਕਦੇ ਹੋ। ਇਸ ਵਾਰ ਕੈਪਸ਼ਨ ਸਾਡੇ ਪਾਸ ਪਹੁੰਚਣ ਲਈ ਆਖਰੀ ਤਾਰੀਖ 20 ਅਕਤੂਬਰ ਹੈ। -ਸੰਪਾਦਕ**

### ਕੈਪਸ਼ਨ ਮੁਕਾਬਲਾ-34




***ਪਿੰਡੋਂ ਬਾਹਰ ਰੇਤੇ ਵਿਚ ਖੇਡਦੇ ਨਿਆਣੇ,***
***ਵੱਡੇ ਹੋਇਆਂ ਨੂੰ ਦਿਨ ਇਹੀ ਚੇਤੇ ਆਉਣੇ!***

### ਕੈਪਸ਼ਨ ਮੁਕਾਬਲਾ-32



ਤੌਣਾਂ ਗੁਨ੍ਹ ਲੋ, ਦੌਣਾਂ ਕੱਸ ਲੋ,
ਦੇ ਚੌਂਕੇ, ਪਲੰਘ ਸਜਾ ਲੋ ਨੀ,
ਅੱਜ ਬਾਬੇ ਆਏ ਆ।
ਬਾਬੇ, ਚੇਲੇ ਸਜ-ਧਜ ਆਏ,
ਨਾਲੇ ਖਾਲੀ ਟਰੱਕ ਲਿਆਏ,
ਸੀਦ੍ਹੇ ਨਾ ਭਰੋ ਭਰਾ ਲੋ ਨੀ,
ਅੱਜ ਬਾਬੇ ਆਏ ਆ।
ਲੋੜਾਂ-ਥੁੜ੍ਹਾਂ 'ਚ ਲੰਘਿਆ ਪਿੱਛਾ,
ਪੂਰ ਕੇ ਹੁਣ ਬਾਬੇ ਦੀ ਇੱਛਾ,
ਅੱਗਾ ਮੁਕਤ ਕਰਾ ਲੋ ਨੀ,
ਅੱਜ ਬਾਬੇ ਆਏ ਆ।

***-ਮਹਾਂ ਸਿੰਘ ਹਾਂਸ***
***ਫੋਨ: 408-956-1696***

---

ਬੀਬੀਆਂ ਮਾਈਆਂ ਖੁੱਲ੍ਹੇ ਦਿਲ ਦੀਆਂ
ਧਰਮ ਦੇ ਨਾਂ 'ਤੇ ਕਰਨ ਦਾਨ।
ਉਗਰਾਹੀ ਵਾਲੇ ਜੇ ਹੋਣ ਪਖੰਡੀ
ਫਿਰ ਨਾ ਸਿਰੇ ਚੜ੍ਹਨ ਦਾਨ।

***-ਪਰਸ਼ੋਤਮ ਸਿੰਘ,***
***ਯੂਬਾ ਸਿਟੀ।***

---

ਭਰਨ ਖਜਾਨੇ ਬਾਬੇ ਆਪਣੇ,
ਕਰ ਕੇ ਨਿਤ ਉਗਰਾਹੀ।
ਹੱਟੇ ਕੱਟੇ ਹੋ ਕੇ ਮੰਗਣ,
ਸ਼ਰਮ ਦੀ ਲੋਈ ਲਾਹੀ।
ਚਿਰਾਂ ਤੋਂ ਚਿੰਬੜੀਆਂ ਹੋਈਆਂ ਨੇ,
ਸਾਡੇ ਤਨ ਨੂੰ ਜੋਕਾਂ!
ਕਵੀ ਲਿਖਾਰੀ ਡੌਂਡੀ ਪਿੱਟਣ,
ਕਦੋਂ ਜਾਗਣਾ ਲੋਕਾਂ?

***-ਫਕੀਰ ਚੰਦ ਸੈਂਪਲਾ***
***ਐਲ.ਏ।***

### ਕੈਪਸ਼ਨ ਮੁਕਾਬਲਾ-31



ਸ਼ਰਧਾ ਨਾਲ ਚੱਲੇ ਆਂ
ਕੀ ਦੱਸੋ ਵਿਚ ਮਾੜਾ।
ਗਾਉਣ-ਪਾਣੀ ਡੇਰੇ ਵਿਚ
ਲੱਗਣਾ ਐ ਅਖਾੜਾ।
ਖਾਣ-ਪੀਣ ਉਥੇ ਖੁਲ੍ਹਾ
ਚੱਲਦਾ ਭੰਡਾਰਾ।
ਆ ਜੋ ਚੱਲਿਆ ਟਰੱਕ
ਕੋਈ ਲੱਗਣਾ ਨ੍ਹੀਂ ਭਾੜਾ।

***-ਰਾਜ ਧਾਲੀਵਾਲ***

### ਕੈਪਸ਼ਨ ਮੁਕਾਬਲਾ-29



ਸਿਹਰੇ ਵਾਲਿਆ ਤੇਰੀਆਂ ਅੱਖਾਂ 'ਚ
ਕੋਈ ਫਿਕਰ ਦਿਸਦਾ।
ਪਰ ਮਿੱਤਰਾ ਟੌਹਰ ਤੇਰੀ 'ਚ
ਪੂਰਾ ਸਿਖਰ ਦਿਸਦਾ।
ਸੱਚੀਂ ਯਾਰ, ਤੈਨੂੰ ਤਾਂ
ਨਿੱਕੇ ਜਿਹੇ ਨੂੰ ਵਿਆਹ'ਤਾ।
ਪਰ ਤੂੰ ਸਾਨੂੰ ਸਾਡਾ
ਵਿਆਹ ਚੇਤੇ ਕਰਾ'ਤਾ।

***-ਰਾਜ ਧਾਲੀਵਾਲ***

# ਗੁਰਦੁਆਰਾ ਪ੍ਰਬੰਧਕ ਕਮੇਟੀ ਯੂ ਐਸ ਏ ਗੁਰੂ ਘਰਾਂ ਅਤੇ ਪੰਥਕ ਜਥੇਬੰਦੀਆਂ ਨੂੰ ਇਕ ਝੰਡੇ ਥੱਲੇ ਇਕੱਠੇ ਕਰੇਗੀ

**ਸੈਨ ਹੋਜ਼ੇ (ਬਿਊਰੋ):** ਹਾਲ ਹੀ ਵਿਚ ਕਾਇਮ ਹੋਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮਰੀਕਾ ਦਾ ਨਾਂ ਬਦਲ ਕੇ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਯੂ ਐਸ ਏ ਕਰ ਦਿੱਤਾ ਗਿਆ ਹੈ। ਇਸ ਸਬੰਧੀ ਫੈਸਲਾ ਜਥੇਬੰਦੀ ਦੀ ਇਥੇ ਗੁਰਦੁਆਰਾ ਸੈਨ ਹੋਜ਼ੇ ਵਿਚ ਹੋਈ ਇਕ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਵਿਚ ਅਮਰੀਕਾ ਦੀ ਸਮੂਹ ਸਿੱਖ ਸੰਗਤ ਨੂੰ ਅਪੀਲ ਕੀਤੀ ਗਈ ਕਿ ਉਹ ਫੌਜੀ ਸ਼ਹੀਦਾਂ ਦੀ ਯਾਦ ਵਿਚ ਅਮਰੀਕਾ ਦੇ ਹਰ ਸ਼ਹਿਰ ਵਿਚ ਕੱਢੀ ਜਾਂਦੀ ਵੈਟਰਨ ਡੇਅ ਪਰੇਡ ਵਿਚ ਸ਼ਾਮਿਲ ਹੋਣ ਤੇ ਲੰਗਰ ਲਾਉਣ ਤਾਂ ਜੋ ਦੂਜੇ ਭਾਈਚਾਰਿਆਂ ਨੂੰ ਸਿੱਖਾਂ ਦੇ 'ਸਰਬੱਤ ਦੇ ਭਲੇ' ਦੇ ਸੰਕਲਪ ਦਾ ਪਤਾ ਲੱਗ ਸਕੇ ਅਤੇ ਉਨ੍ਹਾਂ ਦੀ ਬਿਹਤਰ ਪਹਿਚਾਣ ਬਣ ਸਕੇ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਗੁਰਦੁਆਰਾ ਸੈਨ ਹੋਜ਼ੇ ਦੇ ਜਨਰਲ ਸਕੱਤਰ ਭਾਈ ਭੁਪਿੰਦਰ ਸਿੰਘ ਢਿੱਲੋਂ ਨੇ ਕਿਹਾ ਕਿ ਇਹ ਜਥੇਬੰਦੀ ਅਮਰੀਕਾ ਵਿਚ ਸਮੂਹ ਗੁਰੂ ਘਰਾਂ, ਪੰਥਕ ਜਥੇਬੰਦੀਆਂ ਅਤੇ ਸਿੱਖ ਸੰਪਰਦਾਵਾਂ ਨਾਲ ਤਾਲਮੇਲ ਕਰਕੇ ਸਿੱਖ ਭਾਈਚਾਰੇ ਨੂੰ ਇੱਕ ਝੰਡੇ ਥੱਲੇ ਇਕੱਠੇ ਕਰੇਗੀ। ਉਨ੍ਹਾਂ ਕਿਹਾ ਕਿ ਐਸ ਜੀ ਪੀ ਸੀ ਇੱਕ ਆਜ਼ਾਦ ਸੰਸਥਾ ਹੋਵੇਗੀ ਅਤੇ ਪੰਜਾਬ ਦੀ ਕਿਸੇ ਵੀ ਰਾਜਸੀ ਪਾਰਟੀ ਦਾ ਇਸ 'ਤੇ ਕੋਈ ਪ੍ਰਭਾਵ ਨਹੀਂ ਹੋਵੇਗਾ ਪਰ ਪੰਥਕ ਮੁੱਦਿਆਂ 'ਤੇ ਇਹ ਸਰਗਰਮ ਰੋਲ ਅਦਾ ਕਰੇਗੀ। ਕਮੇਟੀ ਅਕਾਲ ਤਖਤ ਸਾਹਿਬ ਤੋਂ ਆਏ ਹਰ ਹੁਕਮ ਦੀ ਪਾਲਣਾ ਕਰੇਗੀ ਅਤੇ ਅਮਰੀਕੀ ਰਾਜਨੀਤੀ ਵਿਚ ਸਰਗਰਮ ਹਿੱਸਾ ਲਵੇਗੀ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਯੂਬਾ ਸਿਟੀ ਤੋਂ ਸਿੱਖ ਆਗੂ ਸ. ਗੁਰਨਾਮ ਸਿੰਘ ਪੰਮਾ ਨੇ ਕਿਹਾ ਕਿ ਐਸ ਜੀ ਪੀ ਸੀ ਨੂੰ ਲਾਮਬੰਦ ਕਰਨ ਲਈ ਅਗਲੀ ਮੀਟਿੰਗ ਗੁਰਦੁਆਰਾ ਸਿੱਖ ਕਲਚਰਲ ਸੁਸਾਇਟੀ, ਨਿਊ ਯਾਰਕ ਵਿਚ ਰੱਖੀ ਗਈ ਹੈ ਅਤੇ ਇਸ ਤੋਂ ਬਾਅਦ ਹੋਰ ਥਾਂਈਂ ਵੀ ਮੀਟਿੰਗਾਂ ਰੱਖੀਆਂ ਜਾਣਗੀਆਂ।

ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਗੁਰਦੁਆਰਾ ਰੋਜ਼ਵਿ.ਲ ਦੇ ਪ੍ਰਧਾਨ ਅਟਾਰਨੀ ਜਸਪ੍ਰੀਤ ਸਿੰਘ, ਮਨਜੀਤ ਸਿੰਘ ਪੁਰੇਵਾਲ (ਗੁਰਦੁਆਰਾ ਫੇਅਰਫੀਲਡ), ਲਛਮਣ ਸਿੰਘ ਰਾਠੌਰ ਤੇ ਬਲਦੇਵ ਸਿੰਘ ਸੰਘਾ (ਗੁਰਦੁਆਰਾ ਸਿੱਖ ਕੌਂਸਲ, ਫਰਿਜ਼ਨੋ), ਲਛਮਣ ਸਿੰਘ (ਪ੍ਰਧਾਨ ਗੁਰਦੁਆਰਾ ਨਾਨਕਸਰ ਫਰਿਜ਼ਨੋ), ਅਵਤਾਰ ਸਿੰਘ ਰੰਧਾਵਾ (ਗੁਰਦੁਆਰਾ ਲੋਡਾਈ), ਕੀਰਤਨ ਸਿੰਘ ਖਾਲਸਾ (ਸਿੱਖ ਧਰਮਾ ਗੁਰਦੁਆਰਾ), ਸੁਖਵਿੰਦਰ ਸਿੰਘ ਵੜੈਚ (ਗੁਰਦੁਆਰਾ ਹੇਵਰਡ), ਡਾ. ਅੰਮ੍ਰਿਤ ਸਿੰਘ, ਸਰਬਜੋਤ ਸਿੰਘ ਸਵੱਦੀ, ਸਤਨਾਮ ਸਿੰਘ, ਅਵਤਾਰ ਸਿੰਘ ਧਾਮੀ, ਕੈਨੀ ਵਿਰਕ, ਕਰਨੈਲ ਸਿੰਘ, ਰੌਣਕ ਸਿੰਘ, ਦਲਜੀਤ ਸਿੰਘ ਸੰਧੂ, ਪਰਮਜੀਤ ਸਿੰਘ ਦਾਖਾ, ਬਿਕਰਮਜੀਤ ਸਿੰਘ, ਕੁਲਵੰਤ ਸਿੰਘ ਖਹਿਰਾ, ਇੰਦਰਜੀਤ ਸਿੰਘ, ਕਮਲਜੀਤ ਸਿੰਘ, ਮਲਵਿੰਦਰ ਸਿੰਘ ਚਾਹਲ ਨੇ ਵੀ ਸੰਬੋਧਨ ਕੀਤਾ। ਗੁਰਦੁਆਰਾ ਸੈਨ ਹੋਜ਼ੇ ਦੇ ਸਟੇਜ ਸਕੱਤਰ ਸ. ਪ੍ਰੀਤਮ ਸਿੰਘ ਗਰੇਵਾਲ ਅਤੇ ਅਕਾਲੀ ਆਗੂ ਨਰਿੰਦਰਪਾਲ ਸਿੰਘ ਹੁੰਦਲ ਨੇ ਦੂਰੋਂ-ਨੇੜਿਉਂ ਆਈ ਸੰਗਤ ਦਾ ਧੰਨਵਾਦ ਕੀਤਾ।



*ਸਿੱਖ ਨੁਮਾਇੰਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅਮਰੀਕਾ ਦੀ ਮੀਟਿੰਗ ਤੋਂ ਬਾਅਦ*

## ਕਸ਼ਮੀਰੀ ਪੰਡਤਾਂ ਲਈ 1600 ਕਰੋੜ ਦਾ ਪੈਕੇਜ

**ਸ੍ਰੀਨਗਰ:** ਜੰਮੂ-ਕਸ਼ਮੀਰ ਸਰਕਾਰ ਨੇ ਦੂਜੇ ਸੂਬਿਆਂ ਵਿਚ ਹਿਜਰਤ ਕਰ ਗਏ ਕਸ਼ਮੀਰੀ ਪੰਡਤਾਂ ਦੀ ਵਾਪਸੀ ਤੇ ਮੁੜ ਵਸੇਬੇ ਲਈ 1600 ਕਰੋੜ ਰੁਪਏ ਦੇ ਪੈਕੇਜ ਦਾ ਐਲਾਨ ਕੀਤਾ ਹੈ। ਕੇਂਦਰ ਤੇ ਸੂਬਾ ਸਰਕਾਰ ਨੇ ਕਸ਼ਮੀਰ ਤੋਂ ਹਿਜਰਤ ਕਰ ਗਏ ਲੋਕਾਂ ਦੀ ਵਾਪਸੀ ਤੇ ਉਨ੍ਹਾਂ ਦੇ ਮੁੜ ਵਸੇਬੇ ਲਈ 1618 ਕਰੋੜ ਰੁਪਏ ਦੇ ਪੈਕੇਜ ਨੂੰ ਮਨਜ਼ੂਰੀ ਦਿੱਤੀ ਹੈ।

## ਸੋਨੀਆ ਦੇ ਵਿਦੇਸ਼ੀ ਦੌਰਿਆਂ 'ਤੇ 1880 ਕਰੋੜ ਖਰਚਾ!

**ਨਵੀਂ ਦਿੱਲੀ:** ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਦੇ ਦੌਰਿਆਂ ਤੇ ਇਲਾਜ ਉਪਰ ਸਰਕਾਰ ਵੱਲੋਂ 1880 ਕਰੋੜ ਰੁਪਏ ਖਰਚਣ ਦਾ ਦੋਸ਼ ਲੱਗਾ ਹੈ ਪਰ ਪ੍ਰਧਾਨ ਮੰਤਰੀ ਸਕੱਤਰੇਤ (ਪੀ ਐਮ ਓ) ਨੇ ਸੋਨੀਆ ਗਾਂਧੀ ਦੇ ਦੌਰਿਆਂ ਤੇ ਇਲਾਜ ਉਪਰ ਅੰਨ੍ਹੇਵਾਹ ਸਰਕਾਰੀ ਪੈਸਾ ਖਰਚਣ ਦੇ ਭਾਜਪਾ ਵੱਲੋਂ ਲਾਏ ਦੋਸ਼ ਰੱਦ ਕੀਤੇ ਹਨ। ਸਰਕਾਰ ਨੇ ਕਿਹਾ ਹੈ ਕਿ ਉਸ ਨੇ ਬੀਬੀ ਗਾਂਧੀ ਦੇ ਵਿਦੇਸ਼ੀ ਦੌਰਿਆਂ ਜਾਂ ਦੇਸ਼-ਵਿਦੇਸ਼ ਵਿਚ ਹੋਏ ਉਨ੍ਹਾਂ ਦੇ ਇਲਾਜ 'ਤੇ ਧੇਲਾ ਖਰਚ ਨਹੀਂ ਕੀਤਾ।


M.K. Nijjar DDS
Ruchi Nijjar DDS

Laser Dentistry
No shots, No Drill, No Pain.
Family Dentistry
Cosmetic Dentistry

Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome

510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont



United Sports Club of California
33272 Palomino Common, Fremont, CA, USA 94555, Ph: 510-468-9381
Website: http://usportsca.org/

ਨਸ਼ੇ ਛਡੋ। ਨਸ਼ਾ ਵਿਰੋਧੀ ਅਪੀਲ ਕੋਹੜ ਵਢੋ।

ਉਠੋ ਬੱਬਰ ਸ਼ੇਰ ਪੰਜਾਬੀਓ, ਮਾਂ ਧਰਤੀ ਰਹੀ ਪੁਕਾਰ। ਬੰਨ ਬੰਨੋ ਹੁਣ ਜੋਰ ਦੀ, ਦਰਿਆ ਛੇਵਾਂ ਚੜਿਆ ਠਾਠਾਂ ਮਾਰ।
ਜੇ ਹੜ੍ਹ ਗਈ ਫਸਲ ਪੰਜਾਬ ਦੀ, ਤਾਹਨੇ ਮਾਰੂ ਮੁਹੰਮਦਾਂ ਦਾ ਕਿਰਦਾਰ। ਨਾ ਜਾਗੇ ਮਾਣ ਪੰਜਾਬ ਦੇ, ਤੇ ਰਹੀ ਸੁੱਤੀ ਸਰਕਾਰ।










ਗੈਰ ਕਾਨੂੰਨੀ ਵਿੱਕ ਰਹੇ ਨਸ਼ਿਆਂ ਕਾਰਨ 73% ਤੋਂ ਵੱਧ ਨਸ਼ਿਆਂ ਦੇ ਆਦੀ ਅਤੇ 25% ਤੋਂ ਵਧ ਨਿਪੁੰਸਕ -Dr. Harshinder Kaur
ਵਿਦੇਸ਼ੀ ਧਰਤੀ ਉਤੇ ਧੜਾ ਧੜ ਫਿਰ ਰਹੇ ਬਾਬਿਆਂ ਅਤੇ ਲੀਡਰਾ ਨੂੰ ਪੰਜਾਬ ਵਿਚ ਰਹਿ ਕੇ ਸਮਾਜਿਕ ਬੁਰਾਈਆਂ ਖਿਲਾਫ ਕੰਮ ਕਰਨ ਦੀ ਅਪੀਲ।
ਨਸ਼ਾ ਵਿਰੋਧੀ ਮੁਹਿੰਮ ਵਿਚ ਸ਼ਾਮਲ ਹੋਣ ਲਈ Every Sunday 8:15pm-10:00pm CA Time (832-551-5038)

ਅਮੋਲਕ ਸਿੰਘ ਗਾਖ.ਲ (ਚੇਅਰਮੈਨ) 831-247-4637
ਬਲਵੀਰ ਸਿੰਘ ਭਾਟੀਆ (ਪ੍ਰਧਾਨ) 510-677-6248
ਗੁਰਦਾਵਰ ਸਿੰਘ ਮਹੇੜੂ 2gsmann@gmail.com
ਜੁਗਰਾਜ ਸਿੰਘ ਸਹੋਤਾ 510-673-0825

Makhan S. Bains, Narinder S. Sahota, Palwinder S. Gakhal, Kuldip S. Mann
Iqbal S. Gakhal, Parmjit S. Sandhu, Dalvinder S. Padda, Sadhu S. Khalour

Radio Chardi Kala
Listen Live 24/7
www.radiock.com
Dial To Listen
832-551-5038

www.punjabtimesusa.com
Promotes Healthy Enviornment

ਮਾਂ-ਬਾਪ, ਸਮਾਜ ਸੇਵੀ ਸੰਸਥਾਵਾਂ, ਪ੍ਰਸ਼ਾਸਨ, ਖੇਡ ਪ੍ਰੋਮੋਟਰਾਂ ਅਤੇ ਰਾਜਨੀਤੀਵਾਨਾਂ ਨੂੰ ਨਸ਼ਿਆਂ ਖਿਲਾਫ ਡਟਣ ਦਾ ਹੋਕਾ

Ad sponsored by: Amolak Singh Gakhal, Iqbal Singh Gakhal, Palwinder Singh Gakhal (A&I Trucking Inc.)

# ਪਾਕਿਸਤਾਨੀ ਸੀਮਿੰਟ 'ਚੋਂ 525 ਕਰੋੜ ਦੀ ਹੈਰੋਇਨ ਬਰਾਮਦ

**ਅੰਮ੍ਰਿਤਸਰ:** ਭਾਰਤੀ ਕਸਟਮ ਨੇ ਪਾਕਿਸਤਾਨੀ ਰੇਲ ਰਾਹੀਂ ਲਾਹੌਰ ਤੋਂ ਆਈ ਸੀਮਿੰਟ ਦੀ ਖੇਪ ਵਿਚੋਂ 525 ਕਰੋੜ ਰੁਪਏ ਦੇ ਮੁੱਲ ਦੀ 105 ਕਿਲੋ ਹੈਰੋਇਨ ਤੇ ਵਿਦੇਸ਼ੀ ਮੈਗਨਮ ਰਿਵਾਲਵਰ ਦੇ 500 ਕਾਰਤੂਸ ਬਰਾਮਦ ਕੀਤੇ ਹਨ। ਹੈਰੋਇਨ ਦੀ ਰੇਲ ਰਸਤੇ ਪਾਕਿਸਤਾਨ ਤੋਂ ਆਈ ਹੁਣ ਤਕ ਦੀ ਸਭ ਤੋਂ ਵੱਡੀ ਖੇਪ ਬਾਰੇ ਜਾਣਕਾਰੀ ਦਿੰਦਿਆਂ ਕਸਟਮ ਵਿਭਾਗ ਨੇ ਦੱਸਿਆ ਕਿ ਹੈਰੋਇਨ 101 ਪੈਕੇਟਾਂ ਵਿਚ ਬੰਦ ਸੀ ਤੇ 500 ਕਾਰਤੂਸ ਦਸ ਡੱਬਿਆਂ ਵਿਚ ਬੰਦ ਸਨ।

ਇਹ ਸਾਰੀ ਖੇਪ ਸੀਮਿੰਟ ਦੀਆਂ ਚਾਰ ਬੋਰੀਆਂ ਵਿਚ ਲੁਕਾਈ ਹੋਈ ਸੀ। ਹੈਰੋਇਨ ਦੇ ਪੈਕੇਟਾਂ ਉਪਰ 444 ਤੇ ਉਰਦੂ ਵਿਚ ਕੁਝ ਅੰਕਿਤ ਹੈ ਜਦੋਂਕਿ ਕਾਰਤੂਸ ਦੇ ਡੱਬਿਆਂ ਉਪਰ ਕੁਝ ਵੀ ਨਹੀਂ ਲਿਖਿਆ ਹੋਇਆ। ਇਕ ਡੱਬੇ ਵਿਚ 50 ਕਾਰਤੂਸ ਸਨ। ਇਹ ਕਾਰਤੂਸ 397 ਬੋਰ ਦੇ ਵਿਦੇਸ਼ੀ ਮੈਗਨਮ ਰਿਵਾਲਵਰ ਵਿਚ ਵਰਤੇ ਜਾਂਦੇ ਹਨ ਤੇ ਇਕ ਕਾਰਤੂਸ ਦੀ ਕੀਮਤ 400 ਰੁਪਏ ਹੈ। ਇਹ ਰਿਵਾਲਵਰ ਵਧੇਰੇ ਅਮਰੀਕਾ ਵਿਚ ਬਣਾਏ ਜਾਂਦੇ ਹਨ। ਉਨ੍ਹਾਂ ਦੱਸਿਆ ਕਿ ਹੈਰੋਇਨ ਨਮੂਨੇ ਅੰਤਿਮ ਪਰਖ ਲਈ ਕਸਟਮ ਵਿਭਾਗ ਦੀ ਦਿੱਲੀ ਸਥਿਤ ਪ੍ਰਯੋਗਸ਼ਾਲਾ ਨੂੰ ਭੇਜੇ ਜਾ ਰਹੇ ਹਨ।

ਇਸ ਤੋਂ ਪਹਿਲਾਂ ਦੋ ਜੂਨ ਨੂੰ ਪੰਜ ਕਿਲੋ, 16 ਜੁਲਾਈ ਨੂੰ ਸੱਤ ਕਿਲੋ ਤੇ ਤਿੰਨ ਅਗਸਤ ਨੂੰ ਪੰਜ ਕਿਲੋ ਹੈਰੋਇਨ ਪਾਕਿਸਤਾਨ ਤੋਂ ਆਏ ਸੀਮਿੰਟ ਦੀ ਖੇਪ ਵਿਚੋਂ ਬਰਾਮਦ ਹੋ ਚੁੱਕੀ ਹੈ। ਹੈਰੋਇਨ ਦੀ ਤਸਕਰੀ ਦੇ ਕਾਰਨ ਡਰੇ ਹੋਏ ਵਪਾਰੀਆਂ ਨੇ ਕੁਝ ਸਮਾਂ ਰੇਲ ਰਸਤੇ ਸੀਮਿੰਟ ਦਾ ਵਪਾਰ ਬੰਦ ਕਰ ਦਿੱਤਾ ਸੀ। ਵਪਾਰੀ ਇਸ ਸਬੰਧ ਵਿਚ ਦਿੱਲੀ ਵਿਖੇ ਕੇਂਦਰੀ ਗ੍ਰਹਿ ਮੰਤਰੀ ਤੇ ਹੋਰਾਂ ਨੂੰ ਵੀ ਮਿਲ ਕੇ ਪਾਕਿਸਤਾਨ ਤੋਂ ਆਉਂਦੇ ਮਾਲ ਦੀ ਮੁਕੰਮਲ ਜਾਂਚ ਲਈ ਵੱਡੇ ਸਕੈਨਰ ਸਥਾਪਤ ਕਰਨ ਦੀ ਮੰਗ ਕਰ ਚੁੱਕੇ ਹਨ।

## ਬਰਤਾਨੀਆ ਵੱਲੋਂ ਅਬੂ ਹਮਜ਼ਾ ਅਮਰੀਕਾ ਹਵਾਲੇ

**ਲੰਡਨ:** ਬਰਤਾਨੀਆ ਨੇ ਕੱਟੜਪੰਥੀ ਇਸਲਾਮੀ ਪ੍ਰਚਾਰਕ ਅਬੂ ਹਮਜ਼ਾ ਤੇ ਚਾਰ ਹੋਰ ਸ਼ੱਕੀ ਦਹਿਸ਼ਤਪਸੰਦਾਂ ਨੂੰ ਅਮਰੀਕਾ ਹਵਾਲੇ ਕਰ ਦਿੱਤਾ ਹੈ। ਇਸ ਸਾਬਕਾ ਇਮਾਮ ਨੂੰ ਬਰਤਾਨੀਆ ਤੇ ਯੂਰਪ ਦੀਆਂ ਅਦਾਲਤਾਂ 'ਚ ਦਹਾਕਾ ਭਰ ਲੰਮੀ ਕਾਨੂੰਨੀ ਲੜਾਈ ਖਤਮ ਹੋਣ 'ਤੇ ਫੌਜੀ ਅੱਡੇ ਤੋਂ ਜਹਾਜ਼ ਰਾਹੀਂ ਬਾਹਰ ਭੇਜਿਆ ਗਿਆ। ਲੰਡਨ 'ਚ ਹਾਈ ਕੋਰਟ ਦੇ ਦੋ ਸੀਨੀਅਰ ਜੱਜਾਂ ਨੇ ਇਨ੍ਹਾਂ ਵਿਅਕਤੀਆਂ ਵੱਲੋਂ ਸਪੁਰਦਗੀ 'ਤੇ ਰੋਕ ਲਾਉਣ ਲਈ ਪਾਈ ਅਪੀਲ ਖਾਰਜ ਕਰ ਦਿੱਤੀ ਤੇ ਕੁਝ ਘੰਟਿਆਂ ਬਾਅਦ ਹੀ ਇਨ੍ਹਾਂ ਨੂੰ ਜੇਲ੍ਹ ਤੋਂ ਪੂਰਬੀ ਇੰਗਲੈਂਡ 'ਚ ਰਾਇਲ ਏਅਰ ਫੋਰਸ ਦੇ ਬੇਸ 'ਤੇ ਲਿਜਾਇਆ ਗਿਆ। ਇਸ ਹਵਾਈ ਅੱਡੇ ਦੀ ਅਮਰੀਕੀ ਫੌਜ ਵੱਲੋਂ ਵਰਤੋਂ ਕੀਤੀ ਜਾਂਦੀ ਹੈ।



ਅਬੂ ਹਮਜ਼ਾ

ਗ੍ਰਹਿ ਮੰਤਰੀ ਮੇਅ ਨੇ ਇਕ ਬਿਆਨ ਵਿਚ ਦੱਸਿਆ ਕਿ ਉਹ ਇਹ ਪੁਸ਼ਟੀ ਕਰ ਸਕਦੇ ਹਨ ਕਿ ਛੇ ਅਕਤੂਬਰ ਰਾਤੀਂ ਆਰ.ਏ.ਐਫ. ਮਿਲਡਨਹਾਲ ਤੋਂ ਦੋ ਹਵਾਈ ਜਹਾਜ਼ ਉਡੇ ਜੋ ਸ਼ੱਕੀਆਂ ਨੂੰ ਅਦਾਲਤੀ ਕਾਰਵਾਈ ਲਈ ਅਮਰੀਕਾ ਲੈ ਕੇ ਗਏ ਹਨ। ਇਨ੍ਹਾਂ ਜਹਾਜ਼ਾਂ 'ਚ ਅਬੂ ਹਮਜ਼ਾ, ਖਾਲਿਦ ਅਲ-ਫੱਵਾਜ਼, ਸਈਅਦ ਤਹਿਲਾ ਅਹਿਸਨ, ਅਦਲ ਅਬਦੁਲ ਬੇਰੀ ਤੇ ਬਾਬਰ ਅਹਿਮਦ ਸਵਾਰ ਸਨ। ਮੇਅ ਨੇ ਅਦਾਲਤ ਦੇ ਫੈਸਲੇ 'ਤੇ ਖੁਸ਼ੀ ਜ਼ਾਹਰ ਕਰਦਿਆਂ ਕਿਹਾ ਕਿ ਇਨ੍ਹਾਂ ਵਿਅਕਤੀਆਂ ਨੂੰ ਸਪੁਰਦਗੀ ਰੁਕਵਾਉਣ ਦੇ ਸਾਰੇ ਮੌਕੇ ਮਿਲਣ ਤੋਂ ਬਾਅਦ ਇਹ ਘਟਨਾਕ੍ਰਮ ਸਿਰੇ ਚੜ੍ਹਿਆ ਹੈ।

# ਸ਼ਾਰਜਾਹ ਜੇਲ੍ਹ 'ਚ ਬੰਦ ਪੰਜਾਬੀਆਂ ਦੀ ਰਿਹਾਈ ਦੀ ਆਸ



**ਪਟਿਆਲਾ:** ਪਾਕਿਸਤਾਨੀ ਨਾਗਰਿਕ ਮਿਸ਼ਰੀ ਖ਼ਾਨ ਦੇ ਕਤਲ ਸਬੰਧੀ ਪਿਛਲੇ ਸਮੇਂ ਤੋਂ ਫਾਂਸੀ ਦੀ ਸਜ਼ਾ ਅਧੀਨ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਦੀ ਸ਼ਾਰਜਾਹ ਜੇਲ੍ਹਖ਼ ਵਿਚ ਬੰਦ 17 ਭਾਰਤੀਆਂ ਦੀ 21 ਅਕਤੂਬਰ ਨੂੰ ਰਿਹਾਈ ਦੀ ਉਮੀਦ ਹੈ। ਇਸ ਬਾਰੇ ਸਾਰੀ ਕਾਨੂੰਨੀ ਪ੍ਰਕ੍ਰਿਆ ਮੁਕੰਮਲ ਹੋਣ ਪਿੱਛੋਂ ਸ਼ਾਰਜਾਹ ਦੀ ਅਦਾਲਤ ਨੇ ਸੁਣਵਾਈ ਲਈ 21 ਅਕਤੂਬਰ ਦਾ ਦਿਨ ਤੈਅ ਕੀਤਾ ਹੈ। ਇਸ ਬਾਰੇ ਕੇਂਦਰੀ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਦਾ ਕਹਿਣਾ ਹੈ ਕਿ ਰਿਹਾਈ ਹੋਣ ਦੀ ਸੂਰਤ ਵਿਚ ਉਨ੍ਹਾਂ ਦੀ ਵਤਨ ਵਾਪਸੀ ਲਈ ਆਰਜ਼ੀ ਪਾਸਪੋਰਟ ਤੇ ਟਿਕਟਾਂ ਦਾ ਪ੍ਰਬੰਧ ਕੇਂਦਰ ਸਰਕਾਰ ਵੱਲੋਂ ਆਪਣੇ ਪੱਧਰ 'ਤੇ ਕੀਤਾ ਜਾਵੇਗਾ। ਇਹ ਭਰੋਸਾ ਉਨ੍ਹਾਂ ਨੇ ਮੋਤੀ ਬਾਗ ਪੈਲੇਸ ਵਿਖੇ ਉਨ੍ਹਾਂ ਨੂੰ ਮਿਲੇ ਇਨ੍ਹਾਂ ਭਾਰਤੀਆਂ ਦੇ ਪਰਿਵਾਰਕ ਮੈਂਬਰਾਂ ਨੂੰ ਦਿਵਾਇਆ। ਇਹ ਪਰਿਵਾਰ ਐਸ.ਪੀ.ਐਸ. ਓਬਰਾਏ ਦੀ ਅਗਵਾਈ ਹੇਠ ਮੋਤੀ ਬਾਗ ਪੈਲੇਸ ਵਿਚ ਪੁੱਜੇ ਹੋਏ ਸਨ। ਸ. ਓਬਰਾਏ ਵੱਲੋਂ ਬਲੱਡ ਮਨੀ ਦੇ ਕੇ ਉਨ੍ਹਾਂ ਦੇ ਬੱਚਿਆਂ ਦੀ ਰਿਹਾਈ ਨੂੰ ਯਕੀਨੀ ਬਣਾਏ ਜਾਣ ਦੀ ਕਾਰਵਾਈ ਦੀ ਭਰਵੀਂ ਸ਼ਲਾਘਾ ਕਰਦਿਆਂ ਪੀੜਤ ਪਰਿਵਾਰਾਂ ਨੇ ਬੀਬੀ ਪਰਨੀਤ ਕੌਰ ਕੋਲ ਫਰਿਆਦ ਕੀਤੀ ਕਿ ਹੁਣ ਕੇਂਦਰ ਸਰਕਾਰ 17 ਭਾਰਤੀਆਂ ਨੂੰ ਵਤਨ ਲਿਆਉਣ ਵਿਚ ਅਹਿਮ ਭੂਮਿਕਾ ਨਿਭਾਵੇ। ਉਧਰ ਸ. ਓਬਰਾਏ ਨੇ ਦੱਸਿਆ ਕਿ ਕਤਲ ਹੋਏ ਪਾਕਿਸਤਾਨੀ ਮਿਸ਼ਰੀ ਖ਼ਾਨ ਦੇ ਪਰਿਵਾਰ ਲਈ ਸਾਢੇ ਪੰਜ ਕਰੋੜ ਰੁਪਏ ਹਰਜਾਨੇ ਦੇ ਤੌਰ 'ਤੇ ਅਦਾਲਤ ਵਿਚ ਜਮ੍ਹਾਂ ਕਰਵਾ ਦਿੱਤੇ ਗਏ ਹਨ। ਭਾਵੇਂ ਇਸ ਬਲੱਡ ਮਨੀ ਦੀ ਵੰਡ ਬਾਰੇ ਮ੍ਰਿਤਕ ਦੇ ਭਰਾ ਨਵਾਜ਼ ਖ਼ਾਨ ਵੱਲੋਂ ਅਦਾਲਤ ਵਿਚ ਅਰਜ਼ੀ ਦਾਖ਼ਲ ਕੀਤੀ ਗਈ ਸੀ ਪਰ ਇਸ ਅਰਜ਼ੀ ਦਾ ਇਨ੍ਹਾਂ 17 ਭਾਰਤੀਆਂ ਦੀ ਰਿਹਾਈ ਨਾਲ ਕੋਈ ਵਾਸਤਾ ਨਹੀਂ। ਸ. ਓਬਰਾਏ ਨੇ ਜ਼ੋਰ ਨਾਲ ਉਮੀਦ ਜਤਾਈ ਕਿ ਅਗਲੀ ਪੇਸ਼ੀ ਦੌਰਾਨ 17 ਭਾਰਤੀਆਂ ਦੀ ਰਿਹਾਈ ਜ਼ਰੂਰ ਹੋ ਜਾਵੇਗੀ ਕਿਉਂਕਿ ਹੁਣ ਕੋਈ ਕਾਨੂੰਨੀ ਅੜਿੱਚਨ ਬਾਕੀ ਨਹੀਂ ਹੈ।

# ਓਮਾਨ 'ਚ ਬੰਦ ਪੰਜਾਬੀ ਸੈਨਿਕ ਦੀ ਰਿਹਾਈ ਲਈ ਦਖ਼ਲ ਮੰਗਿਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਕੇਂਦਰੀ ਰੱਖਿਆ ਮੰਤਰੀ ਏ.ਕੇ. ਐਂਟਨੀ ਦੇ ਨਿੱਜੀ ਦਖ਼ਲ ਦੀ ਮੰਗ ਕਰਦਿਆਂ ਅਪੀਲ ਕੀਤੀ ਹੈ ਕਿ ਓਮਾਨ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਪੰਜਾਬ ਰੈਜ਼ੀਮੈਂਟ ਦੇ ਸਿਪਾਹੀ ਜਸਪਾਲ ਸਿੰਘ ਨੂੰ ਪਹਿਲ ਦੇ ਆਧਾਰ 'ਤੇ ਆਮ ਮੁਆਫ਼ੀ ਦਿਵਾਉਣ। ਜ਼ਿਕਰਯੋਗ ਹੈ ਕਿ ਜਸਪਾਲ ਸਿੰਘ ਦੀ ਓਮਾਨ 'ਚ 41 ਵਰ੍ਹਿਆਂ ਪਿੱਛੋਂ ਹਾਲ ਹੀ ਵਿਚ ਸ਼ਨਾਖ਼ਤ ਹੋਈ ਹੈ ਜੋ ਹੁਸੈਨੀਵਾਲਾ ਸਰਹੱਦ 'ਤੇ 1971 ਦੀ ਭਾਰਤ-ਪਾਕਿ ਜੰਗ ਦੌਰਾਨ ਫੌਜੀ ਕਾਰਵਾਈ ਵਿਚ ਮ੍ਰਿਤਕ ਮੰਨ ਲਿਆ ਗਿਆ ਸੀ।

ਕੇਂਦਰੀ ਰੱਖਿਆ ਮੰਤਰੀ ਨੂੰ ਲਿਖੇ ਪੱਤਰ ਵਿਚ ਸ. ਬਾਦਲ ਨੇ ਉਨ੍ਹਾਂ ਨੂੰ ਜਾਣੂ ਕਰਵਾਇਆ ਕਿ ਸੇਵਾ ਨੰਬਰ 2452388 ਅਧੀਨ ਪੰਜਾਬ ਰੈਜ਼ੀਮੈਂਟ ਦੇ ਸਿਪਾਹੀ ਜਸਪਾਲ ਸਿੰਘ ਨੂੰ ਸੰਨ 1971 ਵਿਚ ਭਾਰਤ-ਪਾਕਿ ਜੰਗ ਦੌਰਾਨ ਮ੍ਰਿਤਕ ਮੰਨ ਲਿਆ ਸੀ ਤੇ ਪੰਜਾਬ ਸਰਕਾਰ ਵੱਲੋਂ ਉਸ ਦੀ ਵਿਧਵਾ ਤੇ ਬੱਚਿਆਂ ਨੂੰ ਵਿਸ਼ੇਸ਼ ਪੈਨਸ਼ਨ ਤੇ 10 ਏਕੜ ਜ਼ਮੀਨ ਦਿੱਤੀ ਸੀ। ਜ਼ਿਲ੍ਹਾ ਰੋਪੜ ਦੇ ਪਿੰਡ ਦੁਗਰੀ ਬੂਰਮਾਜਰਾ ਦੇ ਸੁਖਦੇਵ ਸਿੰਘ ਨਾਮੀ ਵਿਅਕਤੀ ਓਮਾਨ ਵਿਖੇ ਮਸੀਰਾ ਟਾਪੂ ਦੀ ਜੇਲ੍ਹ 'ਚ ਸਿਪਾਹੀ ਜਸਪਾਲ ਸਿੰਘ ਦੇ ਸੰਪਰਕ 'ਚ ਆਇਆ ਜਿਥੇ ਉਸ ਨੂੰ ਅਗਸਤ, 2010 ਵਿਚ ਰਸੋਈ ਘਰ ਦੀ ਡਿਊਟੀ ਲਈ ਭੇਜਿਆ ਸੀ।

ਸਿਪਾਹੀ ਜਸਪਾਲ ਸਿੰਘ ਨੇ ਉਸ ਕੋਲ ਚੋਰੀ ਪਹੁੰਚ ਕਰਕੇ ਆਪਣੇ ਪਿੰਡ ਪਮੌਰ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਬਾਰੇ ਜਾਣਕਾਰੀ ਦਿੱਤੀ। ਇਹ ਸਾਰਾ ਘਟਨਾਕ੍ਰਮ ਇਲੈਕਟ੍ਰਾਨਿਕ ਤੇ ਪ੍ਰਿੰਟ ਮੀਡੀਆ 'ਚ ਵੀ ਪਿੱਛੇ ਜਿਹੇ ਉਭਰਿਆ ਜਿਸ ਨੇ ਪੰਜਾਬ ਦੇ ਲੋਕਾਂ ਦਾ ਧਿਆਨ ਇਸ ਵੱਲ ਖਿੱਚਿਆ।

ਸ. ਬਾਦਲ ਨੇ ਅੱਗੇ ਕਿਹਾ ਕਿ ਇਸ ਜੰਗੀ ਨਾਇਕ ਦੀ ਅਚਾਨਕ ਸ਼ਨਾਖ਼ਤ ਦਾ ਮਾਮਲਾ ਬਿਨਾਂ ਕਿਸੇ ਦੇਰੀ ਤੋਂ ਘੋਖਿਆ ਜਾਣਾ ਚਾਹੀਦਾ ਹੈ ਤੇ ਜੇ ਇਹ ਸੂਚਨਾ ਸਹੀ ਹੋਵੇ ਤਾਂ ਦੇਸ਼ ਦੇ ਵਿਦੇਸ਼ੀ ਮਾਮਲਿਆਂ ਬਾਰੇ ਮੰਤਰਾਲਾ ਸਿਪਾਹੀ ਜਸਪਾਲ ਸਿੰਘ ਨੂੰ ਤੁਰੰਤ ਉਸ ਦੇ ਪਰਿਵਾਰ ਕੋਲ ਵਾਪਸ ਭਿਜਵਾਉਣ ਲਈ ਯਤਨ ਕਰੇ।

# ਓਂਟਾਰੀਓ 'ਚ ਹਰ ਸਾਲ ਸਵਾ ਲੱਖ ਪਰਵਾਸੀਆਂ ਦੀ ਲੋੜ

**ਟਰਾਂਟੋ:** ਕੈਨੇਡਾ ਦੇ ਸੂਬੇ ਉਂਟਾਰੀਓ ਦੀ ਆਰਥਿਕਤਾ ਨੂੰ ਲੀਹੇ ਲਿਆਉਣ ਵਾਸਤੇ 2014 ਪਿੱਛੋਂ ਹਰ ਸਾਲ ਘੱਟੋ-ਘੱਟ ਸਵਾ ਲੱਖ ਨਵੇਂ ਆਵਾਸੀਆਂ ਦੀ ਲੋੜ ਪਵੇਗੀ। ਅਜਿਹਾ ਖੁਲਾਸਾ ਸੂਬਾਈ ਸਰਕਾਰ ਵੱਲੋਂ ਕਾਇਮ ਕਮੇਟੀ ਨੇ ਕੀਤਾ ਹੈ। ਮਾਹਿਰਾਂ ਦੀ ਕਮੇਟੀ ਨੇ ਸੱਤ ਮਹੀਨੇ ਲਾ ਕੇ ਤਿਆਰ ਕੀਤੀ ਰਿਪੋਰਟ ਸੂਬਾਈ ਆਵਾਸ ਮੰਤਰੀ ਚਾਰਲਸ ਸੂਸਾ ਨੂੰ ਸੌਂਪ ਦਿੱਤੀ ਹੈ ਜਿਸ ਵਿਚ 32 ਸਿਫਾਰਸ਼ਾਂ ਕੀਤੀਆਂ ਗਈਆਂ ਹਨ।

ਇਹ ਰਿਪੋਰਟ ਸਰਕਾਰ ਨੂੰ ਸੂਬੇ ਅੰਦਰ ਆਵਾਸ ਦੀ ਸਮੱਸਿਆ ਬਾਰੇ ਸ਼ੀਸ਼ਾ ਦਿਖਾਏਗੀ। ਸੂਤਰਾਂ ਮੁਤਾਬਕ ਸੂਬੇ 'ਚ ਆਵਾਸੀਆਂ ਦੀ ਆਮਦ ਸਾਲ ਦਰ ਸਾਲ ਘਟ ਰਹੀ ਹੈ। 2001 'ਚ ਇਥੇ 1,48,640 ਆਵਾਸੀ ਆਏ ਜਦਕਿ ਪਿਛਲੇ ਸਾਲ ਇਹ ਗਿਣਤੀ ਸਿਰਫ਼ 99 ਹਜ਼ਾਰ ਹੀ ਰਹੀ। ਰਿਪੋਰਟ ਮੁਤਾਬਕ ਅਗਲੇ ਦਹਾਕੇ ਤੱਕ ਸੂਬੇ 'ਚ ਤਿੰਨ ਲੱਖ 64 ਹਜ਼ਾਰ ਨਿਪੁੰਨ ਕਾਮਿਆਂ ਦੀ ਥੁੜ ਹੋ ਜਾਵੇਗੀ ਤੇ ਸੂਬੇ ਨੂੰ ਇਕ ਲੱਖ 35 ਹਜ਼ਾਰ ਆਵਾਸੀ ਹਰ ਸਾਲ ਚਾਹੀਦੇ ਹਨ ਜਿਨ੍ਹਾਂ ਵਿਚ ਨਿਪੁੰਨ ਕਾਮਿਆਂ ਦਾ ਅਨੁਪਾਤ ਜ਼ਿਆਦਾ ਹੋਣਾ ਚਾਹੀਦਾ ਹੈ। ਇਸ 60 ਪੰਨਿਆਂ ਦੀ ਰਿਪੋਰਟ ਮੁਤਾਬਕ ਸੂਬੇ ਦੀ ਕੰਮਕਾਜੀ ਵੱਸੋਂ ਘਟ ਰਹੀ ਹੈ ਜਿਸ ਲਈ ਕਾਮਿਆਂ ਦੀ ਖਾਨਾਪੂਰਤੀ ਕਰਨ ਲਈ ਕਦਮ ਚੁੱਕਣੇ ਲਾਜ਼ਮੀ ਹਨ ਤੇ ਆਰਥਿਕਤਾ ਨੂੰ ਲੀਹ 'ਤੇ ਰੱਖਣ ਵਾਸਤੇ ਸੂਬੇ ਨੂੰ ਆਪਣੀ ਆਵਾਸ ਨੀਤੀ ਨੂੰ ਸੋਧਣਾ ਪਵੇਗਾ। ਇਸ 13 ਮੈਂਬਰੀ ਕਮੇਟੀ 'ਚ ਅਰਥ ਸ਼ਾਸਤਰੀ, ਆਵਾਸ ਮਾਹਰ ਤੇ ਸਨਅਤ ਦੇ ਆਗੂ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਡਾਲਟਨ ਮਗਿੰਟੀ ਦੀ ਅਗਵਾਈ ਵਾਲੀ ਲਿਬਰਲ ਸਰਕਾਰ ਸੂਬੇ 'ਚ ਵਧ ਤੋਂ ਵੱਧ ਆਵਾਸੀਆਂ ਨੂੰ ਆਕਰਸ਼ਿਤ ਕਰਨ ਲਈ ਨਵੀਂ ਨੀਤੀ ਘੜਨ ਲਈ ਤਿਆਰ ਹੋਈ ਹੈ ਜਿਸ ਕਰਕੇ ਇਸ ਮਾਹਿਰ ਕਮੇਟੀ ਦੀ ਮਦਦ ਲਈ ਗਈ ਹੈ। ਇਸ ਰਿਪੋਰਟ ਅਨੁਸਾਰ ਮੁਲਕ ਦੇ ਆਵਾਸੀਆਂ 'ਚ ਬੇਰੁਜ਼ਗਾਰੀ ਬਹੁਤ ਵਧੀ ਹੈ।



ਕੇਂਦਰ ਸਰਕਾਰ ਦੇ 'ਸਕਿੱਲਡ ਵਰਕਰਜ਼ ਪ੍ਰੋਗਰਾਮ' ਨੂੰ ਘਿਸਿਆ ਪਿਟਿਆ ਕਰਾਰ ਦਿੰਦਿਆਂ ਕਿਹਾ ਗਿਆ ਹੈ ਕਿ ਇਹ ਸੂਬਾਈ ਕਿਰਤ ਮੰਡੀ ਦੀਆਂ ਲੋੜਾਂ ਦੇ ਹਾਣ ਦਾ ਨਹੀਂ ਤੇ ਕੇਂਦਰ ਨੇ ਸੂਬੇ ਦੇ 'ਨਾਮਿਨੀ ਪ੍ਰੋਗਰਾਮ' 'ਤੇ ਸਾਲਾਨਾ ਕੋਟੇ ਨੂੰ (1000 ਤੱਕ) ਸੀਮਤ ਕਰਨ ਦੀ ਆਲੋਚਨਾ ਕੀਤੀ ਗਈ ਹੈ। ਅਹਿਮ ਸਿਫਾਰਸ਼ਾਂ 'ਚ ਸੂਬੇ ਅੰਦਰ ਸਾਲਾਨਾ ਆਵਾਸ ਕੋਟਾ 1,35,000 ਕਰਨ, ਕੇਂਦਰੀ ਸਕਿੱਲਡ ਵਰਕਰਜ਼ ਪ੍ਰੋਗਰਾਮ ਸੋਧਣ, ਸੂਬਾਈ ਨਾਮਿਨੀ ਪ੍ਰੋਗਰਾਮ ਤੇ ਐਕਸਪੀਰੀਐਂਸ ਕਲਾਸ ਨੂੰ ਹੁਲਾਰਾ ਦੇਣ ਤੇ ਆਵਾਸੀ ਉੱਦਮੀਆਂ ਲਈ ਵਪਾਰਕ ਰਾਹ ਖੋਲ੍ਹਣ ਦੀ ਗੱਲ ਕੀਤੀ ਗਈ ਹੈ।

# ਆਸਟਰੇਲੀਆ 'ਚ 500 ਭਾਰਤੀ ਵਿਦਿਆਰਥੀਆਂ ਦੇ ਭਵਿੱਖ ਨੂੰ ਖ਼ਤਰਾ

ਨਵੀਂ ਦਿੱਲੀ: ਆਸਟਰੇਲੀਆ ਨੇ ਸਿਖਲਾਈ ਦਾ ਮਿਆਰ ਸਹੀ ਨਾ ਰੱਖਣ ਵਾਲੇ ਤਿੰਨ ਕਿੱਤਾਮੁਖੀ ਕਾਲਜਾਂ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ। ਆਸਟਰੇਲਿਆਈ ਸਰਕਾਰ ਦੇ ਇਸ ਫੈਸਲੇ ਨਾਲ ਇਨ੍ਹਾਂ ਸੰਸਥਾਵਾਂ 'ਚ ਪੜ੍ਹਦੇ ਤਕਰੀਬਨ 500 ਵਿਦਿਆਰਥੀ ਪ੍ਰਭਾਵਿਤ ਹੋਣਗੇ ਹਾਲਾਂਕਿ ਭਾਰਤ ਵਿਚ ਆਸਟਰੇਲੀਆ ਦੇ ਹਾਈ ਕਮਿਸ਼ਨਰ ਪੀਟਰ ਵਰਗੀਸ ਨੇ ਭਰੋਸਾ ਦਿੱਤਾ ਕਿ ਇਨ੍ਹਾਂ ਕਾਲਜਾਂ ਦੀ ਸੁਰੱਖਿਆ ਕੀਤੀ ਜਾਵੇਗੀ।

ਇਹ ਫੈਸਲਾ ਆਸਟਰੇਲੀਆ ਦੇ ਕਿੱਤਾਮੁਖੀ ਸਿੱਖਿਆ ਬਾਰੇ ਰੈਗੂਲੇਟਰ, ਆਸਟਰੇਲੀਅਨ ਸਕਿੱਲਜ਼ ਕੁਆਲਿਟੀ ਅਥਾਰਟੀ (ਏ.ਐਸ.ਕਿਊ.ਏ.) ਨੇ ਕੀਤਾ। ਸੰਸਥਾ ਮੁਤਾਬਕ ਵਿਕਟੋਰੀਆ ਦੀਆਂ ਦੋ ਤੇ ਨਿਊ ਸਾਊਥ ਵੇਲਜ਼ ਦੀ ਇਕ ਕਿੱਤਾਮੁਖੀ ਸੰਸਥਾ 'ਚ ਵਿਦਿਆਰਥੀਆਂ ਨੂੰ ਮਿਆਰੀ ਸਿਖਲਾਈ ਨਹੀਂ ਦਿੱਤੀ ਜਾ ਰਹੀ। ਸ੍ਰੀ ਵਰਗੀਸ ਨੇ ਦੱਸਿਆ ਕਿ ਭਾਵੇਂ ਇਨ੍ਹਾਂ ਕਾਲਜਾਂ ਨੂੰ ਬੰਦ ਕਰਨ ਦਾ ਫੈਸਲਾ ਹੋ ਗਿਆ ਹੈ ਪਰ ਇਹ ਕਾਲਜ ਏ.ਐਸ.ਕਿਊ.ਏ. ਨੂੰ ਨਜ਼ਰਸਾਨੀ ਲਈ ਅਪੀਲ ਕਰ ਸਕਦੇ ਹਨ ਜਿਸ ਦੇ ਆਧਾਰ 'ਤੇ ਸੰਸਥਾ ਆਪਣਾ ਫੈਸਲਾ ਬਦਲ ਵੀ ਸਕਦੀ ਹੈ।



ਫਿਲਹਾਲ ਸੰਸਥਾ ਦੇ ਹੁਕਮਾਂ 'ਤੇ ਦਿ ਐਸ਼ਮਾਰਕ ਗਰੁੱਪ ਤੇ ਜੀ ਪਲੱਸ ਦੀ ਗਲੋਬ ਟਰੇਡਿੰਗ ਸੰਸਥਾਵਾਂ 30 ਅਕਤੂਬਰ ਤੋਂ ਬੰਦ ਕੀਤੀਆਂ ਜਾ ਰਹੀਆਂ ਹਨ ਜਿਨ੍ਹਾਂ ਦੇ ਮੈਲਬਰਨ ਤੇ ਵਿਕਟੋਰੀਆ ਸਥਿਤ ਕਾਲਜਾਂ 'ਚ ਕ੍ਰਮਵਾਰ ਤਕਰੀਬਨ 400 ਤੇ 100 ਭਾਰਤੀ ਵਿਦਿਆਰਥੀ ਪੜ੍ਹ ਰਹੇ ਹਨ। ਏ.ਐਸ.ਕਿਊ. ਏ. ਵੱਲੋਂ ਲਏ ਇਸ ਫੈਸਲੇ ਕਾਰਨ ਆਪਣੇ ਭਵਿੱਖ ਬਾਰੇ ਫ਼ਿਕਰਮੰਦ ਵਿਦਿਆਰਥੀਆਂ ਨੂੰ ਭਰੋਸਾ ਦਿੰਦਿਆਂ ਸ੍ਰੀ ਵਰਗੀਸ ਨੇ ਕਿਹਾ ਕਿ ਆਸਟਰੇਲੀਆ ਦੀ ਸਰਕਾਰ ਆਪਣੇ ਐਜੂਕੇਸ਼ਨ ਸਰਵਿਸਿਜ਼ ਫਾਰ ਓਵਰਸੀਜ਼ ਸਟੂਡੈਂਟਸ ਐਕਟ 2000 ਤਹਿਤ ਇਨ੍ਹਾਂ ਵਿਦਿਆਰਥੀਆਂ ਦੇ ਭਵਿੱਖ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਲਵੇਗੀ ਤੇ ਉਨ੍ਹਾਂ ਲਈ ਬਦਲਵੇਂ ਪ੍ਰਬੰਧ ਕਰੇਗੀ।

ਜੇਕਰ ਇਹ ਸਿੱਖਿਆ ਸੰਸਥਾਵਾਂ ਨਿਰਧਾਰਤ ਮਿਆਰਾਂ ਮੁਤਾਬਕ ਸਿੱਖਿਆ ਮੁਹੱਈਆ ਕਰਵਾਉਣ 'ਚ ਅਸਫਲ ਰਹਿਣ ਕਰਕੇ ਬੰਦ ਕਰਨੀਆਂ ਪਈਆਂ ਤਾਂ ਪ੍ਰਭਾਵਿਤ ਕੌਮਾਂਤਰੀ ਵਿਦਿਆਰਥੀ ਸਰਕਾਰ ਵੱਲੋਂ ਟਿਊਸ਼ਨ ਪ੍ਰੋਟੈਕਸ਼ਨ ਸਕੀਮ (ਟੀ.ਪੀ.ਐਸ.) ਦਾ ਲਾਹਾ ਲੈ ਸਕਣਗੇ। ਇਸ ਸਕੀਮ ਤਹਿਤ ਪ੍ਰਭਾਵਿਤ ਵਿਦਿਆਰਥੀਆਂ ਦੀ ਪੜ੍ਹਾਈ ਦੇ ਬਦਲਵੇਂ ਪ੍ਰਬੰਧ ਕੀਤੇ ਜਾਣਗੇ ਜਾਂ ਉਨ੍ਹਾਂ ਦੀ ਫੀਸ ਵਾਪਸ ਕਰ ਦਿੱਤੀ ਜਾਵੇਗੀ। ਇਸ ਸਕੀਮ ਬਾਰੇ ਵਧੇਰੇ ਜਾਣਕਾਰੀ ਲਈ ਵਿਦਿਆਰਥੀ ਟੀ.ਪੀ.ਐਸ. ਦੀ ਵੈੱਬਸਾਈਟ ਦੇਖ ਸਕਦੇ ਹਨ। ਉਨ੍ਹਾਂ ਕਿਹਾ ਕਿ ਆਸਟਰੇਲੀਆ ਸਿੱਖਿਆ ਦੇ ਮਿਆਰ ਕਾਇਮ ਰੱਖਣ ਲਈ ਵਚਨਬੱਧ ਹੈ ਤੇ ਇਸੇ ਲਈ ਸਿੱਖਿਆ ਸੰਸਥਾਵਾਂ 'ਤੇ ਸਖ਼ਤੀ ਵਰਤੀ ਜਾ ਰਹੀ ਹੈ।

## ਪੰਜਾਬੀ ਨੌਜਵਾਨ ਵੱਲੋਂ ਪਤਨੀ ਦੀ ਹੱਤਿਆ ਪਿੱਛੋਂ ਖੁਦਕੁਸ਼ੀ

**ਮੈਲਬਰਨ:** ਇਥੋਂ ਦੇ ਪੂਰਬੀ ਇਲਾਕੇ 'ਚ ਇਕ ਪੰਜਾਬੀ ਨੌਜਵਾਨ ਨੇ ਆਪਣੀ ਪਤਨੀ ਨੂੰ ਮਾਰਨ ਪਿੱਛੋਂ ਅੱਗ ਲਾ ਕੇ ਖੁਦਕੁਸ਼ੀ ਕਰ ਲਈ। ਪੰਜਾਬ ਦੇ ਅੰਮ੍ਰਿਤਸਰ ਨਾਲ ਸਬੰਧਤ ਅਵੀਜੀਤ ਸਿੰਘ ਨੂੰ ਪੁਲਿਸ ਨੇ ਘਟਨਾ ਵਾਲੇ ਘਰ ਵਿਚੋਂ ਸ਼ੀਸ਼ੇ ਤੋੜ ਕੇ ਬਾਹਰ ਕੱਢਿਆ ਤੇ ਸਥਾਨਕ ਐਲਫਰਡ ਹਸਪਤਾਲ ਪਹੁੰਚਾਇਆ ਜਿਥੇ ਜਾ ਕੇ ਉਹ ਦਮ ਤੋੜ ਗਿਆ। ਅਵੀਜੀਤ ਦਾ ਸਰੀਰ 90 ਫੀਸਦੀ ਝੁਲਸ ਚੁੱਕਿਆ ਸੀ।

ਪੁਲਿਸ ਨੂੰ ਅਵੀਜੀਤ ਦੀ ਪਤਨੀ ਸਰਗੁਨ ਰਾਗੀ ਦੀ ਲਾਸ਼ ਵੀ ਘਰ 'ਚੋਂ ਬਰਾਮਦ ਹੋਈ ਹੈ। ਹਾਸਲ ਜਾਣਕਾਰੀ ਅਨੁਸਾਰ ਇਸ ਦੁਖਦਾਇਕ ਘਟਨਾ ਦਾ ਕਾਰਨ ਘਰੇਲੂ ਝਗੜਾ ਸਾਹਮਣੇ ਆਇਆ ਹੈ। ਅਗਸਤ ਤੋਂ ਆਪਸ 'ਚ ਵੱਖ ਹੋਏ ਪਤੀ-ਪਤਨੀ ਦਾ ਅਦਾਲਤ ਵਿਚ ਕੇਸ ਚੱਲ ਰਿਹਾ ਸੀ ਤੇ ਤਕਰੀਬਨ ਤਿੰਨ ਦਿਨ ਪਹਿਲਾਂ ਹੀ ਅਵੀਜੀਤ ਦੀ ਪਤਨੀ ਇਸ ਘਰ ਵਿਚ ਆ ਕੇ ਰਹਿਣ ਲੱਗੀ ਸੀ ਜਿਥੇ ਇਹ ਘਟਨਾ ਵਾਪਰੀ। ਟੈਕਸੀ ਚਾਲਕ ਵਜੋਂ ਕੰਮ ਕਰਦੇ ਅਵੀਜੀਤ ਦਾ ਪਿਛਲੇ ਸਾਲ ਜੁਲਾਈ ਵਿਚ ਵਿਆਹ ਹੋਇਆ ਸੀ ਤੇ ਉਸ ਦੀ ਪਤਨੀ ਤਿੰਨ ਕੁ ਮਹੀਨੇ ਪਹਿਲਾਂ ਹੀ ਆਸਟਰੇਲੀਆ ਆਈ ਸੀ।

# ਲੇਖਿਕਾਵਾਂ ਸੁਖਵਿੰਦਰ ਕੌਰ ਤੇ ਅਨਮੋਲ ਕੌਰ ਦਾ ਸਨਮਾਨ

**ਸਿਆਟਲ (ਬਿਊਰੋ):** ਪੰਜਾਬੀ ਲਿਖਾਰੀ ਸਭਾ ਸਿਆਟਲ ਦੀ ਮਾਸਿਕ ਇਕੱਤਰਤਾ ਵਿਚ ਸਰੀ (ਕੈਨੇਡਾ) ਵਸਦੀਆਂ 'ਪੰਜਾਬ ਦਾ ਮਾਣ' ਸੁਘੜ-ਸਚਿਆਰ ਧੀਆਂ-ਸੁਖਵਿੰਦਰ ਕੌਰ ਅਤੇ ਅਨਮੋਲ ਕੌਰ ਦਾ ਸਨਮਾਨ ਕੀਤਾ ਗਿਆ। ਸਭਾ ਦੀ ਮੈਂਬਰ ਸਵਰਾਜ ਕੌਰ ਨੇ ਕਿਹਾ ਕਿ ਇਹੋ ਜਿਹੀਆਂ ਧੀਆਂ ਕੌਮਾਂ ਦਾ ਮਾਣ ਵਧਾਉਂਦੀਆਂ ਹਨ ਜਿਨ੍ਹਾਂ ਦੀ ਪ੍ਰੇਰਨਾ, ਉਸਾਰੂ ਲਿਖਤਾਂ ਅਤੇ ਨਿੱਜੀ ਜੀਵਨ ਸਮਾਜ ਨੂੰ ਸੇਧ ਬਖਸ਼ਦੇ ਹਨ।

ਸੁਖਵਿੰਦਰ ਕੌਰ ਪੰਜਾਬੀ ਸਾਹਿਤ ਨੂੰ ਛੇ ਕਿਤਾਬਾਂ ਭੇਟ ਕਰ ਚੁੱਕੇ ਹਨ। ਉਹ ਗੁਰੂ ਆਸਰਾ ਫਾਊਂਡੇਸ਼ਨ ਕੈਨੇਡਾ ਦੇ ਡਾਇਰੈਕਟਰ ਵੀ ਹਨ। ਇਹ ਸੰਸਥਾ ਸ਼ਹੀਦ ਪਰਿਵਾਰਾਂ ਦੇ ਬੱਚਿਆਂ ਅਤੇ ਸਿਕਲੀਗਰ-ਵਣਜਾਰੇ ਸਿੱਖਾਂ ਦੀ ਸੇਵਾ ਸੰਭਾਲ ਕਰਦੀ ਹੈ। ਅਨਮੋਲ ਕੌਰ ਵੀ ਨਿਧੜਕ ਅਤੇ ਨਿਰਪੱਖ ਹੋ ਕੇ ਲਿਖਦੀ ਹੈ। 'ਦੁੱਖ ਪੰਜਾਬ ਦੇ' ਅਤੇ 'ਕੌੜਾ ਸੱਚ' ਵਿਚ ਉਨ੍ਹਾਂ ਪੰਜਾਬ ਦੀ ਜੋ ਤਰਾਸਦੀ ਬਿਆਨ ਕੀਤੀ ਹੈ, ਉਸ ਨੂੰ ਪੜ੍ਹ ਕੇ ਅੱਖ ਮੱਲੋ-ਮੱਲੀ ਹੰਝੂ ਕੇਰਦੀ ਹੈ। ਨਾਵਲ 'ਹੱਕ ਲਈ ਲੜਿਆ ਸੱਚ', 'ਰਿਸ਼ਤੇ' ਅਤੇ 'ਕੁੜੀ ਕੈਨੇਡਾ ਦੀ' ਵਿਚ ਸਮਾਜਕ ਜੀਵਨ ਵਿਚ ਆਏ ਨਿਘਾਰ ਅਤੇ ਇਸ ਖਿਲਾਫ ਉਠਦੇ ਅਹਿਸਾਸ ਦੀ ਗੱਲ ਕੀਤੀ ਗਈ ਹੈ।

ਪ੍ਰਧਾਨਗੀ ਮੰਡਲ 'ਚ ਸੁਖਵਿੰਦਰ ਕੌਰ ਤੇ ਅਨਮੋਲ ਕੌਰ ਦੇ ਨਾਲ ਸਵਰਾਜ ਕੌਰ ਅਤੇ ਮਨਜੀਤ ਕੌਰ ਗਿੱਲ ਬੈਠੇ। ਸਭਾ ਦੇ ਸਾਬਕਾ ਪ੍ਰਧਾਨ ਸ. ਵਾਸਦੇਵ ਸਿੰਘ ਪਰਹਾਰ ਅਤੇ ਮੀਤ ਪ੍ਰਧਾਨ ਹਰਦਿਆਲ ਸਿੰਘ ਚੀਮਾ ਵੀ ਹਾਜ਼ਰ ਸਨ।

ਪ੍ਰੋਗਰਾਮ ਦੀ ਸ਼ੁਰੂਆਤ ਦਲਜੀਤ ਸਿੰਘ ਨੇ ਧਾਰਮਿਕ ਗੀਤ ਨਾਲ ਕੀਤੀ। ਫਿਰ ਦੀਪਕ ਘੁੰਮਣ, ਗੁਰਬਿੰਦਰ ਬਾਜਵਾ, ਹਰਨਾਮ ਸਿੰਘ, ਮਹਿੰਦਰ ਚੀਮਾ, ਸ਼ੰਗਾਰ ਸਿੰਘ ਸਿੱਧੂ, ਈਸ਼ਰ ਸਿੰਘ ਗਰਚਾ, ਗੁਰਪ੍ਰੀਤ ਸੋਹਲ, ਤਰਨਜੀਤ ਗਿੱਲ ਜਰਗਾੜੀ, ਮਨਜੀਤ ਕੌਰ ਗਿੱਲ, ਬਲਿਹਾਰ ਲਹਿਲ, ਦਿਲਬਾਗ ਸਿੰਘ, ਇੰਦਰਜੀਤ ਸਿੰਘ ਬੱਲੋਵਾਲੀਆ, ਓਮ ਪ੍ਰਕਾਸ਼, ਹਰਦਿਆਲ ਸਿੰਘ ਚੀਮਾ, ਸਵਰਾਜ ਕੌਰ, ਵਾਸਦੇਵ ਸਿੰਘ ਪਰਹਾਰ, ਅਵਤਾਰ ਸਿੰਘ ਆਦਮਪੁਰੀ ਅਤੇ ਹਰਪਾਲ ਸਿੱਧੂ ਨੇ ਆਪੋ-ਆਪਣੀਆਂ ਰਚਨਾਵਾਂ ਅਤੇ ਵਿਚਾਰਾਂ ਰਾਹੀਂ ਸਮਾਂ ਬੰਨ੍ਹੀ ਰੱਖਿਆ। ਗਿਆਨੀ ਰਘਬੀਰ ਸਿੰਘ ਆਦਮਪੁਰ ਵਾਲਿਆਂ ਨੇ ਸਮੂਹ ਲਿਖਾਰੀਆਂ ਨੂੰ ਗੁਰਬਾਣੀ ਤੋਂ ਸੇਧ ਲੈਣ ਲਈ ਪ੍ਰੇਰਿਆ। ਦਿਲਬਾਗ ਸਿੰਘ ਨੇ ਡਾ. ਭੀਮ ਰਾਓ ਅੰਬੇਦਕਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਵੀ ਗੁਰੂ ਨਾਨਕ ਦੇਵ ਦੇ ਮਿਸ਼ਨ ਤਹਿਤ ਕੰਮ ਕੀਤਾ। ਸਾਹਿਤ ਅਤੇ ਵਿਰਸੇ ਦੇ ਖੋਜੀ ਵਾਸਦੇਵ ਸਿੰਘ ਪਰਹਾਰ ਨੇ ਗਦਰ ਲਹਿਰ 'ਤੇ ਝਾਤ ਪਾਈ। ਉਨ੍ਹਾਂ ਕਿਹਾ ਕਿ ਗਦਰ ਲਹਿਰ ਦੇ 7000 ਆਜ਼ਾਦੀ ਘੁਲਾਟੀਆਂ ਵਿਚੋਂ 99.1 ਸਿੱਖ ਸਨ।

ਅਨਮੋਲ ਕੌਰ ਨੇ ਆਪਣੀ ਕਹਾਣੀ 'ਲੰਮੀ ਗੁੱਤ' ਪੜ੍ਹ ਕੇ ਸੁਣਾਈ। ਅਖੀਰ ਵਿਚ ਸੁਖਵਿੰਦਰ ਕੌਰ ਨੇ ਕਵਿਤਾ 'ਦਿੱਲੀ ਦਾ ਬੂਹਾ' ਪੜ੍ਹੀ ਅਤੇ ਗਜ਼ਲ ਤਰੰਨੁਮ ਵਿਚ ਪੇਸ਼ ਕੀਤੀ। ਫਿਰ ਮਿੰਨੀ ਕਹਾਣੀ 'ਤੇਰੀ ਮੇਰੀ ਕਹਾਣੀ' ਸੁਣਾ ਕੇ ਹਾਲ ਵਿਚ ਮਹਿਕ ਖਿਲਾਰ ਦਿੱਤੀ। ਸਭਾ ਦੇ ਜਨਰਲ ਸਕੱਤਰ ਹਰਪਾਲ ਸਿੱਧੂ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ ਅਤੇ ਸਟੇਜ ਦੀ ਕਾਰਵਾਈ ਚਲਾਈ। ਉਨ੍ਹਾਂ ਦਾ ਸਾਥ ਮੀਤ ਸਕੱਤਰ ਗੁਰਪ੍ਰੀਤ ਨੇ ਦਿੱਤਾ।




*ਮੀਟਿੰਗ ਤੋਂ ਬਾਅਦ ਪੰਜਾਬੀ ਲਿਖਾਰੀ ਸਭਾ, ਸਿਆਟਲ ਦੇ ਮੈਂਬਰ ਤੇ ਮਹਿਮਾਨ ਸਾਹਿਤਕਾਰ*

## ਇਸਰੋ ਦਾ ਨਿਸ਼ਾਨਾ 58 ਪੁਲਾੜੀ ਮਿਸ਼ਨ

**ਨਵੀਂ ਦਿੱਲੀ:** ਇਸਰੋ ਵੱਲੋਂ ਅਗਲੇ ਪੰਜ ਸਾਲਾਂ ਵਿਚ 58 ਪੁਲਾੜ ਮਿਸ਼ਨ ਲਾਂਚ ਕਰਨ ਦਾ ਫੈਸਲਾ ਹੈ ਜਿਸ ਵਿਚ ਚੰਦ ਤੇ ਮੰਗਲ 'ਤੇ ਪੁਲਾੜ ਵਾਹਨ ਭੇਜਣੇ ਤੇ ਦੇਸ਼ 'ਤੇ 24 ਘੰਟੇ ਨਿਗਰਾਨੀ ਰੱਖਣ ਵਾਲਾ ਵਿਸ਼ੇਸ਼ ਉਪਗ੍ਰਹਿ ਤੇ 500 ਟਰਾਂਸਪੋਂਡਰ ਲਾਉਣੇ ਸ਼ਾਮਲ ਹਨ। ਪੁਲਾੜ ਏਜੰਸੀ ਵੱਲੋਂ ਆਪਣਾ ਗਲੋਬਲ ਪੁਜ਼ੀਸ਼ਨਿੰਗ ਸਿਸਟਮ ਵੀ ਕਾਇਮ ਕਰਨ ਦਾ ਇਰਾਦਾ ਹੈ।

## ਅਸਾਂਜ ਦੀ ਘੇਰਾਬੰਦੀ 'ਤੇ ਰੋਜ਼ਾਨਾ 11,000 ਪੌਂਡ ਖਰਚ

**ਲੰਡਨ:** ਬਰਤਾਨੀਆ ਨੂੰ ਵਿਕੀਲੀਕਸ ਦੇ ਬਾਨੀ ਜੂਲੀਅਨ ਅਸਾਂਜ ਨੂੰ ਇਕੁਆਡੋਰ ਦੇ ਸਫ਼ਾਰਤਖ਼ਾਨੇ ਵਿਚ ਘੇਰ ਕੇ ਰੱਖਣ ਲਈ ਹਰ ਰੋਜ਼ 11,000 ਪੌਂਡ ਖ਼ਰਚਣੇ ਪੈ ਰਹੇ ਹਨ। ਬਰਤਾਨੀਆ ਨੂੰ ਖਦਸ਼ਾ ਹੈ ਕਿ ਅਸਾਂਜ ਕਿਤੇ ਦੇਸ਼ ਛੱਡ ਕੇ ਨਾ ਭੱਜ ਜਾਵੇ। ਇਹ ਬਿੱਲ ਹੋਰ ਵੱਡਾ ਹੋ ਸਕਦਾ ਹੈ ਕਿਉਂਕਿ 41 ਸਾਲਾ ਅਸਾਂਜ ਲਗਾਤਾਰ ਆਪਣੀ ਸਵੀਡਨ ਨੂੰ ਸਪੁਰਦਗੀ ਵਿਰੁੱਧ ਲਲਕਾਰਦਾ ਆ ਰਿਹਾ ਹੈ।

ਸਵੀਡਨ 'ਚ ਦੋ ਔਰਤਾਂ ਨਾਲ ਜਿਨਸੀ ਛੇੜਛਾੜ ਦੇ ਮਾਮਲੇ 'ਚ ਉਹ ਮੁਲਜ਼ਮ ਹੈ। ਬਰਤਾਨਵੀ ਪੁਲਿਸ ਸਕਾਟਲੈਂਡ ਯਾਰਡ ਨੇ ਹਰ ਰੋਜ਼ 11,000 ਪੌਂਡ ਖਰਚਾ ਹੋਣ ਦੀ ਪੁਸ਼ਟੀ ਕੀਤੀ ਹੈ। ਇਹ ਖਰਚਾ ਪੁਲਿਸ ਦੀ ਤਾਇਨਾਤੀ 'ਤੇ ਆ ਰਿਹਾ ਹੈ। ਇਸ ਰਾਹੀਂ ਇਹ ਯਕੀਨੀ ਬਣਾਇਆ ਗਿਆ ਹੈ ਕਿ ਇਕੁਆਡੋਰ ਦੀ ਅੰਬੈਸੀ 'ਚ ਸ਼ਰਨ ਲੈ ਕੇ ਰਹਿ ਰਿਹਾ ਅਸਾਂਜ ਕਿਤੇ ਇਥੋਂ ਬਚ ਕੇ ਨਾ ਭੱਜ ਜਾਵੇ। ਡੇਲੀ ਮੇਲ 'ਚ ਇਸ ਬਾਰੇ ਰਿਪੋਰਟ ਛਪੀ ਹੈ। ਜਿਥੇ ਅਸਾਂਜ ਰਹਿ ਰਿਹਾ ਹੈ, ਉਸ ਸਫ਼ਾਰਤਖ਼ਾਨੇ ਦੇ ਬਾਹਰ ਤਾਇਨਾਤ ਪੁਲਿਸ ਦਾ ਬਿੱਲ ਪਹਿਲਾਂ ਹੀ 10 ਲੱਖ ਪੌਂਡ ਤੋਂ ਟੱਪ ਚੁੱਕਿਆ ਹੈ।

ਜੂਨ 'ਚ ਅਸਾਂਜ ਵੱਲੋਂ ਆਪਣੀ ਜ਼ਮਾਨਤ ਦੀ ਉਲੰਘਣਾ ਕਰਨ ਤੇ ਸ਼ਰਨ ਮੰਗਣ ਤੋਂ ਲੈ ਕੇ ਅਧਿਕਾਰੀ ਲਗਾਤਾਰ ਪੱਛਮੀ ਲੰਡਨ ਦੇ ਨਾਈਟਸ ਬ੍ਰਿਜ ਵਿਚਲੀ ਇਸ ਥਾਂ ਦੀ ਨਿਗਰਾਨੀ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਜੇਕਰ ਅਸਾਂਜ ਪੈਰ ਵੀ ਬਾਹਰ ਪੁੱਟਦਾ ਹੈ, ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇ। ਇਕੁਆਡੋਰ ਦੇ ਲੰਡਨ ਸਥਿਤ ਸਫ਼ਾਰਤਖ਼ਾਨੇ 'ਚ ਸ਼ਰਨ ਲੈਣ ਮਗਰੋਂ ਅਗਸਤ 'ਚ ਇਸ ਦੇਸ਼ ਨੇ ਉਸ ਨੂੰ ਸਿਆਸੀ ਸ਼ਰਨ ਦੇਣ ਦਾ ਫੈਸਲਾ ਕਰ ਲਿਆ ਸੀ।

ਇਕੁਆਡੋਰ ਦੇ ਵਿਦੇਸ਼ ਮੰਤਰੀ ਰਿਕਾਰਡੋ ਪਿੰਟੋ ਦਾ ਕਹਿਣਾ ਹੈ ਕਿ ਜੇਕਰ ਅਸਾਂਜ ਨੂੰ ਬਰਤਾਨੀਆ 'ਚੋਂ ਨਾ ਨਿਕਲਣ ਦਿੱਤਾ ਗਿਆ ਤਾਂ ਉਹ ਦਹਾਕਾ ਭਰ ਇਸ ਸਫ਼ਾਰਤਖ਼ਾਨੇ 'ਚ ਰਹਿ ਸਕਦਾ ਹੈ। ਆਲੋਚਕ ਮੈਟਰੋਪਾਲੇਟਿਨ ਪੁਲਿਸ ਨੂੰ ਇਹ ਮਹਿੰਗਾ ਕੰਮ ਛੱਡਣ ਲਈ ਕਹਿ ਰਹੇ ਹਨ। ਵੱਖ-ਵੱਖ ਤਰ੍ਹਾਂ ਦੇ ਪੁਲਿਸ ਮਾਹਿਰ ਇਕੁਆਡੋਰ ਅੰਬੈਸੀ ਅੱਗੇ ਤਾਇਨਾਤ ਹਨ।

Quick Stop 40, Oklahoma

ਟਰੱਕ ਸਟਾਪ ਲਈ ਲੋੜ ਹੈ

ਕੈਸ਼ੀਅਰ, ਮਕੈਨਿਕ ਅਤੇ ਮੈਨੇਜਰ

ਚੰਗੀ ਤਨਖਾਹ ਤੇ ਹੋਰ ਸਹੂਲਤਾਂ

ਕਾਲ ਕਰੋ:832-512-7172

Global Multi Services

ਕੈਲੀਫੋਰਨੀਆ ਰਹਿੰਦੇ ਟਰੱਕਰ ਭਰਾਵਾਂ ਲਈ ਖ਼ੁਸ਼ਖਬਰੀ

ਟਰੱਕਾਂ ਦੀਆਂ ਪਲੇਟਾਂ ਤੁਸੀਂ ਗਲੋਬਲ ਮਲਟੀ ਸਰਵਿਸ ਦੇ ਦਫਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ

ਟਰੱਕਿੰਗ ਦੀ ਦੁਨੀਆਂ ਵਿਚ ਨਵਾਂ ਕਦਮ

> ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਦੀ ਲੋੜ ਨਹੀਂ
> ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ

ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ

High Five Plaza #207
16925 S. Harlan Rd.
Lathrop CA 95330
Exactly on I-5 and Louise Exit
Opposite Dennys Restaurant

ਉਪਲਬਧ ਸੇਵਾਵਾਂ

*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



ਰਾਜਿੰਦਰ ਸਿੰਘ ਜਾਂ ਮਨੀਤ ਪਾਲ ਸਿੰਘ
ਫੋਨ 209-982-9996
ਫੈਕਸ:209-982-9997


DMV Lic No. 62822

Reliable and Experienced Real Estate Professional

ਘਰ ਅਤੇ ਹੋਰ ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ

ਗੁਰਬੰਸ ਸਿੰਘ ਗਿੱਲ, ਫੋਨ: 209-815-1869

*Bay Area *Tracy *Manteca * Lathrop * Weston Ranch
*Stockton *Lodi *Elk Grove *Sacramento *Modesto *Turlock
*Brentwood *Antioch *Oakley *Discovery Bay



Gurbans Singh Gill
Realtor

15 Years Experiance
in Real Estate
e-mail: gurbans@gotracy.com

Fax: 209-836-0706

www.gotracy.com

We Specialize in Bankowned, Foreclosure and Short Sale Homes

For Sale & Purchase of Residential, Commercial Property and AG-Land

ਘਰ ਖਰੀਦਣ ਦੇ ਚਾਹਵਾਨਾਂ ਲਈ ਖ਼ੁਸ਼ਖਬਰੀ
ਹੁਣ ਵਿਆਜ ਦਰਾਂ ਬਹੁਤ ਹੀ ਘੱਟ ਹਨ

ਬਦਾਮਾਂ ਦੇ ਖੇਤ ਖਰੀਦਣ ਅਤੇ ਵੇਚਣ ਲਈ ਸੰਪਰਕ ਕਰੋ
ਗੁਰਬੰਸ ਗਿੱਲ, ਫੋਨ: 209-815-1869

Rent 'ਤੇ ਘਰ ਲੈਣਾ ਹੋਵੇ ਜਾਂ Rent 'ਤੇ ਘਰ ਦੇਣਾ ਹੋਵੇ

REALTY WORLD Millennium

Gurbans Gill 209-815-1869

# ਅਣਵੰਡੇ ਪੰਜਾਬ ਦੀ ਉਰਦੂ ਪੱਤਰਕਾਰੀ 'ਚ ਪੰਜਾਬੀਆਂ ਦੀ ਦੇਣ

ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
Sandhugulzar@yahoo.com

ਮੈਂ ਪੰਜਾਬੀ ਸਾਹਿਤ ਸਭਾ, ਨਵੀਂ ਦਿੱਲੀ ਦੇ ਸੱਦੇ ਉਤੇ ਪੰਜਾਬ ਦੀ ਪੱਤਰਕਾਰੀ ਅਤੇ ਇਸ ਦੇ ਪੱਤਰਕਾਰਾਂ ਬਾਰੇ ਭਾਪਾ ਪ੍ਰੀਤਮ ਸਿੰਘ ਯਾਦਗਾਰੀ ਭਾਸ਼ਣ ਦੇਣਾ ਸੀ। ਭਾਸ਼ਣ ਦੀ ਤਿਆਰੀ ਕਰਦਿਆਂ ਜਿਹੜੇ ਤੱਥ ਪ੍ਰਾਪਤ ਹੋਏ ਉਨ੍ਹਾਂ ਨੇ ਪੰਜਾਬੀਆਂ ਦਾ ਉਰਦੂ ਭਾਸ਼ਾ ਤੇ ਪੱਤਰਕਾਰੀ ਨੂੰ ਯੋਗਦਾਨ ਚੇਤੇ ਕਰਵਾ ਦਿੱਤਾ। ਜਿਥੋਂ ਤੱਕ ਉਰਦੂ ਸ਼ਾਇਰੀ ਦੀ ਸਮਝ ਤੇ ਪ੍ਰਸ਼ੰਸਾ ਦਾ ਸਵਾਲ ਹੈ, ਪੰਜਾਬੀਆਂ ਦੀ ਪਕੜ ਦਾ ਲੋਹਾ ਸਾਰਾ ਭਾਰਤ ਮੰਨਦਾ ਹੈ। ਅੱਜ ਵੀ ਮਿਰਜ਼ਾ ਗ਼ਾਲਿਬ ਦੀ ਸ਼ਾਇਰੀ ਨੂੰ ਸਮਝਣ ਲਈ ਮਲਸੀਹਾਂ ਦੇ ਜੋਸ਼ ਮਲਸਿਆਨੀ ਤੇ ਮੁਕੰਦਪੁਰ ਦੇ ਗੁਪਤ ਰਿਜ਼ਾ ਦੀ ਵਿਆਖਿਆ ਪੜ੍ਹੀ ਜਾਂਦੀ ਹੈ। ਪੱਤਰਕਾਰੀ ਵਿਚ ਉਨ੍ਹਾਂ ਦੇ ਯੋਗਦਾਨ ਦੀ ਗੱਲ ਬਹੁਤ ਘੱਟ ਹੁੰਦੀ ਹੈ।

ਵੀਹਵੀਂ ਸਦੀ ਵਿਚ ਉਰਦੂ ਪੱਤਰਕਾਰੀ ਦੀ ਨੀਂਹ ਲਾਹੌਰ ਤੋਂ ਨਿਕਲਣ ਵਾਲੇ ਰੋਜ਼ਾਨਾ ਪੱਤਰਾਂ 'ਪੈਸਾ' ਤੇ 'ਕੋਹ-ਏ-ਨੂਰ' ਨੇ ਰਖੀ। 'ਪੈਸਾ' ਦੇ ਸੰਪਾਦਕ ਮੁਨਸ਼ੀ ਮਹਿਬੂਬ ਆਲਮ ਨੇ ਇਸ ਨੂੰ ਇਨਾ ਵਧੀਆ ਪੱਤਰ ਬਣਾਇਆ ਕਿ ਜਿਸ ਗਲੀ ਵਿਚ ਇਸ ਦਾ ਦਫਤਰ ਸੀ ਇਸ ਗਲੀ ਦਾ ਨਾਂ ਹੀ ਪੈਸਾ ਗਲੀ ਪੈ ਗਿਆ। ਇਹ ਅੱਜ ਵੀ ਇਸੇ ਨਾਂ ਨਾਲ ਜਾਣੀ ਜਾਂਦੀ ਹੈ। ਉਂਜ ਉਰਦੂ ਪੱਤਰਕਾਰੀ ਨੂੰ ਜਿਹੜਾ ਮੋੜ ਉਘੇ ਆਰੀਆ ਸਮਾਜੀ ਮਹਾਸ਼ਾ ਕ੍ਰਿਸ਼ਨ ਨੇ ਦਿੱਤਾ ਉਹ ਕਮਾਲ ਦਾ ਸੀ।

1919 ਦੇ ਮਾਰਸ਼ਲ ਲਾਅ ਸਮੇਂ ਕੱਢੇ ਗਏ ਉਸ ਦੇ ਪੱਤਰ 'ਪ੍ਰਤਾਪ' ਵਿਚ ਛਪਣ ਵਾਲੀ ਸਮਗਰੀ ਦੀ ਸੁਰ ਇਨੀ ਸੰਗਰਾਮੀ ਸੀ ਕਿ ਇਹ ਪੱਤਰ ਬਹੁਤ ਥੋੜ੍ਹੇ ਸਮੇਂ ਵਿਚ ਹਰ ਇਕ ਦੀ ਜ਼ੁਬਾਨ ਉਤੇ ਸੀ। ਉਸ ਨੇ ਇਹ ਪੱਤਰ ਦਿੱਲੀ ਤੋਂ ਕਢ ਕੇ ਉਸ ਦੀ ਸੰਪਾਦਕੀ ਅਪਣੇ ਵੱਡੇ ਪੁੱਤਰ ਰਣਬੀਰ ਨੂੰ ਸੌਂਪੀ ਤੇ ਹੈਦਰਾਬਾਦ ਵਾਲੇ ਐਡੀਸ਼ਨ ਦੀ ਅਪਣੇ ਦੂਜੇ ਬੇਟਿਆਂ ਨੂੰ। ਜਿੱਥੇ ਮਹਾਸ਼ਾ ਕ੍ਰਿਸ਼ਨ ਨੂੰ ਸੱਚ ਉਤੇ ਪਹਿਰਾ ਦਿੰਦਿਆਂ ਕਈ ਵਾਰ ਜੇਲ੍ਹ ਜਾਣਾ ਪਿਆ, ਰਣਬੀਰ ਨੂੰ ਅੰਗ੍ਰੇਜ਼ ਗਵਰਨਰ ਉਤੇ ਗੋਲੀ ਚਲਾਉਣ ਦੇ ਦੋਸ਼ ਵਿਚ ਫਾਂਸੀ ਦੀ ਸਜ਼ਾ ਵੀ ਸੁਣਾਈ ਗਈ ਜਿਸ ਵਿਚੋਂ ਬਰੀ ਹੋਣ ਲਈ ਉਸ ਨੂੰ ਕਈ ਕਸ਼ਟ ਝੱਲਣੇ ਪਏ। 'ਪਰਤਾਪ' ਦੀ ਸਫਲਤਾ ਨੇ 1923 ਵਿਚ ਮਹਾਸ਼ਾ ਖੁਸ਼ਹਾਲ ਚੰਦ ਤੋਂ 'ਮਿਲਾਪ' ਸ਼ੁਰੂ ਕਰਵਾਇਆ ਜਿਸ ਵਿਚ ਛਪਦਾ ਫਿਕਰ ਤੌਂਸਵੀ ਦਾ ਕਲਾਮ 'ਪਿਆਜ਼ ਕੇ ਛਿਲਕੇ' ਬਹੁਤ ਹੀ ਪਸੰਦ ਕੀਤਾ ਜਾਂਦਾ ਸੀ।

ਇਨ੍ਹਾਂ ਦਿਨਾਂ ਵਿਚ ਹੀ ਦੀਵਾਨ ਸਿੰਘ ਮਫਤੂਨ ਨੇ ਦਿੱਲੀ ਤੋਂ ਸਪਤਾਹਿਕ ਪਰਚਾ 'ਰਿਆਸਤ' ਕਢ ਕੇ ਰਿਆਸਤੀ ਰਾਜਿਆ ਤੇ ਮਹਾਰਾਜਿਆਂ ਦੇ ਅਜਿਹੇ ਨਕਸ਼ੇ ਖਿੱਚੇ ਕਿ ਇਸ ਦੇ ਪਾਠਕਾਂ ਦਾ ਘੋਰਾ ਨੋਟ ਕਰਨ ਵਾਲਾ ਸੀ। ਮਫਤੂਨ ਦਾ ਕਾਲਮ 'ਨਾਕਾਬੂਲ ਏ ਫਰਾਮੋਸ਼' ਤਾਂ ਅੱਜ ਵੀ ਉਰਦੂ ਪ੍ਰੇਮੀਆਂ ਦੀ ਜ਼ੁਬਾਨ ਉਤੇ ਹੈ। 1928 ਵਿਚ ਲਾਹੌਰ ਤੋਂ ਕੱਢੇ ਗਏ ਨਾਨਕ ਚੰਦ ਨਾਜ਼ ਦੀ ਸੰਪਾਦਨਾ ਵਾਲੇ 'ਵੀਰ ਭਾਰਤ' ਅਤੇ 1942 ਵਿਚ ਕਢੇ 'ਪ੍ਰਭਾਤ' ਦੀ ਗਾਥਾ ਵੀ ਘੱਟ ਦਿਲਚਸਪ ਨਹੀਂ। 'ਪ੍ਰਭਾਤ' ਹਿੰਦੂ ਹਿੱਤਾਂ ਦੀ ਰਾਖੀ ਕਰਨ ਲਈ ਕੱਢਿਆ ਗਿਆ ਪਰ ਇਸ ਨੂੰ ਛੇਤੀ ਹੀ ਮਾਸਟਰ ਤਾਰਾ ਸਿੰਘ ਨੇ ਖਰੀਦ ਕੇ ਸਿੱਖ ਹਿੱਤਾਂ ਲਈ ਵਰਤਣਾ ਸ਼ੁਰੂ ਕਰ ਦਿੱਤਾ ਤੇ ਫੇਰ ਕਰਮ ਸਿੰਘ ਕਿਰਤੀ ਨੇ ਕਾਂਗਰਸ ਦੇ ਪ੍ਰਚਾਰ ਲਈ ਅਪਨਾ ਲਿਆ। ਇਹ ਪਤੱਰ ਗੁਰਨਾਮ ਸਿੰਘ ਧੜੇ ਦੇ ਹੱਥਾਂ ਵਿਚ ਆਉਣ ਸਮੇਂ ਬੰਦ ਹੀ ਹੋ ਗਿਆ।

1947 ਤੋਂ ਪਹਿਲਾਂ ਪੇਸ਼ਾਵਰ ਤੋਂ ਨਿਕਲਣ ਵਾਲਾ 'ਨਵਾ ਏ ਵਕਤ' ਬੜਾ ਪ੍ਰਵਾਨ ਚੜ੍ਹਿਆ ਤੇ ਸ਼ਾਇਦ ਹਾਲੀ ਵੀ ਨਿਕਲ ਰਿਹਾ ਹੈ। ਲਾਹੌਰ ਦੀ ਰਾਜਧਾਨੀ 'ਅਦਬੀ ਦੁਨੀਆਂ', 'ਅਦਬ ਏ ਲਤੀਫ' ਤੇ 'ਸ਼ੰਕਰ' ਆਦਿ ਮਾਸਿਕ ਰਸਾਲਿਆਂ ਦੀ ਜਨਮ ਦਾਤੀ ਵੀ ਸੀ ਜਿਹੜੇ ਬੰਦ ਹੋ ਚੁੱਕੇ ਹਨ। ਦੇਸ਼ ਵੰਡ ਤੋਂ ਪਿੱਛੋਂ ਮੁਸਲਿਮ ਵਸੋਂ ਦੇ ਪਾਕਿਸਤਾਨ ਜਾ ਵੱਸਣ ਕਾਰਨ ਹੁਣ ਉਰਦੂ ਵਿਚ ਛਪਣ ਵਾਲਾ ਕੇਵਲ 'ਹਿੰਦ ਸਮਾਚਾਰ' ਹੀ ਰਹਿ ਗਿਆ ਹੈ ਤੇ ਇਸ ਦੇ ਮਾਲਕ ਵੀ ਅਪਣੇ ਪੱਤਰ ਸਮੂਹ ਦਾ ਵਿਗਿਆਪਨ ਕਰਨ ਸਮੇਂ ਇਸ ਪੱਤਰ ਨੂੰ ਇਸ ਦੀ ਕੁੱਖ ਵਿਚੋਂ ਜੰਮੇ ਹਿੰਦੀ ਦੇ ਪੰਜਾਬੀ ਪੱਤਰਾਂ ਦਾ ਰੁਲਦਾ ਖੁਲਦਾ ਹਾਣੀ ਜਾਂ ਛੋਟਾ ਭਰਾ ਬਣਾ ਕੇ ਪੇਸ਼ ਕਰਦੇ ਹਨ।

ਆਪਾਂ ਅਣਵੰਡੇ ਪੰਜਾਬ ਦੀ ਪੱਤਰਕਾਰੀ ਨੂੰ ਉਰਦੂ ਪੱਤਰਕਾਰੀ ਦਾ ਹੀਰਾ ਕਾਲ ਕਹਿ ਸਕਦੇ ਹਾਂ। 1941 ਵਿਚ ਡਾ. ਸਾਧੂ ਸਿੰਘ ਹਮਦਰਦ ਵਲੋਂ ਦੁੱਮਣੇ ਵਾਲੇ ਟ੍ਰਾਂਸਪੋਰਟਰਾਂ ਤੋਂ ਖਰੀਦਿਆ ਸਪਤਾਹਿਕ 'ਅਜੀਤ' ਵੀ ਦੇਸ਼ ਵੰਡ ਤੱਕ ਦੈਨਿਕ 'ਅਜੀਤ' ਬਣ ਚੁੱਕਿਆ ਸੀ। ਇਸ ਨੇ ਪੇਂਡੂ ਜੀਵਨ ਦੀ ਪੇਸ਼ਕਾਰੀ ਕਰਕੇ ਬਹੁਤ ਨਾਮਣਾ ਖੱਟਿਆ ਜਿਹੜਾ 1955 ਤੋਂ ਗੁਰਮੁਖੀ ਅੱਖਰਾਂ ਵਿਚ ਛਪਣ ਉਪਰੰਤ ਵੀ ਕਾਇਮ ਹੈ। ਇਸ ਦੇ ਖੇਤੀ, ਸਭਿਆਚਾਰ, ਧਰਮ ਵਿਰਸੇ ਤੇ ਫਿਲਮਾਂ ਨੂੰ ਪਰਨਾਏ ਐਡੀਸ਼ਨ ਅਪਣੀ ਸਮਤੋਲ ਪੇਸ਼ਕਾਰੀ ਕਾਰਨ ਬਹੁਤ ਪਸੰਦ ਕੀਤੇ ਗਏ ਹਨ।

ਅਣਵੰਡੇ ਪੰਜਾਬ ਦੀ ਉਰਦੂ ਪੱਤਰਕਾਰੀ, ਜਿਸ ਨਾਲ ਫੈਜ਼ ਅਹਿਮਦ ਫੈਜ਼ (ਸੰਪਾਦਕ 'ਇਮਰੋਜ਼') ਅਹਿਮਦ ਨਦੀਮ ਕਾਸਮੀ, ਰਾਜਿੰਦਰ ਸਿੰਘ ਬੇਦੀ ਤੇ ਕ੍ਰਿਸ਼ਨ ਚੰਦਰ ਆਦਿ ਨਾਮਵਰ ਅਦੀਬ ਜੁੜੇ ਰਹੇ ਹਨ, ਦੇ ਪਤਨ ਦਾ ਮੇਰੇ ਵਰਗੇ ਉਰਦੂ ਪ੍ਰੇਮੀਆਂ ਨੂੰ ਭਾਰਾ ਦੁੱਖ ਹੈ, ਸੱਜਰੀ ਭਾਰਤ-ਪਾਕਿ ਦੋਸਤੀ ਜਿਹੜੇ ਵਪਾਰਕ ਤੇ ਸਭਿਆਚਾਰਕ ਦਰ ਦਰਵਾਜ਼ੇ ਖੋਲ੍ਹਣ ਜਾ ਰਹੀ ਹੈ, ਇਸ ਨਾਲ ਉਰਦੂ ਭਾਸ਼ਾ ਦੀ ਪ੍ਰਵਾਨਗੀ ਦਾ ਰਾਹ ਕਿੰਨਾ ਕੁ ਮੋਕਲਾ ਹੁੰਦਾ ਹੈ, ਦੇਖਣ ਵਾਲੀ ਗੱਲ ਹੈ। ਮੈਨੂੰ ਅਪਣੇ ਭਾਸ਼ਣ ਦਾ ਉਰਦੂ ਨਾਲ ਸਬੰਧਤ ਭਾਗ ਹੀ ਕਿਉਂ ਚੇਤੇ ਆਇਆ ਹੈ, ਇਸ ਦਾ ਮੇਰੇ ਕੋਲ ਕੋਈ ਉਤਰ ਨਹੀਂ।

## ਸਮੂਹਕ ਬਲਾਤਕਾਰ ਦੇ ਭਾਂਬੜ

ਦੇਸ਼ ਭਰ ਤੋਂ ਆ ਰਹੀਆਂ ਬਲਾਤਕਾਰ ਦੀਆਂ ਖਬਰਾਂ ਭਿਆਨਕ ਤੇ ਚਿੰਤਾਜਨਕ ਹਨ। ਉਤਰੀ ਭਾਰਤ ਸਭ ਤੋਂ ਉਤੇ ਹੈ, ਹਰਿਆਣਾ ਰਾਜ ਖਾਸ ਕਰਕੇ। ਪੀੜਤ ਯੁਵਤੀਆਂ ਆਤਮ ਹਤਿਆ ਕਰਨ ਲਈ ਮਜਬੂਰ ਹੋ ਰਹੀਆਂ ਹਨ। ਸਮੂਹਕ ਬਲਾਤਕਾਰ ਦਾ ਸ਼ਿਕਾਰ ਹੋਣ ਵਾਲੀਆਂ, ਖਾਸ ਕਰਕੇ। ਸਮੂਹਕ ਕਾਰੇ ਵਿਚ ਯੁਵਤੀ ਦੀ ਸਹਿਮਤੀ ਹੋਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਉਂਜ ਤਾਂ ਹਰ ਤਰ੍ਹਾਂ ਦਾ ਬਲਾਤਕਾਰ ਭੁਗਤਣ ਦੀ ਨਮੋਸ਼ੀ ਉਮਰ ਭਰ ਪਿੱਛਾ ਨਹੀਂ ਛਡਦੀ। ਸਮੂਹਕ ਕਾਰੇ ਦੀ ਮਾਨਸਿਕ ਪੀੜਾ ਬਰਦਾਸ਼ਤ ਕਰਨੀ ਅਸੰਭਵ ਹੈ। ਇਸ ਦੇ ਦੋਸ਼ੀਆਂ ਨੂੰ ਦਿੱਤੀ ਜਾਣ ਵਾਲੀ ਸਜ਼ਾ ਅਜਿਹੀ ਹੋਣੀ ਚਾਹੀਦੀ ਹੈ ਜਿਸ ਤੋਂ ਹੋਰਨਾਂ ਨੂੰ ਸਬਕ ਮਿਲ ਸਕੇ। ਫਾਂਸੀ ਲਾਉਣ ਜਾਂ ਖੱਸੀ ਕਰਨ ਤੋਂ ਵੱਖਰੀ ਤੇ ਸਿੱਖਿਆਦਾਇਕ। ਪੁਰਾਣੇ ਸਮਿਆਂ ਵਰਗੀ। ਉਦੋਂ ਦੋਸ਼ੀਆਂ ਦੇ ਅੰਗ ਕਟ ਦਿੱਤੇ ਜਾਂਦੇ ਸਨ। ਮਾਂਵਾਂ ਧੀਆਂ ਵਾਲੇ ਕਾਨੂੰਨਦਾਨ ਯੋਗ ਸਜ਼ਾ ਦੇਣ ਲਈ ਅਜਿਹਾ ਕਾਨੂੰਨ ਘੜ ਸਕਦੇ ਹਨ।

ਸਖਤ ਕਾਨੂੰਨ ਬਣਦੇ ਰਹਿਣਗੇ। ਪ੍ਰਚਲਤ ਨਿਯਮਾਂ ਅਧੀਨ ਵੀ ਸਬੰਧਤ ਦੋਸ਼ੀ ਵਰ੍ਹਿਆਂ ਬੱਧੀ ਫੜੇ ਨਹੀਂ ਜਾਂਦੇ। ਇਸ ਤੋਂ ਵੱਡੀ ਸ਼ਰਮ ਦੀ ਗੱਲ ਕੀ ਹੋ ਸਕਦੀ ਹੈ? ਇਹ ਗੱਲ ਧਿਆਨ ਮੰਗਦੀ ਹੈ ਕਿ ਪ੍ਰਵਾਣਤ ਕਦਰਾਂ ਕੀਮਤਾਂ ਉਤੇ ਪਹਿਰਾ ਦੇਣ ਵਾਲੇ ਹਰਿਆਣਵੀ ਕਿਹੜੀ ਨੀਂਦੇ ਸੌਂ ਗਏ ਹਨ। ਦੇਸ਼ ਵਿਚ ਫੈਲੇ ਭ੍ਰਿਸ਼ਟਾਚਾਰ ਨੂੰ ਨੱਥ ਪਾਉਣ ਦਾ ਦਮ ਭਰਨ ਵਾਲੇ ਸਮਾਜ ਸੇਵਕ ਵੀ ਰਾਜਨੀਤਕ ਸੱਤਾ ਹਥਿਆਉਣ ਲਈ ਉਤਾਵਲੇ ਹਨ, ਏਧਰ ਧਿਆਨ ਨਹੀਂ ਦਿੰਦੇ। ਅੰਨਾ ਹਜ਼ਾਰੇ, ਬਾਬਾ ਰਾਮਦੇਵ, ਕੇਜਰੀਵਾਲ ਤੇ ਕਿਰਨ ਬੇਦੀ ਕਿੱਧਰ ਨੂੰ ਤੁਰੇ ਹੋਏ ਹਨ। ਰਾਜਨੀਤਕ ਭ੍ਰਿਸ਼ਟਾਚਾਰ ਨੂੰ ਸ਼ਹਿ ਦੇਣ ਵਿਚ ਅਨਪੜ੍ਹਤਾ, ਬੇਰੁਜ਼ਗਾਰੀ ਫਜ਼ੂਲ ਖਰਚੀ ਤੇ ਮਾਂਵਾਂ-ਧੀਆਂ ਦੇ ਨਿਰਾਦਰ ਦਾ ਵੱਡਾ ਹੱਥ ਹੁੰਦਾ ਹੈ। ਇਹ ਲੋਕ ਇਸ ਪਾਸੇ ਧਿਆਨ ਦੇਣ ਤਾਂ ਵਧੇਰੇ ਮਾਣ-ਸਨਮਾਨ ਪਾ ਸਕਦੇ ਹਨ ਤੇ ਕੱਲ੍ਹ ਨੂੰ ਰਾਜਨੀਤਕ ਸੱਤਾ ਹਥਿਆਉਣ ਦੇ ਦਾਵੇਦਾਰ ਵੀ ਬਣ ਸਕਦੇ ਹਨ।

**ਅੰਤਿਕਾ:**

(ਅਜ਼ੀਜ਼ ਲਖਨਵੀ ਦੇ ਦੋ ਸ਼ਿਅਰ)

ਖੁਦਾ ਮਹਿਫੂਜ਼ ਰੱਖੇ ਇਸ਼ਕ ਕੇ
ਜਜ਼ਬਾਤ ਏ ਕਾਮਲ ਕੋ,
ਜ਼ਮੀਂ ਗਰਦੋਂ ਸੇ ਟਕਰਾਈ ਜਹਾਂ
ਦਿਲ ਮਿਲ ਗਿਆ ਦਿੱਲ ਸੇ।

---

ਹੁਸਨ ਮੇਂ ਔਰ ਇਸ਼ਕ ਮੇਂ
ਗਰ ਹੈ ਤੋ ਮੁਸ਼ਕਿਲ ਏਕ ਹੈ,
ਉਸ ਤਰਫ ਸਾਰੀ ਖੁਦਾਈ
ਇਸ ਤਰਫ ਦਿਲ ਏਕ ਹੈ।

#

# ਡੈਟ ਸੈਟਲਮੈਂਟ ਕੀ ਹੈ?

ਡੈਟ ਸੈਟਲਮੈਂਟ ਦੀ ਪ੍ਰਕਿਰਿਆ ਵਿਚ ਕੁੱਲ ਕਰਜੇ ਦੇ ਇੱਕ ਆਪਸੀ ਸਹਿਮਤੀ ਨਾਲ ਮਿਥੇ ਹੋਏ ਹਿੱਸੇ ਦੇ ਭੁਗਤਾਨ ਲਈ ਕ੍ਰੈਡਿਟਰਾਂ ਨਾਲ ਸੌਦੇਬਾਜ਼ੀ ਕਰਨਾ ਸ਼ਾਮਲ ਹੈ। ਇਸ ਲਈ ਆਮ ਤੌਰ 'ਤੇ ਲੋਕ ਕਿਸੇ ਡੈਟ ਸੈਟਲਮੈਂਟ ਕੰਪਨੀ ਦੀਆਂ ਸੇਵਾਵਾਂ ਲੈਂਦੇ ਹਨ। ਇਹ ਪ੍ਰਕਿਰਿਆ ਆਮ ਤੌਰ 'ਤੇ 12-36 ਮਹੀਨੇ ਲੈਂਦੀ ਹੈ।

ਤੁਸੀਂ ਡੈਟ ਸੈਟਲਮੈਂਟ ਪ੍ਰਕਿਰਿਆ ਨੂੰ ਅਪਨਾ ਕੇ ਕ੍ਰੈਡਿਟਰਾਂ ਵੱਲੋਂ ਦਿੱਤੀ ਜਾਂਦੀ ਪ੍ਰੇਸ਼ਾਨੀ ਤੋਂ ਬਚ ਸਕਦੇ ਹੋ। ਡੈਟ ਸੈਟਲਮੈਂਟ ਕੰਪਨੀਆਂ ਆਮ ਤੌਰ 'ਤੇ ਤੁਹਾਡੇ ਸਾਰੇ ਕ੍ਰੈਡਿਟਰਾਂ ਨੂੰ ਸੰਪਰਕ ਕਰਕੇ ਇਹ ਦਸਦੀਆਂ ਹਨ ਕਿ ਹੁਣ ਤੁਸੀਂ ਉਨ੍ਹਾਂ ਨਾਲ ਕੰਮ ਕਰ ਰਹੇ ਹੋ ਅਤੇ ਉਹ ਹੁਣ ਤੁਹਾਡੇ ਪ੍ਰਤੀਨਿਧੀ ਹਨ। ਇਸ ਦੇ ਨਾਲ ਲੈਣੇਦਾਰਾਂ ਦੀਆਂ ਕਾਲਾਂ ਘੱਟ ਜਾਣਗੀਆਂ ਜਾਂ ਬੰਦ ਹੋ ਜਾਣਗੀਆਂ। ਹੁਣ ਉਹ ਤੁਹਾਡੀ ਪ੍ਰਤੀਨਿਧੀ ਕੰਪਨੀ ਨੂੰ ਹੀ ਸੰਪਰਕ ਕਰਨਗੇ ਹਾਲਾਂਕਿ ਇਹ ਉਨ੍ਹਾਂ ਦਾ ਕਾਨੂੰਨੀ ਫਰਜ਼ ਨਹੀਂ ਹੈ।

ਇੱਕ ਵਾਰ ਜਦ ਤੁਸੀਂ ਡੈਟ ਸੈਟਲਮੈਂਟ ਕੰਪਨੀ ਨੂੰ ਆਪਣੇ ਕ੍ਰੈਡਿਟਰਾਂ ਨਾਲ ਸੌਦੇਬਾਜ਼ੀ ਕਰਨ ਦੇ ਹੱਕ ਦੇਣ ਲਈ ਪਾਵਰ ਆਫ ਅਟਾਰਨੀ ਸਾਈਨ ਕਰ ਦਿੰਦੇ ਹੋ, ਇਹ ਪ੍ਰਕਿਰਿਆ ਸ਼ੁਰੂ ਹੋ ਜਾਂਦੀ ਹੈ। ਇਸ ਪ੍ਰਕਿਰਿਆ ਦੌਰਾਨ, ਤੁਹਾਨੂੰ ਸੈਟਲਮੈਂਟ ਅਕਾਊਂਟ ਵਿਚ ਹਰ ਮਹੀਨੇ ਇੱਕ ਮਿਥੀ ਹੋਈ ਰਕਮ ਜਮਾ ਕਰਨੀ ਪੈਂਦੀ ਹੈ ਜਿਸ ਨਾਲ ਕੰਪਨੀ ਤੁਹਾਡੇ ਕਰਜੇ ਚੁਕਾਉਂਦੀ ਹੈ। ਤੁਹਾਡੇ ਸਾਰੇ ਕਰਜਿਆਂ ਦਾ ਭੁਗਤਾਨ ਹੋ ਜਾਣ ਤੋਂ ਬਾਦ ਇਹ ਅਕਾਊਂਟ ਬੰਦ ਹੋ ਜਾਵੇਗਾ।

ਕ੍ਰੈਡਿਟ ਕਾਰਡ ਕਰਜੇ, ਮੈਡੀਕਲ ਅਤੇ ਹਸਪਤਾਲਾਂ ਦੇ ਕਰਜੇ, ਵਪਾਰ ਸਬੰਧੀ ਕਰਜੇ, ਵਿਅਕਤੀਗਤ ਕਰਜੇ, ਯੂਟੀਲਿਟੀ ਕਰਜੇ, ਡਿਪਾਰਟਮੈਂਟ ਸਟੋਰਾਂ ਦੇ ਕ੍ਰੈਡਿਟ ਕਾਰਡ ਅਤੇ ਆਮ ਤੌਰ 'ਤੇ ਹਰ ਅਸੁਰੱਖਿਅਤ ਕਰਜਾ ਇਸ ਪ੍ਰਕਿਰਿਆ ਨਾਲ ਨਿਪਟਾਇਆ ਜਾ ਸਕਦਾ ਹੈ। ਡੈਟ ਸੈਟਲਮੈਂਟ ਕੰਪਨੀਆਂ ਕ੍ਰੈਡਿਟਰਾਂ ਨੂੰ ਸੌਦੇਬਾਜ਼ੀ ਰਾਹੀਂ ਤੁਹਾਡੀ ਬਕਾਇਆ ਰਕਮ ਘਟਾਉਣ ਲਈ ਮਨਾਂ ਸਕਦੀਆਂ ਹਨ। ਇਸ ਤਰ੍ਹਾਂ ਇਸ ਰਕਮ ਦਾ ਭੁਗਤਾਨ ਬਹੁਤ ਘੱਟ ਸਮੇਂ ਵਿਚ ਕਰਵਾ ਦਿੰਦੀਆਂ ਹਨ। ਉਨ੍ਹਾਂ ਦੀ ਸਫਲਤਾ ਕ੍ਰੈਡਿਟਰਾਂ ਨੂੰ ਇਸ ਗੱਲ ਦਾ ਯਕੀਨ ਦੁਆਉਣ ਵਿਚ ਹੈ ਕਿ ਕੁੱਝ ਨਾ ਮਿਲਣ ਨਾਲੋਂ ਆਪਣੀ ਬਕਾਇਆ ਰਕਮ ਹਾਸਲ ਕਰਨ ਦਾ ਇਹੀ ਇੱਕ ਮੌਕਾ ਹੈ। ਡੈਟ ਸੈਟਲਮੈਂਟ ਦੀ ਕਾਮਯਾਬੀ ਲਈ ਕ੍ਰੈਡਿਟਰ ਨੂੰ ਇਹ ਤਸੱਲੀ ਹੋਣੀ ਜ਼ਰੂਰੀ ਹੈ ਕਿ ਕਰਜ਼ਦਾਰ ਹੁਣ ਪੂਰਾ ਕਰਜਾ ਵਾਪਸ ਕਰਨ ਦੀ ਹਾਲਤ ਵਿਚ ਨਹੀਂ ਹੈ।

ਤੁਸੀਂ ਡੈਟ ਸੈਟਲਮੈਂਟ ਦੇ ਮਾਹਰ ਕਿਸੇ ਵਿਅਕਤੀ ਦੀਆਂ ਸੇਵਾਵਾਂ ਲੈ ਸਕਦੇ ਹੋ। ਜ਼ਿਆਦਾਤਰ ਮਾਹਰ ਮੁਫਤ ਸਲਾਹ ਦੇਣਗੇ। ਇਸ ਮਾਹਰ ਨਾਲ ਕੰਮ ਕਰਕੇ ਤੁਸੀਂ ਆਪਣੀ ਜੀਵਨਸ਼ੈਲੀ ਦੇ ਹਿਸਾਬ ਨਾਲ ਸਭ ਤੋਂ ਢੁਕਵੀਂ ਯੋਜਨਾ ਬਣਾ ਸਕਦੇ ਹੋ।

### ਡੈਟ ਸੈਟਲਮੈਂਟ ਬਾਰੇ ਆਮ ਸਵਾਲ

1. ਡੈਟ ਸੈਟਲਮੈਂਟ ਕ੍ਰੈਡਿਟ ਸਕੋਰ ਨੂੰ ਕਿਵੇਂ ਪ੍ਰਭਾਵਿਤ ਕਰੇਗੀ? ਜਦੋਂ ਤੁਸੀਂ ਕਿਸੇ ਡੈਟ ਸੈਟਲਮੈਂਟ ਕੰਪਨੀ ਵਿਚ ਪਹਿਲੀ ਵਾਰ ਦਾਖਲ ਹੁੰਦੇ ਹੋ ਤਾਂ ਤੁਹਾਡਾ ਕ੍ਰੈਡਿਟ ਸਕੋਰ ਥੱਲੇ ਜਾਏਗਾ ਪਰ ਜਦੋਂ ਤੁਹਾਡੇ ਕ੍ਰੈਡਿਟਰ ਤੁਹਾਡੇ ਅਕਾਊਂਟ ਉਤੇ 'ਪੇਡ' ਜਾਂ 'ਸੈਟਲਡ' ਦੀ ਮੋਹਰ ਲਾ ਦਿੰਦੇ ਹਨ ਤਾਂ ਇਹ ਸੁਧਰਨਾ ਸ਼ੁਰੂ ਹੋ ਜਾਂਦਾ ਹੈ।

ਇਹ ਸੱਚ ਹੈ ਕਿ ਡੈਟ ਸੈਟਲਮੈਂਟ ਬੈਂਕਰਪਸੀ ਤੋਂ ਬਚਣ ਦਾ ਇੱਕ ਵਧੀਆ ਢੰਗ ਹੈ। ਫੇਰ ਵੀ, ਇਹ ਵੀ ਉਨਾ ਹੀ ਸੱਚ ਹੈ ਕਿ ਜੇ ਤੁਹਾਡੇ ਮੌਜੂਦਾ ਕਰਜੇ ਅਤੇ ਕ੍ਰੈਡਿਟ ਹਿਸਟਰੀ ਚੰਗੀ ਰਹੀ ਹੈ ਤਾਂ ਇਹ ਤੁਹਾਡੇ ਕ੍ਰੈਡਿਟ ਸਕੋਰ 'ਤੇ ਮਾੜਾ ਅਸਰ ਪਾ ਸਕਦਾ ਹੈ ਕਿਉਂਕਿ ਜਦੋਂ ਤੁਸੀਂ ਮੌਜੂਦਾ ਕਰਜੇ ਸੈਟਲ ਕਰਦੇ ਹੋ ਤਾਂ ਇਹ ਜੁਰਮ ਮੰਨਿਆ ਜਾਂਦਾ ਹੈ ਜਿਸ ਨਾਲ ਕ੍ਰੈਡਿਟ ਸਕੋਰ ਘਟ ਜਾਂਦਾ ਹੈ। ਪਰ ਜਦੋਂ ਤੁਹਾਡੇ ਕਰਜੇ ਸੈਟਲ ਹੋ ਜਾਂਦੇ ਹਨ ਤਾਂ ਭਵਿੱਖ ਵਿਚ ਕਰਜਦਾਰ ਦੇ ਤੌਰ 'ਤੇ ਤੁਹਾਡੀ ਸਾਖ ਵਧ ਜਾਂਦੀ ਹੈ।

2. ਕੀ ਕ੍ਰੈਡਿਟ ਕਾਰਡ ਭੁਗਤਾਨਾਂ ਵਿਚ ਲੇਟ ਹੋਣਾ ਪਵੇਗਾ? ਨਹੀਂ। ਚੰਗਾ ਡੈਟ ਸੈਟਲਮੈਂਟ ਪ੍ਰੋਗਰਾਮ ਉਨ੍ਹਾਂ ਕਰਜਦਾਰਾਂ ਦੀ ਮਦਦ ਵੀ ਕਰਦਾ ਹੈ ਜੋ ਆਪਣੇ ਭੁਗਤਾਨ ਸਮੇਂ ਸਿਰ ਕਰ ਰਹੇ ਹਨ ਅਤੇ ਉਨ੍ਹਾਂ ਦੀ ਵੀ ਜੋ ਇਸ ਵਿਚ ਕਸੂਰਵਾਰ ਹਨ।

3. ਕਿਵੇਂ ਪਤਾ ਲੱਗੇ ਕਿ ਮੈਂ ਇਸ ਪ੍ਰੋਗਰਾਮ ਦੇ ਯੋਗ ਹਾਂ? ਡੈਟ ਸੈਟਲਮੈਂਟ ਦੇ ਲਾਇਕ ਹੋਣ ਲਈ ਤੁਹਾਡੇ ਉਤੇ ਕੁੱਝ ਅਸੁਰੱਖਿਅਤ ਕਰਜਿਆਂ ਦਾ ਹੋਣਾ ਜ਼ਰੂਰੀ ਹੈ। ਊਰਾ ਇਕ ਡੈਟ ਸੈਟਲਮੈਂਟ ਕੰਪਨੀ ਹੈ ਜਿਸ ਨੂੰ 1-888-888-9914 'ਤੇ ਫੋਨ ਕਰਕੇ ਤੁਸੀਂ ਉਨ੍ਹਾਂ ਦੇ ਤਜ਼ਰਬੇਕਾਰ ਸਲਾਹਕਾਰਾਂ ਵਿਚੋਂ ਕਿਸੇ ਇੱਕ ਨਾਲ ਗੱਲ ਕਰਕੇ ਪਤਾ ਲਗਾ ਸਕਦੇ ਹੋ ਕਿ ਕੀ ਡੈਟ ਸੈਟਲਮੈਂਟ ਤੁਹਾਡੇ ਲਈ ਸਹੀ ਚੋਣ ਹੈ ਜਾਂ ਨਹੀਂ। ਇਸ ਮੁਫਤ ਸਲਾਹ ਦੇ ਅੰਤ ਵਿਚ ਅਸੀਂ ਤੁਹਾਨੂੰ ਦੱਸਾਂਗੇ ਕਿ ਤੁਸੀਂ ਪ੍ਰੋਗਰਾਮ ਦੇ ਯੋਗ ਹੋ, ਜੇ ਨਹੀਂ ਤਾਂ ਤੁਹਾਡੇ ਲਈ ਹੋਰ ਕਿਹੜੀਆਂ ਚੋਣਾਂ ਹੋ ਸਕਦੀਆਂ ਹਨ।

4. ਕੀ ਡੈਟ ਸੈਟਲਮੈਂਟ ਪ੍ਰੋਗਰਾਮ ਸਾਰੇ ਕ੍ਰੈਡਿਟਰਾਂ ਲਈ ਕੰਮ ਕਰੇਗਾ? ਡੈਟ ਸੈਟਲਮੈਂਟ ਸਿਰਫ ਅਸੁਰੱਖਿਅਤ ਕਰਜਿਆਂ ਲਈ ਕੰਮ ਕਰਦੇ ਹਨ। ਹੇਠਾਂ ਉਹ ਸਾਰੇ ਕਰਜੇ ਦਿੱਤੇ ਗਏ ਹਨ ਜਿਹੜੇ ਡੈਟ ਸੈਟਲਮੈਂਟ ਪ੍ਰੋਗਰਾਮ ਰਾਹੀਂ ਨਹੀਂ ਚੁਕਾਏ ਜਾ ਸਕਦੇ:

- ਸੁਰੱਖਿਅਤ ਕਰਜੇ (ਕਿਸੇ ਕੋਲੈਟਰਲ ਦੇ ਵਿਰੁਧ ਚੁੱਕੇ ਗਏ ਕਰਜੇ)
- ਕਰਜੇ ਜਿੱਥੇ ਕ੍ਰੈਡਿਟਰ ਨੇ ਕੁਲੈਕਸ਼ਨ ਦਾ ਕੇਸ ਕਰ ਦਿੱਤਾ ਹੋਵੇ ਜਾਂ ਅਦਾਲਤ ਤੋਂ ਫੈਸਲਾ ਪ੍ਰਾਪਤ ਕਰ ਲਿਆ ਹੋਵੇ।
- ਵਿਦਿਆਰਥੀ ਕਰਜੇ
- ਸਟੇਟ ਜਾਂ ਫੈਡਰਲ ਸਰਕਾਰ ਵੱਲੋਂ ਲਾਏ ਹੋਏ ਕਰਜੇ ਜਿਵੇਂ ਕਿ ਪਤੀ-ਪਤਨੀ ਜਾਂ ਬੱਚੇ ਦੇ ਪਾਲਨ ਪੋਸਣ ਦਾ ਖਰਚ ਜਾਂ ਟੈਕਸ ਦੇ ਕਰਜੇ, ਗੁਜ਼ਾਰਾ ਭੱਤਾ ਜਾਂ ਬੈਕ ਟੈਕਸ।

ਅਸੀਂ ਇਹ ਗਰੰਟੀ ਨਹੀਂ ਦੇ ਸਕਦੇ ਕਿ ਤੁਹਾਡੇ ਸਾਰੇ ਕ੍ਰੈਡਿਟਰ ਤੁਹਾਡੇ ਬਕਾਇਆ ਕਰਜੇ ਤੋਂ ਘੱਟ ਰਕਮ ਮਨਜ਼ੂਰ ਕਰ ਲੈਣਗੇ ਪਰ ਹੋਰ ਤਰੀਕਿਆਂ ਨਾਲ ਕਰਜਿਆਂ ਦੀ ਉਗਰਾਹੀ ਕਰਨ ਨਾਲ ਉਨ੍ਹਾਂ ਦਾ ਜ਼ਿਆਦਾ ਸਮਾਂ ਅਤੇ ਪੈਸਾ ਖਰਚ ਹੁੰਦਾ ਹੈ ਅਤੇ ਇਸ ਗੱਲ ਦੀ ਵੀ ਕੋਈ ਗਰੰਟੀ ਨਹੀਂ ਹੁੰਦੀ ਕਿ ਉਨ੍ਹਾਂ ਨੂੰ ਪੂਰੀ ਰਕਮ ਵਾਪਸ ਮਿਲ ਜਾਏਗੀ। ਜੇ ਉਹ ਇੱਕ ਸੈਟਲਮੈਂਟ ਲਈ ਰਾਜ਼ੀ ਹੁੰਦੇ ਹਨ, ਤਾਂ ਉਨ੍ਹਾਂ ਨੂੰ ਬਕਾਇਆ ਰਕਮ ਦਾ ਇੱਕ ਹਿੱਸਾ ਮਿਲ ਜਾਂਦਾ ਹੈ।

5. ਡੈਟ ਸੈਟਲਮੈਂਟ ਪ੍ਰੋਗਰਾਮ ਤੋਂ ਕੀ ਉਮੀਦ ਕੀਤੀ ਜਾਵੇ? ਜੇ ਡੈਟ ਸੈਟਲਮੈਂਟ ਦਾ ਯਤਨ ਕਾਮਯਾਬ ਹੁੰਦਾ ਹੈ ਤਾਂ ਤੁਸੀਂ ਆਪਣੇ ਕਰਜੇ ਦੀ ਰਕਮ ਵਿਚ ਇੱਕ ਭਾਰੀ ਕਟੌਤੀ ਦੀ ਉਮੀਦ ਕਰ ਸਕਦੇ ਹੋ। ਜ਼ਿਆਦਾਤਰ ਕ੍ਰੈਡਿਟਰ ਬਕਾਇਆ ਰਕਮ ਦੇ 25-60% ਦੇ ਵਿਚ ਕਰਜਾ ਸੈਟਲ ਕਰਨ ਲਈ ਮੰਨ ਜਾਂਦੇ ਹਨ। ਜਦੋਂ ਤੁਸੀਂ ਡੈਟ ਸੈਟਲਮੈਂਟ ਪ੍ਰੋਗਰਾਮ ਵਿਚ ਦਾਖਲ ਹੁੰਦੇ ਹੋ ਤਾਂ ਡੈਟ ਐਨਾਲਾਈਜ਼ਰ ਤੁਹਾਡੀ ਮਾਲੀ ਹਾਲਤ ਦਾ ਜਾਇਜ਼ਾ ਲੈਂਦੇ ਹਨ। ਤੁਹਾਨੂੰ ਮੁਫਤ ਸਲਾਹ ਤੋਂ ਬਾਦ ਸਲਾਹਕਾਰ ਤੁਹਾਨੂੰ ਇਸ ਪ੍ਰੋਗਰਾਮ ਬਾਰੇ ਤਫਸੀਲ ਵਿਚ ਸਮਝਾਏਗਾ।

6. ਕੀ ਡੈਟ ਸੈਟਲਮੈਂਟ ਪ੍ਰੋਗਰਾਮ ਦੇ ਅਖੀਰ ਵਿਚ ਸਾਰੇ ਕਰਜੇ ਖਤਮ ਹੋ ਜਾਣਗੇ? ਜੇ ਤੁਸੀਂ ਆਪਣੇ ਸਾਰੇ ਅਸੁਰੱਖਿਅਤ ਕਰਜੇ ਸ਼ਾਮਲ ਕਰਦੇ ਹੋ, ਆਪਣੇ ਸਾਰੇ ਭੁਗਤਾਨ ਸਮੇਂ ਸਿਰ ਕਰਦੇ ਹੋ ਅਤੇ ਪ੍ਰੋਗਰਾਮ ਦੀ ਪ੍ਰਕਿਰਿਆ ਦਾ ਚੰਗੀ ਤਰ੍ਹਾਂ ਪਾਲਣ ਕਰਦੇ ਹੋ ਤਾਂ ਤੁਸੀਂ ਆਪਣੇ ਸਾਰੇ ਕਰਜੇ ਖਤਮ ਹੋਣ ਦੀ ਉਮੀਦ ਕਰ ਸਕਦੇ ਹੋ। ਪਰ ਫੇਰ ਵੀ, ਆਪਣੇ ਸਾਰੇ ਸੁਰੱਖਿਅਤ ਕਰਜਿਆਂ ਲਈ ਤੁਸੀਂ ਹੀ ਜ਼ਿੰਮੇਵਾਰ ਹੋਵੋਗੇ, ਜਿਵੇਂ ਕਿ ਮੌਰਗੇਜ, ਕਾਰ ਲੋਨ ਆਦਿ, ਅਤੇ ਉਹ ਸਾਰੇ ਅਸੁਰੱਖਿਅਤ ਕਰਜੇ ਜਿਹੜੇ ਤੁਸੀਂ ਇਸ ਪ੍ਰੋਗਰਾਮ ਵਿਚ ਸ਼ਾਮਲ ਨਹੀਂ ਕੀਤੇ।

7. ਬੈਂਕਰਪਸੀ ਅਤੇ ਡੈਟ ਸੈਟਲਮੈਂਟ ਵਿਚਕਾਰ ਕਿਸ ਨੂੰ ਚੁਣੀਏ? ਬੈਂਕਰਪਸੀ ਨੂੰ ਬਰਦਾਸ਼ਤ ਕਰਨਾ ਮੁਸ਼ਕਲ ਲਗਦਾ ਹੈ, ਜਦਕਿ ਡੈਟ ਸੈਟਲਮੈਂਟ ਦਾ ਖਰਚਾ ਚੁੱਕਣ ਦੀ ਸੰਭਾਵਨਾ ਧੁੰਦਲੀ ਜਾਪਦੀ ਹੈ। ਜੇ ਤੁਸੀਂ ਵੀ ਅਜਿਹੀ ਦੁਬਿਧਾ ਵਿਚ ਹੋ ਤਾਂ ਆਪਣੇ ਮਹੀਨੇ ਦੇ ਬਜਟ ਨਾਲ ਸ਼ੁਰੂਆਤ ਕਰੋ ਅਤੇ ਪੂਰੇ ਮਹੀਨੇ ਦੀ ਆਮਦਨ ਅਤੇ ਖਰਚਿਆਂ ਦੀ ਇੱਕ ਸੂਚੀ ਬਣਾਓ।

ਡੈਟ ਸੈਟਲਮੈਂਟ ਸਹਾਇਕ ਗਾਹਕ ਬਣਾਉਣ ਦੀ ਪ੍ਰਕਿਰਿਆ ਦੇ ਤਹਿਤ ਇੱਕ ਬਜਟ ਦਾ ਸਾਧਨ ਮੁਹੱਈਆ ਕਰਵਾਉਂਦੇ ਹਨ, ਜੋ ਤੁਹਾਨੂੰ ਪ੍ਰੇਸ਼ਾਨੀ ਦੇ ਸਮੇਂ ਵਿਚ ਸਹੀ ਫੈਸਲਾ ਲੈਣ ਵਿਚ ਮਦਦ ਕਰਦਾ ਹੈ। ਜੇਕਰ ਤੁਸੀਂ $50,000 ਅਤੇ 40 ਮਹੀਨਿਆਂ ਵਿਚ ਘੱਟੋ- ਘੱਟ 50% (ਯਾਨਿ $25,000) ਤੱਕ ਬਚਾ ਸਕਦੇ ਹੋ ਤਾਂ ਡੈਟ ਸੈਟਲਮੈਂਟ ਤੁਹਾਡੇ ਲਈ ਸਹੀ ਚੋਣ ਹੈ। ਨਹੀਂ ਤਾਂ ਬੈਂਕਰਪਸੀ ਤੁਹਾਡੀਆਂ ਸਾਰੀਆਂ ਸਮੱਸਿਆਵਾਂ ਦਾ ਸਭ ਤੋਂ ਵਾਜਿਬ ਜਵਾਬ ਹੈ।

8. ਸੁਰੱਖਿਅਤ ਅਤੇ ਅਸੁਰੱਖਿਅਤ ਕਰਜਿਆਂ ਵਿਚ ਫਰਕ? ਸੁਰੱਖਿਅਤ ਕਰਜੇ ਉਹ ਹਨ, ਜਿਹੜੇ ਕਿਸੇ ਜਾਇਦਾਦ (ਘਰ, ਕਾਰ, ਗਹਿਣੇ ਆਦਿ) ਦੇ ਬਦਲੇ ਚੁੱਕੇ ਗਏ ਹਨ। ਤੁਹਾਡੀ ਜਾਇਦਾਦ ਤੁਹਾਡੇ ਕ੍ਰੈਡਿਟਰ ਦੇ ਲਈ ਇੱਕ ਗਰੰਟੀ ਦਾ ਕੰਮ ਕਰਦੀ ਹੈ ਅਤੇ ਉਸ ਨੂੰ ਵੇਚ ਕੇ ਤੁਹਾਡੇ ਵੱਲੋਂ ਦਿੱਤੀ ਜਾਣ ਵਾਲੀ ਰਕਮ ਦੀ ਵਸੂਲੀ ਕਰ ਸਕਦਾ ਹੈ। ਜੇ ਜਿੰਨੇ ਪੈਸੇ ਦੀ ਤੁਹਾਡੀ ਜਾਇਦਾਦ ਵੇਚੀ ਗਈ ਹੈ, ਉਹ ਕਰਜੇ ਦੀ ਰਕਮ ਤੋਂ ਘੱਟ ਹੈ, ਤਾਂ ਕਰਜਦਾਰ ਬਾਕੀ ਬਚਦੀ ਰਕਮ ਦੇਣ ਲਈ ਜ਼ਿੰਮੇਵਾਰ ਹੈ।

ਅਸੁਰੱਖਿਅਤ ਕਰਜਾ ਉਹ ਹੈ ਜੋ ਤੁਸੀਂ ਬਗੈਰ ਕਿਸੇ ਕੋਲੈਟਰਲ ਦੇ ਲੈਂਦੇ ਹੋ। ਜੇ ਤੁਸੀਂ ਇਹ ਕਰਜਾ ਵਾਪਸ ਕਰਨ ਵਿਚ ਅਸਮਰਥ ਹੋ ਤਾਂ ਉਧਾਰ ਦੇਣ ਵਾਲੇ ਕੋਲ ਪੈਸੇ ਵਾਪਸ ਲੈਣ ਲਈ ਇੱਕ ਹੀ ਰਸਤਾ ਬਚਦਾ ਹੈ; ਤੁਹਾਨੂੰ ਪੈਸੇ ਵਾਪਸ ਕਰਨ ਲਈ ਸਮਝਾ ਕੇ ਜਾਂ ਕਾਨੂੰਨੀ ਕਾਰਵਾਈ ਰਾਹੀਂ ਵਸੂਲ ਕਰਨ ਦਾ। ਕ੍ਰੈਡਿਟ ਕਾਰਡ, ਮੈਡੀਕਲ ਬਿੱਲ ਅਤੇ ਨਿਜੀ ਕਰਜੇ ਅਸੁਰੱਖਿਅਤ ਕਰਜੇ ਦੀਆਂ ਆਮ ਕਿਸਮਾਂ ਹਨ।

9. ਡੈਟ ਸੈਟਲਮੈਂਟ ਕਿੰਨਾ ਸਮਾਂ ਲੈਂਦਾ ਹੈ? ਕਿਸੇ ਵੀ ਡੈਟ ਸੈਟਲਮੈਂਟ ਪ੍ਰੋਗਰਾਮ ਦੀ ਮਿਆਦ ਬਦਲਦੀ ਰਹਿੰਦੀ ਹੈ ਜੋ ਕਈ ਚੀਜ਼ਾਂ ਜਿਵੇਂ ਕਰਜਿਆਂ ਦੀ ਸੰਖਿਆ, ਕਿਸਮ, ਕਰਜਦਾਰ ਕੁੱਲ ਕਿੰਨੀ ਕਰਜੇ ਦੀ ਰਕਮ ਨੂੰ ਸੈਟਲ ਕਰਵਾਉਣਾ ਚਾਹੁੰਦਾ ਹੈ ਅਤੇ ਕਿੰਨੀ ਰਕਮ ਉਹ ਆਪਣੇ ਕਰਜਿਆਂ ਲਈ ਦੇਣ ਵਿਚ ਸਮਰੱਥ ਹੈ, 'ਤੇ ਨਿਰਭਰ ਕਰਦੀ ਹੈ। ਜ਼ਿਆਦਾਤਰ ਕੇਸਾਂ ਨੂੰ 15- 36 ਮਹੀਨਿਆਂ ਜਾਂ ਇਸ ਤੋਂ ਵੀ ਪਹਿਲਾਂ ਸੈਟਲ ਹੋ ਸਕਦੇ ਹਨ।

10. ਕੀ ਕਰਜੇ ਉਤੇ ਵਿਆਜ ਦੇ ਖਰਚੇ ਵਧਦੇ ਰਹਿਣਗੇ? ਹਾਂ। ਪਰ ਤੁਹਾਨੂੰ ਇਨ੍ਹਾਂ ਖਰਚਿਆਂ ਬਾਰੇ ਫਿਕਰ ਕਰਨ ਦੀ ਲੋੜ ਨਹੀਂ ਹੈ। ਬਹੁਤੇ ਮਾਮਲਿਆਂ ਵਿਚ ਤਜ਼ਰਬੇਕਾਰ ਨੈਗੋਸ਼ਿਏਟਰ ਇਨ੍ਹਾਂ ਖਰਚਿਆਂ ਨੂੰ ਕ੍ਰੈਡਿਟਰਾਂ ਨਾਲ ਗੱਲਬਾਤ ਕਰਕੇ ਖਤਮ ਜਾਂ ਕਾਫੀ ਘੱਟ ਕਰਵਾ ਸਕਦੇ ਹਨ।

11. ਡੈਟ ਸੈਟਲਮੈਂਟ 'ਚ ਟੈਕਸ ਸਬੰਧੀ ਉਲਝਣਾਂ: ਆਈ. ਆਰ. ਐਸ. ਕ੍ਰੈਡਿਟਰ ਵੱਲੋਂ ਮਾਫ ਕੀਤੀ ਗਈ ਰਕਮ ਨੂੰ ਉਸ ਸਾਲ ਵਿਚ ਕਰਜਦਾਰ ਦੀ ਆਮਦਨ ਮੰਨਦੀ ਹੈ, ਜਿਸ ਸਾਲ ਵਿਚ ਡੈਟ ਸੈਟਲ ਕੀਤਾ ਗਿਆ ਹੋਵੇ। ਤੁਹਾਡੇ ਕ੍ਰੈਡਿਟਰਾਂ ਨੂੰ ਮਾਫ ਕੀਤੀ ਗਈ ਰਕਮ ਬਾਰੇ ਆਈ. ਆਰ. ਐਸ. ਤੇ ਸਟੇਟ ਰੈਵੀਨਿਊ ਡਿਪਾਰਟਮੈਂਟ ਨੂੰ ਦੱਸਣਾ ਪੈਂਦਾ ਹੈ ਤੇ ਨਾਲ ਹੀ ਉਹ ਤੁਹਾਨੂੰ ਆਪਣੇ ਆਮਦਨ ਟੈਕਸ 'ਚ ਸ਼ਾਮਲ ਕਰਨ ਲਈ ਇੱਕ 1099-ਸੀ ਵੀ ਭੇਜਦੇ ਹਨ।

ਜੇ ਤੁਸੀਂ ਦੀਵਾਲੀਏ ਹੋ ਗਏ ਹੋ ਤਾਂ ਰੱਦ ਕੀਤੇ ਕਰਜੇ ਉਤੇ ਕੋਈ ਟੈਕਸ ਦੇਣ ਦੀ ਲੋੜ ਨਹੀਂ। ਇਸ ਹਾਲਤ ਵਿਚ ਤੁਸੀਂ ਆਈ ਆਰ ਐਸ ਫਾਰਮ 982 ਭਰ ਕੇ ਇਸ ਨੂੰ ਟੈਕਸ ਰਿਟਰਨ ਦੇ ਨਾਲ ਹੀ ਜਮਾਂ ਕਰਵਾ ਸਕਦੇ ਹੋ।

ਜੇ ਤੁਸੀਂ ਕਰਜੇ ਵਾਪਸ ਨਹੀਂ ਕਰ ਸਕਦੇ ਤਾਂ ਡੈਟ ਸੈਟਲਮੈਂਟ ਕੰਪਨੀ ਊਰਾ ਤੁਹਾਡੀ ਮਦਦ ਕਰ ਸਕਦੀ ਹੈ। ਇਸ ਨਾਲ ਸੰਪਰਕ ਫੋਨ 1-888-888-9914 ਜਾਂ ਵੈਬਸਾਈਟ www.ooraa.org ਰਾਹੀਂ ਹੋ ਸਕਦਾ ਹੈ।

*Space sponsored by: ooraa.org*

# ਨਿਮਰਤਾ ਤੇ ਸਹਿਨਸ਼ੀਲਤਾ ਦੇ ਪੁੰਜ-ਗੁਰੂ ਰਾਮਦਾਸ

## ਗੁਰੂ ਪਾਤਸ਼ਾਹ

ਨਿਮਰਤਾ ਦੇ ਪੁੰਜ, ਦੀਨ-ਦੁਨੀ ਦੇ ਥੰਮ੍ਹ ਸਿੱਖਾਂ ਦੇ ਚੌਥੇ ਸਤਿਗੁਰੂ ਰਾਮਦਾਸ ਜੀ ਦਾ ਜਨਮ ਸੋਢੀ ਹਰਿਦਾਸ ਜੀ ਦੇ ਘਰ ਮਾਤਾ ਦਇਆ ਜੀ ਦੀ ਕੁੱਖੋਂ ਲਾਹੌਰ ਸ਼ਹਿਰ ਦੇ ਬਾਜ਼ਾਰ ਚੂਨਾ ਮੰਡੀ ਵਿਚ 24 ਸਤੰਬਰ 1534 ਨੂੰ ਹੋਇਆ। ਪਲੇਠੀ ਦਾ ਪੁੱਤਰ ਹੋਣ ਕਰ ਕੇ ਉਨ੍ਹਾਂ ਦੇ ਮਾਤਾ-ਪਿਤਾ (ਗੁਰੂ) ਰਾਮਦਾਸ ਨੂੰ ਜੇਠਾ ਕਹਿ ਕੇ ਬੁਲਾਉਂਦੇ ਸਨ, ਇਉਂ ਇਨ੍ਹਾਂ ਦਾ ਨਾਂ ਜੇਠਾ ਪੈ ਗਿਆ। ਆਪ ਜੀ ਦੀ ਬਾਲ ਅਵਸਥਾ ਵਿਚ ਮਾਤਾ ਦਇਆ ਜੀ

**ਗੋਪਾਲ ਸਿੰਘ ਸੈਨ ਹੋਜ਼ੇ**
**ਫੋਨ: 408-224-0690**

ਚਲਾਣਾ ਕਰ ਗਏ ਅਤੇ ਜਦੋਂ ਸੱਤ ਸਾਲ ਦੇ ਹੋਏ ਤਾਂ ਪਿਤਾ ਵੀ ਪ੍ਰਲੋਕ ਸਿਧਾਰ ਗਏ। ਇਸ ਸਮੇਂ ਪਰਿਵਾਰ ਵਿਚ ਕੋਈ ਵੀ ਉਨ੍ਹਾਂ ਦੀ ਦੇਖ-ਭਾਲ ਕਰਨ ਵਾਲਾ ਨਹੀਂ ਸੀ ਸੋ ਉਨ੍ਹਾਂ ਦੇ ਨਾਨੀ ਜੀ ਆਪਣੇ ਪਿੰਡ ਬਾਸਰਕੇ ਲੈ ਆਏ।


ਜੇਠਾ ਜੀ ਦਾ ਨਾਨਕਾ ਪਰਿਵਾਰ ਆਰਥਿਕ ਤੌਰ 'ਤੇ ਕਮਜ਼ੋਰ ਹੋਣ ਕਾਰਨ ਪਰਿਵਾਰ ਦਾ ਖਰਚਾ ਚਲਾਉਣ ਲਈ ਜੇਠਾ ਜੀ ਬਾਸਰਕੇ ਪਿੰਡ ਦੀਆਂ ਗਲੀਆਂ ਵਿਚ ਘੁੰਗਣੀਆਂ (ਉਬਲੇ ਹੋਏ ਛੋਲੇ) ਪੰਜ ਸਾਲ ਲਗਾਤਾਰ ਵੇਚਦੇ ਰਹੇ। ਧਰਮੀ ਅਤੇ ਦਾਨੀ ਸੁਭਾਅ ਹੋਣ ਕਾਰਨ ਉਹ ਕਈ ਵਾਰ ਗਰੀਬਾਂ ਅਤੇ ਸਾਧਾਂ ਫਕੀਰਾਂ ਨੂੰ ਘੁੰਗਣੀਆਂ ਮੁਫਤ ਹੀ ਵਰਤਾ ਦਿੰਦੇ।

ਬਾਸਰਕੇ ਗੁਰੂ ਅਮਰਦਾਸ ਦਾ ਜਨਮ ਸਥਾਨ ਹੈ। ਗੁਰੂ ਅਮਰਦਾਸ ਨੇ ਗੋਇੰਦਵਾਲ ਨਗਰ ਵਸਾਇਆ ਅਤੇ ਉਹ ਬਾਸਰਕੇ ਤੋਂ ਕਈ ਰਿਸ਼ਤੇਦਾਰਾਂ ਨੂੰ ਗੋਇੰਦਵਾਲ ਲੈ ਆਏ। ਜਦੋਂ ਗੁਰੂ ਅਮਰਦਾਸ ਜੇਠਾ ਜੀ ਦੇ ਪਰਿਵਾਰ ਨੂੰ ਧੀਰਜ ਦੇਣ ਲਈ ਬਾਸਰਕੇ ਆਏ ਤਾਂ ਉਨ੍ਹਾਂ ਨੇ ਬਾਲਕ ਜੇਠਾ ਜੀ ਦੀ ਪਾਲਣਾ-ਪੋਸਣਾ ਵਿਚ ਬੜੀ ਡੂੰਘੀ ਦਿਲਚਸਪੀ ਦਿਖਾਈ ਅਤੇ ਜੇਠਾ ਜੀ ਅਤੇ ਉਨ੍ਹਾਂ ਦਾ ਨਾਨਕਾ ਪਰਿਵਾਰ ਨਾਲ ਹੀ ਗੋਇੰਦਵਾਲ ਗੁਰੂ ਅਮਰਦਾਸ ਜੀ ਦੀ ਸ਼ਰਨ ਵਿਚ ਚਲੇ ਗਏ। ਇਥੇ ਰਹਿ ਕੇ ਜੇਠਾ ਜੀ ਦਿਨ ਵੇਲੇ ਪਰਿਵਾਰ ਦੀ ਰੋਜ਼ੀ ਲਈ ਘੁੰਗਣੀਆਂ ਵੇਚਦੇ ਅਤੇ ਸਵੇਰੇ ਸ਼ਾਮ ਗੁਰੂ ਘਰ ਦੀ ਸੇਵਾ ਵਿਚ ਲੱਗੇ ਰਹਿੰਦੇ।

ਗੁਰੂ ਅਮਰਦਾਸ ਜੀ ਨੇ ਜੇਠਾ ਜੀ ਨੂੰ ਸਭ ਗੁਣਾਂ ਵਿਚ ਯੋਗ ਦੇਖਿਆ ਤੇ ਗੁਰੂ ਬਣਨ ਤੋਂ ਅਗਲੇ ਸਾਲ 1553 ਵਿਚ ਆਪਣੀ ਪੁੱਤਰੀ ਬੀਬੀ ਭਾਨੀ ਜੀ ਦੀ ਸ਼ਾਦੀ ਜੇਠਾ ਜੀ ਨਾਲ ਕਰ ਦਿਤੀ। ਸ਼ਾਦੀ ਤੋਂ ਬਾਅਦ ਆਪਣੇ ਸਾਂਢੂ ਭਾਈ ਰਾਮਾ ਜੀ ਵਾਂਗ ਉਹ ਵੀ ਗੁਰੂ ਅਮਰਦਾਸ ਕੋਲ ਹੀ ਰਹਿਣ ਲੱਗ ਪਏ। ਮਾਤਾ ਭਾਨੀ ਦੀ ਕੁੱਖੋਂ ਤਿੰਨ ਸਾਹਿਬਜ਼ਾਦੇ-ਪ੍ਰਿਥੀ ਚੰਦ (1557), ਸ੍ਰੀ ਮਹਾਂਦੇਵ (1560) ਅਤੇ (ਗੁਰੂ) ਅਰਜਨ ਦੇਵ (1563) ਜਨਮੇ।

ਗੋਦੇ ਖੱਤਰੀ ਦੀ ਬੇਨਤੀ 'ਤੇ ਗੁਰੂ ਅੰਗਦ ਦੇਵ ਜੀ ਨੇ ਆਗਿਆ ਕੀਤੀ ਅਤੇ ਸੰਨ 1546 ਵਿਚ (ਗੁਰੂ) ਅਮਰਦਾਸ ਨੇ ਗੋਇੰਦਵਾਲ ਨਗਰ ਵਸਾਇਆ। ਇਹੀ ਉਨ੍ਹਾਂ ਨੇ ਗੁਰੂ ਬਣਨ 'ਤੇ ਆਪਣਾ ਨਿਵਾਸ ਅਸਥਾਨ ਬਣਾ ਲਿਆ ਸੀ, ਇਸ ਕਰ ਕੇ ਉਥੇ ਕੁਝ ਧਾਰਮਿਕ ਕੰਮ ਵੀ ਸ਼ੁਰੂ ਹੋ ਚੁੱਕੇ ਸਨ। ਗੁਰੂ ਅਮਰਦਾਸ ਨੇ ਲੰਗਰ ਦੀ ਮਰਿਆਦਾ ਸ਼ੁਰੂ ਕੀਤੀ ਅਤੇ ਆਦੇਸ਼ ਦਿੱਤੇ ਕਿ ਹਰ ਬੰਦਾ ਇੱਕ ਪੰਗਤ ਵਿਚ ਬੈਠ ਕੇ ਪ੍ਰਸ਼ਾਦਾ ਛਕੇ। ਤਪੇ ਗੋਂਦੇ ਤੇ ਉਚ ਜਾਤੀ ਦੇ ਅਭਿਮਾਨੀਆਂ ਨੇ ਇਸ ਦਾ ਵਿਰੋਧ ਕੀਤਾ ਅਤੇ ਸਾਂਝੇ ਖੂਹ 'ਤੇ ਪਾਣੀ ਭਰਨ ਗਏ ਸਿੱਖਾਂ ਦੇ ਘੜੇ ਭੰਨਣੇ ਸ਼ੁਰੂ ਕਰ ਦਿਤੇ। ਗੁਰੂ ਜੀ ਨੇ ਹਮੇਸ਼ਾਂ ਲਈ ਇਹ ਝਗੜਾ ਖਤਮ ਕਰਨ ਲਈ 1559 ਵਿਚ ਆਪਣੀ ਵੱਖਰੀ ਬਾਉਲੀ ਬਣਾਉਣ ਦਾ ਕੰਮ ਸ਼ੁਰੂ ਕਰ ਦਿੱਤਾ। ਸਿੱਖ ਸੰਗਤਾਂ ਦੂਰ-ਦੂਰ ਤੋਂ ਆ ਕੇ ਬਾਉਲੀ ਬਣਾਉਣ ਦੀ ਸੇਵਾ ਵਿਚ ਜੁੱਟ ਗਈਆਂ। (ਗੁਰੂ) ਰਾਮਦਾਸ ਵੀ ਇਸ ਗੱਲੋਂ ਬੇਪ੍ਰਵਾਹ ਹੋ ਕੇ ਕਿ ਉਹ ਗੁਰੂ ਅਮਰਦਾਸ ਦੇ ਜਵਾਈ ਹਨ, ਦੂਜੇ ਸਿੱਖਾਂ ਵਾਂਗ ਸਿਰ ਉਤੇ ਗਾਰਾ-ਮਿੱਟੀ, ਚੂਨਾ ਆਦਿ ਢੋਣ ਦੀ ਸੇਵਾ ਕਰਨ ਲੱਗੇ। ਇਕ ਵਾਰ ਜਦੋਂ ਉਹ ਇਹ ਸੇਵਾ ਕਰ ਰਹੇ ਸਨ ਤਾਂ ਲਾਹੌਰ ਤੋਂ ਸ਼ਰੀਕੇ ਦੇ ਕੁਝ ਸੱਜਣ ਆ ਗਏ। ਉਨ੍ਹਾਂ ਨੂੰ ਇਹ ਗੱਲ ਬੜੀ ਬੁਰੀ ਲੱਗੀ ਕਿ ਸਾਡਾ ਭਰਾ ਸਹੁਰੇ ਘਰ ਟੋਕਰੀ ਢੋ ਰਿਹਾ ਹੈ। ਉਹ ਕਹਿਣ ਲੱਗੇ ਕਿ ਇਸ ਨੇ ਤਾਂ ਸਾਡਾ ਨੱਕ ਹੀ ਵੱਢਾ ਦਿੱਤਾ ਹੈ। ਜੇ ਟੋਕਰੀ ਹੀ ਢੋਣੀ ਸੀ ਤਾਂ ਕਿਤੇ ਹੋਰ ਜਾ ਕੇ ਇਹ ਕੰਮ ਕਰ ਲੈਂਦੇ। (ਗੁਰੂ) ਰਾਮਦਾਸ ਨੇ ਕਿਹਾ ਕਿ ਭਲਿਓ ਲੋਕੋ, ਤੁਸੀਂ ਅਸਲੀਅਤ ਨਹੀਂ ਸਮਝੇ। ਇਹ ਮੇਰਾ ਸਹੁਰਾ ਘਰ ਨਹੀਂ, ਸਗੋਂ ਮੇਰਾ ਮੁਕਤੀ ਦਰ ਹੈ। ਉਨ੍ਹਾਂ ਨੇ ਗੁਰੂ ਅਮਰਦਾਸ ਕੋਲ ਜਾ ਕੇ ਇਹ ਸਾਰੀ ਵਾਰਤਾ ਦੱਸੀ ਜਿਨ੍ਹਾਂ ਨੇ ਮੁਸਕਰਾ ਕੇ ਕਿਹਾ, "ਪੁਰਖੋ! ਰਾਮਦਾਸ ਦੇ ਸਿਰ ਉਪਰ ਗਾਰੇ ਮਿੱਟੀ ਦੀ ਟੋਕਰੀ ਨਹੀਂ ਸਗੋਂ ਦੀਨ-ਦੁਨੀ ਦਾ ਛਤਰ ਹੈ।" (ਗੁਰੂ) ਰਾਮਦਾਸ ਨੇ ਗੁਰੂ ਅਮਰਦਾਸ ਨੂੰ ਬੇਨਤੀ ਕੀਤੀ ਕਿ ਪਾਤਸ਼ਾਹ ਇਹ ਅਨਜਾਣ ਹਨ, ਇਨ੍ਹਾਂ ਨੂੰ ਮਾਫ ਕਰ ਦਿਓ। ਇਸ ਤਰ੍ਹਾਂ ਕੁਝ ਸਮੇਂ ਬਾਅਦ ਗੋਇੰਦਵਾਲ ਸਾਹਿਬ 'ਸਿੱਖੀ ਦਾ ਧੁਰਾ' ਬਣ ਗਿਆ।

ਭਾਈ ਰਾਮਦਾਸ ਨੇ ਸਿਦਕ ਦਿਲੀ ਅਤੇ ਨਿਮਰਤਾ ਨਾਲ ਗੁਰੂ ਅਮਰਦਾਸ ਅਤੇ ਸੰਗਤ ਦੀ ਸੇਵਾ ਕੀਤੀ ਅਤੇ ਸਮਾਜ ਵਿਚੋਂ ਊਚ-ਨੀਚ ਮਿਟਾਉਣ ਅਤੇ ਬਰਾਬਰੀ ਲਿਆਉਣ ਲਈ 'ਪਹਿਲੇ ਪੰਗਤ ਪਾਛੈ ਸੰਗਤ' ਦਾ ਅਸੂਲ ਅਪਨਾਇਆ। ਉਨ੍ਹਾਂ ਹੁਕਮ ਕੀਤਾ ਕਿ ਜੋ ਵੀ ਬੰਦਾ ਗੁਰੂ ਦੀ ਸੰਗਤ ਕਰਨਾ ਚਾਹੁੰਦਾ ਹੈ, ਉਹ ਪਹਿਲਾਂ ਪੰਗਤ ਵਿਚ ਬੈਠ ਕੇ ਲੰਗਰ ਛਕੇਗਾ। ਗੋਂਦੇ, ਤਪੇ, ਖੱਤਰੀਆਂ ਤੇ ਉਚ ਜਾਤੀ ਅਭਿਮਾਨੀ ਹਿੰਦੂਆਂ ਨੇ ਇਸ ਦਾ ਵਿਰੋਧ ਕੀਤਾ ਕਿਉਂਕਿ ਇਸ ਨਾਲ ਗੁਰੂ ਸਾਹਿਬ ਦੀ ਲੋਕਪ੍ਰਿਅਤਾ ਵਧ ਰਹੀ ਸੀ। ਗੋਂਦੇ ਖੱਤਰੀ ਅਤੇ ਤਪੇ ਨੇ ਹਿੰਦੂ ਨੇਤਾਵਾਂ ਨੂੰ ਭੜਕਾਇਆ ਕਿ ਉਹ ਅਕਬਰ ਕੋਲ ਸ਼ਿਕਾਇਤ ਕਰਨ ਕਿ ਗੁਰੂ ਸਾਹਿਬ ਵਲੋਂ ਲੰਗਰ ਦੀ ਪ੍ਰਥਾ ਜਾਰੀ ਹੋਣ ਨਾਲ ਹਿੰਦੂ ਧਰਮ ਖਤਰੇ ਵਿਚ ਪੈ ਗਿਆ ਹੈ। 1567 ਵਿਚ ਜਦੋਂ ਬਾਦਸ਼ਾਹ ਅਕਬਰ ਲਾਹੌਰ ਆਇਆ ਹੋਇਆ ਸੀ, ਉਸ ਕੋਲ ਇਹ ਸ਼ਿਕਾਇਤ ਕੀਤੀ ਗਈ। ਅਕਬਰ ਨੇ ਇਸ ਦਾ ਫੈਸਲਾ ਕਰਨ ਲਈ ਗੁਰੂ ਅਮਰਦਾਸ ਨੂੰ ਲਾਹੌਰ ਆਪਣੇ ਦਰਬਾਰ ਵਿਚ ਬੁਲਾਇਆ। ਗੁਰੂ ਅਮਰਦਾਸ ਨੇ ਆਪਣੀ ਜਗ੍ਹਾ ਭਾਈ ਰਾਮਦਾਸ ਨੂੰ ਭੇਜ ਦਿੱਤਾ ਜਿਨ੍ਹਾਂ ਲੰਗਰ ਦੀ ਸੰਸਥਾ ਅਤੇ ਮਹੱਤਤਾ ਬਾਰੇ ਦੱਸਿਆ ਜਿਸ ਨਾਲ ਅਕਬਰ ਦੀ ਸ਼ੰਕਾ ਦੂਰ ਹੋ ਗਈ। ਸਿੱਖ ਧਰਮ ਅਨੁਸਾਰ ਕੋਈ ਉਚਾ ਨੀਵਾਂ ਨਹੀਂ ਹੈ ਸਗੋਂ ਸਾਰੇ ਬਰਾਬਰ ਹਨ। ਮਨੁੱਖ ਆਪਣੇ ਕਰਮਾਂ ਤੇ ਆਚਰਨ ਨਾਲ ਹੀ ਉਚਾ ਜਾਂ ਨੀਵਾਂ ਬਣਦਾ ਹੈ। ਸਿੱਖ ਗੁਰੂ ਮਨੁੱਖ ਦੇ ਸਨਮਾਨ ਅਤੇ 'ਏਕ ਪਿਤਾ ਏਕਸ ਕੇ ਹਮ ਬਾਰਕ' ਦੇ ਅਸੂਲ ਵਿਚ ਯਕੀਨ ਰੱਖਦੇ ਹਨ। ਅਕਬਰ ਨੇ ਵਿਰੋਧੀਆਂ ਵੱਲੋਂ ਦਿਤੀ ਦਰਖਾਸਤ ਰੱਦ ਕਰ ਦਿੱਤੀ।



1574 ਵਿਚ ਗੁਰੂ ਅਮਰਦਾਸ 95 ਸਾਲ ਦੇ ਹੋ ਗਏ ਸਨ। ਉਨ੍ਹਾਂ ਮਹਿਸੂਸ ਕੀਤਾ ਕਿ ਅੰਤਿਮ ਸਮਾਂ ਨੇੜੇ ਆ ਗਿਆ ਹੈ ਸੋ ਉਨ੍ਹਾਂ ਸਿੱਖਾਂ ਦੀ ਅਗਵਾਈ ਕਰਨ ਲਈ ਯੋਗ ਉਤਰਾਧਿਕਾਰੀ ਚੁਣਨ ਦਾ ਫੈਸਲਾ ਕੀਤਾ ਅਤੇ ਇਸ ਮੰਤਵ ਲਈ ਇਮਤਿਹਾਨ ਰੱਖਿਆ। ਗੁਰਗੱਦੀ ਲਈ ਦੋ ਉਮੀਦਵਾਰ ਸਨ-ਗੁਰੂ ਜੀ ਦੇ ਵੱਡੇ ਜਵਾਈ ਭਾਈ ਰਾਮਾ ਜੀ ਅਤੇ ਭਾਈ ਰਾਮਦਾਸ ਜੀ। ਗੁਰੂ ਅਮਰਦਾਸ ਨੇ ਦੋਹਾਂ ਜਵਾਈਆਂ ਨੂੰ ਥੜ੍ਹਾ ਉਸਾਰਨ ਵਾਸਤੇ ਹੁਕਮ ਦਿੱਤਾ। ਦੋਹਾਂ ਨੇ ਮਿਹਨਤ ਨਾਲ ਆਪਣਾ-ਆਪਣਾ ਥੜ੍ਹਾ ਬਣਾਇਆ। ਇਸ ਤਰ੍ਹਾਂ ਉਨ੍ਹਾਂ ਚਾਰ ਵਾਰ ਥੜ੍ਹੇ ਬਣਾਏ ਪਰ ਗੁਰੂ ਜੀ ਨੇ ਪ੍ਰਵਾਨ ਨਾ ਕਰਦੇ ਹੋਏ ਤੁੜਵਾ ਕੇ ਫਿਰ ਤੋਂ ਬਣਾਉਣ ਲਈ ਕਿਹਾ। ਰਾਮਾ ਜੀ ਖਿਝ ਕੇ ਛੱਡ ਗਏ। ਭਾਈ ਰਾਮਦਾਸ ਨਾਲ ਪੰਜਵੀਂ ਤੇ ਛੇਵੀਂ ਵਾਰ ਵੀ ਅਜਿਹਾ ਹੀ ਹੋਇਆ ਪਰ ਉਨ੍ਹਾਂ ਨੇ ਗੁਰੂ ਜੀ ਦੇ ਹੁਕਮ ਦੀ ਪਾਲਣਾ ਕੀਤੀ ਤੇ ਥੜ੍ਹਾ ਬਣਾਉਣ ਵਿਚ ਲੱਗੇ ਰਹੇ। ਸਤਵੀਂ ਵਾਰ ਜਦੋਂ ਭਾਈ ਰਾਮਦਾਸ ਨੇ ਥੜ੍ਹਾ ਬਣਾਇਆ ਤਾਂ ਗੁਰੂ ਅਮਰਦਾਸ ਨੇ ਉਸ ਨੂੰ ਪ੍ਰਵਾਨ ਕਰਦੇ ਹੋਏ ਭਾਈ ਰਾਮਦਾਸ ਨੂੰ ਪਿਆਰ ਨਾਲ ਆਪਣੇ ਗਲੇ ਲਾ ਲਿਆ। ਇਸ ਤਰ੍ਹਾਂ ਭਾਈ ਰਾਮਦਾਸ ਨੂੰ ਸਬਰ ਤੇ ਸਹਿਨਸ਼ੀਲਤਾ ਦਾ ਫਲ ਮਿਲ ਗਿਆ। ਭਾਈ ਰਾਮਦਾਸ ਸਮਰੱਥ ਉਤਰਾਧਿਕਾਰੀ ਦੇ ਰੂਪ ਵਿਚ ਪ੍ਰਵਾਨ ਹੋਏ। ਗੋਇੰਦਵਾਲ ਵਿਚ ਵਿਸ਼ੇਸ਼ ਸਮਾਗਮ ਕੀਤਾ ਗਿਆ। ਗੁਰੂ ਅਮਰਦਾਸ ਨੇ ਗੁਰੂ ਰਾਮਦਾਸ ਨੂੰ ਮੱਥਾ ਟੇਕਿਆ ਅਤੇ ਉਨ੍ਹਾਂ ਅੱਗੇ 5 ਪੈਸੇ ਤੇ ਨਾਰੀਅਲ ਰੱਖਿਆ। ਸੰਗਤ ਨੇ ਭਾਈ ਰਾਮਦਾਸ ਨੂੰ ਸੋਢੀ ਪਾਤਸ਼ਾਹ ਕਹਿ ਕੇ ਜੈ ਜੈ ਕਾਰ ਕੀਤੀ। ਇਸ ਸਮੇਂ ਗੁਰੂ ਰਾਮਦਾਸ ਬਹੁਤ ਭਾਵੁਕ ਹੋ ਗਏ ਅਤੇ ਉਨ੍ਹਾਂ ਨੇ ਇਹ ਸ਼ਬਦ ਉਚਾਰਿਆ,

ਜੋ ਹਮਰੀ ਬਿਧਿ ਹੋਤੀ ਮੇਰੇ ਸਤਿਗੁਰਾ
ਸਾ ਬਿਧਿ ਤੁਮ ਹਰ ਜਾਣਹੁ ਆਪੇ॥
ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ
ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ॥
ਧੰਨੁ ਧੰਨੁ ਗੁਰੁ ਨਾਨਕ ਜਨ ਕੇਰਾ ਜਿਤ ਮਿਲਿਐ
ਚੂਕੇ ਸਭਿ ਸੋਗ ਸੰਤਾਪੇ। (ਗੁਰੂ ਗ੍ਰੰਥ ਸ਼ਾਹਿਬ ਪੰਨਾ 167)

ਸੱਤਾ ਬਲਵੰਡ ਨੇ ਵਾਰ ਰਾਮਕਲੀ ਵਿਚ ਗੁਰੂ ਸਾਹਿਬ ਨੂੰ ਮਿਲੀ ਇਸ ਬਖਸ਼ਿਸ਼ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ,

ਧੰਨੁ ਧੰਨੁ ਰਾਮਦਾਸ ਗੁਰੁ
ਜਿਨਿ ਸਿਰਿਆ ਤਿਨੈ ਸਵਾਰਿਆ॥
ਪੂਰੀ ਹੋਈ ਕਰਾਮਾਤਿ
ਆਪਿ ਸਿਰਜਣਹਾਰੈ ਧਾਰਿਆ॥
(ਗੁਰੂ ਗ੍ਰੰਥ ਸਾਹਿਬ ਪੰਨਾ 967)

ਗੁਰੂ ਰਾਮਦਾਸ ਜੀ ਨੇ ਸਿੱਖ ਧਰਮ ਨੂੰ ਮਜ਼ਬੂਤ ਕਰਨ ਲਈ ਕਈ ਵਿਸ਼ੇਸ਼ ਉਪਰਾਲੇ ਕੀਤੇ। ਉਨ੍ਹਾਂ ਅਕਬਰ ਵਲੋਂ ਬੀਬੀ ਭਾਨੀ ਜੀ ਨੂੰ ਭੇਟਾ ਕੀਤੀ ਜ਼ਮੀਨ ਉਤੇ 1577 ਵਿਚ ਨਵਾਂ ਚੱਕ ਬਣਾਇਆ ਜਿਸ ਦਾ ਨਾਂ ਉਨ੍ਹਾਂ 'ਗੁਰੂ ਕਾ ਚੱਕ' ਰੱਖਿਆ। ਇਸ ਤੋਂ ਬਾਅਦ ਇਸ ਦਾ ਨਾਂ ਰਾਮਦਾਸਪੁਰ ਹੋ ਗਿਆ ਅਤੇ ਮਗਰੋਂ ਇਹ ਅੰਮ੍ਰਿਤਸਰ ਨਗਰ ਬਣਿਆ। ਇਹ ਸਿੱਖਾਂ ਦਾ ਕੇਂਦਰੀ ਧਰਮ ਸਥਾਨ ਬਣ ਗਿਆ। ਉਨ੍ਹਾਂ ਨੇ ਗੁਟਮਾਲਾ ਤੁੰਗ ਅਤੇ ਸੁਲਤਾਨਵਿੰਡ ਦੇ ਜ਼ਿੰਮੀਦਾਰਾਂ ਤੋਂ ਜ਼ਮੀਨ ਖਰੀਦ ਕੇ ਇਸ ਨਗਰ ਨੂੰ ਹੋਰ ਵਿਕਸਿਤ ਕਰ ਦਿੱਤਾ। ਇਥੇ ਇਮਾਰਤਾਂ ਤੇ ਦੁਕਾਨਾਂ ਦੀ ਉਸਾਰੀ ਲਈ ਮਜ਼ਦੂਰ, ਰਾਜ, ਤਰਖਾਣ ਤੇ ਲੁਹਾਰ ਮੰਗਵਾਏ। ਉਨ੍ਹਾਂ ਨੇ ਬਿਨਾਂ ਕਿਸੇ ਭੇਦਭਾਵ ਤੋਂ 52 ਜਾਤੀਆਂ ਦੇ ਲੋਕ ਵਸਾਏ ਤਾਂ ਜੋ ਹਰ ਤਰ੍ਹਾਂ ਦੇ ਉਦਯੋਗ ਤੇ ਹੁਨਰ ਪ੍ਰਫੁਲਿਤ ਹੋਣ ਅਤੇ ਇਹ ਨਗਰੀ ਸਿੱਖ ਸਮਾਜ ਦੀਆਂ ਸਰਗਰਮੀਆਂ ਦਾ ਕੇਂਦਰ ਬਣ ਸਕੇ। ਇਸ ਤਰ੍ਹਾਂ ਇਥੇ ਦੂਰੋਂ-ਦੂਰੋਂ ਯਾਤਰੀਆਂ ਦੇ ਆਉਣ ਨਾਲ ਕਾਰੋਬਾਰ ਵਿਚ ਵਾਧਾ ਹੋਇਆ ਤੇ ਨਗਰ ਦੀ ਪ੍ਰਸਿੱਧੀ ਦੂਰ-ਦੁਰੇਡੇ ਫੈਲ ਗਈ। ਉਨ੍ਹਾਂ ਇਸ ਨਗਰ ਵਿਚ ਦੋ ਸਰੋਵਰਾਂ ਦੀ ਖੁਦਾਈ ਅਰੰਭ ਕੀਤੀ ਜੋ ਗੁਰੂ ਅਰਜਨ ਦੇਵ ਦੇ ਸਮੇਂ ਮੁਕੰਮਲ ਹੋਏ। ਇਹ ਸੰਤੋਖਸਰ ਅਤੇ ਅੰਮ੍ਰਿਤਸਰ ਦੇ ਨਾਂ ਨਾਲ ਪ੍ਰਸਿੱਧ ਹੋਏ। ਸੰਗਤਾਂ ਗੁਰੂ ਰਾਮਦਾਸ ਨੂੰ ਸੱਚਾ ਪਾਤਸ਼ਾਹ ਕਹਿਣ ਲੱਗੀਆਂ।

ਬੈਠਾ ਸੋਢੀ ਪਾਤਿਸਾਹੁ
ਰਾਮਦਾਸੁ ਸਤਿਗੁਰੂ ਕਹਾਵੈ॥
ਪੂਰਨ ਤਾਲ ਖਟਾਇਆ
ਅੰਮ੍ਰਿਤਸਰਿ ਵਿਚਿ ਜੋਤਿ ਜਗਾਵੈ॥ (ਵਾਰ 1, ਪਉੜੀ 47)

ਜਦੋਂ ਸੰਗਤਾਂ ਨੂੰ ਪਤਾ ਲੱਗਾ ਕਿ ਮਾਝੇ ਦੇ ਵਿਚਕਾਰ ਵੱਡਾ ਸ਼ਾਨਦਾਰ ਨਵਾਂ ਸਿੱਖ ਕੇਂਦਰ ਬਣ ਰਿਹਾ ਹੈ ਤਾਂ ਇਸ ਕੰਮ ਨੂੰ ਸਿਰੇ ਚਾੜ੍ਹਨ ਲਈ ਸਿੱਖਾਂ ਅੰਦਰ ਆਪ ਮੁਹਾਰੇ ਸੇਵਾ ਦੀ ਭਾਵਨਾ ਜਾਗ ਪਈ। ਇਹ ਵੱਡਾ ਅਤੇ ਮਹਾਨ ਕਾਰਜ ਨੇਪਰੇ ਚਾੜ੍ਹਨ ਲਈ ਬਹੁਤ ਮਾਇਆ ਦੀ ਲੋੜ ਸੀ। ਗੁਰੂ ਰਾਮਦਾਸ ਨੇ ਸਿੱਖ ਧਰਮ ਦੇ ਇਨ੍ਹਾਂ ਉਸਾਰੂ ਪ੍ਰੋਗਰਾਮਾਂ ਅਤੇ ਯੋਜਨਾਵਾਂ ਦੇ ਖਰਚ ਨੂੰ ਪੂਰਾ ਕਰਨ ਲਈ ਚੱਲ ਰਹੀਆਂ 22 ਮੰਜੀਆਂ ਤੋਂ ਇਲਾਵਾ ਹੋਰ ਇਲਾਕਿਆਂ ਵਿਚ ਸਿਆਣੇ, ਵਿਦਵਾਨ ਅਤੇ ਭਰੋਸੇਯੋਗ ਬੰਦੇ ਭੇਜ ਕੇ ਸਿੱਖ ਸੰਗਤਾਂ ਕੋਲੋਂ ਮਾਇਆ ਇਕੱਠੀ ਕਰ ਕੇ ਲਿਆਉਣ ਦੀ ਸੇਵਾ ਲਾ ਦਿੱਤੀ। ਇਨ੍ਹਾਂ ਨਵੇਂ ਪ੍ਰਚਾਰਕਾਂ ਦਾ ਨਾਂ ਸਿੱਖ ਇਤਿਹਾਸ ਵਿਚ 'ਮਸੰਦ' ਪੈ ਗਿਆ। ਇਹ ਮਸੰਦ ਹਰ ਦੀਵਾਲੀ ਤੇ ਵਿਸਾਖੀ ਦੇ ਪੁਰਬਾਂ 'ਤੇ ਇਕੱਠੀ ਹੋਈ ਮਾਇਆ ਗੁਰੂਘਰ ਦੇ ਖਜ਼ਾਨੇ ਵਿਚ ਆ ਕੇ ਜਮ੍ਹਾਂ ਕਰਾਉਂਦੇ। ਗੁਰੂ ਗੋਬਿੰਦ ਸਿੰਘ ਨੇ ਮਸੰਦਾਂ ਦੀਆਂ ਬੁਰੀਆਂ ਕਰਤੂਤਾਂ ਦੇਖ ਕੇ ਇਸ ਪਰੰਪਰਾ ਨੂੰ ਬੰਦ ਕਰ ਦਿੱਤਾ ਅਤੇ ਸੰਗਤਾਂ ਨੂੰ ਉਪਦੇਸ਼ ਦਿੱਤਾ ਕਿ ਮਸੰਦਾਂ ਨਾਲ ਵਰਤਣਾ ਵੀ ਨਹੀਂ।

ਤਜ ਮਸੰਦ, ਪ੍ਰਭੁ ਏਕ ਜਪੁ
ਯਿਹ ਬਿਬੇਕ ਤਹਿ ਕੀਨ। (ਗੁਰ ਸੋਭਾ)

ਗੁਰੂ ਰਾਮਦਾਸ ਨਿਮਰਤਾ ਦੇ ਪੁੰਜ ਸਨ। ਇਕ ਵਾਰ ਗੁਰੂ ਨਾਨਕ ਦੇਵ ਦੇ ਵੱਡੇ ਪੁੱਤਰ ਬਾਬਾ ਸ੍ਰੀ ਚੰਦ ਬਾਰਠ ਤੋਂ ਅੰਮ੍ਰਿਤਸਰ ਗੁਰੂ ਜੀ ਦੇ ਦਰਸ਼ਨਾਂ ਲਈ ਆਏ ਅਤੇ ਮੁਸਕਰਾ ਕੇ ਕਹਿਣ ਲੱਗੇ ਕਿ ਤੁਸੀਂ ਇਹ ਦਾੜ੍ਹੀ ਇਤਨੀ ਲੰਮੀ ਕਿਉਂ ਵਧਾਈ ਹੋਈ ਹੈ। ਗੁਰੂ ਰਾਮਦਾਸ ਨੇ ਬੜੀ ਨਿਮਰਤਾ ਨਾਲ ਹੱਥ ਜੋੜ ਕੇ ਕਿਹਾ ਕਿ ਇਹ ਤੁਹਾਡੇ ਵਰਗੇ ਮਹਾਂਪੁਰਖਾਂ ਦੇ ਚਰਨ ਝਾੜਨ ਲਈ ਹੈ ਅਤੇ ਉਹ ਚਰਨ ਝਾੜਨ ਵੀ ਲੱਗ ਪਏ। ਬਾਬਾ ਸ੍ਰੀ ਚੰਦ ਨੇ ਸਹਿਜ ਸੁਭਾਓ ਇਹ ਬਚਨ ਕਹੇ ਕਿ ਇਸੇ ਨਿਮਰਤਾ ਕਾਰਨ ਹੀ ਗੁਰੂ ਨਾਨਕ ਦੇਵ ਦੀ ਇਲਾਹੀ ਗੱਦੀ ਤੁਸੀਂ ਸਾਰਿਆਂ ਨੇ ਸਾਡੇ ਤੋਂ ਲੈ ਲਈ ਹੈ।

ਗੁਰੂ ਰਾਮਦਾਸ ਨੇ ਸਿੱਖ ਸੰਗਤਾਂ ਨਾਲ ਸੰਪਰਕ ਕਾਇਮ ਕਰਨ ਲਈ ਚੰਗੇ ਤੇ ਪ੍ਰਭਾਵਸ਼ਾਲੀ ਵਿਦਵਾਨ ਪ੍ਰਚਾਰਕ ਪੰਜਾਬ ਤੋਂ ਬਾਹਰ ਭੇਜੇ। ਭਾਈ ਹੰਦਾਲ ਨੇ ਗੁਰੂ ਜੀ ਦੀ ਆਗਿਆ ਅਨੁਸਾਰ ਜੰਡਿਆਲੇ ਪ੍ਰਚਾਰ ਦਾ ਕੰਮ ਸ਼ੁਰੂ ਕੀਤਾ। ਭਾਈ ਗੁਰਦਾਸ ਨੂੰ ਆਗਰੇ ਪ੍ਰਚਾਰ ਲਈ ਭੇਜਿਆ ਗਿਆ। ਉਨ੍ਹਾਂ ਨੇ ਆਪ ਵੀ ਪ੍ਰਚਾਰ ਕੇਂਦਰ ਗੋਇੰਦਵਾਲ ਤੋਂ ਬਦਲ ਕੇ ਅੰਮ੍ਰਿਤਸਰ ਸਥਾਪਿਤ ਕਰ ਲਿਆ। ਉਨ੍ਹਾਂ ਨੇ ਆਮ ਸਿੱਖ ਸੰਗਤਾਂ ਤੱਕ ਗੁਰਬਾਣੀ ਪਹੁੰਚਾਉਣ ਲਈ ਹੱਥ ਲਿਖਤੀ ਗੁਟਕੇ ਬਣਾਉਣ ਦੀ ਪਰੰਪਰਾ ਆਪ ਸ਼ੁਰੂ ਕੀਤੀ।

ਗੁਰੂ ਰਾਮਦਾਸ ਨੇ ਆਪ ਵੀ ਬਹੁਤ ਸਾਰੀ ਬਾਣੀ ਉਚਾਰਨ ਕੀਤੀ, ਪ੍ਰਭੂ ਭਗਤੀ ਅਤੇ ਗੁਰੂ ਭਗਤੀ ਦੇ ਸਿਧਾਂਤ ਦ੍ਰਿੜ੍ਹ ਕਰਵਾਏ। ਉਨ੍ਹਾਂ ਦਾ ਸਿਧਾਂਤ ਸੀ ਕਿ ਪ੍ਰਭੂ ਪ੍ਰੇਮ ਦੁਆਰਾ ਮਾਨਵੀ ਸ਼ਖਸੀਅਤ ਹਰ ਪੱਖੋਂ ਵਿਕਸਿਤ ਹੋ ਜਾਂਦੀ ਹੈ। ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ 31 ਰਾਗਾਂ ਵਿਚ ਹੈ। ਗੁਰੂ ਨਾਨਕ ਦੇਵ ਨੇ 19 ਰਾਗਾਂ ਵਿਚ ਬਾਣੀ ਉਚਾਰੀ, ਗੁਰੂ ਅਮਰਦਾਸ ਨੇ 17 ਰਾਗਾਂ; ਪਰ ਉਨ੍ਹਾਂ 30 ਰਾਗਾਂ ਵਿਚ ਬਾਣੀ ਰਚੀ ਜਿਨ੍ਹਾਂ ਵਿਚੋਂ 11 ਰਾਗ ਨਵੇਂ ਰਚੇ। ਇਨ੍ਹਾਂ ਵਿਚੋਂ 5 ਰਾਗ ਅਜਿਹੇ ਹਨ ਜੋ ਕੇਵਲ ਗੁਰੂ ਰਾਮਦਾਸ ਨੇ ਹੀ ਵਰਤੇ ਹਨ-ਦੇਵਗੰਧਾਰੀ, ਬਿਹਾਗੜਾ, ਬੈਰਾੜੀ, ਨਟਨਰਾਇਨ ਅਤੇ ਕਲਿਆਨ।

ਗੁਰੂ ਗ੍ਰੰਥ ਸਾਹਿਬ ਵਿਚ ਕੁਲ ਰਚਿਤ 22 ਵਾਰਾਂ ਵਿਚੋਂ 8 ਵਾਰਾਂ ਗੁਰੂ ਰਾਮਦਾਸ ਦੀ ਹੀ ਰਚਨਾ ਹਨ ਜੋ ਸਭ ਤੋਂ ਵੱਧ ਹਨ। ਉਨ੍ਹਾਂ ਵਲੋਂ ਰਚੀ ਬਾਣੀ 635 ਪਉੜੀਆਂ ਵਿਚ ਹੈ।

ਗੁਰੂ ਰਾਮਦਾਸ ਨੇ ਸਿੱਖਾਂ ਦੀ ਅਗਵਾਈ ਲਈ ਪਹਿਲੇ ਗੁਰੂ ਸਾਹਿਬਾਨ ਵਾਂਗ ਪ੍ਰੇਮਾ ਭਗਤੀ ਤੇ ਸਰਬ ਮਾਨਵਤਾ ਦੀ ਸੇਵਾ ਦਾ ਪ੍ਰਚਾਰ ਕੀਤਾ ਅਤੇ ਸਿੱਖਾਂ ਦੇ ਆਚਾਰ-ਵਿਹਾਰ ਦੇ ਨਿਯਮ ਕਾਇਮ ਕੀਤੇ। ਹੇਠਾਂ ਦਿੱਤੇ ਸਲੋਕ ਵਿਚ ਉਨ੍ਹਾਂ ਨੇ ਹਰ ਸਿੱਖ ਦੇ ਨਿਤਨੇਮ ਦੇ ਕੰਮਾਂ ਦਾ ਵਰਣਨ ਕੀਤਾ:

ਗੁਰ ਸਤਿਗੁਰ ਕਾ ਜੋ ਸਿਖੁ ਅਖਾਏ॥
ਸੁ ਭਲਕੇ ਉਠਿ ਹਰਿਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ॥
ਇਸਨਾਨ ਕਰੇ ਅੰਮ੍ਰਿਤਸਰ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ॥
ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥
ਫਿਰਿ ਚੜੈ ਦਿਵਸ ਗੁਰਬਾਣੀ ਗਾਵੈ॥
ਬਹਦਿਆਂ ਉਠਦਿਆਂ ਹਰਿਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ॥
ਸੋ ਗੁਰਸਿਖੁ ਗੁਰੁ ਮਨ ਭਾਵੈ॥
ਜਿਸ ਨੋ ਦਿਆਲੁ ਹੋਵੈ ਮੇਰਾ ਸੁਆਮੀ॥
ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥
ਜਨ ਨਾਨਕ ਧੂੜ ਮੰਗੈ ਤਿਸੁ ਗੁਰਸਿੱਖ ਕੀ॥
ਜੋ ਆਪ ਜਪੈ ਅਵਰਹ ਨਾਮ ਜਪਾਵੈ॥

ਉਨ੍ਹਾਂ ਨੇ ਸਿੱਖਾਂ ਲਈ ਗੁਰ ਮਰਿਆਦਾ ਵੀ ਕਾਇਮ ਕੀਤੀ ਅਤੇ ਹੁਕਮ ਕੀਤਾ ਕਿ ਗੁਰਸਿੱਖ ਹਰ ਕੰਮ ਵਾਹਿਗੁਰੂ ਦੇ ਭਰੋਸੇ ਕਰਦਾ ਹੋਇਆ ਅਰਦਾਸ ਕਰੇ ਤੇ ਅਰੰਭੇ। ਉਨ੍ਹਾਂ ਨੇ ਸੂਹੀ ਰਾਗ ਵਿਚ ਲਾਵਾਂ ਰਚੀਆਂ ਜੋ ਅੱਜ ਵੀ ਸਿੱਖ-ਸਮਾਜ ਵਿਚ ਅਨੰਦ ਕਾਰਜ ਸਮੇਂ ਪੜ੍ਹੀਆਂ ਜਾਂਦੀਆਂ ਹਨ।

ਕਲਸਹਾਰ, ਨਲ੍ਹ, ਗਯੰਦ, ਮਥੁਰਾ, ਬਲ, ਕੀਰਤ ਤੇ ਸੱਲ੍ਹ ਅਦਿ ਭੱਟਾਂ ਨੇ ਗੁਰੂ ਰਾਮਦਾਸ ਦੀ ਉਪਮਾ ਕਰਦੇ ਹੋਏ 60 ਸਵੱਈਏ ਉਚਾਰੇ ਹਨ। ਇਹ ਪੜ੍ਹ ਕੇ ਗੁਰੂ ਸਾਹਿਬ ਦਾ ਸਹੀ ਸਰੂਪ ਅਤੇ ਸ਼ਖਸੀਅਤ ਉਜਾਗਰ ਹੋ ਜਾਂਦੀ ਹੈ। ਭੱਟ ਕਲਸਹਾਰ ਨੇ ਗੁਰੂ ਜੀ ਨੂੰ ਸੁਜਨ ਜਨ (ਉਤਮ ਪੁਰਸ਼), ਸਮਤ (ਇਕ ਨਜ਼ਰ ਵੇਖਣ ਤੇ ਰੱਖਣ ਵਾਲੇ), ਗੋਵਿੰਦ ਗੁਣ ਗਾਹਕੁ (ਹਰੀ ਗੁਣਾਂ ਦੇ ਗਾਹਕ) ਕਹਿ ਕੇ ਸਤਿਕਾਰਿਆ ਹੈ। ਇਸ ਤਰ੍ਹਾਂ ਬਾਕੀ ਭੱਟਾਂ ਅਨੁਸਾਰ ਉਨ੍ਹਾਂ ਵਿਚ ਪਰਮਾਤਮਾ ਦੇ ਸਾਰੇ ਗੁਣ-ਨਿਡਰਤਾ, ਨਿਰਭੈਤਾ ਤੇ ਨਿਰਵੈਰਤਾ ਪ੍ਰਤੱਖ ਨਜ਼ਰ ਆਉਂਦੇ ਹਨ। ਉਹ ਸਮੁੰਦਰ ਵਾਂਗ ਗਹਿਰੇ ਤੇ ਸ਼ਾਂਤ ਹਨ ਅਤੇ ਤਾਰਨ-ਤਰਣੈ ਹਨ। ਉਹ ਸੇਵਾ, ਸਿਮਰਨ, ਲਿਵ ਅਤੇ ਲਗਨ ਕਦੇ ਤਿਆਗਦੇ ਨਹੀਂ। ਉਹ ਸੁੱਖਾਂ ਦੇ ਦਾਤੇ ਹਨ। ਭਾਈ ਨੰਦ ਲਾਲ ਅਨੁਸਾਰ ਉਹ ਪਾਤਸ਼ਾਹਾਂ ਦੇ ਪਾਤਸ਼ਾਹ ਹਨ। ਭਾਈ ਗੁਰਦਾਸ ਉਨ੍ਹਾਂ ਨੂੰ ਦੀਨ-ਦੁਨੀ ਦਾ ਥੰਮ੍ਹ ਕਹਿ ਕੇ ਸਤਿਕਾਰਦੇ ਹਨ।

ਗੁਰੂ ਅਮਰਦਾਸ ਹੁਕਮ ਕਰ ਗਏ ਕਿ ਉਨ੍ਹਾਂ ਮਗਰੋਂ ਗੁਰਗੱਦੀ ਦੀ ਸੇਵਾ ਤੇ ਜ਼ਿੰਮੇਵਾਰੀ ਗੁਰੂ ਰਾਮਦਾਸ ਦੇ ਅੰਸ਼ ਦੇ ਸੋਢੀ ਹੀ ਨਿਭਾਉਣਗੇ। ਗੁਰੂ ਰਾਮਦਾਸ ਨੇ ਇਹ ਜ਼ਿੰਮੇਵਾਰੀ ਆਪਣੇ ਤਿੰਨਾਂ ਪੁੱਤਰਾਂ ਵਿਚੋਂ ਕਿਸੇ ਨੂੰ ਸੌਂਪਣੀ ਸੀ। ਉਨ੍ਹਾਂ ਦੇ ਵੱਡੇ ਸਾਹਿਬਜ਼ਾਦੇ ਬਾਬਾ ਪ੍ਰਿਥੀ ਚੰਦ ਬੜੇ ਹੁਸ਼ਿਆਰ ਅਤੇ ਚਲਾਕ ਸਨ। ਸਾਰੇ ਆਰਥਿਕ ਪ੍ਰਬੰਧ ਦੀ ਜ਼ਿੰਮੇਵਾਰੀ ਉਨ੍ਹਾਂ ਨੇ ਸਾਂਭੀ ਹੋਈ ਸੀ। ਉਹ ਸਿਰਫ ਦੁਨਿਆਵੀ ਕੰਮਾਂ ਵਿਚ ਹੀ ਦਿਲਚਸਪੀ ਰੱਖਦੇ ਸਨ। ਬਾਬਾ ਮਹਾਂਦੇਵ ਸੰਨਿਆਸੀ ਹੋਣ ਕਰ ਕੇ ਆਪਣੇ ਆਪ ਵਿਚ ਹੀ ਮਸਤ ਸਨ। (ਗੁਰੂ) ਅਰਜਨ ਦੇਵ ਦੀਨ ਤੇ ਦੁਨੀਆਂ-ਦੋਹਾਂ ਦਾ ਪੱਲੜਾ ਸਾਵਾਂ ਰੱਖਦੇ ਸਨ। ਉਹ ਆਪਣੇ ਪਿਤਾ ਦੇ ਆਦੇਸ਼ਾਂ ਅਨੁਸਾਰ ਸਾਕ-ਸਬੰਧੀਆਂ ਦੇ ਦੁੱਖ-ਸੁੱਖ ਵਿਚ ਵੀ ਸ਼ਾਮਿਲ ਹੁੰਦੇ ਸਨ, ਗੁਰੂਘਰ ਦੀ ਸੇਵਾ ਵੀ ਤਨ-ਮਨ ਨਾਲ ਕਰਦੇ ਸਨ ਅਤੇ ਉਨ੍ਹਾਂ ਦੇ ਹਿਰਦੇ ਵਿਚ ਬਾਣੀ ਦਾ ਪਿਆਰ ਤੇ ਸਤਿਕਾਰ ਵੀ ਭਰਿਆ ਹੋਇਆ ਸੀ।

ਗੁਰੂ ਰਾਮਦਾਸ ਨੇ ਆਪਣੀ ਗੁਰਿਆਈ ਦੇ ਸਮੇਂ ਆਪਣੇ ਬੱਚਿਆਂ ਦੇ ਵੱਖ-ਵੱਖ ਪਹਿਲੂਆਂ ਨੂੰ ਜਾਣ ਲਿਆ ਸੀ ਅਤੇ ਉਨ੍ਹਾਂ ਦੀ ਆਤਮਿਕ ਸ਼ਕਤੀ ਦਾ ਵੀ ਅੰਦਾਜ਼ਾ ਲਾ ਲਿਆ ਸੀ। ਕੇਵਲ (ਗੁਰੂ) ਅਰਜਨ ਦੇਵ ਵਿਚ ਹੀ ਉਨ੍ਹਾਂ ਨੂੰ ਦੈਵੀ ਗੁਣ ਨਜ਼ਰ ਆਏ ਜਿਹੜੇ ਗੁਰਗੱਦੀ ਦੀ ਚੋਣ ਵਾਸਤੇ ਜ਼ਰੂਰੀ ਸਨ। ਉਨ੍ਹਾਂ ਨੇ ਇਹ ਦ੍ਰਿੜ੍ਹ ਫੈਸਲਾ ਕਰ ਲਿਆ ਕਿ ਗੁਰਗੱਦੀ ਦੀ ਜ਼ਿੰਮੇਵਾਰੀ ਨਿਭਾਉਣ ਲਈ ਗੁਰੂ ਅਰਜਨ ਦੇਵ ਹੀ ਯੋਗ ਜਾਨਸ਼ੀਨ ਹਨ। ਗੁਰੂ ਰਾਮਦਾਸ ਨੇ ਗੁਰੂ ਅਰਜਨ ਦੇਵ ਨੂੰ ਗੁਰਿਆਈ ਦੇਣ ਲਈ ਵਿਸ਼ੇਸ਼ ਸਮਾਗਮ ਕੀਤਾ। ਗੁਰਸਿਖ ਮਰਿਆਦਾ ਅਨੁਸਾਰ ਉਨ੍ਹਾਂ ਨੇ 5 ਪੈਸੇ ਤੇ ਨਾਰੀਅਲ ਰੱਖ ਕੇ ਗੁਰੂ ਅਰਜਨ ਦੇਵ ਅੱਗੇ ਮੱਥਾ ਟੇਕਿਆ। ਅਧਿਆਤਮਕ ਵਾਰਸ ਵਜੋਂ ਗੁਰੂ ਅਰਜਨ ਦੇਵ ਦੇ ਮੱਥੇ ਉਤੇ ਤਿਲਕ ਬਾਬਾ ਬੁੱਢਾ ਜੀ ਨੇ ਲਾਇਆ। ਸਾਰੀਆਂ ਸੰਗਤਾਂ ਸਮੇਤ ਬਾਬਾ ਮੋਹਰੀ ਜੀ ਨੇ ਵੀ ਮੱਥਾ ਟੇਕਿਆ ਪਰ ਬਾਬਾ ਮੋਹਨ ਜੀ ਨਹੀਂ ਆਏ। ਪ੍ਰਿਥੀ ਚੰਦ ਆਪਣੇ ਆਪ ਨੂੰ ਗੁਰਗੱਦੀ ਦਾ ਹੱਕਦਾਰ ਸਮਝਦਾ ਸੀ। ਉਹ ਬਹੁਤ ਨਾਰਾਜ਼ ਹੋਇਆ ਅਤੇ ਗੁਰੂ ਜੀ ਦੇ ਨਾਲ ਝਗੜਿਆ ਵੀ। ਉਸ ਨੇ ਇਸ ਮਾਮਲੇ ਦਾ ਡੱਟ ਕੇ ਵਿਰੋਧ ਕਰਨ ਤੇ ਇਸ ਨੂੰ ਉਲਟਾਉਣ ਦੇ ਡਰਾਵੇ ਵੀ ਦਿੱਤੇ। ਇਸ ਸਮੇਂ ਗੁਰੂ ਜੀ ਨੇ ਉਸ ਨੂੰ ਕਿਹਾ ਕਿ ਤੂੰ ਮੀਣਾ ਹੈਂ, ਤੂੰ ਮੇਰੀਆਂ ਅੱਖਾਂ ਤੋਂ ਦੂਰ ਹੋ ਜਾ।

ਇਉਂ ਪਹਿਲੀ ਸਤੰਬਰ 1581 ਨੂੰ ਗੁਰੂ ਰਾਮਦਾਸ ਗੁਰੂ ਅਰਜਨ ਦੇਵ ਨੂੰ ਗੁਰਗੱਦੀ ਸੌਂਪ ਕੇ ਪਰਿਵਾਰ ਸਮੇਤ ਗੋਇੰਦਵਾਲ ਚਲੇ ਗਏ। ਉਸੇ ਦਿਨ ਚੌਥੇ ਸਤਿਗੁਰੂ ਜੋਤੀ ਜੋਤਿ ਸਮਾ ਗਏ।

# ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਗਦਰ ਲਹਿਰ

ਗੁਰਮਤਿ ਗਿਆਨ



ਡਾ. ਗੁਰਨਾਮ ਕੌਰ, ਕੈਨੇਡਾ

ਗਦਰ ਲਹਿਰ ਨੂੰ ਭਾਰਤ ਉਤੇ ਬ੍ਰਿਟਿਸ਼ ਰਾਜ ਖਤਮ ਕਰਕੇ ਕੌਮੀ ਰਾਜ ਜਾਂ 'ਲੋਕ ਰਾਜ' ਸਥਾਪਤ ਕਰਨ ਲਈ ਪਹਿਲੀ ਕੌਮੀ ਇਨਕਲਾਬੀ ਲਹਿਰ ਕਹਿਣਾ ਚਾਹੀਦਾ ਹੈ। ਇਸ ਲਹਿਰ ਬਾਰੇ ਹੁਣ ਤੱਕ ਬਹੁਤ ਕੁਝ ਲਿਖਿਆ ਜਾ ਚੁੱਕਾ ਹੈ, ਅਖਬਾਰਾਂ ਅਤੇ ਪੁਸਤਕਾਂ ਤੋਂ ਇਲਾਵਾ ਪੀ.ਐਚ.ਡੀ ਤੱਕ ਦੇ ਖੋਜ ਨਿਬੰਧ ਵੀ ਲਿਖੇ ਜਾ ਚੁੱਕੇ ਹਨ ਪਰ ਗੁਰੂ ਗ੍ਰੰਥ ਸਾਹਿਬ ਦੀ ਵਿਚਾਰਧਾਰਾ ਦਾ ਕੀ ਅਹਿਮ ਰੋਲ ਰਿਹਾ ਹੈ, ਜਾਂ ਸਿੱਖ ਵਿਚਾਰਧਾਰਕ ਪਿਛੋਕੜ ਨੇ ਕੀ ਪ੍ਰਮੁੱਖ ਭੂਮਿਕਾ ਨਿਭਾਈ ਹੈ, ਇਸ ਨੂੰ ਅੱਖੋਂ-ਪਰੋਖੇ ਹੀ ਕਰੀ ਰੱਖਿਆ ਗਿਆ ਹੈ।

ਇਥੇ ਇਹ ਕਿੰਤੂ ਕੀਤਾ ਜਾ ਸਕਦਾ ਹੈ ਕਿ ਗਦਰ ਲਹਿਰ ਨੂੰ 'ਪਹਿਲੀ ਕੌਮੀ ਇਨਕਲਾਬੀ ਲਹਿਰ' ਕਿਉਂ ਕਹਿਣਾ ਚਾਹੀਦਾ ਹੈ ਜਦ ਕਿ ਇਸ ਤੋਂ ਪਹਿਲਾਂ ਬ੍ਰਿਟਿਸ਼ ਰਾਜ ਤੋਂ ਖਹਿੜਾ ਛੁਡਾਉਣ ਲਈ ਸੰਨ 1857 ਦੇ ਗਦਰ ਦਾ ਇਤਿਹਾਸ ਸਾਹਮਣੇ ਹੈ। ਪਰ 1857 ਦਾ ਗਦਰ ਕੋਈ ਇਨਕਲਾਬੀ ਲਹਿਰ ਨਹੀਂ ਸੀ। ਇਹ ਤਾਂ ਕੰਪਨੀ ਰਾਜ ਨੂੰ ਖਤਮ ਕਰਕੇ ਆਖਰੀ ਮੁਗ਼ਲ ਬਾਦਸ਼ਾਹ ਬਹਾਦਰਸ਼ਾਹ ਜ਼ਫ਼ਰ ਨੂੰ ਮੁੜ ਕੇ ਗੱਦੀ ਤੇ ਬਿਠਾਉਣ ਦਾ ਉਪਰਾਲਾ ਸੀ ਜਦ ਕਿ ਗਦਰ ਲਹਿਰ ਇੱਕ ਅਜਿਹੀ ਇਨਕਲਾਬੀ ਲਹਿਰ ਸੀ ਜਿਸ ਦਾ ਨਿਸ਼ਾਨਾ ਅਮਰੀਕਾ ਦੀ ਤਰਜ਼ ਤੇ ਇੱਕ ਤਰ੍ਹਾਂ ਦਾ ਪੰਚਾਇਤੀ ਕੌਮੀ ਰਾਜ (ਰਿਪਬਲਿਕ) ਸਥਾਪਤ ਕਰਨਾ ਸੀ। ਸ. ਜਗਜੀਤ ਸਿੰਘ ਨੇ ਆਪਣੀ ਪੁਸਤਕ 'ਗਦਰ ਪਾਰਟੀ ਲਹਿਰ' ਵਿਚ ਲਿਖਿਆ ਹੈ, "ਗਦਰ ਪਾਰਟੀ ਲਹਿਰ ਹਿੰਦੀਆਂ ਦੀ ਸਭ ਤੋਂ ਪਹਿਲੀ ਗੈਰ-ਮਜ਼ਹਬੀ ਅਤੇ ਗੈਰ-ਜਥੇਬੰਦ ਕੌਮੀ ਇਨਕਲਾਬੀ ਲਹਿਰ ਸੀ, ਜਿਸ ਨੇ ਪੰਚਾਇਤੀ ਕੌਮੀ ਰਾਜ (ਰਿਪਬਲਿਕ) ਦਾ ਨਿਸ਼ਾਨਾ ਸਪੱਸ਼ਟ ਰੂਪ ਵਿਚ ਅਪਨਾਇਆ। ਜੇ ਇਹ ਕੇਵਲ ਇਤਫਾਕੀਆ ਅਮਲ ਹੁੰਦਾ, ਤਾਂ ਸਿਵਾਏ ਅੰਕੜਿਆਂ ਅਤੇ ਰਿਕਾਰਡਾਂ ਵਿਚ ਦਿਲਚਸਪੀ ਲੈਣ ਵਾਲਿਆਂ ਲਈ, ਇਸ ਦੀ ਆਪਣੇ ਆਪ ਵਿਚ ਕੋਈ ਭਾਵਪੂਰਤ ਵਿਸ਼ੇਸ਼ਤਾ ਨਾ ਹੁੰਦੀ ਪਰ ਰੂਸ ਵਿਚ ਕਿਰਤੀ ਰਾਜ ਕਾਇਮ ਹੋਣ ਤੋਂ ਪਹਿਲੋਂ, ਪੰਚਾਇਤੀ ਰਾਜ ਦੇ ਨਿਸ਼ਾਨੇ ਨੂੰ ਹੀ ਸਾਰੀ ਦੁਨੀਆਂ ਵਿਚ ਅਮਲੀ ਵਰਤੋਂ ਵਾਲਾ ਅੱਗੇ-ਵਧੂ ਰਾਜਸੀ ਆਦਰਸ਼ ਸਮਝਿਆ ਜਾਂਦਾ ਸੀ।" (ਪੰਨਾ 18)

ਸ. ਜਗਜੀਤ ਸਿੰਘ ਦੇ ਇਸ ਕਥਨ ਤੋਂ ਇਸ ਗੱਲ ਦੀ ਵੀ ਪ੍ਰੋੜਤਾ ਹੋ ਜਾਂਦੀ ਹੈ ਕਿ ਗਦਰ ਲਹਿਰ ਨੂੰ ਅਰੰਭ ਕਰਨ ਵਾਲੇ ਅਤੇ ਚਲਾਉਣ ਵਾਲੇ ਰੂਸ ਦੀ ਕਮਿਊਨਿਸਟ ਪਾਰਟੀ ਤੋਂ ਪ੍ਰਭਾਵਿਤ ਨਹੀਂ ਸਨ ਜਿਵੇਂ ਕਿ ਆਮ ਤੌਰ ਤੇ ਖੱਬੇ-ਪੱਖੀ ਵਿਦਵਾਨਾਂ ਵੱਲੋਂ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ। ਇਸ ਤੱਥ ਦੀ ਪੁਸ਼ਟੀ ਮਸ਼ਹੂਰ ਗਦਰੀ ਹਰਨਾਮ ਸਿੰਘ ਟੁੰਡੀਲਾਟ ਦੇ ਲੇਖ 'ਗਦਰ ਪਾਰਟੀ ਦਾ ਮੰਤਵ' ਵਿਚੋਂ ਵੀ ਹੋ ਜਾਂਦੀ ਹੈ, ਜਦੋਂ ਉਹ ਕਹਿੰਦੇ ਹਨ, "ਗਦਰ ਪਾਰਟੀ ਦੀ ਸਥਾਪਤੀ ਤੋਂ ਲੈ ਕੇ ਹਿੰਦੁਸਤਾਨ ਅੰਦਰ ਬਗਾਵਤ ਕਰਨ ਵਾਸਤੇ, ਹਿੰਦੁਸਤਾਨ ਰਵਾਨਾ ਹੋਣ ਤੱਕ ਗਦਰ ਪਾਰਟੀ ਦੇ ਕਿਸੇ ਮੈਂਬਰ ਨੂੰ ਮਾਰਕਸਵਾਦ, ਸਾਮਰਾਜ, ਕਮਿਊਨਿਸਟ ਕੌਮਾਂਤਰੀ, ਬਾਲਸ਼ਵਿਕ ਆਦਿ ਨਾਉਂ ਦੀ ਕਿਸੀ ਸ਼ੈਅ ਜਾਂ ਸੰਸਥਾ ਦਾ ਕੋਈ ਇਲਮ ਨਹੀਂ ਸੀ। ਸਾਡੇ ਸਭ ਤੋਂ ਵਧੇਰੇ ਵਿਦਿਆ ਪ੍ਰਾਪਤ ਲਾਲਾ ਹਰਦਿਆਲ ਨੂੰ ਵੀ ਉਪਰੋਕਤ ਕਿਸੇ ਨਾਉਂ ਦੀ ਜਾਣਕਾਰੀ ਨਹੀਂ ਸੀ, ਹਾਲਾਂਕਿ ਉਨ੍ਹਾਂ ਦਾ ਕਿਤਾਬੀ ਤੇ ਅਖਬਾਰੀ ਅਧਿਐਨ ਬਾਕੀ ਸਾਰਿਆਂ ਨਾਲੋਂ ਬਹੁਤ ਵਿਸ਼ਾਲ ਸੀ। ਰੂਸ ਬਾਰੇ ਵੀ ਲਾਲਾ ਹਰਦਿਆਲ ਦੀ ਜਾਣਕਾਰੀ ਉਥੇ ਦੀ ਯਰਕਾਊ ਲਹਿਰ (ਅਨਾਰਕਿਸਟ) ਅਤੇ ਰੂਸੀ ਜ਼ਾਰ ਦੇ ਅਤਿਆਚਾਰਾਂ ਤੱਕ ਹੀ ਸੀਮਤ ਸੀ। ਆਪਣੇ ਲੈਕਚਰਾਂ ਅਤੇ ਅਖਬਾਰੀ ਲੇਖਾਂ ਵਿਚ ਉਹ ਜ਼ਾਰ/ਰੂਸ ਉਤੇ ਬੰਬ ਸੁੱਟਣ ਦੀ ਘਟਨਾ ਅਤੇ ਯਰਕਾਊਆਂ ਦੇ ਗੁਰੂ ਬਾਕੂਨਿਨ ਨਾਲ ਸਬੰਧਤ ਤੱਥਾਂ ਤੱਕ ਦਾ ਹੀ ਵਰਣਨ ਕਰਦੇ ਸਨ।"

ਸਿੱਖਾਂ ਉਤੇ ਇਲਜ਼ਾਮ ਲਾਇਆ ਜਾਂਦਾ ਹੈ ਕਿ ਉਨ੍ਹਾਂ ਨੇ 1857 ਦੇ ਗਦਰ ਵੇਲੇ ਅੰਗਰੇਜ਼ਾਂ ਦੀ ਮਦਦ ਕੀਤੀ ਪਰ ਇਸ ਦੀ ਵਜ੍ਹਾ ਸੰਨ 1857 ਦੇ ਗਦਰ ਦਾ ਨਿਸ਼ਾਨਾ ਆਖਰੀ ਮੁਗ਼ਲ ਬਾਦਸ਼ਾਹ ਬਹਾਦਰਸ਼ਾਹ ਜ਼ਫ਼ਰ ਨੂੰ ਗੱਦੀ 'ਤੇ ਬਿਠਾਉਣ ਦਾ ਵੀ ਹੋ ਸਕਦਾ ਹੈ ਕਿਉਂਕਿ ਮੁਗ਼ਲ ਬਾਦਸ਼ਾਹਾਂ ਦੇ ਜ਼ੁਲਮ ਸਦਕਾ ਸਿੱਖ ਧਰਮ ਮੁਗ਼ਲਾਂ ਨਾਲ ਲਗਾਤਾਰ ਟਕਰਾਉ ਵਿਚ ਰਿਹਾ ਸੀ। ਸੰਨ 1857 ਦੇ ਗਦਰ ਨਾਲ ਪੰਜਾਬੀਆਂ ਨੂੰ ਬਹੁਤੀ ਹਮਦਰਦੀ ਨਹੀਂ ਸੀ ਕਿਉਂਕਿ ਪੂਰਬੀ ਭਾਰਤ ਦੀ ਫੌਜ ਨੇ ਖਾਸ ਕਰਕੇ ਬੰਗਾਲ ਦੀ ਫੌਜ ਨੇ ਐਂਗਲੋ-ਸਿੱਖ ਲੜਾਈਆਂ ਵਿਚ ਖਾਲਸਾ ਫੌਜਾਂ ਦੇ ਖਿਲਾਫ, ਜਿਸ ਨੂੰ ਖਾਲਸਾ ਰਾਜ ਦੇ ਸਮਕਾਲੀ ਕਵੀ ਸ਼ਾਹ ਮੁਹੰਮਦ ਨੇ 'ਜੰਗ ਹਿੰਦ ਪੰਜਾਬ ਦਾ ਹੋਣ ਲੱਗਾ' ਕਿਹਾ ਹੈ, ਈਸਟ ਇੰਡੀਆ ਕੰਪਨੀ ਦੀ ਮਦਦ ਕੀਤੀ ਸੀ ਅਤੇ ਖਾਲਸਾ ਫੌਜਾਂ ਦੀ ਹਾਰ ਨਾਲ ਉਪ-ਮਹਾਂ ਦੀਪ ਦਾ ਇੱਕੋ-ਇੱਕ ਆਜ਼ਾਦ ਖੇਤਰ ਵੀ ਬ੍ਰਿਟਿਸ਼ ਰਾਜ ਦੇ ਅਧੀਨ ਹੋ ਗਿਆ।

> ***ਅੱਜ ਗਦਰ ਲਹਿਰ ਦੇ ਸ਼ਤਾਬਦੀ ਸਮਾਰੋਹ ਦੇਸ਼ ਦੇ ਬਾਹਰ ਅਤੇ ਅੰਦਰ ਥਾਂ ਥਾਂ ਮਨਾਏ ਜਾ ਰਹੇ ਹਨ, ਜਿਸ ਲਹਿਰ ਬਾਰੇ ਸ. ਜਗਜੀਤ ਸਿੰਘ ਦੀ ਟਿਪਣੀ ਪਿੱਛੇ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਅੱਗੇ ਕਿਹਾ ਹੈ, "ਗਦਰ ਪਾਰਟੀ ਲਹਿਰ ਦੇ ਵਾਕਿਆਤ ਨੂੰ ਵਿਚਾਰ ਕੇ ਅਤੇ ਇਸ ਦੀ ਇਨਕਲਾਬੀ ਅਤੇ ਕੁਰਬਾਨੀ ਦੀ ਸਪਿਰਿਟ ਦੇ ਸਬੂਤ ਦਿੰਦੀਆਂ ਸ਼ਹਾਦਤਾਂ ਨੂੰ ਗਹੁ ਨਾਲ ਤੋਲ ਕੇ ਪਾਠਕ ਆਪ ਨਿਰਣਾ ਕਰ ਸਕਦੇ ਹਨ ਕਿ ਇਨ੍ਹਾਂ ਵਿਚ ਕਿਸ ਹੱਦ ਤੱਕ ਸੱਚਾਈ ਹੈ।" ਇਥੇ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਪੰਜਾਬੀਆਂ ਵਿਚੋਂ ਵੀ ਸਿੱਖ ਪਿਛੋਕੜ ਵਾਲੇ ਇਨਕਲਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਅਤੇ ਇਹ ਕੋਈ 'ਇਤਫਾਕੀਆ ਅਮਲ ਨਹੀਂ ਹੈ'।***

ਪੰਜਾਬੀਆਂ ਲਈ ਇਹ ਰਾਜ-ਭਾਗ ਦਾ ਜਾਣਾ, ਸੁਤੰਤਰਤਾ ਨੂੰ ਖੋ ਦੇਣਾ ਹਾਲੇ ਸੱਜਰਾ ਸੀ। ਸ. ਜਗਜੀਤ ਸਿੰਘ ਦੇ ਕਥਨ ਅਨੁਸਾਰ "ਸੰਨ 1857 ਦੇ ਗਦਰ (ਜਦੋਂ ਸਾਂਝੀ ਹਿੰਦੀ ਕੌਮੀਅਤ ਦਾ ਅਹਿਸਾਸ ਤੱਕ ਨਹੀਂ ਸੀ, ਜਿਸ ਕਰਕੇ ਇਸ ਨੂੰ ਕੌਮੀ ਲਹਿਰ ਕਹਿਣਾ ਵੀ ਪਤਾ ਨਹੀਂ ਕਿਸ ਹੱਦ ਤੱਕ ਵਾਜਬ ਹੈ) ਪਿੱਛੋਂ ਚਲੀਆਂ ਅੰਗਰੇਜ਼ੀ ਰਾਜ ਵਿਰੋਧੀ ਗੈਰ-ਮਜ਼੍ਹਬੀ ਅਤੇ ਗੈਰ-ਫਿਰਕੂ ਨਿਰੋਲ ਕੌਮੀ ਲਹਿਰਾਂ ਨਾਲੋਂ, 'ਗਦਰ ਪਾਰਟੀ ਲਹਿਰ' ਦੇ ਹਿੱਸੇ ਫਾਂਸੀਆਂ ਅਤੇ ਉਮਰ-ਕੈਦ ਸਜ਼ਾਵਾਂ ਦਾ ਸਭ ਤੋਂ ਵੱਡਾ ਛਾਂਦਾ ਆਇਆ। ਇਹ ਵੀ ਇਤਫਾਕੀਆ ਅਮਲ ਨਹੀਂ। ਇਹ ਹਕੀਕਤ 'ਗਦਰ ਪਾਰਟੀ ਲਹਿਰ' ਦੀ ਉਸ ਇਨਕਲਾਬੀ ਅਤੇ ਕੁਰਬਾਨੀ ਦੀ ਸਪਿਰਿਟ ਦਾ ਕੇਵਲ ਇਕ ਚਿਨ੍ਹ ਹੈ, ਜਿਸ ਦੇ ਮੁਕਾਬਲੇ ਦੀਆਂ ਮਿਸਾਲਾਂ ਅੰਗਰੇਜ਼ੀ ਰਾਜ ਵੇਲੇ ਦੇ ਇਤਿਹਾਸ ਵਿਚ ਜੇ ਹਨ ਤਾਂ ਬਹੁਤ ਟਾਂਵੀਆਂ।" (ਪੰਨਾ 20)

ਜਗਜੀਤ ਸਿੰਘ ਦੇ ਇਸ ਕਥਨ ਦੇ ਨਾਲ ਹੀ ਇਹ ਕਹਿਣਾ ਵੀ ਗੈਰ-ਵਾਜਬ ਨਹੀਂ ਹੋਵੇਗਾ ਕਿ ਇਹ ਛਾਂਦਾ ਸਭ ਤੋਂ ਵੱਧ ਸਿੱਖਾਂ ਦੇ ਹਿੱਸੇ ਆਇਆ ਕਿਉਂਕਿ ਉਨ੍ਹਾਂ ਦੀ ਗਿਣਤੀ ਸਭ ਤੋਂ ਜ਼ਿਆਦਾ ਸੀ। ਕਿਹਾ ਜਾਂਦਾ ਹੈ ਕਿ ਸੰਨ 1908 ਤੱਕ ਤਕਰੀਬਨ ਪੰਜ ਹਜ਼ਾਰ ਭਾਰਤੀ ਕੈਨੇਡਾ ਪਹੁੰਚ ਚੁੱਕੇ ਸਨ ਜਿਨ੍ਹਾਂ ਵਿਚ ਪੰਜਾਬੀ 99% ਸਨ ਅਤੇ ਪੰਜਾਬੀਆਂ ਵਿਚ 90% ਸਿੱਖ। ਕੈਨੇਡਾ ਆ ਕੇ ਉਨ੍ਹਾਂ ਨੂੰ ਉਹੋ ਜਿਹੇ ਹੀ ਨਸਲੀ ਵਿਤਕਰਿਆਂ ਦਾ ਸਾਹਮਣਾ ਕਰਨਾ ਪਿਆ ਜਿਹੋ ਜਿਹਾ ਉਹ ਹਿੰਦੁਸਤਾਨ ਵਿਚੋਂ ਕਰਦੇ ਆਏ ਸਨ। ਇਸ ਲਈ ਉਨ੍ਹਾਂ ਵਿਚੋਂ ਬਹੁਤ ਸਾਰੇ ਸਰਹੱਦ ਪਾਰ ਕਰਕੇ ਅਮਰੀਕਾ ਚਲੇ ਗਏ। ਕੈਨੇਡਾ ਅਤੇ ਅਮਰੀਕਾ ਆਉਣ ਵਾਲੇ ਇਹ ਭਾਰਤੀ ਮੱਧ-ਵਰਗੀ ਕਿਸਾਨ ਅਤੇ ਮਜ਼ਦੂਰੀ ਪਿਛੋਕੜ ਵਿਚੋਂ ਸਨ, ਜਿਨ੍ਹਾਂ ਵਿਚ ਬਹੁਤ ਸਾਰੇ ਸਾਬਕਾ ਫੌਜੀ ਸਨ।

ਸਿੱਖ ਧਰਮ ਇੱਕ ਇਲਹਾਮੀ ਧਰਮ ਹੈ ਅਤੇ ਇਸ ਇਲਹਾਮ ਦਾ ਪ੍ਰਕਾਸ਼ਨ ਇਤਿਹਾਸਕ ਘਟਨਾਵਾਂ ਜਾਂ ਅਵਤਾਰਾਂ ਦੇ ਰੂਪ ਵਿਚ ਨਾ ਹੋਕੇ ਗੁਰੂ ਜੋਤਿ ਅਤੇ ਗੁਰੂ ਜੁਗਤਿ ਰਾਹੀਂ ਬਾਣੀ ਦੇ ਰੂਪ ਵਿਚ ਹੋਇਆ ਹੈ। ਗੁਰੂ ਸਾਹਿਬਾਨ ਨੂੰ ਪਰਮਾਤਮ-ਸੁਰਤਿ ਨਾਲ ਇੱਕਸੁਰਤਾ ਦੇ ਪਲਾਂ ਵਿਚ ਸਤਿ ਦਾ ਜੋ ਅਨੁਭਵ ਹੋਇਆ ਉਸ ਨੂੰ ਉਨ੍ਹਾਂ ਨੇ ਆਪਣੀ ਬੋਲੀ ਰਾਹੀਂ ਬਾਣੀ ਦੇ ਰੂਪ ਵਿਚ ਪ੍ਰਗਟ ਕੀਤਾ। ਬਾਣੀ ਨੂੰ 'ਗ੍ਰੰਥ ਸਾਹਿਬ' ਵਿਚ ਇਕੱਠੀ ਕਰਕੇ ਸਿੱਖ ਦੀ ਅਗਵਾਈ ਵਾਸਤੇ 'ਸ਼ਬਦ ਗੁਰੂ' ਦਾ ਦਰਜਾ ਦਿੱਤਾ ਅਤੇ ਸਿੱਖ ਨੂੰ ਆਦੇਸ਼ ਕਰ ਦਿੱਤਾ ਕਿ ਉਸ ਨੇ ਹਮੇਸ਼ਾ ਅਗਵਾਈ ਗੁਰੂ ਗ੍ਰੰਥ ਸਾਹਿਬ ਤੋਂ ਲੈਣੀ ਹੈ। ਬਾਣੀ ਮੁਖੀ ਹੋਣ ਕਰਕੇ ਹੀ ਸਿੱਖ ਧਰਮ ਦਾ ਸ਼ਬਦ ਮਾਡਲ ਸਦ-ਤਾਜ਼ਾ ਮਾਡਲ ਹੈ ਜੋ ਸਮੇਂ ਅਤੇ ਸਥਾਨ ਦੇ ਅਨੁਸਾਰ ਮਨੁੱਖ ਨੂੰ ਹਰ ਮੁਸ਼ਕਿਲ ਘੜੀ ਵਿਚ ਅਗਵਾਈ ਦੇਣ ਦੀ ਸਮਰੱਥਾ ਰੱਖਦਾ ਹੈ। ਸਿੱਖ ਇਲਹਾਮ ਦੇ ਬਾਣੀ ਮੁਖੀ ਹੋਣ ਨੇ ਹੀ ਸਮੇਂ ਸਮੇਂ ਇਤਿਹਾਸ ਸਿਰਜਿਆ ਹੈ। ਸਿੱਖ ਅਰਦਾਸ ਵਿਚ ਵੀ ਅਕਾਲ ਪੁਰਖ ਪਾਸੋਂ ਹਮੇਸ਼ਾ 'ਚੜ੍ਹਦੀ ਕਲਾ' ਅਤੇ 'ਸਰਬੱਤ ਦਾ ਭਲਾ' ਮੰਗਿਆ ਜਾਂਦਾ ਹੈ। 'ਚੜ੍ਹਦੀ ਕਲਾ' ਅਤੇ 'ਸਰਬਤ ਦਾ ਭਲਾ' ਦਾ ਇਹ ਆਦਰਸ਼ ਸਿੱਖ ਲਈ ਮੁਸ਼ਕਿਲ ਤੋਂ ਮੁਸ਼ਕਿਲ ਘੜੀ ਵਿਚ ਵੀ ਪ੍ਰੇਰਨਾ ਸ੍ਰੋਤ ਰਿਹਾ ਹੈ, ਜਿਸ ਨੇ ਇਸ ਨੂੰ ਮਾਨਵ-ਭਲਾਈ ਹਿਤ ਹਰ ਕੁਰਬਾਨੀ ਕਰਨ ਲਈ ਉਤਸ਼ਾਹਿਤ ਕੀਤਾ ਹੈ। ਬਾਣੀ ਨੇ ਸਿੱਖ ਨੂੰ 'ਨਿਰਭਉ' ਅਤੇ 'ਨਿਰਵੈਰ' ਹੋਣਾ ਸਿਖਾਇਆ ਹੈ, "ਭੈ ਕਾਹੂ ਕਉ ਦੇਤ ਨਹਿ ਨਹਿ ਭੈਅ ਮਾਨਤ ਆਨ॥ ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ॥" ਬਾਣੀ ਅਨੁਸਾਰ 'ਨਿਰਭਉ' ਅਤੇ 'ਨਿਰਵੈਰ' ਹੋਣਾ ਅਕਾਲ ਪੁਰਖ ਦੀ ਹਸਤੀ ਦਾ ਗੁਣ ਹੈ ਅਤੇ ਮਨੁੱਖ ਜਿਸ ਕਿਸਮ ਦੇ ਇਸ਼ਟ ਦੀ ਅਰਾਧਨਾ ਕਰਦਾ ਹੈ ਉਸ ਦਾ ਵਿਅਕਤਿਤਵ ਵੀ ਉਹੋ ਜਿਹਾ ਹੀ ਬਣ ਜਾਂਦਾ ਹੈ, "ਜੈਸਾ ਸੇਵੈ ਤੈਸੋ ਹੋਇ॥"

'ਨਿਰਭਉ' ਅਤੇ 'ਨਿਰਵੈਰ' ਹੋਣ ਦਾ ਇਹ ਗੁਣ ਸਿੱਖ ਦੇ ਵਿਅਕਤਿਤਵ ਦਾ ਹਿੱਸਾ ਬਣ ਗਿਆ ਹੈ ਕਿਉਂਕਿ ਸਿੱਖੀ ਇੱਕ ਖਾਸ ਕਿਸਮ ਦੀ ਰਹਿਣੀ ਦਾ ਨਾਮ ਹੈ, ਇੱਕ ਜੀਵਨ-ਜਾਚ ਦਾ ਨਾਮ ਹੈ। ਇਹ ਗੁਣ ਸਿੱਖ ਸਭਿਆਚਾਰ ਦੇ 'ਟਰੇਟਸ' ਬਣ ਗਏ ਹਨ ਅਤੇ ਸਭਿਆਚਾਰ ਦੇ ਟਰੇਟਸ ਪੀੜ੍ਹੀ ਦਰ ਪੀੜ੍ਹੀ ਹੁੰਦੇ ਹੋਏ ਮਨੁੱਖ ਦੇ ਜੀਨਜ਼ ਵਿਚ ਚਲੇ ਜਾਂਦੇ ਹਨ। ਸਿੱਖਾਂ ਦਾ ਇਹ ਦੁਖਾਂਤ ਰਿਹਾ ਹੈ, ਜੋ ਅੱਜ ਵੀ ਜਾਰੀ ਹੈ ਕਿ ਉਨ੍ਹਾਂ ਨੇ ਸਮੇਂ ਸਮੇਂ ਇਤਿਹਾਸ ਦੀ ਸਿਰਜਣਾ ਤਾਂ ਕੀਤੀ ਹੈ ਪਰ ਆਪਣੇ ਬਾਰੇ, ਆਪਣਾ ਇਤਿਹਾਸ ਆਪ ਨਹੀਂ ਲਿਖਿਆ। ਉਸ ਬਾਰੇ ਦੂਸਰਿਆਂ ਨੇ ਲਿਖਿਆ ਹੈ ਜਿਸ ਕਰਕੇ ਮੁਲਕ ਲਈ ਉਨ੍ਹਾਂ ਵੱਲੋਂ ਕੀਤੀਆਂ ਕੁਰਬਾਨੀਆਂ ਦਾ ਇਤਿਹਾਸ ਵੀ ਹਾਈਜੈਕ ਹੁੰਦਾ ਰਿਹਾ ਹੈ। ਜਦੋਂ ਕੋਈ ਬਾਹਰਲੀ ਸ਼ਕਤੀ ਕਿਸੇ ਮੁਲਕ 'ਤੇ ਆਪਣਾ ਰਾਜ ਕਾਇਮ ਕਰਦੀ ਹੈ ਅਤੇ ਉਸ ਨੂੰ ਕਾਇਮ ਰੱਖੀ ਰੱਖਣਾ ਚਾਹੁੰਦੀ ਹੈ, ਇਹ ਰਾਜ ਭਾਵੇਂ ਕਿਸੇ ਇਕੱਲੇ ਵਿਅਕਤੀ ਦਾ ਹੋਵੇ ਤੇ ਭਾਵੇਂ ਕਿਸੇ ਮੁਲਕ ਦਾ, ਤਾਂ ਉਹ ਉਥੋਂ ਦੇ ਲੋਕਾਂ ਨੂੰ ਆਪਣੀ ਸ਼ਕਤੀ ਨਾਲ ਭੈ-ਭੀਤ ਕਰਕੇ ਆਪਣੇ ਲਈ ਡਰ ਰਾਹੀਂ ਸਤਿਕਾਰ ਪੈਦਾ ਕਰਨਾ ਲੋਚਦੀ ਹੈ। ਇਸ ਸੋਚ ਦਾ ਪਤਾ ਸ. ਅਜੀਤ ਸਿੰਘ ਅਤੇ ਲਾਲਾ ਲਾਜਪਤ ਰਾਏ ਦੀ ਜਲਾਵਤਨੀ ਦੇ ਸਬੰਧ ਵਿਚ ਲਾਰਡ ਰਾਬਰਟਸ ਵੱਲੋਂ ਮਿੰਟੋ ਨੂੰ ਦਿੱਤੀ ਜਾਣਕਾਰੀ ਵਿਚੋਂ ਲੱਗ ਜਾਂਦਾ ਹੈ। ਅਮਲੀ ਰੂਪ ਵਿਚ ਜਲਿਆਂਵਾਲਾ ਬਾਗ ਦੀ ਘਟਨਾ, ਜੈਤੋ ਦਾ ਮੋਰਚਾ, ਕੂਕਿਆਂ ਨੂੰ ਤੋਪਾਂ ਨਾਲ ਉਡਾਉਣਾ, ਬਜਬਜ ਘਾਟ ਦਾ ਗੋਲੀ ਕਾਂਡ-ਇਹ ਸਭ ਘਟਨਾਵਾਂ ਲੋਕਾਂ ਨੂੰ ਡਰਾ ਕੇ ਆਪਣੇ ਨਾਲ ਲਾਉਣ ਦਾ ਹੀ ਪ੍ਰਗਟਾਵਾ ਹਨ।

ਸਿੱਖਾਂ ਨੇ ਇਸ ਭੈਅ ਦਾ ਕਿਵੇਂ ਮੁਕਾਬਲਾ ਕੀਤਾ ਅਤੇ ਕਿਵੇਂ ਦੇਸ਼ ਦੀ ਆਜ਼ਾਦੀ ਲਈ 'ਨਿਰਭੈ' ਹੋ ਕੇ ਸਿੱਖੀ ਸਪਿਰਿਟ ਵਿਚ ਜਾਨਾਂ ਵਾਰੀਆਂ, ਇਸ ਦੀ ਚਰਚਾ ਕਰਨਾ ਹੀ ਇਸ ਲੇਖ-ਲੜੀ ਦਾ ਮੁੱਖ ਮੰਤਵ ਹੈ। ਹਿੰਦੁਸਤਾਨ ਬੜਾ ਲੰਬਾ ਸਮਾਂ ਗ਼ੁਲਾਮ ਰਿਹਾ ਹੈ। ਪਹਿਲਾਂ ਇਥੇ ਪਠਾਣਾਂ ਅਤੇ ਤੁਰਕਾਂ ਨੇ ਬਾਹਰੋਂ ਆ ਕੇ ਰਾਜ ਕੀਤਾ, ਫਿਰ ਬਾਬਰ ਦੇ ਆਉਣ ਨਾਲ ਮੁਗਲ ਸਮਰਾਜ ਦੀ ਨੀਂਹ ਰੱਖੀ ਗਈ ਅਤੇ ਉਸ ਪਿਛੋਂ ਅੰਗਰੇਜ਼ਾਂ ਦੀ ਗ਼ੁਲਾਮੀ ਹੰਢਾਉਣੀ ਪਈ। ਆਜ਼ਾਦੀ ਲਈ ਲੜਾਈ ਦੀ ਨੀਂਹ ਵੀ ਬਾਣੀ ਰਾਹੀਂ ਹੀ ਰੱਖੀ ਗਈ ਜਦੋਂ ਗੁਰੂ ਨਾਨਕ ਸਾਹਿਬ ਨੇ ਬਾਬਰ ਨੂੰ "ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ" ਕਹਿ ਕੇ ਵੰਗਾਰਿਆ ਅਤੇ ਸਤਿ ਦੇ ਮਾਰਗ 'ਤੇ ਚੱਲਣ ਨੂੰ ਪ੍ਰੇਮ ਖੇਲਣ ਦਾ ਮਾਰਗ ਦੱਸਿਆ ਅਤੇ ਇਸ ਮਾਰਗ 'ਤੇ ਚੱਲਣ ਲਈ ਸਿਰ ਨੂੰ ਤਲੀ 'ਤੇ ਰੱਖਣ ਲਈ ਕਿਹਾ, "ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥ ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥" ਇਸ 'ਪ੍ਰੇਮ ਮਾਰਗ 'ਤੇ ਪੈਰ ਰੱਖ ਕੇ ਪਿੱਛੇ ਹਟਣ ਦਾ ਕੋਈ ਮਾਮਲਾ ਨਹੀਂ ਹੈ। ਇਹ 'ਸਿਰ' ਨੂੰ ਸਮਰਪਣ ਕਰਨ ਦਾ ਅਹਿਦ ਹੈ। ਇਸੇ ਸਿਧਾਂਤ ਦਾ ਅਮਲੀ ਪ੍ਰਕਾਸ਼ਨ ਗੁਰੂ ਗੋਬਿੰਦ ਸਿੰਘ ਨੇ 1699 ਦੀ ਵਿਸਾਖੀ ਨੂੰ ਖਾਲਸਾ ਸਾਜ ਕੇ ਕੀਤਾ। ਉਨ੍ਹਾਂ ਨੇ 'ਅੰਮ੍ਰਿਤ' ਛਕਾ ਕੇ ਸਿੱਖ ਤੋਂ ਸਿੰਘ ਬਣਾ ਕੇ ਅਮਲੀ ਰੂਪ ਵਿਚ ਸਿਰ ਦੇਣਾ ਸਿਖਾਇਆ।

ਅੱਜ ਗਦਰ ਲਹਿਰ ਦੇ ਸ਼ਤਾਬਦੀ ਸਮਾਰੋਹ ਦੇਸ਼ ਦੇ ਬਾਹਰ ਅਤੇ ਅੰਦਰ ਥਾਂ ਥਾਂ ਮਨਾਏ ਜਾ ਰਹੇ ਹਨ, ਜਿਸ ਲਹਿਰ ਬਾਰੇ ਸ. ਜਗਜੀਤ ਸਿੰਘ ਦੀ ਟਿਪਣੀ ਪਿੱਛੇ ਦਿੱਤੀ ਜਾ ਚੁੱਕੀ ਹੈ। ਉਨ੍ਹਾਂ ਅੱਗੇ ਕਿਹਾ ਹੈ, "ਗਦਰ ਪਾਰਟੀ ਲਹਿਰ ਦੇ ਵਾਕਿਆਤ ਨੂੰ ਵਿਚਾਰ ਕੇ ਅਤੇ ਇਸ ਦੀ ਇਨਕਲਾਬੀ ਅਤੇ ਕੁਰਬਾਨੀ ਦੀ ਸਪਿਰਿਟ ਦੇ ਸਬੂਤ ਦਿੰਦੀਆਂ ਸ਼ਹਾਦਤਾਂ ਨੂੰ ਗਹੁ ਨਾਲ ਤੋਲ ਕੇ ਪਾਠਕ ਆਪ ਨਿਰਣਾ ਕਰ ਸਕਦੇ ਹਨ ਕਿ ਇਨ੍ਹਾਂ ਵਿਚ ਕਿਸ ਹੱਦ ਤੱਕ ਸੱਚਾਈ ਹੈ।" ਇਥੇ ਇਹ ਕਹਿਣਾ ਅਤਿਕਥਨੀ ਨਹੀਂ ਹੋਵੇਗੀ ਕਿ ਪੰਜਾਬੀਆਂ ਵਿਚੋਂ ਵੀ ਸਿੱਖ ਪਿਛੋਕੜ ਵਾਲੇ ਇਨਕਲਾਬੀਆਂ ਨੇ ਸਭ ਤੋਂ ਵੱਧ ਕੁਰਬਾਨੀਆਂ ਦਿੱਤੀਆਂ ਅਤੇ ਇਹ ਕੋਈ 'ਇਤਫਾਕੀਆ ਅਮਲ ਨਹੀਂ ਹੈ', ਇਸ ਵਿਚ ਉਸ ਸਿੱਖ ਸਪਿਰਿਟ ਦਾ ਯੋਗਦਾਨ ਹੈ ਜੋ 'ਜ਼ੀਨਜ' ਦੇ ਰੂਪ ਵਿਚ ਸਿੱਖ ਸਭਿਆਚਾਰ ਦਾ ਹਿੱਸਾ ਬਣ ਕੇ ਪੀੜ੍ਹੀ ਦਰ ਪੀੜ੍ਹੀ ਤੁਰਦੀ ਰਹੀ ਹੈ। ਇਹ ਸਪਿਰਿਟ ਕਿਹੋ ਜਿਹੀ ਹੈ ਜਿਹੜੀ ਇਸ ਮਾਰਗ 'ਤੇ ਚੱਲਣ ਵਾਲੇ ਮਨੁੱਖ ਨੂੰ ਗੁੜ੍ਹਤੀ ਹੀ ਇਹ ਦਿੰਦੀ ਹੈ, "ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨਿ ਆਨੰਦੁ॥ ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ॥" ਮਨੁੱਖ ਲਈ ਸਭ ਤੋਂ ਵੱਡਾ ਡਰ ਮੌਤ ਦਾ ਭੈਅ ਹੈ ਅਤੇ ਗੁਰੂ ਸਾਹਿਬਾਨ ਨੇ ਸਭ ਤੋਂ ਪਹਿਲਾਂ ਸਿੱਖ ਦੀ ਮਾਨਸਿਕਤਾ ਨੂੰ ਇਸ ਭੈਅ ਤੋਂ ਮੁਕਤ ਕੀਤਾ ਹੈ। ਗੁਰੂ ਸਾਹਿਬਾਨ ਨੇ ਮਨੁੱਖ ਨੂੰ ਸਿਰਫ ਤੇ ਸਿਰਫ ਅਕਾਲ ਪੁਰਖ ਦੇ ਹੁਕਮ ਅਤੇ ਅਕਾਲ ਪੁਰਖ ਦੇ ਭੈਅ ਵਿਚ ਜਿਉਣ ਦੀ ਜਾਚ ਦੱਸੀ ਹੈ, ਕਿਸੇ ਹੋਰ ਸ਼ਕਤੀ ਜਾਂ ਕਿਸੇ ਦੂਸਰੇ ਮਨੁੱਖ ਦੇ ਭੈਅ ਤੋਂ ਮੁਕਤ ਹੋ ਕੇ ਜਿਉਣ ਦੀ ਜਾਚ ਦੱਸੀ ਹੈ। ਬਾਣੀ ਅਨੁਸਾਰ ਇਕ ਅਕਾਲ ਪੁਰਖ ਦੇ ਭੈਅ ਵਿਚ ਜਿਉਣ ਵਾਲਾ ਮਨੁੱਖ ਹੋਰ ਹਰ ਤਰ੍ਹਾਂ ਦੇ ਭੈਅ ਤੋਂ ਮੁਕਤ ਹੋ ਜਾਂਦਾ ਹੈ, "ਭੈ ਰਚਿ ਰਹੈ ਸੁ ਨਿਰਭਉ ਹੋਇ॥" ਹਰ ਤਰ੍ਹਾਂ ਦੇ ਬਾਹਰੀ ਭੈਅ ਤੋਂ ਮੁਕਤ ਹੋ ਕੇ ਹੀ ਨਿਰਭਉ ਅਤੇ ਨਿਰਵੈਰ ਹੋ ਕੇ ਜੀਵਿਆ ਜਾ ਸਕਦਾ ਹੈ ਅਤੇ 'ਨਿਰਭਉ' ਅਤੇ 'ਨਿਰਵੈਰ' ਸਮਾਜ ਦੀ ਸਿਰਜਣਾ ਕੀਤੀ ਜਾ ਸਕਦੀ ਹੈ ਜਿਸ ਵਿਚ "ਨਾ ਕੋ ਵੈਰੀ ਨਾਹਿ ਬਿਗਾਨਾ ਸਗਲ ਸੰਗਿ ਹਮ ਕਉ ਬਣ ਆਈ" ਦਾ ਸਿਧਾਂਤ ਅਮਲੀ ਰੂਪ ਧਾਰਨ ਕਰ ਸਕਦਾ ਹੈ।

ਗਦਰ ਲਹਿਰ ਪਾਰਟੀ ਵਿਚ ਸਿੱਖ ਜੋਧਿਆ ਨੇ ਕਿਸ ਤਰ੍ਹਾਂ ਨਿਰਭੈ ਹੋ ਕੇ ਸਿੱਖੀ ਸਪਿਰਿਟ ਵਿਚ ਕੁਰਬਾਨੀਆਂ ਦਿੱਤੀਆਂ ਸ. ਮੇਵਾ ਸਿੰਘ, ਸ. ਕਰਤਾਰ ਸਿੰਘ ਸਰਾਭਾ, ਸ. ਕਰਮ ਸਿੰਘ, ਸ. ਭਗਤ ਸਿੰਘ ਅਤੇ ਸ. ਉਧਮ ਸਿੰਘ ਵਰਗੇ ਸ਼ਹੀਦਾਂ ਦੇ ਬਿਆਨਾਂ ਅਤੇ ਚਿੱਠੀਆਂ ਤੋਂ ਭਲੀ ਭਾਂਤ ਪ੍ਰਗਟ ਹੋ ਜਾਂਦਾ ਹੈ। ਇਸੇ ਦਾ ਖੁਲਾਸਾ ਅਗਲੇ ਲੇਖ ਵਿਚ ਕੀਤਾ ਜਾਵੇਗਾ।

## ਸਾਈ ਅਲਖੁ ਅਪਾਰੁ ਭੋਰੀ ਮਨਿ ਵਸੈ

ਗੁਰਬਾਣੀ ਗਿਆਨ

ਆਸਾ ਮਹਲਾ ੫
ਸਾਈ ਅਲਖੁ ਅਪਾਰੁ
ਭੋਰੀ ਮਨਿ ਵਸੈ॥
ਦੂਖੁ ਦਰਦੁ ਰੋਗੁ ਮਾਇ
ਮੈਡਾ ਹਭੁ ਨਸੈ॥੧॥
ਹਉ ਵੰਞਾ ਕੁਰਬਾਣੁ
ਸਾਈ ਆਪਣੇ॥
ਹੋਵੈ ਅਨਦੁ ਘਣਾ
ਮਨਿ ਤਨਿ ਜਾਪਣੇ॥੧॥ ਰਹਾਉ॥
ਬਿੰਦਕ ਗਾਲਿ ਸੁਣੀ
ਸਚੇ ਤਿਸੁ ਧਣੀ॥
ਸੂਖੀ ਹੂੰ ਸੁਖੁ ਪਾਇ
ਮਾਇ ਨ ਕੀਮ ਗਣੀ॥੨॥
ਨੈਣ ਪਸੰਦੋ ਸੋਇ ਪੇਖਿ
ਮੁਸਤਾਕ ਭਈ॥
ਮੈ ਨਿਰਗੁਣਿ ਮੇਰੀ ਮਾਇ
ਆਪਿ ਲੜਿ ਲਾਇ ਲਈ॥੩॥
ਬੇਦ ਕਤੇਬ ਸੰਸਾਰ
ਹਭਾ ਹੂੰ ਬਾਹਰਾ॥
ਨਾਨਕ ਕਾ ਪਾਤਿਸਾਹੁ
ਦਿਸੈ ਜਾਹਰਾ॥੪॥

ਪੰਜਵੇਂ ਸਤਿਗੁਰੂ ਜੀ ਅਗੰਮੀ ਵਿਸਮਾਦ ਵਿਚ ਆਏ ਮਾਲਕ ਦੇ ਗੁਣਾਂ ਦਾ ਵਰਣਨ ਕਰਦੇ ਹਨ ਕਿ ਹੇ ਮੇਰੀ ਮਾਂ! ਮੈਂ ਆਪਣੇ ਮਾਲਕ ਪ੍ਰਭੂ ਤੋਂ ਕੁਰਬਾਨ ਜਾਂਦੀ ਹਾਂ; ਉਸ ਮਾਲਕ ਦਾ ਸਿਮਰਨ ਕਰਨ ਨਾਲ ਮੇਰੇ ਮਨ ਅਤੇ ਤਨ, ਦੋਹਾਂ ਨੂੰ ਅਨੰਦ, ਭਾਵ ਸੁੱਖ ਪ੍ਰਾਪਤ ਹੁੰਦਾ ਹੈ। ਹੇ ਮਾਂ! ਉਹ ਅਲਖ ਪ੍ਰਭੂ ਜਿਸ ਦੇ ਸਰੂਪ ਬਾਰੇ ਦੱਸਿਆ ਨਾ ਜਾ ਸਕੇ ਤੇ ਅਪਾਰ, ਭਾਵ ਬੇਅੰਤ ਪ੍ਰਭੂ ਜਦੋਂ ਜ਼ਰਾ ਕੁ ਸਮੇਂ ਲਈ ਵੀ ਮੇਰੇ ਅੰਦਰ ਆ ਵੱਸਦਾ ਹੈ ਤਾਂ ਹੇ ਮਾਂ, ਮੇਰੇ ਸਾਰੇ ਹੀ ਦੁੱਖ ਦਰਦ ਤੇ ਰੋਗ ਕਿਤੇ ਦੌੜ ਜਾਂਦੇ ਹਨ। ਮਾਂ, ਮੈਂ ਐਸੇ ਪ੍ਰਭੂ ਤੋਂ ਕੁਰਬਾਨ ਜਾਂਦੀ ਹਾਂ।

ਬਿੰਦਕ ਗਾਲਿ ਸੁਣੀ
ਸਚੇ ਤਿਸੁ ਧਣੀ॥
ਸੂਖੀ ਹੂੰ ਸੁਖੁ ਪਾਇ
ਮਾਇ ਨ ਕੀਮ ਗਣੀ॥੨॥

ਹੇ ਮਾਂ ਜਦੋਂ ਮੈਂ ਉਸ ਮਿਹਰਬਾਨ ਹਮੇਸ਼ਾ ਹੀ ਅਟੱਲ ਅਤੇ ਕਾਇਮ ਰਹਿਣ ਵਾਲੇ ਪ੍ਰਭੂ ਜੀ ਦੀ ਬਿੰਦਕ ਭਾਵ ਥੋੜ੍ਹੀ ਜਿਹੀ ਸਿਫ਼ਤ ਅਤੇ ਉਹ ਦੇ ਗੁਣਾਂ ਦਾ ਵਰਣਨ ਸੁਣ ਲੈਂਦੀ ਹਾਂ ਤਾਂ ਉਸ ਵੇਲੇ ਮੈਂ ਇੰਨਾ ਵੱਡਾ ਸੁੱਖ ਤੇ ਅਨੰਦ ਪਾ ਲੈਂਦੀ ਹਾਂ ਕਿ ਉਹ ਮੇਰੇ ਤੋਂ ਦੱਸਿਆ ਨਹੀਂ ਜਾ ਸਕਦਾ। ਹੇ ਮਾਂ ਉਸ ਸਾਰੇ ਸੁੱਖਾਂ ਤੋਂ ਵੀ ਵੱਡੇ ਸੁੱਖ ਦੀ ਕੀਮਤ ਕੀ ਹੈ? ਉਹ ਮੇਰੇ ਕੋਲੋਂ ਦੱਸੀ ਨਹੀਂ ਜਾ ਸਕਦੀ। ਹੇ ਮੇਰੀ ਮਾਂ ਉਸ ਮਾਲਕ ਪ੍ਰਭੂ ਜੀ ਦੀਆਂ ਸਿਫ਼ਤਾਂ ਸੁਣ ਕੇ ਉਸ ਦੀਆਂ ਗੱਲਾਂ ਸੁਣ ਕੇ ਜੋ ਸੁੱਖ ਪ੍ਰਾਪਤ ਹੁੰਦਾ ਹੈ ਉਸ ਦਾ ਵਰਣਨ ਨਹੀਂ ਹੋ ਸਕਦਾ। ਮੈਂ ਐਸੇ ਪ੍ਰਭੂ ਤੋਂ ਕੁਰਬਾਨ ਜਾਂਦੀ ਹਾਂ।

ਨੈਣ ਪਸੰਦੋ ਸੋਇ ਪੇਖਿ
ਮੁਸਤਾਕ ਭਈ॥
ਮੈ ਨਿਰਗੁਣਿ ਮੇਰੀ ਮਾਇ
ਆਪਿ ਲੜਿ ਲਾਇ ਲਈ॥੩॥

ਹੇ ਮੇਰੀ ਮਾਈ! ਮੇਰਾ ਉਹ ਸਾਈਂ ਪ੍ਰੀਤਮ ਜੋ ਅਲਖ ਵੀ ਹੈ, ਅਪਾਰ ਵੀ ਹੈ, ਜਿਸ ਨੂੰ ਵੇਖਿਆ ਵੀ ਨਹੀਂ ਜਾ ਸਕਦਾ ਤੇ ਜੋ ਕਣ-ਕਣ ਵਿਚ ਵੀ ਪਿਆ ਵਸਦਾ ਹੈ, ਉਹ ਮਿਹਰਵਾਨ ਪ੍ਰਭੂ ਜੀ ਮੇਰੇ ਇਨ੍ਹਾਂ ਨੈਣਾਂ, ਭਾਵ ਅੱਖੀਆਂ ਨੂੰ ਬਹੁਤ ਹੀ ਪਿਆਰਾ ਲੱਗਦਾ ਹੈ। ਮਾਂ, ਮੈਂ ਉਸ ਪ੍ਰੀਤਮ ਨੂੰ ਵੇਖ ਕੇ ਉਸ 'ਤੇ ਮੁਸ਼ਤਾਕ, ਭਾਵ ਮੋਹਿਤ ਹੋ ਗਈ ਹਾਂ, ਦੀਵਾਨੀ ਹੋ ਗਈ ਹਾਂ; ਪਰ ਹੇ ਮਾਂ! ਮੈਂ ਤਾਂ ਨਿਰਗੁਣ ਹਾਂ, ਮੇਰੇ ਵਿਚ ਕੋਈ ਭੀ ਗੁਣ ਨਹੀਂ ਹੈ। ਫਿਰ ਭੀ ਮਿਹਰਾਂ ਦੇ ਉਸ ਮਾਲਕ ਨੇ ਆਪਣੀ ਮਿਹਰ ਸਦਕਾ ਮੇਰੇ ਜਿਹੀ ਨੂੰ ਆਪ ਹੀ ਆਪਣੇ ਲੜ ਲਾ ਲਿਆ ਹੈ। ਮੈਂ ਐਸੇ ਪ੍ਰਭੂ ਤੋਂ ਕੁਰਬਾਨ ਜਾਂਦੀ ਹਾਂ।

ਬੇਦ ਕਤੇਬ ਸੰਸਾਰ
ਹਭਾ ਹੂੰ ਬਾਹਰਾ॥
ਨਾਨਕ ਕਾ ਪਾਤਿਸਾਹੁ
ਦਿਸੈ ਜਾਹਰਾ॥੪॥

ਗੁਰੂ ਅਰਜਨ ਦੇਵ ਉਸ ਪਰਮ ਪਿਤਾ ਦੇ ਮਿਲਾਪ ਦਾ ਜੋ ਅਨੰਦ ਹੈ, ਉਸ ਨੂੰ ਦਰਸਾਉਂਦੇ ਹੋਏ ਪ੍ਰਭੂ ਦੀ ਵਡਿਆਈ ਕਰ ਰਹੇ ਹਨ ਕਿ ਹੇ ਮਾਂ! ਉਹ ਮਿਹਰਵਾਨ ਪ੍ਰਭੂ ਨਿਰਾ ਇਸ ਦਿਸਣ ਵਾਲੇ ਸੰਸਾਰ ਵਿਚ ਹੀ ਨਹੀਂ ਪਿਆ ਵਸਦਾ, ਉਹ ਤਾਂ ਦਿਸ ਰਹੇ ਸੰਸਾਰ ਤੋਂ ਬਾਹਰਾ, ਭਾਵ ਪਰ੍ਹਾਂ ਵੀ ਹਰ ਥਾਂ ਵਸ ਰਿਹਾ ਹੈ। ਇਹ ਵੇਦ ਅਤੇ ਕਤੇਬ ਜੋ ਧਾਰਮਿਕ ਗ੍ਰੰਥ ਹਨ, ਇਹ ਵੀ ਉਸ ਹਰ ਥਾਂ ਵਸਣ ਵਾਲੇ ਮਿਹਰਬਾਨ ਪ੍ਰਭੂ ਦੇ ਸਰੂਪ ਦਾ ਵਰਣਨ ਨਹੀਂ ਕਰ ਸਕਦੇ, ਪਰ ਹੇ ਮਾਂ! ਇਸ ਨਾਨਕ ਦਾ ਪਾਤਸ਼ਾਹ ਤਾਂ ਹਰ ਥਾਂ ਜਾਹਰਾ ਦਿਖਾਈ ਦੇ ਰਿਹਾ ਹੈ।

*-ਬੀਬੀ ਸੁਰਜੀਤ ਕੌਰ ਸੈਕਰਾਮੈਂਟੋ*
*ਫੋਨ: 916-687-3536*

ਯਾਦ ਪਿਟਾਰੀ

# ਮਨ ਲੇਖਕ ਬਣਨ ਨੂੰ ਲੋਚਦੈ

*ਕੋਈ ਚਾਰ ਕੁ ਸਾਲ ਪਹਿਲਾਂ ਜਦੋਂ ਮੈਂ 'ਕਮਲਿਆਂ ਦਾ ਟੱਬਰ' ਲੇਖ ਲੜੀ ਅਰੰਭੀ ਸੀ ਤਾਂ ਇਸ ਵਿਚ ਚਾਚੇ ਗੁਲਾਟੀ ਦੀ ਕੰਟੀਨ ਦਾ ਜ਼ਿਕਰ ਪੜ੍ਹ ਕੇ ਕੈਲੀਫੋਰਨੀਆ ਵੱਸਦੇ ਪ੍ਰੋ. ਕੁਲਵੰਤ ਸਿੰਘ ਰੋਮਾਣਾ ਨੂੰ ਵੀ ਪੰਜਾਬ ਯੂਨੀਵਰਸਿਟੀ ਵਿਚ ਗੁਜ਼ਾਰੇ ਆਪਣੇ ਦਿਨ ਚੇਤੇ ਆ ਗਏ ਸਨ ਅਤੇ ਉਨ੍ਹਾਂ ਗੁਲਾਟੀ ਦੀ ਕੰਟੀਨ ਬਾਰੇ ਕੁਝ ਆਪਣੇ ਪ੍ਰਭਾਵ ਲਿਖ ਕੇ ਭੇਜੇ ਵੀ ਸਨ ਜੋ ਪਾਠਕ ਪੜ੍ਹ ਚੁਕੇ ਹਨ। ਉਸ ਪਿਛੋਂ ਪ੍ਰੋ. ਰੋਮਾਣਾ ਨੇ 'ਸ਼ੈਰੀ ਦੀ ਡਾਇਰੀ' ਰਾਹੀਂ ਸ਼ੈਰੀ ਦੀਆਂ ਮਨੋਭਾਵਨਾਵਾਂ ਪਾਠਕਾਂ ਨਾਲ ਸਾਂਝੀਆਂ ਕੀਤੀਆਂ ਸਨ। ਹੁਣ ਪਿਛਲੇ ਕੁਝ ਸਮੇਂ ਤੋਂ ਪ੍ਰੋ. ਰੋਮਾਣਾ ਚੁਪ ਧਾਰੀ ਬੈਠੇ ਹਨ, ਸ਼ਾਇਦ ਇਸੇ ਕਰਕੇ ਸ਼ੈਰੀ ਸੰਧੂ ਆਪ ਮੈਦਾਨ ਵਿਚ ਨਿਤਰਿਆ ਹੈ। ਦੇਖੀਏ ਸ਼ੈਰੀ ਸੰਧੂ ਪ੍ਰੋ. ਰੋਮਾਣਾ ਨਾਲੋਂ ਸ਼ਾਇਦ ਬਿਹਤਰ ਲਿਖ ਸਕੇ। -ਅਮੋਲਕ ਸਿੰਘ ਜੰਮੂ*

**ਸ਼ੈਰੀ ਸੰਧੂ**

ਆਪਣੇ ਮਿੱਤਰ ਤੇ 'ਪੰਜਾਬ ਟਾਈਮਜ਼' ਦੇ ਸੰਪਾਦਕ ਅਮੋਲਕ ਸਿੰਘ ਨੂੰ ਫੋਨ ਕੀਤਾ ਤਾਂ ਸਾਹਿਬ-ਸਲਾਮ ਤੇ ਖ਼ੈਰ-ਸੁੱਖ ਬਾਅਦ ਅਮਰੀਕਾ 'ਚ ਛਪਦੇ ਪੰਜਾਬੀ ਅਖ਼ਬਾਰਾਂ ਅਤੇ ਪੰਜਾਬੀ ਲੇਖਕਾਂ-ਪਾਠਕਾਂ ਬਾਰੇ ਗੱਲ ਚੱਲ ਪਈ। ਉਸ ਦੀ ਲੇਖ ਲੜੀ 'ਕਮਲਿਆਂ ਦਾ ਟੱਬਰ' ਬਾਰੇ ਚਰਚਾ ਚੱਲੀ ਤਾਂ ਪੰਜਾਬ ਯੂਨੀਵਰਸਿਟੀ ਦੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਹੋਈਆਂ। ਅਮਰੀਕਾ, ਕੈਨੇਡਾ ਆ ਵੱਸੇ ਪੰਜਾਬ ਯੂਨੀਵਰਸਿਟੀ ਦੇ ਸਾਬਕਾ ਵਿਦਿਆਰਥੀਆਂ ਦੀ ਗਿਣਤੀ ਕਰਨ ਲੱਗੇ ਤਾਂ ਉਨ੍ਹਾਂ ਵਿਚ ਸਾਡੇ ਦੋਹਾਂ ਦੇ ਸਾਂਝੇ ਮਿੱਤਰ ਤੇ ਮੇਰੇ ਗਰਾਈਂ ਪ੍ਰੋ. ਕੁਲਵੰਤ ਰੋਮਾਣਾ ਦਾ ਜ਼ਿਕਰ ਵੀ ਆਇਆ। ਅਸੀਂ ਦੋਵੇਂ ਕਾਲਜ ਤੇ ਯੂਨੀਵਰਸਿਟੀ 'ਚ ਇਕੱਠੇ ਪੜ੍ਹੇ ਹਾਂ ਅਤੇ ਸਾਡੇ ਬੜੇ ਪੁਰਾਣੇ ਪਰਿਵਾਰਕ ਸਬੰਧ ਹਨ। ਉਹ ਮੇਰੀ ਬੇਤਰਤੀਬ ਲਿਖੀ ਡਾਇਰੀ ਨੂੰ ਬਾਤਰਤੀਬ ਕਰ ਕੇ 'ਪੰਜਾਬ ਟਾਈਮਜ਼' ਵਿਚ ਛਪਵਾਉਂਦਾ ਰਿਹਾ ਹੈ। ਇਸ ਬਾਰੇ ਅਮੋਲਕ ਸਿੰਘ ਨੇ ਬੜੀ ਦਿਲਚਸਪ ਗੱਲ ਸੁਣਾਈ। ਕਹਿਣ ਲੱਗਾ, ਮੈਂ ਪ੍ਰੋ. ਰੋਮਾਣਾ ਨੂੰ 'ਪੰਜਾਬ ਟਾਈਮਜ਼' ਵਿਚੋਂ ਲਗਾਤਾਰ ਗੈਰ-ਹਾਜ਼ਰ ਰਹਿਣ ਦਾ ਉਲਾਂਭਾ ਦਿੱਤਾ ਤਾਂ ਜੁਆਬ ਸੀ,

ਪੜ੍ਹਨ ਲਿਖਣ ਅਸਾਂ ਤਾਂ ਛੱਡਿਆ ਈ
ਜੱਟ ਬੂਟ ਹੁਣ ਸਾਡੇ ਯਾਰ ਹੋਏ।

ਇਸ ਸਤਰ ਦੀ ਵਿਆਖਿਆ ਉਸ ਇਹ ਦਿੱਤੀ ਕਿ ਹੁਣ ਉਹ ਪਹਿਲਾਂ ਵਾਲਾ ਸ਼ਹਿਰ ਛੱਡ ਕੇ ਕੋਈ 100 ਕੁ ਮੀਲ ਦੂਰ ਜਾ ਵਸਿਆ ਹੈ ਜਿਥੇ ਪੰਜਾਬ ਤੋਂ ਆਏ ਪੇਂਡੂ ਬਾਬੇ ਪਾਰਕ ਵਿਚ ਦਿਨ ਵਿਚ ਦੋ ਵਾਰ ਤਾਸ਼ ਦਾ ਬੜਾ ਗਰਮਾ-ਗਰਮ ਸੈਸ਼ਨ ਲਾਉਂਦੇ ਹਨ ਤੇ ਉਹ ਇਨ੍ਹਾਂ ਸੈਸ਼ਨਾਂ 'ਚ ਪੂਰੀ ਗਰਮਜੋਸ਼ੀ ਨਾਲ ਹਿੱਸਾ ਲੈਂਦਾ ਹੈ। ਮੈਂ ਕਿਹਾ ਕਿ ਚੱਲੋ ਇਨ੍ਹਾਂ ਬਾਬਿਆਂ ਬਾਰੇ ਹੀ ਕੁਝ ਲਿਖ ਭੇਜੋ ਤੇ ਨਾਲ ਇਨ੍ਹਾਂ ਦੀ ਤਾਸ਼ ਖੇਡਦਿਆਂ ਦੀ ਫੋਟੋ ਵੀ। ਉਨ੍ਹਾਂ ਵਾਅਦਾ ਤਾਂ ਪੱਕਾ ਕੀਤਾ ਸੀ ਪਰ ਅਜੇ ਤੱਕ ਕਾਰਵਾਈ ਕੋਈ ਨਹੀਂ ਹੋਈ।

ਇਸ ਤੋਂ ਬਾਅਦ ਅਮੋਲਕ ਸਿੰਘ ਨੇ ਹਾਸੇ-ਹਾਸੇ 'ਚ ਮੈਨੂੰ ਵੀ ਕੁਝ ਲਿਖਣ ਦੀ ਸਲਾਹ ਦਿੱਤੀ ਤੇ ਹੌਸਲਾ ਵੀ ਦਿੱਤਾ। ਉਸ ਵੇਲੇ ਇਹ ਗੱਲ ਭਾਵੇਂ ਮਹਿਜ਼ ਮਜ਼ਾਕ ਵਜੋਂ ਹੋਈ ਸੀ ਪਰ ਫੋਨ ਬੰਦ ਕਰਨ ਬਾਅਦ ਮੈਂ ਸੋਚਣ ਲੱਗਾ ਕਿ ਅਮੋਲਕ ਸਿੰਘ ਦੀ ਸਲਾਹ ਤਾਂ ਨੇਕ ਸੀ। 'ਨਾਲੇ ਮਨਸਾ ਦੇਵੀ ਦਾ ਨਹਾਉਣ, ਨਾਲੇ ਮੁੰਜ ਬਰਾਤ ਦਾ ਸੌਦਾ' ਨਾਲੇ ਅਕਾ ਦੇਣ ਵਾਲੀ ਇਕੱਲ ਤੇ ਵਿਹਲ ਦਾ ਇਲਾਜ, ਨਾਲੇ ਮੁਫ਼ਤ ਦੀਆਂ ਮਸ਼ਹੂਰੀਆਂ ਭਾਵੇਂ ਕੋਈ ਕੁਝ ਪਿਆ ਕਹੇ। ਅੰਦਰੋਂ-ਅੰਦਰੀ ਆਪਣੀ ਮਸ਼ਹੂਰੀ ਸਭ ਨੂੰ ਚੰਗੀ ਲਗਦੀ ਹੈ। ਮੈਂ ਸੋਚਣ ਲੱਗਾ, ਮੇਰਾ ਕੁਝ ਵੀ ਝਰੀਟਿਆ 'ਪੰਜਾਬ ਟਾਈਮਜ਼' ਵਿਚ ਨਾ ਸਹੀ, ਕਿਸੇ ਨਾ ਕਿਸੇ ਹੋਰ ਅਖ਼ਬਾਰ ਵਿਚ ਛਪ ਹੀ ਜਾਣਾ ਹੈ। ਅਖ਼ਬਾਰ ਤਾਂ ਇਥੇ ਖੁੰਬਾਂ ਵਾਂਗ ਨਿਕਲ ਰਹੇ ਹਨ। ਮੇਰੇ ਸ਼ਹਿਰ ਦੇ ਲਿਕਰ ਸਟੋਰਾਂ ਤੇ ਗੈਸ ਸਟੇਸ਼ਨਾਂ ਦੇ ਮਾਲਕ ਪੰਜਾਬੀ ਭਾਈ ਸਪੋਰਟਸ ਤੇ ਸੱਭਿਆਚਾਰਕ ਪ੍ਰੋਗਰਾਮਾਂ ਲਈ ਪਹਿਲਾਂ ਪ੍ਰਬੰਧਕਾਂ ਕੋਲੋਂ ਦੋ-ਦੋ, ਚਾਰ-ਚਾਰ ਸੌ ਡਾਲਰ ਦੀ ਪਰਚੀ ਕਟਵਾਉਂਦੇ ਹਨ, ਫਿਰ ਮੇਰੇ ਵਾਂਗ ਕਿਸੇ ਤੋਂ ਨੈਕਟਾਈ ਬੰਨ੍ਹਵਾ ਕੇ ਤੇ ਆਪਣੇ-ਆਪ ਨੂੰ ਨਵੀਂ ਢੋਲਕੀ ਵਾਂਗ ਕੱਸ ਕੇ ਪ੍ਰੋਗਰਾਮ 'ਚ ਅਗਲੀ ਕਤਾਰ 'ਚ ਬੈਠਦੇ ਹਨ; ਸਿਰਫ਼ ਅਖ਼ਬਾਰਾਂ ਵਿਚ ਨਾਂ ਅਤੇ ਫੋਟੋ ਛਪਵਾਉਣ ਲਈ। ਫਿਰ ਵੀ ਫੋਟੋ ਛਪਦੀ ਹੈ ਤਾਂ ਗਰੁਪ 'ਚ, ਜਿਹੜੀ ਨਿਆਣਿਆਂ ਨੂੰ ਪੈਨਸਿਲ ਦੀ ਨਿਸ਼ਾਨੀ ਲਾ ਕੇ ਦੱਸਣੀ ਪੈਂਦੀ ਹੈ ਤੇ ਨਾਂ ਛਪਦਾ ਹੈ ਤਾਂ ਪ੍ਰੋਗਰਾਮ ਬਾਰੇ ਛਪੀ ਖ਼ਬਰਨੁਮਾ ਰਿਪੋਰਟ ਦੀ ਪੂਛ 'ਤੇ, ਉਹ ਵੀ ਮੰਡੀਆਂ ਦੇ ਭਾਅ ਗਿਣਨ ਵਾਂਗ ਨਾਂਵਾਂ ਦੀ ਲੰਬੀ ਲਿਸਟ 'ਚ। ਜੇ ਮੈਂ ਕਿਸੇ ਅਖ਼ਬਾਰ 'ਚ ਕਾਲਮ ਜਾਂ ਲੇਖ ਲਿਖਾਂ ਤਾਂ ਘੱਟੋ-ਘੱਟ ਮੇਰਾ ਨਾਮ ਤੇ ਫੋਟੋ ਤਾਂ ਚੌਦਵੀਂ ਦੇ ਚੰਦ ਵਾਂਗ ਸਿਰਲੇਖ ਦੇ ਨਾਲ ਚਮਕਣਗੇ। ਮੇਰੀ ਲਿਖਤ ਕੋਈ ਪੜ੍ਹੇ ਜਾਂ ਨਾ।

ਇਹ ਧਾਰ ਕੇ ਮੈਂ ਅਮਰੀਕਾ ਵਿਚਲੇ ਪੰਜਾਬੀ ਅਖ਼ਬਾਰਾਂ 'ਚ ਲਗਾਤਾਰ ਕੁਝ ਨਾ ਕੁਝ ਲਿਖਣ ਦਾ ਫੈਸਲਾ ਕਰ ਲਿਆ ਅਤੇ ਇਸ ਲਈ ਬਾਕਾਇਦਾ ਕਵਾਇਦ ਵੀ ਸ਼ੁਰੂ ਕਰ ਦਿੱਤੀ ਪਰ ਮੇਰੇ ਯੂਨੀਵਰਸਿਟੀ ਦੇ ਦਿਨਾਂ ਦੇ ਬਹੁਤ ਗੂੜ੍ਹੇ ਅਤੇ ਅੱਜਕੱਲ੍ਹ ਪੰਜਾਬ 'ਚ ਇਕ ਕਾਮਯਾਬ ਠੇਕੇਦਾਰ ਮਿੱਤਰ ਦੀਆਂ ਸਾਹਿਤ, ਆਲੋਚਕਾਂ ਅਤੇ ਲੇਖਕਾਂ ਬਾਰੇ ਦਾਨਿਸ਼ਵਰ ਟਿੱਪਣੀਆਂ ਅਤੇ ਸਲਾਹੁਤਾਂ ਮੇਰੇ ਇਸ ਪ੍ਰੋਜੈਕਟ ਦੇ ਰਾਹ 'ਚ ਅੜਿੱਕਾ ਬਣ ਰਹੀਆਂ ਹਨ। ਪਾਠਕ ਸੋਚਦੇ ਹੋਣਗੇ ਕਿ ਨਖਿਧ ਕਿਸਮ ਦੇ ਜੋੜ-ਤੋੜ ਦੇ ਕਿੱਤੇ ਨਾਲ ਜੁੜਿਆ ਹੋਇਆ ਬੰਦਾ ਸਾਹਿਤ, ਕਲਾ ਅਤੇ ਸਮਾਜ ਨਾਲ ਸਬੰਧਤ ਸੂਖਮ ਵਿਸ਼ਿਆਂ ਬਾਰੇ ਕੀ ਟਿੱਪਣੀਆਂ ਜਾਂ ਸਲਾਹੁਤਾਂ ਕਰ ਸਕਦਾ ਹੈ ਪਰ ਸੱਚ ਇਹੀ ਹੈ। ਇਸ ਲਈ ਮੈਂ ਚਾਹੁੰਦਾ ਹਾਂ ਕਿ ਆਪਣੀ ਲਿਖਤ ਸ਼ੁਰੂ ਕਰਨ ਤੋਂ ਪਹਿਲਾਂ ਆਪਣੇ ਇਸ ਠੇਕੇਦਾਰ ਮਿੱਤਰ ਬਾਰੇ ਕੁਝ ਨਾ ਕੁਝ ਜ਼ਰੂਰ ਤੁਹਾਡੇ ਨਾਲ ਸਾਂਝਾ ਕਰਾਂ।

ਜੁਲਾਈ 1968 'ਚ ਮੈਨੂੰ ਪੰਜਾਬ ਯੂਨੀਵਰਸਿਟੀ 'ਚ ਪੜ੍ਹਦਿਆਂ ਦੋ ਸਾਲ ਹੋ ਚੁੱਕੇ ਸਨ। ਨਵੇਂ ਦਾਖਲੇ ਹੋ ਗਏ। ਵਿਦਿਆਰਥੀ ਧੜਾ-ਧੜਾ ਹੋਸਟਲਾਂ 'ਚ ਆ ਰਹੇ ਸਨ। ਸ਼ਾਮ ਦਾ ਸਮਾਂ ਸੀ। ਮੀਂਹ ਪੈ ਚੁੱਕਾ ਸੀ। ਠੰਢੀ ਹਵਾ ਵਗ ਰਹੀ ਸੀ ਤੇ ਮੈਂ ਆਪਣੇ ਇਕ ਨੰਬਰ ਹੋਸਟਲ ਦੇ ਕਿਊਬੀਕਲ ਕਮਰੇ ਦੀ ਬਾਲਕੋਨੀ 'ਚ ਬੈਠਾ ਸਾਂ। ਮੇਰਾ ਕਮਰਾ ਚਾਚੇ ਗੁਲਾਟੀ ਦੀ ਕੰਟੀਨ ਵਾਲੇ ਆਰਟਸ ਬਲਾਕ ਨੰਬਰ ਇਕ ਦੇ ਐਨ ਸਾਹਮਣੇ ਸੀ। ਮੇਰੇ ਨਾਲ ਵਾਲੇ ਕਮਰੇ ਦਾ ਬਾਹਰਲਾ ਬੂਹਾ ਖੜਕਿਆ। ਦਰਵਾਜ਼ਾ ਖੁੱਲ੍ਹਿਆ ਤਾਂ ਸਿੱਖ ਦਿਸਦਾ ਮੁੰਡਾ ਮੇਰੇ ਸਾਹਮਣੇ ਸੀ। ਹੈਲੋ, ਹੈਲੋ ਹੋਈ। ਉਸ ਦੱਸਿਆ ਕਿ ਉਹ ਪੰਜਾਬ ਦੇ ਇਕ ਵੱਡੇ ਸ਼ਹਿਰ ਤੋਂ ਆਇਆ ਹੈ। ਪਾਕਿਸਤਾਨ ਤੋਂ ਆਏ ਪੰਜਾਬ ਦੇ ਸ਼ਹਿਰੀ ਤੇ ਸਿੱਖ ਵਪਾਰੀ ਭਾਈਚਾਰੇ ਨਾਲ ਉਸ ਦਾ ਸਬੰਧ ਸੀ। ਉਸ ਨੇ ਬਹੁਤ ਚੰਗੇ ਨੰਬਰਾਂ ਨਾਲ ਬੀ. ਏ. ਪਾਸ ਕਰ ਕੇ ਇਥੇ ਮੈਥ ਦੀ ਐਮ. ਏ. 'ਚ ਦਾਖਲਾ ਲਿਆ ਸੀ। ਉਮਰੋਂ ਅਸੀਂ ਹਾਣੀ ਸਾਂ। ਮੈਂ ਦੋ ਸਾਲ ਪਹਿਲਾਂ ਬਠਿੰਡਾ ਕਾਲਜ ਤੋਂ ਬਾਰ੍ਹਵੀਂ (ਨਾਨ ਮੈਡੀਕਲ) ਕਰ ਕੇ ਯੂਨੀਵਰਸਿਟੀ 'ਚ ਮਕੈਨੀਕਲ ਇੰਜੀਨੀਅਰਿੰਗ ਵਿਚ ਆ ਦਾਖਲ ਹੋਇਆ ਸੀ ਤੇ ਇਹ ਮੇਰਾ ਸਾਥੀ ਬੀ. ਏ. ਕਰ ਕੇ ਇਥੇ ਆਇਆ ਸੀ। ਗੱਲਾਂਬਾਤਾਂ ਤੋਂ ਬਾਅਦ ਅਸੀਂ ਕੰਟੀਨ 'ਚ ਚਾਹ ਪੀਣ ਗਏ ਤਾਂ ਉਸ ਦਾ ਬਲਾਕ ਤੇ ਕਮਰਾ ਨੰਬਰ ਕਮਰਾ ਤੇ ਬਲਾਕ ਨੰਬਰ ਲਿਖਵਾ ਕੇ ਖਾਤਾ ਖੁੱਲ੍ਹਵਾ ਦਿੱਤਾ। ਹੋਸਟਲਾਂ ਦੇ ਠੇਕੇਦਾਰ ਨਾਂ ਲਿਖਣ ਦੀ ਥਾਂ ਬਲਾਕ ਤੇ ਕਮਰਾ ਨੰਬਰ ਹੀ ਲਿਖਦੇ ਸਨ। ਇਸੇ ਯੂਨੀਵਰਸਿਟੀ 'ਚ ਪੜ੍ਹਦਿਆਂ ਅਮਿਤੋਜ ਨੇ ਆਪਣੀ ਨਜ਼ਮ ਦੀਆਂ ਇਹ ਸਤਰਾਂ ਸ਼ਾਇਦ ਇਸੇ ਅਹਿਸਾਸ 'ਚੋਂ ਲਿਖੀਆਂ ਹੋਣ,


ਇਥੇ ਮੇਰਾ ਕੋਈ ਨਾਂ ਨਹੀਂ,
ਮੇਰਾ ਇਕ ਰੋਲ ਨੰਬਰ ਹੈ।
ਇਥੇ ਮੇਰਾ ਕੋਈ ਘਰ ਨਹੀਂ,
ਮੇਰਾ ਇਕ ਕਮਰਾ ਨੰਬਰ ਹੈ।

ਚੌਥੇ ਦਿਨ ਸਨਿਚਰਵਾਰ ਉਹ ਆਪਣੇ ਘਰ ਚਲਾ ਗਿਆ ਪਰ ਸੋਮਵਾਰ ਸਵੇਰੇ ਵਾਪਸ ਨਾ ਆਇਆ। ਉਹ ਮੰਗਲਵਾਰ ਸੁਬ੍ਹਾ ਆਇਆ ਤੇ ਦੱਸਿਆ ਕਿ ਉਹਨੇ ਲੇਟ ਫੀਸ ਭਰ ਕੇ ਪਟਿਆਲੇ ਪੰਜਾਬੀ ਯੂਨੀਵਰਸਿਟੀ 'ਚ ਦਾਖਲਾ ਲੈ ਲਿਆ ਹੈ ਕਿਉਂਕਿ ਉਥੇ ਉਨ੍ਹਾਂ ਦੀਆਂ ਕਈ ਰਿਸ਼ਤੇਦਾਰੀਆਂ ਸਨ। ਰਹਿਣਾ ਭਾਵੇਂ ਉਹਨੇ ਹੋਸਟਲ 'ਚ ਹੀ ਸੀ। ਉਹ ਆਪਣਾ ਸਮਾਨ ਲੈਣ ਅਤੇ ਹੋਸਟਲ ਦਾ ਹਿਸਾਬ-ਕਿਤਾਬ ਨੱਕੀ ਕਰਨ ਆਇਆ ਸੀ ਤਾਂ ਕਿ ਇਹ ਲੋਕ ਉਹਦੇ ਘਰ ਚਿੱਠੀਆਂ ਨਾ ਲਿਖਦੇ ਰਹਿਣ। ਅਸੀਂ ਕੰਟੀਨ ਗਏ, ਨਾਸ਼ਤਾ ਕੀਤਾ ਤੇ ਉਸ ਦੇ ਬਹੁਤ ਨਾਂਹ-ਨੁਕਰ ਕਰਦਿਆਂ ਵੀ ਉਹਦਾ ਚਾਰ ਦਿਨਾਂ ਦਾ ਹਿਸਾਬ ਮੈਂ ਆਪਣੇ ਖਾਤੇ ਪਵਾ ਦਿੱਤਾ। ਦੋ ਘੰਟਿਆਂ 'ਚ ਮੈਂ ਨਾਲ ਤੁਰ-ਫਿਰ ਕੇ ਉਹਦੇ ਹੋਸਟਲ ਤੇ ਵਿਭਾਗ ਵਿਚੋਂ ਵੀ ਉਹਦਾ ਹਿਸਾਬ ਨੱਕੀ ਕਰਵਾ ਦਿੱਤਾ ਅਤੇ ਮੈਂ ਉਹਨੂੰ ਬੱਸ ਅੱਡੇ 'ਤੇ ਜਾ ਕੇ ਪਟਿਆਲੇ ਵਾਲੀ ਬੱਸ ਚੜ੍ਹਾ ਆਇਆ। ਇਸ ਸਾਰੇ ਸਮੇਂ ਦੌਰਾਨ ਉਹ ਮੇਰਾ ਸ਼ੁਕਰੀਆ ਵੀ ਕਰਦਾ ਰਿਹਾ ਤੇ ਵਾਰ-ਵਾਰ ਤਾਕੀਦ ਵੀ ਕਰਦਾ ਰਿਹਾ ਕਿ ਜਦੋਂ ਵੀ ਮੈਂ ਚੰਡੀਗੜ੍ਹ ਤੋਂ ਬਠਿੰਡੇ ਆਵਾਂ-ਜਾਵਾਂ ਤਾਂ ਉਸ ਕੋਲ ਜ਼ਰੂਰ ਰੁਕ ਕੇ ਜਾਵਾਂ। ਉਹਨੇ ਮੈਨੂੰ ਕਮਰਾ ਨੰਬਰ ਵੀ ਦੱਸਿਆ ਅਤੇ ਆਪਣੇ ਹੋਸਟਲ ਤੇ ਵਿਭਾਗ ਦੀ ਲੋਕੇਸ਼ਨ ਵੀ ਬੜੀ ਬਰੀਕੀ ਨਾਲ ਸਮਝਾਈ। ਮੈਂ ਕਿਉਂਕਿ ਆਪਣੇ ਸ਼ਹਿਰ ਨੂੰ ਪਟਿਆਲੇ ਵਿਚੋਂ ਹੋ ਕੇ ਜਾਂਦਾ ਸਾਂ, ਇਸ ਲਈ ਉਸ ਕੋਲ ਮਹੀਨੇ 'ਚ ਇਕ-ਦੋ ਵਾਰ ਜ਼ਰੂਰ ਜਾਂਦਾ। ਇਉਂ ਸਾਡੀ ਮਿੱਤਰਤਾ ਗੂੜ੍ਹੀ ਹੁੰਦੀ ਗਈ।

ਪਹਿਲੇ ਸਾਲ ਦੇ ਅੰਤ ਤੱਕ ਉਸ ਵਿਚ ਬਹੁਤ ਤਬਦੀਲੀ ਆ ਚੁੱਕੀ ਸੀ। ਉਹ ਪੀ.ਐਸ.ਯੂ. ਦਾ ਬੜਾ ਸਰਗਰਮ ਵਰਕਰ ਬਣ ਚੁੱਕਾ ਸੀ। ਕਮਿਊਨਿਸਟ ਸਿਧਾਂਤ ਤੇ ਸੰਸਾਰ ਦੇ ਕਲਾਸੀਕਲ ਸਾਹਿਤ ਨਾਲ ਸਬੰਧਤ ਕਿਤਾਬਾਂ ਦੀ ਗਿਣਤੀ ਉਹਦੇ ਕਮਰੇ 'ਚ ਕੋਰਸ ਦੀਆਂ ਕਿਤਾਬਾਂ ਨਾਲੋਂ ਬਹੁਤ ਵਧ ਗਈ ਸੀ। ਜਦੋਂ ਵੀ ਮੈਂ ਉਹਨੂੰ ਮਿਲਣ ਜਾਂਦਾ ਤਾਂ ਜਾਂ ਉਹ ਲਾਇਬਰੇਰੀ ਪੜ੍ਹ ਰਿਹਾ ਹੁੰਦਾ ਜਾਂ ਕੈਂਪਸ ਦੇ ਕਾਫੀ ਹਾਊਸ 'ਚ ਦਾਨਿਸ਼ਵਰ ਪ੍ਰੋਫੈਸਰਾਂ ਤੇ ਵਿਦਿਆਰਥੀਆਂ 'ਚ ਬੈਠਾ ਬਹਿਸ ਕਰ ਰਿਹਾ ਹੁੰਦਾ। ਉਸ ਵੇਲੇ ਪੰਜਾਬੀ ਯੂਨੀਵਰਸਿਟੀ, ਪਟਿਆਲਾ 'ਚ ਖੱਬੀ ਵਿਚਾਰਧਾਰਾ ਦੇ ਪ੍ਰਭਾਵ ਹੇਠ ਬੌਧਿਕ ਮਾਹੌਲ ਸੀ। ਉਸ ਵਿਚ ਇਹ ਤਬਦੀਲੀ ਕੈਂਪਸ ਵਿਚ ਦੋ ਸ਼ਖ਼ਸੀਅਤਾਂ ਨਾਲ ਚੰਗੇ ਮੇਲ-ਜੋਲ ਕਾਰਨ ਹੋਈ ਸੀ। ਇਕ ਸੀ ਬਾਬਾ ਲਾਲੀ (ਹਰਦਿਲਜੀਤ ਸਿੰਘ ਸਿੱਧੂ) ਜਿਸ ਦੀ ਸੰਗਤ ਨੇ ਉਹਨੂੰ ਸਾਹਿਤ ਦਾ ਖੋਜੀ ਪਾਠਕ ਬਣਾ ਦਿੱਤਾ ਸੀ ਅਤੇ ਦੂਜਾ ਸੁਰਜੀਤ ਲੀ ਜਿਸ ਦੇ ਪ੍ਰਭਾਵ ਹੇਠ ਉਹ ਪੀ.ਐਸ.ਯੂ. ਦਾ ਸਰਗਰਮ ਕਾਰਕੁਨ ਬਣ ਗਿਆ ਸੀ। ਇਹ ਦੋਵੇਂ ਬੰਦੇ ਇਥੋਂ ਹੀ ਅੰਗਰੇਜ਼ੀ ਦੀ ਐਮ.ਏ. ਕਰ ਕੇ ਵਿਹਲੇ ਸਨ ਤੇ ਸਵੇਰ ਤੋਂ ਸ਼ਾਮ ਤੱਕ ਕੈਂਪਸ 'ਚ ਹੀ ਹੁੰਦੇ ਸਨ। ਲਾਲੀ ਤਾਂ ਸਿਰਫ਼ ਪੜ੍ਹਨ-ਲਿਖਣ ਵਾਲਾ ਬੰਦਾ ਹੀ ਸੀ ਪਰ ਸੁਰਜੀਤ ਇਕ ਇਨਕਲਾਬੀ ਗਰੁਪ ਦਾ ਕਾਫ਼ੀ ਸਰਗਰਮ ਹਮਦਰਦ ਸੀ ਤੇ ਕੈਂਪਸ 'ਚ ਪੀ.ਐਸ.ਯੂ. ਦਾ ਸਿਧਾਂਤਕ ਗੁਰੂ ਵੀ। ਉਨ੍ਹਾਂ ਦਿਨਾਂ 'ਚ ਪੀ.ਐਸ.ਯੂ. ਨੇ ਬਠਿੰਡਾ, ਮਾਨਸਾ ਅਤੇ ਲੁਧਿਆਣਾ ਦੇ ਕਾਲਜਾਂ ਦੇ ਪ੍ਰਿੰਸੀਪਲਾਂ ਖਿਲਾਫ਼ ਵੱਡੇ ਘੋਲ ਲੜੇ। ਇਨ੍ਹਾਂ ਘੋਲਾਂ 'ਚ ਲਗਨ ਅਤੇ ਮਿਹਨਤ ਨਾਲ ਕੰਮ ਕਰਨ ਸਦਕਾ ਮੇਰੇ ਮਿੱਤਰ ਨੂੰ ਜਥੇਬੰਦੀ ਦਾ ਸੂਬਾ ਪੱਧਰ ਦਾ ਅਹੁਦੇਦਾਰ ਬਣਾ ਦਿੱਤਾ ਗਿਆ। ਉਹ ਗਰੁਪ ਦੇ ਸਿਆਸੀ ਸੈਲ ਦਾ ਮੈਂਬਰ ਬਣ ਗਿਆ ਜਿਥੇ ਹਰਭਜਨ ਹਲਵਾਰਵੀ ਨਾਲ ਉਹਦੀ ਦੋਸਤੀ ਹੋ ਗਈ ਜੋ ਆਖ਼ਰ ਤੱਕ ਰਹੀ। ਮੈਥ ਦੀ ਐਮ.ਏ. ਬਾਅਦ ਜਥੇਬੰਦੀ ਦੇ ਹੁਕਮ 'ਤੇ ਉਹਨੇ ਇਕਨਾਮਿਕਸ ਦੀ ਐਮ.ਏ. 'ਚ ਦਾਖਲਾ ਲੈ ਲਿਆ। ਮੌਲਿਕ ਸੁਭਾਅ ਅਤੇ ਸਿਧਾਂਤਕ ਸਮਝ ਕਾਰਨ ਉਹ ਗਰੁਪ ਦੀ ਸਿਆਸੀ ਲੀਡਰਸ਼ਿਪ ਨੂੰ ਔਖੇ ਸਵਾਲ ਪੁੱਛਣ ਲੱਗ ਪਿਆ। ਭਾਰਤੀ ਸਿਆਸਤ 'ਚ ਪਾਰਟੀ ਭਾਵੇਂ ਕੋਈ ਵੀ ਹੋਵੇ; ਇਨਕਲਾਬੀ, ਗੈਰ-ਇਨਕਲਾਬੀ ਜਾਂ ਉਲਟ ਇਨਕਲਾਬੀ; ਲੀਡਰਸ਼ਿਪ ਨੂੰ ਔਖੇ ਤਾਂ ਕੀ, ਸਵਾਲ ਕਰਨਾ ਮਨਾ ਹੀ ਨਹੀਂ ਸਗੋਂ ਵਰਜਿਤ ਸ਼ੈਅ ਹੈ।

ਹੁਣ ਗਰੁਪ ਨੇ ਕੈਂਪਸ ਵਿਚ ਪੀ.ਐਸ.ਯੂ. ਦੇ ਕੰਮ ਲਈ ਦੋ ਹੋਰ ਵਿਦਿਆਰਥੀ ਲੀਡਰ ਪ੍ਰੇਮ (ਚੰਦੂ ਮਾਜਰਾ) ਅਤੇ ਮੁਖਤਿਆਰ (ਜਿਸ ਨੇ ਬਾਅਦ 'ਚ ਆਪਣਾ ਸਿਆਸੀ ਇਨਕਲਾਬੀ ਗਰੁਪ ਬਣਾ ਲਿਆ ਸੀ) ਤਿਆਰ ਕਰ ਲਏ। ਦੂਜੀ ਐਮ.ਏ. ਪੂਰੀ ਕਰਨ ਬਾਅਦ ਮੇਰੇ ਮਿੱਤਰ ਤੇ ਦੋ ਹੋਰ ਸੂਬਾ ਪੱਧਰ ਦੇ ਲੀਡਰਾਂ ਨੂੰ ਹੁਕਮ ਹੋਇਆ ਕਿ ਉਹ ਜਲੰਧਰ ਦਾਖਲਾ ਲੈਣ ਜਿਥੇ ਐਸ.ਐਫ.ਆਈ. ਦਾ ਪ੍ਰਭਾਵ ਵੱਧ ਸੀ। ਐਸ.ਐਫ.ਆਈ., ਸੀ.ਪੀ.ਐਮ. ਦੀ ਵਿਦਿਆਰਥੀ ਜਥੇਬੰਦੀ ਹੈ। ਆਪਣੀ ਲੀਡਰਸ਼ਿਪ ਦੇ ਫੈਸਲੇ ਅਤੇ ਨੀਤੀਆਂ 'ਤੇ ਇਨ੍ਹਾਂ ਲੋਕਾਂ ਨੂੰ ਪਹਿਲਾਂ ਹੀ ਕਿੰਤੂ-ਪ੍ਰੰਤੂ ਸੀ, ਇਸ ਲਈ ਲੀਡਰਸ਼ਿਪ ਦਾ ਹੁਕਮ ਮੰਨ ਕੇ ਜਲੰਧਰ ਦਾਖਲਾ ਲੈਣ ਦੀ ਬਜਾਏ ਇਹ ਤਿੰਨੇ ਸਾਥੀ ਆਪੋ-ਆਪਣੇ ਘਰਾਂ ਨੂੰ ਪਰਤ ਗਏ। ਇਕ ਸਰਬਸੰਮਤੀ ਨਾਲ ਪਿੰਡ ਦਾ ਸਰਪੰਚ ਜਾ ਬਣਿਆ, ਦੂਜਾ ਮਨਮਰਜ਼ੀ ਦੇ ਸ਼ਹਿਰ ਵਿਚ ਡੀ.ਏ.ਵੀ. ਕਾਲਜ 'ਚ ਪੰਜਾਬੀ ਦਾ ਪ੍ਰੋਫੈਸਰ ਜਾ ਲੱਗਾ (ਉਦੋਂ ਯੋਗ ਤੇ ਹਿੰਦੂ ਉਮੀਦਵਾਰ ਨੂੰ ਦਿੱਲੀ ਦੀ ਡੀ.ਏ.ਵੀ. ਕਮੇਟੀ 'ਚ ਪੰਜਾਬੀ ਦੀ ਅਸਾਮੀ ਲਈ ਕੋਈ ਹੋਰ ਸਿਫ਼ਾਰਸ਼ ਦੀ ਲੋੜ ਨਹੀਂ ਸੀ ਹੁੰਦੀ) ਅਤੇ ਤੀਜੇ ਨੇ ਨੌਕਰੀ ਕਰਨ ਦੀ ਬਜਾਏ ਪਿਤਾ ਪੁਰਖੀ ਕਿੱਤਾ ਠੇਕੇਦਾਰੀ ਸ਼ੁਰੂ ਕਰ ਦਿੱਤਾ ਜਿਸ ਵਿਚ ਉਹਨੇ ਵੱਡੀ ਤਰੱਕੀ ਕੀਤੀ। ਵਿਰਾਸਤ 'ਚ ਉਹਨੂੰ ਕੰਮ 'ਤੇ ਆਉਣ-ਜਾਣ ਲਈ ਮੋਪੇਡ ਮਿਲੀ ਸੀ। ਹੋਰ ਕੰਮ-ਧੰਦੇ ਲਈ ਟਰੈਕਟਰ ਕਿਰਾਏ 'ਤੇ ਲੈਣੇ ਪੈਂਦੇ ਸਨ ਪਰ ਅੱਜ ਉਹਦੇ ਮੁੱਖ ਮੁਨਸ਼ੀ ਕੋਲ ਵੀ ਕੰਪਨੀ ਦੀ ਕਾਰ ਹੈ। ਕੰਮ 'ਤੇ ਵਰਤੀਆਂ ਜਾਣ ਵਾਲੀਆਂ ਗੱਡੀਆਂ ਦੀ ਗਿਣਤੀ ਦਾ ਅੰਦਾਜ਼ਾ ਇਥੋਂ ਲੱਗ ਸਕਦਾ ਹੈ ਕਿ ਦੋ ਵੱਡੇ ਸ਼ਹਿਰਾਂ ਦੇ ਬਾਹਰਵਾਰ ਉਹਨੇ ਤਿੰਨ-ਤਿੰਨ, ਚਾਰ-ਚਾਰ ਏਕੜਾਂ 'ਚ ਸਿਰਫ਼ ਆਪਣੀ ਮਸ਼ੀਨਰੀ ਲਈ ਦੋ ਵਰਕਸ਼ਾਪਾਂ ਬਣਾਈਆਂ ਹੋਈਆਂ ਹਨ ਜਿਥੇ ਫੁੱਲਟਾਈਮ ਮਿਸਤਰੀ ਤੇ ਹੋਰ ਅਮਲਾ ਕੰਮ ਕਰਦਾ ਹੈ।

ਮੇਰਾ ਇਹ ਮਿੱਤਰ ਆਪਣੀ ਤਰੱਕੀ ਦਾ ਸਾਰਾ ਸਿਹਰਾ ਪੀ.ਐਸ.ਯੂ. ਦੇ ਤਜਰਬੇ ਨੂੰ ਦਿੰਦਾ ਹੈ ਜਿਸ ਨੇ ਉਹਨੂੰ ਭੁੱਖੇ-ਤ੍ਰਿਹਾਏ ਰਹਿ ਕੇ ਲਗਨ, ਮਿਹਨਤ, ਦਲੇਰੀ, ਦ੍ਰਿੜਤਾ ਤੇ ਦੂਰ-ਦ੍ਰਿਸ਼ਟੀ ਨਾਲ ਕੰਮ ਕਰਨਾ ਸਿਖਾਇਆ। ਉਹ ਅੱਜ ਵੀ ਯਾਦ ਕਰਦਾ ਹੈ ਕਿ ਕਿਵੇਂ ਸਾਰੀ-ਸਾਰੀ ਰਾਤ ਕੰਧਾਂ ਉਤੇ ਨਾਹਰੇ ਲਿਖਣੇ ਜਾਂ ਇਸ਼ਤਿਹਾਰ ਲਾਉਣੇ, ਤੇ ਸਵੇਰੇ 4-5 ਵਜੇ ਬੱਸ ਫੜ ਕੇ ਕਿਸੇ ਹੋਰ ਸ਼ਹਿਰ ਰੈਲੀ ਜਾਂ ਮੁਜ਼ਾਹਰਾ ਜਥੇਬੰਦ ਕਰਨ ਜਾਣਾ, ਪੁਲਿਸ ਤੋਂ ਵੀ ਬਚ ਕੇ ਰਹਿਣਾ। ਕਿਰਾਏ ਤੋਂ ਬਿਨਾਂ ਜੇ ਕੋਈ ਪੈਸਾ ਹੈ ਤਾਂ ਰਾਹ 'ਚ ਕਿਸੇ ਖੋਖੇ 'ਤੇ ਚਾਹ ਨਾਲ ਬਰੈਡ ਵਗੈਰਾ ਖਾ ਲੈਣੀ, ਨਹੀਂ ਤਾਂ ਨਾ ਸਹੀ; ਫਿਰ ਵੀ ਐਨੀ ਹਿੰਮਤ ਤੇ ਜੋਸ਼ ਸੀ। ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦਿੱਲੀ ਦੀ ਪੜ੍ਹੀ ਅਤੇ ਖੁਦ ਬੜੀ ਸਰਗਰਮ ਵਿਦਿਆਰਥੀ ਲੀਡਰ ਰਹੀ ਉਹਦੀ ਪਤਨੀ ਤਾਂ ਹਾਸੇ ਨਾਲ ਇਥੋਂ ਤੱਕ ਕਹਿ ਦਿੰਦੀ ਹੈ ਕਿ ਉਹਦੇ ਪਤੀ ਦੀ ਕਾਮਯਾਬੀ 'ਚ ਪੀ.ਐਸ.ਯੂ. 'ਚ ਉਹਦੇ ਕੰਮ ਦੀ ਤਾਂ ਇੰਨੀ ਦੇਣ ਹੈ ਕਿ ਉਸ ਨੂੰ ਆਪਣੇ-ਆਪ ਨੂੰ 'ਸਨ ਆਫ ਪੀ.ਐਸ.ਯੂ.' ਲਿਖਣਾ ਚਾਹੀਦਾ ਹੈ। ਕਿਸੇ ਨੇ ਲਾਲੀ ਬਾਬੇ ਨੂੰ ਠੇਕੇਦਾਰ ਦੀ ਪਤਨੀ ਦੀ ਇਹ ਟਿੱਪਣੀ ਦੱਸੀ ਤਾਂ ਲਾਲੀ ਕਹਿਣ ਲੱਗਾ ਕਿ




ਪ੍ਰੋ. ਹਰਦਿਲਜੀਤ ਸਿੰਘ ਲਾਲੀ ਬਾਬਾ

ਉਸ ਭਾਗਾਂਭਰੀ ਦੀ ਗੱਲ ਨੂੰ ਪੂਰਾ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਜਿਸ ਬੰਦੇ ਨੂੰ ਕਮਿਊਨਿਜ਼ਮ ਦੀ ਤਾਂ ਲਗਭਗ ਸਮਝ ਹੋਵੇ ਤੇ ਉਹ ਕਮਿਊਨਿਸਟ ਨਾ ਰਹੇ, ਤੇ ਸੋਨੇ 'ਤੇ ਸੁਹਾਗਾ ਉਹ ਕੋਈ 'ਦਾਰ' ਬਣ ਜਾਵੇ-ਤਹਿਸੀਲਦਾਰ, ਥਾਣੇਦਾਰ ਜਾਂ ਠੇਕੇਦਾਰ, ਤਾਂ ਬੱਸ ਰੱਬ ਹੀ ਰਾਖਾ; ਕਿਉਂਕਿ ਉਹ ਚੰਗੇ-ਬੁਰੇ, ਪੁੰਨ-ਪਾਪ ਅਤੇ ਸੱਚ-ਝੂਠ ਦੇ ਰਵਾਇਤੀ ਸੰਕਲਪਾਂ ਤੋਂ ਇੰਨਾ ਬੁਲੰਦ ਹੋ ਜਾਂਦਾ ਹੈ ਕਿ ਕਿਸੇ ਵਲ 'ਚ ਨਹੀਂ ਆਉਂਦਾ।

ਹਾਂ, ਮੈਂ ਗੱਲ ਕਰ ਰਿਹਾ ਸੀ ਕਿ ਇਸ ਠੇਕੇਦਾਰ ਮਿੱਤਰ ਵੱਲੋਂ ਮੇਰੇ ਲੇਖਕ ਬਣਨ ਦੇ ਰਸਤੇ 'ਚ ਅੜਿੱਕਾ ਬਣ ਜਾਣ ਬਾਰੇ...ਭਾਵੇਂ ਉਹਦੇ ਕਿੱਤੇ ਦਾ ਸਾਹਿਤ, ਕਲਾ ਜਾਂ ਸੂਖਮਤਾ ਨਾਲ ਕੋਈ ਸਬੰਧ ਨਹੀਂ, ਪਰ ਉਹਨੇ ਖੁਦ ਕਦੇ ਵੀ ਆਪਣੇ-ਆਪ ਨੂੰ ਇਨ੍ਹਾਂ ਚੀਜ਼ਾਂ ਤੋਂ ਜੁਦਾ ਨਹੀਂ ਕੀਤਾ। ਚੰਗੀਆਂ ਕਿਤਾਬਾਂ ਖਰੀਦ ਕੇ ਪੜ੍ਹਨ-ਪੜ੍ਹਾਉਣ, ਚੰਗੀਆਂ ਤੇ ਕਲਾਤਮਿਕ ਫਿਲਮਾਂ ਵੇਖਣ-ਵਿਖਾਉਣ ਤੇ ਕਲਾ-ਨੁਮਾਇਸ਼ਾਂ ਵੇਖਣ ਅਤੇ ਚੰਗੀਆਂ ਕਲਾ ਕ੍ਰਿਤਾਂ ਖਰੀਦਣ ਦਾ ਸ਼ੌਕ ਕਾਇਮ ਹੈ। ਉਹ ਸਵੇਰੇ 9 ਵਜੇ ਤੋਂ ਸ਼ਾਮ ਪੰਜ ਵਜੇ ਤੱਕ ਹੀ ਠੇਕੇਦਾਰ ਹੁੰਦਾ ਹੈ, ਸੌ ਫੀਸਦ ਠੇਕੇਦਾਰ! ਪੰਜ ਵਜੇ ਤੋਂ ਬਾਅਦ 9 ਵਜੇ ਸ਼ਾਮ ਤੱਕ ਅੱਜ ਤੋਂ 30-35 ਵਰ੍ਹੇ ਪਹਿਲਾਂ ਸਿਰਫ਼ ਮਿਲ ਬੈਠਣ ਲਈ ਖਰੀਦੇ ਇਕ ਕਮਰੇ ਦੇ ਘਰ ਵਿਚ ਯਾਰਾਂ-ਮਿੱਤਰਾਂ ਨਾਲ ਮਹਿਫਿਲ ਸਜਦੀ ਹੈ ਜਿਸ ਵਿਚ ਜ਼ਿਆਦਾਤਰ ਸਾਬਕਾ ਕਮਿਊਨਿਸਟ ਜਾਂ ਸਾਹਿਤ ਨਾਲ ਗੰਭੀਰ ਕਿਸਮ ਦਾ ਲਗਾਓ ਰੱਖਣ ਵਾਲੇ ਪਾਠਕ ਜਾਂ ਕੋਈ-ਕੋਈ ਲੇਖਕ ਵੀ ਸ਼ਾਮਲ ਹੁੰਦੇ ਹਨ। ਨਾਵਲ 'ਜ਼ੋਰਬਾ ਦਾ ਗਰੀਕ' ਦਾ ਨਾਇਕ ਅਲੈਕਸਿਸ ਜ਼ੋਰਬਾ ਉਹਦਾ ਵੀ ਨਾਇਕ ਹੈ। ਇਕ ਵਾਰ ਇਸ ਨਾਵਲ 'ਤੇ ਆਧਾਰਤ ਅੰਗਰੇਜ਼ੀ ਫਿਲਮ ਦਿੱਲੀ ਲੱਗੀ ਤਾਂ ਉਹ ਦੋਸਤਾਂ ਨੂੰ ਕਾਰ 'ਚ ਭਰ ਕੇ ਦਿੱਲੀ ਲੈ ਗਿਆ। ਜਰਮਨ ਨਾਵਲਿਸਟ ਹਰਮਨ ਹੈਸ ਦੇ ਮਸ਼ਹੂਰ ਨਾਵਲ 'ਤੇ ਬਣੀ ਅੰਗਰੇਜ਼ੀ ਫਿਲਮ 'ਸਿਧਾਰਥ' ਉਹਦੇ ਸ਼ਹਿਰ ਆਈ ਤਾਂ ਉਹਨੇ ਸਭ ਮਿੱਤਰਾਂ ਨੂੰ ਵਿਖਾਈ। ਸ਼ੇਕਸਪੀਅਰ ਦੀਆਂ ਕੁਝ ਕ੍ਰਿਤਾਂ ਅਤੇ 'ਹੀਰ ਵਾਰਿਸ ਸ਼ਾਹ' ਹਮੇਸ਼ਾ ਉਹਦੀ ਕਾਰ 'ਚ ਹੁੰਦੀਆਂ ਹਨ। ਉਸ ਅਨੁਸਾਰ ਜੇ ਇਕੱਲਿਆਂ ਸ਼ਰਾਬ ਪੀਣੀ ਹੋਵੇ ਤਾਂ ਇਹ ਕਿਤਾਬਾਂ ਮਹਿਫਿਲ ਲਾ ਦਿੰਦੀਆਂ ਹਨ ਪਰ ਉਹਦਾ ਕੋਈ ਮਿੱਤਰ ਜਾਂ ਮਿਲਣ ਵਾਲਾ

(ਬਾਕੀ ਸਫਾ 31 'ਤੇ)



(ਖੱਬਿਓਂ ਸੱਜੇ) ਪ੍ਰੋ. ਜੀ ਐਸ ਰਿਆਲ, ਗੁਰਦਿਆਲ ਸਿੰਘ ਬੱਲ, ਡਾ. ਸੁਰਜੀਤ ਲੀ, ਪ੍ਰੋ. ਬਲਵਿੰਦਰ ਸਿੰਘ ਅਤੇ ਡਾ. ਬਰਿੰਦਰਪਾਲ ਸਿੰਘ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਕਾਫੀ ਹਾਊਸ ਮੂਹਰੇ ਕਾਫੀ ਦਾ ਅਨੰਦ ਮਾਣਦੇ ਹੋਏ


ਲਿਖਾ ਕੇ ਉਸ ਦਾ ਖਾਤਾ ਵੀ ਖੁੱਲ੍ਹਵਾ ਦਿੱਤਾ। ਫਿਰ ਸੈਕਟਰ-14 (ਯੂਨੀਵਰਸਿਟੀ) ਦੀ ਮਾਰਕਿਟ ਗਏ ਤਾਂ ਸਭ ਪਾਸੇ ਜਵਾਨੀ ਦੀ ਚਹਿਲ-ਪਹਿਲ ਵੇਖ ਕੇ ਉਹ ਖੁਸ਼ ਲਗਦਾ ਸੀ। ਹੋਸਟਲ ਆਉਣ ਵੇਲੇ ਮੈਂ ਉਸ ਨੂੰ ਕੁੜੀਆਂ ਦੇ ਇਕ ਤੇ ਦੋ ਨੰਬਰ ਹੋਸਟਲਾਂ ਅੱਗੇ ਲੰਘਦੇ ਰਸਤੇ ਵੱਲੋਂ ਲੈ ਕੇ ਆਇਆ ਤਾਂ ਉਹ ਹੋਰ ਵੀ ਖੁਸ਼ ਹੋਇਆ।

ਰਸਤੇ 'ਚ ਮੈਂ ਉਹਨੂੰ ਸਾਡੇ ਕਮਰਿਆਂ ਦੀ ਲੋਕੇਸ਼ਨ ਦੇ ਗੁਣ ਗਿਣਾਉਣ ਲੱਗਾ। ਕਮਰਿਆਂ ਦੀਆਂ ਬਾਲਕੋਨੀਆਂ ਦੇ ਬਿਲਕੁਲ ਸਾਹਮਣੇ ਅੰਗਰੇਜ਼ੀ ਤੇ ਪੰਜਾਬੀ ਵਿਭਾਗ ਹਨ ਜਿਨ੍ਹਾਂ ਦੀਆਂ ਰੌਣਕਾਂ ਕੈਂਪਸ 'ਚ ਮਸ਼ਹੂਰ ਹਨ ਅਤੇ ਸੋਨੇ 'ਤੇ ਸੁਹਾਗਾ। ਨਾਲ ਹੀ ਚਾਚੇ ਗੁਲਾਟੀ ਦੀ ਕੰਟੀਨ। ਜੇ ਦੇਰ ਰਾਤ ਪੜ੍ਹ ਕੇ ਰੱਜ ਕੇ ਸੌਣਾ ਹੋਵੇ ਤਾਂ ਬਿਲਕੁਲ ਨਾਲ ਹੀ ਪੀ.ਜੀ.ਆਈ. ਦੇ ਫੁੱਟ ਪਾਥ 'ਤੇ ਲੱਗੀਆਂ ਰੇਹੜੀਆਂ 'ਤੇ ਸ਼ਾਮ 7 ਵਜੇ ਤੋਂ ਸੁਬ੍ਹਾ 6 ਵਜੇ ਤੱਕ ਤਾਜ਼ੇ ਪਰੌਂਠੇ ਤੇ ਚਾਹ ਮਿਲਦੀ ਹੈ। ਸੈਕਟਰ-22 ਤੇ 17 ਦਾ ਉਦੋਂ ਵਿਕਾਸ ਨਹੀਂ ਸੀ ਹੋਇਆ। ਇਸ ਲਈ ਗੇੜਾ ਲਾਉਣ ਲਈ ਤਾਂ ਪੀ.ਜੀ.ਆਈ. ਦਾ ਲੋਕਲ ਬੱਸ ਸਟੈਂਡ ਤਾਂ ਸਮਝੋ ਬੂਹੇ ਅੱਗੇ ਹੀ ਹੈ। ਮਾਰਕਿਟ ਤੋਂ ਸਿੱਧੇ ਮੈਸ ਪਹੁੰਚੇ, ਕੁਝ ਦੇਰ ਅਖ਼ਬਾਰਾਂ 'ਤੇ ਝਾਤ ਮਾਰੀ, ਕੈਰਮ ਬੋਰਡ ਖੇਡੇ ਤੇ ਖਾਣਾ ਖਾ ਕੇ ਮੈਂ ਮੈਸ ਦੇ ਠੇਕੇਦਾਰ ਕੋਲ ਉਹਦਾ

**ਵਿਸ਼ਵ ਸਾਹਿਤ**

# ਚਾਂਦੀ ਰੰਗੀ ਚਿਣਗ ਸਿਮੋਨ 'ਦ ਬੋਵੁਅਰ

*ਵੀਹਵੀਂ ਸਦੀ ਦੀ ਉਘੀ ਜਰਮਨ ਲੇਖਕਾ ਸਿਮੋਨ 'ਦ ਬੋਵੁਅਰ ਦਾ ਜੀਵਨ ਅਤੇ ਲਿਖਤਾਂ ਬਹੁ-ਰੰਗਾਂ ਦਾ ਸੁਮੇਲ ਹੈ। ਸੌਖੇ ਸ਼ਬਦਾਂ ਵਿਚ ਇਨ੍ਹਾਂ ਨੂੰ ਗੁਣ-ਔਗੁਣ ਕਹਿ ਲਈਦਾ ਹੈ। ਉਂਜ, ਇਹ ਗੱਲ ਵੀ ਦਰੁਸਤ ਹੈ ਕਿ ਗੁਣ-ਔਗੁਣ ਦੀ ਪਰਿਭਾਸ਼ਾ ਉਤਨੀ ਹੀ ਬਹੁ-ਰੰਗੀ ਹੈ। ਉਹਦਾ ਜੀਵਨ ਅਤੇ ਲਿਖਤਾਂ ਅਜਿਹਾ ਦਰਪਣ ਹੈ ਜਿਸ ਵਿਚੋਂ ਬਹੁਤ ਸਾਰੇ ਚਿਹਰੇ ਇਕੋ ਵੇਲੇ ਝਾਕਦੇ ਦਿਸਦੇ ਹਨ। ਸੋਹਣੀ ਪੰਜਾਬੀ ਵਾਰਤਕ ਲਿਖਣ ਵਾਲੇ ਪ੍ਰੋ. ਹਰਪਾਲ ਸਿੰਘ ਪੰਨੂ ਦੀ ਇਹ ਲਿਖਤ ਵੀ ਇਸੇ ਖਾਸੇ ਦੀ ਹੈ। ਉਨ੍ਹਾਂ ਦੀਆਂ ਵੱਖ ਵੱਖ ਵਿਸ਼ਵ ਸਾਹਿਤਕਾਰਾਂ ਬਾਰੇ ਕੁਝ ਲਿਖਤਾਂ ਪਾਠਕ ਪਹਿਲਾਂ ਪੜ੍ਹ ਹੀ ਚੁਕੇ ਹਨ। ਪ੍ਰੋ. ਪੰਨੂ ਸਿਮੋਨ ਬਾਰੇ ਜਦੋਂ ਲਿਖਦੇ ਹਨ ਤਾਂ ਕਦੀ ਹੱਥ ਵਿਚ ਕਲਮ ਅਤੇ ਕਦੀ ਕਟਾਰ ਫੜਦੇ ਹਨ। ਇਸੇ ਕਰ ਕੇ ਉਨ੍ਹਾਂ ਦੀ ਲਿਖਤ ਦਿਲਚਸਪ ਬਨਦੀ ਹੈ। ਕਮਿਊਨਿਸਟਾਂ ਨੂੰ ਤਾਂ ਉਹ ਵਲ ਪਾ ਕੇ ਵੀ ਟੱਕਰਦੇ ਹਨ ਅਤੇ ਟੱਕਰਦੇ ਵੀ ਕਰਾਰੇ ਹੱਥੀਂ ਹਨ। ਸਿਮੋਨ ਬਾਰੇ ਗੱਲਾਂ ਕਰਦਿਆਂ ਪ੍ਰੋ. ਪੰਨੂ ਨੇ ਉਹਦੇ ਵੇਲਿਆਂ ਨਾਲ ਵੀ ਸੰਵਾਦ ਰਚਾਉਣ ਦਾ ਯਤਨ ਕੀਤਾ ਹੈ ਜੋ ਅੱਗ ਉਤੇ ਰੱਖੇ ਪਾਣੀ ਵਾਂਗ ਉਬਾਲੇ ਮਾਰ ਰਹੇ ਸਨ। ਪ੍ਰੋ. ਪੰਨੂ ਦੀ ਇਹ ਲੰਮੀ ਲਿਖਤ ਪਾਠਕਾਂ ਲਈ ਲੜੀਵਾਰ ਪੇਸ਼ ਕਰ ਰਹੇ ਹਾਂ। ਲਿਖਤ ਦੇ ਇਸ ਭਾਗ ਵਿਚ ਸਿਮੋਨ ਅੰਦਰ ਸਮਾਈ ਊਰਜਾ ਵੀ ਉਨ੍ਹਾਂ ਵਕਤਾਂ ਵਾਂਗ ਉਬਾਲੇ ਮਾਰਦੀ ਜਾਪਦੀ ਹੈ। -ਸੰਪਾਦਕ*



ਪ੍ਰੋ. ਹਰਪਾਲ ਸਿੰਘ ਪੰਨੂ

ਦੋ ਕਾਰਨਾਂ ਕਰ ਕੇ ਸਿਮੋਨ (Simone de Beauvoir-1908-1986) ਚੜ੍ਹਦੀ ਜੁਆਨੀ ਵਿਚ ਮਸ਼ਹੂਰ ਹੋਈ। ਪਹਿਲਾ, ਫਲਸਫੇ ਦੀ ਗੰਭੀਰ ਵਿਦਿਆਰਥਣ ਜੀਵਨ ਪ੍ਰਤੀ, ਲਿਖਤ ਦੀ ਸ਼ੈਲੀ ਪ੍ਰਤੀ ਉਕਾ ਗੰਭੀਰ ਨਹੀਂ। ਦੂਜਾ ਸਥਾਪਤ ਫਿਲਾਸਫਰ ਸਾਰਤਰ ਨਾਲ ਰੋਮਾਂਸ; ਦੋਹਾਂ ਦਾ ਫੈਸਲਾ-ਵਿਆਹ ਨਹੀਂ ਕਰਵਾਉਣਾ, ਦੋਵਾਂ ਨੇ ਇਕ ਦੂਜੇ ਦੇ ਹੋਰ ਵਧੀਕ ਇਸ਼ਕਾਂ ਵਿਚ ਵਿਘਨ ਨਹੀਂ ਪਾਉਣਾ, ਲੁਕ ਛੁਪ ਕੇ ਨਹੀਂ: ਸ਼ਰੇਆਮ ਅਜਿਹਾ ਕਰਨਾ। ਮਰਦ ਆਪਣੇ ਇਸ਼ਕਾਂ ਦੇ ਮਸਾਲੇਦਾਰ ਕਿੱਸੇ ਸੁਣਾਉਂਦੇ ਰਹਿਣ ਪਰ ਕੁੜੀ ਅਜਿਹਾ ਕਰੇ, ਉਸ ਸਮੇਂ ਦੇ ਯੋਰਪ ਵਿਚ ਵੀ ਪ੍ਰਵਾਨ ਨਹੀਂ ਸੀ। ਰੱਜਵੀਂ ਭੰਡੀ ਹੋਈ, ਅਖਬਾਰਾਂ ਰਿਸਾਲਿਆਂ, ਕਿਤਾਬਾਂ, ਸਟੇਜਾਂ ਤੱਕ ਬਦਨਾਮੀ ਮਿਲੀ। ਆਪਣੀਆਂ ਲਿਖਤਾਂ ਵਿਚ ਆਪਣੇ ਕਾਰਨਾਮਿਆਂ ਦੇ ਬਾਜ਼ਾਰ ਸਿਮੋਨ ਨੇ ਖੁਦ ਸਜਾ ਲਏ, ਇਕ ਤਰ੍ਹਾਂ ਦਾ ਐਲਾਨਨਾਮਾ-ਜੋ ਆਪਣੇ ਬਾਰੇ ਖੁਦ ਲਿਖ ਰਹੀ ਹਾਂ, ਇਸ ਤੋਂ ਵਧੀਕ ਮੇਰੇ ਖਿਲਾਫ ਕੀ ਲਿਖੋਗੇ?

ਜਾਰਜ ਲੂਈ ਬੋਰਖੇਜ਼ (1899-1986) ਨੇ ਕਿਹਾ, "ਕਿਸੇ ਵਲੋਂ ਆਪਣੇ ਖਿਲਾਫ ਲਿਖਤ ਪੜ੍ਹਦਾ ਹਾਂ ਤਾਂ ਮੈਂ ਉਸ ਦੀ ਭਾਵਨਾ ਸਮਝਦਿਆਂ ਸੋਚਦਾ ਹਾਂ ਕਿ ਇਸ ਤੋਂ ਵਧੀਆ ਤਾਂ ਮੈਂ ਖੁਦ ਲਿਖ ਸਕਦਾ ਸਾਂ। ਛਪਣ ਤੋਂ ਪਹਿਲਾਂ ਮੇਰੇ ਆਲੋਚਕ ਆਪਣੀ ਲਿਖਤ ਮੈਨੂੰ ਦਿਖਾ ਦਿਆ ਕਰਨ ਤਾਂ ਮੈਂ ਉਸ ਵਿਚ ਜਾਨ ਪਾ ਸਕਦਾ ਹਾਂ। ਮੇਰਾ ਕਈ ਵਾਰ ਦਿਲ ਕੀਤਾ ਕਿ ਕਿਸੇ ਫਰਜ਼ੀ ਨਾਮ ਹੇਠ ਲਿਖ ਲਿਖ ਆਪਣੇ ਬਖੀਏ ਉਧੇੜ ਦਿਆਂ। 18ਵੀਂ ਸਦੀ ਵਿਚ ਰੂਸੋ (1712-1778) ਨੇ 'ਕਨਫੈਸ਼ਨਜ਼' ਵਿਚ ਆਪਣੇ ਖਿਲਾਫ ਜੋ ਜੋ ਲਿਖਿਆ, ਪਾਠਕ ਜਾਣਦੇ ਹਨ। ਰੂਸੋ ਅਤੇ ਬੋਰਖੇਜ਼ ਦੀਆਂ ਲਿਖਤਾਂ ਪੜ੍ਹਦਿਆਂ ਵਾਰਿਸ ਸ਼ਾਹ ਦਾ ਬੈਂਤ ਯਾਦ ਆ ਜਾਂਦਾ ਹੈ,

ਖੂਹੇ ਨੈਣਾਂ ਦੇ ਗੇੜ ਇਸ਼ਨਾਨ ਕਰੀਏ,
ਦਿਲਾਂ ਸੱਚਿਆਂ ਦੇ ਦਰਸ਼ਨ ਪਾਵੰਦੇ ਹਾਂ।

ਸਿਮੋਨ ਦੇ ਕਾਰਨਾਮਿਆਂ ਵਿਚੋਂ ਕਚਿਆਣ ਆਈ। ਉਹਦੀ ਲਿਖਤ ਪੜ੍ਹਦਿਆਂ ਇਲੀਅਟ ਦਾ ਬੰਦ ਯਾਦ ਆਇਆ:

We are hollow men
We are stuffed men

(ਅਸੀਂ ਥੋਥੇ ਬੰਦੇ ਹਾਂ। ਅਸੀਂ ਤੂੜੀ ਤੁੰਨੇ ਪੁਤਲੇ ਹਾਂ)

ਤਾਂ ਵੀ, ਪਹਿਲੋਂ ਫਰਾਂਸ ਨੇ, ਫਿਰ ਯੋਰਪ ਨੇ ਨਾ ਕੇਵਲ ਉਸ ਨੂੰ ਸਵੀਕਾਰ ਕੀਤਾ ਸਗੋਂ ਸਤਿਕਾਰਿਆ। ਅਮਰੀਕਨ ਲੇਖਕ ਐਲਗਰਿਨ ਨੇ ਖਬਰ ਪੜ੍ਹੀ ਕਿ ਲੱਖਾਂ ਕੁੜੀਆਂ ਲਈ ਉਹ ਪ੍ਰੇਰਨਾ ਸਰੋਤ ਬਣ ਗਈ ਹੈ ਤਾਂ ਉਸ ਨੇ ਲਿਖਿਆ, "ਸਿਮੋਨ ਜਿਨ੍ਹਾਂ ਲਈ ਪ੍ਰੇਰਨਾ ਹੈ, ਉਹ ਲੱਖਾਂ ਕੁੜੀਆਂ ਕਿਹੋ ਜਿਹੀਆਂ ਹਨ?" ਮਰਦ ਪ੍ਰਧਾਨ ਸਮਾਜ ਵਿਰੁਧ ਝੰਡਾ ਚੁੱਕਿਆ, ਔਰਤ ਦੀ ਆਜ਼ਾਦੀ, ਬਰਾਬਰੀ, ਸਵੈਮਾਣ ਦਾ ਨਾਅਰਾ ਦਿੱਤਾ ਤੇ ਮਰਦ ਜ਼ਾਤ ਦੀ ਰੱਜ ਕੇ ਨਿੰਦਿਆ ਕੀਤੀ। ਉਮਰ ਦੇ ਅਖੀਰ ਵਿਚ ਉਹੀ ਸਿਮੋਨ ਆਪਣੀ ਸਵੈਜੀਵਨੀ ਵਿਚ ਲਿਖਦੀ ਹੈ, "ਮਰਦਾਂ ਦੀ ਮਦਦ ਨਾ ਮਿਲਦੀ ਤਾਂ ਮੇਰਾ ਅੰਦੋਲਨ ਫੇਲ੍ਹ ਹੋ ਜਾਂਦਾ। ਮੇਰਾ ਨਿੱਜੀ ਅਨੁਭਵ ਇਹੋ ਹੈ ਕਿ ਜੀਵਨ ਵਿਚ ਜਿਥੇ ਮੈਨੂੰ ਲੋੜ ਪਈ, ਮਰਦਾਂ ਨੇ ਮੈਨੂੰ ਮੇਰੇ ਬਣਦੇ ਹੱਕਾਂ ਤੋਂ ਵਧੀਕ ਸਹਾਇਤਾ ਦਿੱਤੀ। ਦੁਸ਼ਮਣ ਨਹੀਂ, ਮਰਦ ਮੇਰੇ ਦੋਸਤ ਬਣੇ। ਉਨ੍ਹਾਂ ਨੂੰ ਨਫਰਤ ਕੀ ਕਰਨੀ, ਕੁੜੀ ਹੋਣ ਕਾਰਨ ਮੈਨੂੰ ਉਹ ਆਪਣੇ ਨਾਲੋਂ ਪਹਿਲ ਦਿਆ ਕਰਦੇ ਸਨ।" ਬੱਚੇ ਜੰਮਣ ਦੀ ਥਾਂ ਉਸ ਨੇ ਫੈਮਿਨਿਨ ਲਹਿਰ ਨੂੰ ਜਨਮ ਦਿੱਤਾ।

ਸਿਮੋਨ ਨੇ ਲਿਖਿਆ, "ਜਨਮ ਵੇਲੇ ਕੁੜੀ ਮੁੰਡੇ ਵਿਚ ਭੇਦ ਨਹੀਂ ਹੁੰਦਾ। ਕੁੜੀ ਨੂੰ ਔਰਤ ਤਾਂ ਮਰਦ ਬਣਾਉਂਦਾ ਹੈ, ਆਪਣੇ ਮਨਪਸੰਦ ਦੀ ਘੜਦਾ ਹੈ, ਆਦਰਸ਼ਕ ਧੀ, ਆਦਰਸ਼ਕ ਪ੍ਰੇਮਿਕਾ, ਆਦਰਸ਼ਕ ਪਤਨੀ, ਆਦਰਸ਼ਕ ਮਾਂ ਆਦਿਕ ਗਹਿਣਿਆਂ ਨਾਲ ਲੱਦ ਕੇ ਉਹਨੂੰ ਅਪਾਹਜ ਕਰ ਦਿੰਦਾ ਹੈ। ਅਸੀਂ ਵੀਹਵੀਂ ਸਦੀ ਦੀਆਂ ਕੁੜੀਆਂ ਉਹ ਕੁਝ ਬਣਾਂਗੀਆਂ ਜੋ ਅਸੀਂ ਬਣਨਾ ਚਾਹਾਂਗੀਆਂ, ਮਰਦਾਂ ਨੂੰ ਚੰਗੀਆਂ ਲੱਗੀਏ ਜਾਂ ਮਾੜੀਆਂ, ਪ੍ਰਵਾਹ ਨਹੀਂ।" ਅਜਿਹੀਆਂ ਸਤਰਾਂ ਲਿਖਣ ਵਾਲੀ ਇਹ ਔਰਤ ਸਵੀਕਾਰ ਕਰਦੀ ਹੈ ਕਿ ਸਾਰਤਰ ਉਸ ਨਾਲੋਂ ਕਿਤੇ ਵੱਡਾ ਇਨਸਾਨ ਹੈ। ਉਹ ਉਹਦੇ ਇਸ਼ਕਾਂ ਵਿਚ ਵਿਘਨ ਨਹੀਂ ਪਾਉਂਦੀ ਪਰ ਈਰਖਾ ਕਰਦੀ ਹੈ। ਇਸ ਈਰਖਾ ਅਤੇ ਗੁੱਸੇ ਨੂੰ ਆਪਣੇ ਫਲਸਫੇ ਵਿਚਕਾਰ ਕੰਧ ਨਹੀਂ ਬਣਨ ਦਿੰਦੀ। ਕਈ ਵਾਰ ਸਾਰਤਰ ਤੋਂ ਬਦਲਾ ਲੈਣ ਵਾਸਤੇ ਵੀ ਉਹ ਹੋਰਾਂ ਨਾਲ ਰੋਮਾਂਸ ਕਰਦੀ ਹੈ। ਉਸ ਵਾਸਤੇ ਬੱਚੇ ਜੰਮਣੇ ਔਰਤ ਦੀ ਸਭ ਤੋਂ ਸਖਤ ਗੁਲਾਮੀ ਹੈ। ਸੋ, ਉਹ ਗਰਭਪਾਤ ਦੇ ਹੱਕ ਵਿਚ ਜਲੂਸ ਕੱਢਦੀ ਹੋਈ ਐਲਾਨ ਕਰਦੀ ਹੈ, "ਔਰਤ ਸਭ ਤੋਂ ਵਧੀਕ ਆਜ਼ਾਦ ਉਦੋਂ ਹੁੰਦੀ ਹੈ ਜਦੋਂ ਉਸ ਦਾ ਮਾਸਿਕ ਧਰਮ ਬੰਦ (ਮੀਨੋਪਾਜ਼) ਹੋ ਜਾਂਦਾ ਹੈ।"

9 ਜਨਵਰੀ 1908 ਨੂੰ ਪੈਰਿਸ ਲਾਗੇ ਨਿੱਕੇ ਜਿਹੇ ਪਿੰਡ ਵਿਚ ਉਸ ਦਾ ਜਨਮ ਹੋਇਆ। ਹੁਣ ਤਾਂ ਇਹ ਪਿੰਡ ਪੈਰਿਸ ਸ਼ਹਿਰ ਦਾ ਹਿੱਸਾ ਬਣ ਗਿਆ ਹੈ ਪਰ ਬਚਪਨ ਵਿਚ ਉਹਨੇ ਪਿੰਡ ਦੀ ਟੁੱਟ-ਭੱਜ ਹੁੰਦੀ ਦੇਖੀ। ਉਸ ਦਾ ਨਾਨਾ ਕਿਸੇ ਜ਼ਮਾਨੇ ਵਿਚ ਧਨਾਢ ਸੀ ਪਰ ਹੁਣ ਦਿਨੋ-ਦਿਨ ਹਾਲਤ ਪਤਲੀ ਹੋ ਰਹੀ ਸੀ। ਤਾਂ ਵੀ, ਇਸ ਜ਼ਮਾਨੇ ਦੇ ਖਾਨਦਾਨੀ ਘਰਾਂ ਦੀਆਂ ਕੁੜੀਆਂ ਵਾਸਤੇ ਕੁਝ ਨਿਯਮ ਹੁੰਦੇ ਸਨ। ਉਹ ਆਪਣੀ ਪੱਧਰ ਦੇ ਖਾਨਦਾਨ ਵਿਚ ਵਿਆਹੀਆਂ ਜਾਣਗੀਆਂ ਤੇ ਆਪਣੇ ਬੱਚਿਆਂ ਰਾਹੀਂ ਇਹ ਵੇਲ ਅੱਗੇ ਵਧਾਉਣਗੀਆਂ। ਵਿਆਹ ਦੇ ਬੰਧਨ ਤੱਕ ਪਵਿੱਤਰ ਰਹਿਣਗੀਆਂ। ਸਿਮੋਨ ਦੀ ਮਾਂ ਨੂੰ ਸਾਰੀ ਉਮਰ ਇਸ ਗੱਲ ਦਾ ਅਫਸੋਸ ਰਿਹਾ ਕਿ ਉਹ ਆਪਣੇ ਪਤੀ ਅੱਗੇ ਸਿਰ ਉਚਾ ਕਰ ਕੇ ਇਸ ਲਈ ਨਹੀਂ ਤੁਰ ਸਕੀ ਕਿ ਜਿੰਨੇ ਦੀ ਆਸ ਸੀ, ਸਿਮੋਨ ਦਾ ਨਾਨਾ ਆਪਣੀ ਧੀ ਨੂੰ ਉਨਾ ਦਾਜ ਨਾ ਦੇ ਸਕਿਆ। ਮਾਂ ਦਾ ਨਾਮ ਫਰਾਂਕਿਸ ਬ੍ਰੇਜੀਅਰ ਅਤੇ ਪਿਤਾ ਜਾਰਜ 'ਦ ਬੋਵੁਅਰ। ਜਾਰਜ ਔਰਤਾਂ ਅਤੇ ਕਿਤਾਬਾਂ ਦਾ ਰਸੀਆ ਸੀ। ਥਿਏਟਰ ਅਤੇ ਸ਼ਰਾਬ ਦਾ ਸ਼ੁਕੀਨ। ਕੋਠਿਆਂ ਉਪਰ ਰਾਤਾਂ ਬਿਤਾ ਕੇ ਘਰ ਆਪਣੇ ਕਾਰੋਬਾਰ ਦੀਆਂ ਕਹਾਣੀਆਂ ਘੜ-ਘੜ ਸੁਣਾਉਂਦਾ ਤੇ ਘਰ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਗਈ।

ਤਿੰਨ ਸਾਲ ਦੀ ਉਮਰੇ ਸਿਮੋਨ ਨੇ ਪੜ੍ਹਨਾ ਸਿੱਖ ਲਿਆ। ਉਹ ਕਾਗਜ਼ਾਂ ਨਾਲ ਚਿਪਕੀ ਰਹਿੰਦੀ। ਮਨਮਰਜ਼ੀ ਕਰਨ ਵਾਲਾ ਗੁਸੈਲਾ ਸੁਭਾਅ ਦੇਖ ਕੇ ਮਾਂ ਆਖਦੀ-ਬਹੁਤ ਛੋਟੀ ਹੈ ਅਜੇ। ਆਪੇ ਉਮਰ ਨਾਲ ਸਮਝ ਜਾਏਗੀ। ਭੈਣ ਹੈਲਨ ਉਸ ਤੋਂ ਢਾਈ ਸਾਲ ਛੋਟੀ ਸੀ। ਹੈਲਨ ਨੂੰ ਪੜ੍ਹਨਾ ਲਿਖਣਾ ਸਿਮੋਨ ਨੇ ਸਿਖਾਇਆ। ਉਹਨੂੰ ਬਹੁਤ ਪਿਆਰ ਕਰਦੀ। ਸੋਚਦੀ-ਜਿਨ੍ਹਾਂ ਦੀ ਛੋਟੀ ਭੈਣ ਨਹੀਂ ਹੁੰਦੀ, ਉਹ ਬੱਚੇ ਕਿਵੇਂ ਦਿਨ ਕੱਟਦੇ ਹੋਣਗੇ? ਮਾਂ ਪੂਰੀ ਧਰਮੀ। ਕੈਥੋਲਿਕ ਧੀਆਂ ਨੂੰ ਸਾਹਮਣੇ ਬਿਠਾ ਕੇ ਦੋਵੇਂ ਵਕਤ ਪਾਠ ਕਰਦੀ। ਐਤਵਾਰ ਗਿਰਜੇ ਲਿਜਾਂਦੀ। 1913 ਵਿਚ ਜਦੋਂ ਸਿਮੋਨ ਸਕੂਲ ਵਿਚ ਦਾਖਲ ਕਰਵਾਈ, ਮਾਂ ਨੇ ਆਗਿਆ ਲੈ ਕੇ ਕਲਾਸ ਵਿਚ ਬੈਠਣਾ ਸ਼ੁਰੂ ਕਰ ਦਿੱਤਾ ਤਾਂ ਕਿ ਖੁਦ ਲੈਟਿਨ ਅਤੇ ਅੰਗਰੇਜ਼ੀ ਸਿੱਖ ਕੇ ਆਪਣੀਆਂ ਧੀਆਂ ਨੂੰ ਪੜ੍ਹਾਵੇ। ਖਾਨਦਾਨ ਦੀਆਂ ਸਭ ਕੁੜੀਆਂ ਘਰਾਂ ਵਿਚ ਉਸਤਾਨੀਆਂ ਤੋਂ ਪੜ੍ਹਦੀਆਂ ਪਰ ਗਰੀਬੀ ਕਾਰਨ ਸਿਮੋਨ ਸਕੂਲ ਜਾਂਦੀ। ਸਕੂਲ ਕਾਰਨ ਉਸ ਵਿਚ ਆਤਮ-ਵਿਸ਼ਵਾਸ ਮਜ਼ਬੂਤ ਹੋਇਆ।

ਤੰਗੀ ਕਾਰਨ ਪੰਜਵੀਂ ਮੰਜ਼ਲ ਉਪਰ ਨਿੱਕਾ ਫਲੈਟ ਕਿਰਾਏ 'ਤੇ ਲੈਣਾ ਪਿਆ। ਪੁਰਾਣੇ ਤੇ ਮੈਲੇ ਕੱਪੜੇ, ਅਣਵਾਹੇ ਵਾਲ। ਕੁੜੀਆਂ ਝੱਲੀਆਂ ਲੱਗਦੀਆਂ। ਦਲਿੱਦਰ ਨੇ ਮਾਂ ਉਪਰ ਅਸਰ ਕਰਨਾ ਸ਼ੁਰੂ ਕਰ ਦਿਤਾ। ਆਪਣੀਆਂ ਧੀਆਂ ਨੂੰ ਦੱਸਦੀ ਰਹਿੰਦੀ ਕਿ ਧਰਮ ਅਤੇ ਨੇਕੀ ਸਾਹਮਣੇ ਪੈਸਾ ਕੀ ਚੀਜ਼ ਹੈ? ਸਿਮੋਨ ਪੜ੍ਹਨ ਵਿਚ ਮਿਹਨਤੀ ਨਿਕਲੀ। ਮਾਂ ਹਮੇਸ਼ਾਂ ਆਖਦੀ-ਤੇਰੇ ਵਰਗੀ ਧੀ ਲੱਖਾਂ ਵਿਚੋਂ ਇੱਕ ਹੁੰਦੀ ਹੈ। ਵਿੱਦਿਆ ਕਾਰਨ ਤੂੰ ਬੜੀ ਉਚੀ ਥਾਂ ਅੱਪੜੇਂਗੀ।

ਗਰੀਬੀ ਕਾਰਨ ਕਲੇਸ਼ ਕੁਦਰਤੀ ਹੈ। ਪਿਤਾ ਦਾ ਸੁਭਾਅ ਦਿਨ-ਬ-ਦਿਨ ਚਿੜਚਿੜਾ ਹੁੰਦਾ ਗਿਆ ਤੇ ਉਹ ਸਮਾਂ ਵੀ ਆਇਆ ਜਦੋਂ ਉਹ ਮਹਿਮਾਨਾਂ ਸਾਹਮਣੇ ਵੀ ਸਿਮੋਨ ਦੀ ਮਾਂ ਨੂੰ ਥੱਪੜ ਮਾਰ ਦਿੰਦਾ। ਮਾਂ ਦਾ ਹੋਰ ਤਾਂ ਕੀ ਜ਼ੋਰ ਸੀ! ਕਿਤੇ ਵਿਗੜ ਨਾ ਜਾਣ, ਧੀਆਂ ਉਪਰ ਸਖਤੀ ਕਰਦੀ। ਕਿਤਾਬ ਦੇ ਜਿਹੜੇ ਵਰਕੇ ਇਸ ਉਮਰ ਵਿਚ ਪੜ੍ਹਨਯੋਗ ਨਹੀਂ ਹੁੰਦੇ, ਉਨ੍ਹਾਂ ਨੂੰ ਆਪਸ ਵਿਚ ਸੂਈ ਨਾਲ ਸਿਉਂ ਦਿੰਦੀ। ਜਿਉਂ-ਜਿਉਂ ਜਵਾਨ ਹੁੰਦੀ ਗਈ, ਸਿਮੋਨ ਦੇ ਸਵਾਲ ਵਧਦੇ ਗਏ ਜਿਨ੍ਹਾਂ ਦਾ ਉਤਰ ਨਾ ਮਿਲਦਾ। ਸਿਉਂਤੇ ਹੋਏ ਵਰਕੇ ਬਾਕੀ ਲਿਖਤ ਤੋਂ ਪਹਿਲਾਂ ਪੜ੍ਹਦੀ। ਚਚੇਰੀ ਭੈਣ ਜਾਜ਼ਾ ਤੋਂ ਵਰਜਿਤ ਕਿਤਾਬਾਂ ਲੈ ਕੇ ਚੋਰੀ-ਚੋਰੀ ਪੜ੍ਹਦੀ। ਧਰਮ ਵੱਲੋਂ ਮਨ ਉਚਾਟ ਹੁੰਦਾ ਗਿਆ। ਮਾਂ ਵਾਂਗ ਪਿਤਾ ਪੱਕਾ ਈਸਾਈ ਨਹੀਂ ਸੀ, ਕਿਹਾ ਕਰਦਾ-ਜੇ ਪੋਪ ਰੱਬ ਦਾ ਭੇਜਿਆ ਹੋਇਆ ਹੈ, ਤਾਂ ਫਿਰ ਰੱਬ ਦੀਆਂ ਗੱਲਾਂ ਕਰੇ, ਦੁਨੀਆਂ ਦੇ ਕੰਮਾਂ ਵਿਚ ਟੰਗ ਕਿਉਂ ਅੜਾਉਂਦੈ? ਸਿਮੋਨ ਨੂੰ ਇਹ ਗੱਲ ਠੀਕ ਲੱਗਦੀ। ਬਚਪਨ ਦੀਆਂ ਇਹ ਯਾਦਾਂ ਉਸ ਦੀ ਕਿਤਾਬ 'ਆਗਿਆਕਾਰ ਧੀ ਦੀਆਂ ਯਾਦਾਂ' (Memoires of a Dutiful Daughter) ਵਿਚ ਸਾਂਭੀਆਂ ਪਈਆਂ ਹਨ।



ਸਿਮੋਨ

ਗਰਮੀਆਂ ਦੇ ਦਿਨੀਂ ਬੱਚੇ ਪਿੰਡ ਵਾਲੇ ਘਰ ਛੁੱਟੀਆਂ ਬਿਤਾਉਂਦੇ ਜਿਥੇ ਸਖਤ ਨਿਗਰਾਨੀ, ਝਾੜ ਝੰਬ ਤੋਂ ਛੁਟਕਾਰਾ ਮਿਲਦਾ। ਚੌਦਾਂ ਸਾਲ ਦੀ ਉਮਰ ਵਿਚ ਸਿਮੋਨ ਪਿੰਡ ਗਈ ਤਾਂ ਸੋਚਣ ਲੱਗੀ, "ਧਰਮ ਅਤੇ ਰੱਬ ਦੀ ਕੀ ਲੋੜ ਹੈ? ਮੁੰਡੇ ਇੰਨੇ ਧਰਮੀਂ ਕਿਉਂ ਨਹੀਂ ਹੁੰਦੇ ਜਿੰਨੀਆਂ ਕੁੜੀਆਂ, ਹਾਲਾਂਕਿ ਬਾਕੀ ਸਭ ਕੰਮਾਂ ਵਿਚ ਉਹ ਅੱਗੇ ਹਨ? ਉਹਦੇ ਦਿਲ ਵਿਚੋਂ ਧਰਮ ਅਤੇ ਰੱਬ ਗੈਰ-ਹਾਜ਼ਰ ਰਹਿਣ ਲੱਗੇ ਤਾਂ ਉਹਨੇ ਉਹ ਸਾਰੇ ਕੰਮ ਕੀਤੇ ਜਿਨ੍ਹਾਂ ਤੋਂ ਧਰਮ ਨੇ ਵਰਜਿਆ ਸੀ, ਯਾਨਿ ਉਹ ਪਾਪਣ ਹੋ ਗਈ। ਇਥੇ ਉਹਨੂੰ ਯਕੀਨ ਹੋ ਗਿਆ ਕਿ ਪਵਿਤਰਾਂ ਨਾਲੋਂ ਪਾਪੀ ਵਧੀਕ ਚੰਗੇ ਹਨ ਤੇ ਇਹ ਯਕੀਨ ਸਾਰੀ ਉਮਰ ਲਈ ਪੱਕਾ ਹੋ ਗਿਆ। "ਪਿੰਡੋਂ ਵਾਪਸ ਆ ਕੇ ਮਾਂ ਸਾਹਮਣੇ ਮੈਂ ਹਰ ਪੱਖੋਂ ਧਰਮੀ ਧੀ ਬਣ ਕੇ ਰਹਿੰਦੀ ਪਰ ਵਕਤ-ਬਵਕਤ ਸਮਾਂ ਮਿਲਣ 'ਤੇ ਮਰਜ਼ੀ ਕਰਦੀ। ਇਉਂ ਇਕ ਲਿਬਾਸ ਵਿਚ ਦੋ ਕੁੜੀਆਂ ਰਹਿਣ ਲੱਗ ਪਈਆਂ ਜਿਨ੍ਹਾਂ ਦੀ ਆਪਸ ਵਿਚ ਬਣਦੀ ਨਹੀਂ ਸੀ।"

ਪਿਤਾ ਨੇ ਦੱਸਿਆ ਸੀ ਕਿ ਲੇਖਕ ਮਹਾਨ ਹੁੰਦੇ ਹਨ ਤੇ ਉਹ ਮਰਦੇ ਨਹੀਂ। ਪੰਦਰਾਂ ਸਾਲ ਦੀ ਉਮਰ ਵਿਚ ਉਹਨੇ ਲੇਖਕ ਹੋਣ ਦਾ ਸੁਫਨਾ ਇਸ ਕਰ ਕੇ ਲਿਆ ਕਿ ਪਾਪੀ ਲੋਕ ਮਰਦੇ ਹਨ, ਧਰਮੀ ਜਿਉਂਦੇ ਰਹਿੰਦੇ ਹਨ। ਮੌਤ ਦੇ ਖੌਫ ਸਦਕਾ ਉਹਨੂੰ ਲੇਖਕ ਬਣਨ ਦੀ ਸੁੱਝੀ। ਉਨ੍ਹੀਂ ਦਿਨੀਂ ਕੁੜੀਆਂ ਨੌਕਰੀ ਨਹੀਂ ਕਰਦੀਆਂ ਸਨ। ਸਿਮੋਨ ਨੇ ਫਿਲਾਸਫੀ ਅਤੇ ਗਣਿਤ ਦੇ ਵਿਸ਼ਿਆਂ ਨਾਲ ਗ੍ਰੈਜੂਏਸ਼ਨ ਕਰਨ ਦਾ ਫੈਸਲਾ ਕੀਤਾ ਤਾਂ ਪਿਤਾ ਨੇ ਹਉਕਾ ਲੈਂਦਿਆਂ ਕਿਹਾ, "ਬਾਕੀ ਕੁੜੀਆਂ ਜਦੋਂ ਵਿਆਹ ਬਾਅਦ ਇੱਜ਼ਤਦਾਰ ਸੁਆਣੀਆਂ ਬਣਨਗੀਆਂ, ਤੁਸੀਂ ਨੌਕਰੀ ਕਰੋਗੀਆਂ ਤੇ ਵਿਆਹ ਨਹੀਂ ਹੋਏਗਾ।" ਇਸ ਦੇ ਉਲਟ ਸਿਮੋਨ ਨੂੰ ਲੱਗਦਾ ਜਿਵੇਂ ਵਿਆਹ ਦਾ ਸੰਸਕਾਰ ਕੁੜੀ ਵਾਸਤੇ ਇਕ ਤਰ੍ਹਾਂ ਦੀ ਬਲੀ ਦੀ ਰਸਮ ਹੈ।

ਚਚੇਰੀ ਭੈਣ ਜਾਜ਼ਾ ਦਾ ਗਵਾਂਢੀ ਜੁਆਨ ਮਾਰਲੇ ਪੋਂਟੀ ਨਾਲ ਪਿਆਰ ਹੋ ਗਿਆ। ਦੋਵਾਂ ਨੇ ਮਾਪਿਆਂ ਕੋਲ ਗੱਲ ਕੀਤੀ। ਕਿਸੇ ਕਾਰਨ ਜਾਜ਼ਾ ਦੇ ਮਾਪੇ ਤਿਆਰ ਨਹੀਂ ਹੋ ਰਹੇ ਸਨ। ਇਕ ਦਿਨ ਜਾਜ਼ਾ ਹੈਰਾਨ ਹੋ ਗਈ ਜਦੋਂ ਉਨ੍ਹਾਂ ਦੇ ਘਰ ਆ ਕੇ ਮਾਰਲੇ ਖੁਦ ਨਾਂਹ ਕਰ ਗਿਆ। ਭੇਤ ਇਹ ਖੁੱਲ੍ਹਿਆ ਕਿ ਮਾਰਲੇ ਹਰਾਮ ਦੀ ਔਲਾਦ ਸੀ ਜਿਸ ਦਾ ਉਹਨੂੰ ਖੁਦ ਪਤਾ ਨਹੀਂ ਸੀ, ਨਾ ਜਾਜ਼ਾ ਨੂੰ। ਮਾਂ ਨੇ ਪੁੱਤਰ ਨੂੰ ਇਹ ਗੱਲ ਦੱਸ ਦਿੱਤੀ। ਬਜਾਇ ਇਸ ਦੇ ਕਿ ਇਧਰ-ਉਧਰ ਰੌਲਾ-ਰੱਪਾ ਮਾਪਿਆਂ ਦੀ ਬਦਨਾਮੀ ਦਾ ਕਾਰਨ ਬਣੇ, ਮਾਰਲੇ ਜਵਾਬ ਦੇ ਗਿਆ। ਜਾਜ਼ਾ ਨੂੰ ਪਤਾ ਲੱਗਾ ਤਾਂ ਪਹਿਲਾਂ ਬੁਖਾਰ ਚੜ੍ਹਿਆ, ਫਿਰ ਪਾਗਲ ਹੋ ਕੇ ਮਰ ਗਈ। ਮੌਤ ਬਾਅਦ ਮਾਪੇ ਕਹਿੰਦੇ ਸੁਣੇ ਗਏ ਕਿ ਵਿਆਹ ਹੋ ਜਾਂਦਾ ਤਾਂ ਠੀਕ ਹੋਣਾ ਸੀ, ਬੱਚਿਆਂ ਦਾ ਇਸ ਵਿਚ ਕੀ ਦੋਸ਼? ਇਨ੍ਹਾਂ ਘਟਨਾਵਾਂ ਨੇ ਸਿਮੋਨ ਉਪਰ ਅਸਰ ਪਾਇਆ। ਵਿਆਹ ਵਿਰੁਧ ਉਸ ਦੀ ਨੀਤ ਹੋਰ ਪੱਕੀ ਹੋ ਗਈ। ਉਹ ਕਿਹਾ ਕਰਦੀ-ਮੇਰੀ ਭੈਣ ਦੀ ਮੌਤ ਮੇਰੀ ਆਜ਼ਾਦੀ ਦੀ ਨੀਂਹ ਬਣੀ।

ਜੈਕ ਨਾਮ ਦਾ ਇਕ ਮੁੰਡਾ ਦੇਖਣ ਨੂੰ ਠੀਕ ਸੀ। ਸਿਮੋਨ ਨਾਲ ਦੋਸਤੀ ਹੋਈ। ਕਿਤਾਬਾਂ ਦੇ ਜਾਂਦਾ। ਥੋੜ੍ਹੇ ਸਮੇਂ ਬਾਅਦ ਉਹਦਾ ਮੰਗਣਾ ਹੋ ਗਿਆ। ਪਤਾ ਲੱਗਾ, ਅਮੀਰ ਘਰ ਦੀ ਕੁੜੀ ਵਿਆਹ ਵਿਚ ਬੜਾ ਦਾਜ ਲਿਆਈ ਸੀ। ਮਾਂ ਦਾ ਕਿੱਸਾ ਸਿਮੋਨ ਦੀਆਂ ਅੱਖਾਂ ਅੱਗਿਓਂ ਘੁੰਮ ਗਿਆ।

ਜੈਕ ਨੇ ਦੱਸਿਆ ਸੀ ਕਿ ਕੈਫੇ ਵਿਚ ਬੈਠੇ ਲੋਕ ਸਾਰਾ ਦਿਨ ਅਕਲ ਦੀਆਂ ਗੱਲਾਂ ਕਰਦੇ ਨੇ। ਕੁੜੀਆਂ ਕੈਫੇ ਨਹੀਂ ਜਾਂਦੀਆਂ ਸਨ। ਸਿਮੋਨ ਮਾਂ ਦੀਆਂ ਨਜ਼ਰਾਂ ਤੋਂ ਪਰ੍ਹੇ ਹੋਣ ਲਈ ਆਪਣੀ ਭੈਣ ਨੂੰ ਨਾਲ ਲੈ ਕੇ ਜਾਂਦੀ ਹੋਈ ਆਖਦੀ-ਸਹੇਲੀ ਨੂੰ ਮਿਲਣ ਚੱਲੀਆਂ ਹਾਂ। ਕੈਫੇ ਜਾਂਦੀਆਂ, ਕਾਫੀ ਤੋਂ ਬਾਅਦ ਸਿਗਰਟਾਂ ਪੀਂਦੀਆਂ ਤੇ ਫਿਰ ਵਿਸਕੀ ਵੀ ਚੱਲਦੀ। ਸਿਮੋਨ ਅਜਨਬੀਆਂ ਨਾਲ ਨੱਚਦੀ। ਮਰਦਾਂ ਦੀ ਛੋਹ ਦਾ ਅਨੰਦ ਲੈਂਦੀ। ਆਵਾਰਗੀ ਉਸ ਵਾਸਤੇ ਜੀਵਨ ਦਾ ਮਾਡਲ ਹੋ ਗਈ। ਉਸ ਵਾਸਤੇ ਕੁਆਰਾਪਣ ਪਾਖੰਡ ਸੀ। ਬਗਾਵਤ, ਹਰ ਸਥਾਪਤੀ ਵਿਰੁਧ ਬਗਾਵਤ, ਚੱਲ ਪਈ ਤਾਂ ਚੱਲ ਸੋ ਚੱਲ।

1927 ਵਿਚ ਬੀ.ਏ. ਕਰ ਕੇ ਐਮ.ਏ. ਕਰਨ ਲਈ ਯੂਨੀਵਰਸਿਟੀ ਵਿਚ ਦਾਖਲ ਹੋ ਗਈ। ਮਾਰਿਸ, ਮਾਰਲੋ ਪੋਂਟੀ ਅਤੇ ਲੇਵੀ ਸਤ੍ਰਾਸ ਉਸ ਦੇ ਜਮਾਤੀ ਸਨ ਜੋ ਭਵਿੱਖ ਵਿਚ ਨਾਮਵਰ ਫਿਲਾਸਫਰ ਬਣਨੇ ਸਨ। ਸਾਰਤਰ ਉਸ ਤੋਂ ਇਕ ਕਲਾਸ ਅੱਗੇ ਸੀ ਪਰ ਫੇਲ੍ਹ ਹੋਣ ਕਾਰਨ ਐਮ.ਏ. ਦੇ ਆਖਰੀ ਸਾਲ 1929 ਵਿਚ ਦੋਵਾਂ ਨੇ ਇਕੱਠਿਆਂ ਇਮਤਿਹਾਨ ਦਿੱਤਾ। ਪੇਪਰਾਂ ਦਾ ਮੁਲੰਕਣ ਹੋਇਆ ਤਾਂ ਸਾਰਤਰ ਫਸਟ ਰਿਹਾ ਤੇ ਸਿਮੋਨ ਸੈਕਿੰਡ, ਪਰ ਅਧਿਆਪਕਾਂ ਨੇ ਕਿਹਾ-ਸਾਰਤਰ ਨੇ ਇਮਤਿਹਾਨ ਦੂਜੀ ਵਾਰ ਦਿੱਤਾ ਹੈ ਤੇ ਸਿਮੋਨ ਨੇ ਪਹਿਲੀ ਵਾਰ, ਇਸ ਲਈ ਦੋਹਾਂ ਨੂੰ ਗੋਲਡ ਮੈਡਲ ਦਿੱਤੇ ਜਾਣ। ਵਿਦਾਇਗੀ ਪਾਰਟੀ ਦਿੱਤੀ ਗਈ ਤਾਂ ਸਾਰਤਰ ਪੂਰਾ ਨੰਗਾ ਹੋ ਕੇ ਆ ਗਿਆ। ਪਹਿਲੋਂ ਸੱਨਾਟਾ ਫਿਰ ਹਾਸਾ। ਇਹ ਘਟਨਾ ਕਈ ਸਾਲ ਤੱਕ ਈਖੋਲ ਸਕੂਲ ਆਫ ਫਿਲਾਸਫੀ ਸੋਰਬੋਨ ਯੂਨੀਵਰਸਿਟੀ ਵਿਚ ਚਰਚਿਤ ਰਹੀ। ਲੇਵੀ, ਪੋਂਟੀ ਅਤੇ ਸਾਰਤਰ-ਤਿੰਨਾਂ ਨੇ ਐਲਾਨ ਕਰ ਦਿੱਤਾ ਕਿ ਉਹ ਧਾਰਮਿਕ ਪ੍ਰੀਖਿਆ ਦਾ ਪੇਪਰ ਨਹੀਂ ਦੇਣਗੇ। ਆਗਿਆ ਮਿਲ ਗਈ। ਇਨ੍ਹਾਂ ਨੇ ਧਰਮ ਦੀ, ਸਮਾਜ ਦੀ, ਹਰ ਸਥਾਪਤ ਪਰੰਪਰਾ ਦੀ ਖਿੱਲੀ ਉਡਾਈ; ਕਿਹਾ ਕਿ ਆਦਮੀ ਹੱਡ-ਮਾਸ ਦਾ ਬਣਿਆ ਹੋਰ ਜਾਨਵਰਾਂ ਵਰਗਾ ਜਾਨਵਰ ਹੈ ਤੇ ਪਸ਼ੂ ਬਿਰਤੀਆਂ ਦਾ ਸਨਮਾਨ ਹੋਣਾ ਚਾਹੀਦਾ ਹੈ। ਸਿਮੋਨ ਦੀਆਂ ਦੱਬੀਆਂ ਖਾਹਸ਼ਾਂ ਵਿਚ ਭਾਂਬੜ ਬਾਲਣ ਵਾਲੇ ਇਹੋ ਤਿੰਨ ਯੋਧੇ ਸਨ।

ਮੁੰਡਿਆਂ ਦੇ ਕਾਲਜ ਲਾਇਸੀ ਵਿਚ ਜਦੋਂ ਉਹ ਫਿਲਾਸਫੀ ਦੀ ਲੈਕਚਰਾਰ ਨਿਯੁਕਤ ਹੋਈ, ਇਸ ਖੇਤਰ ਵਿਚ ਉਹ ਪਹਿਲੀ ਕੁੜੀ ਸੀ। ਸਾਰਤਰ ਦੇ ਸੰਪਰਕ ਵਿਚ ਆਈ ਤਾਂ ਉਸ ਨੂੰ ਲੱਗਾ ਜਿਵੇਂ ਅਸਮਾਨ ਦੀ ਬੰਦ ਖਿੜਕੀ ਖੁੱਲ੍ਹ ਗਈ ਹੋਵੇ। ਉਹ ਸੋਚਦੀ-ਲਿਖਣ ਪੜ੍ਹਨ ਤੋਂ ਬਗੈਰ ਜੀਵਨ ਵਿਅਰਥ ਹੈ ਪਰ ਸਾਰਤਰ ਵਾਸਤੇ ਲਿਖਣਾ ਹੀ ਜਿਉਣਾ ਸੀ। ਜੋ ਲਿਖਦੇ, ਦੋਵੇਂ ਇਕ-ਦੂਜੇ ਨੂੰ ਦਿਖਾਉਂਦੇ, ਸੋਧਾਂ ਕਰਦੇ ਤੇ ਇਹ ਅਮਲ ਸਾਰੀ ਉਮਰ ਲਈ ਨਿਭਿਆ। ਉਨ੍ਹਾਂ ਨੇ ਜੀਵਨ ਦਾ ਹਰ ਹਿੱਸਾ ਆਪਸ ਵਿਚ ਵੰਡ ਲਿਆ।

ਸਿਮੋਨ ਨਾਲੋਂ ਢਾਈ ਸਾਲ ਵੱਡਾ ਸਾਰਤਰ ਪੈਰਿਸ ਦੇ ਦੂਜੇ ਪਾਸੇ ਜੰਮਿਆ ਸੀ। ਇਕ ਸਾਲ ਦਾ ਸੀ, ਪਿਤਾ ਦੀ ਮੌਤ ਹੋ ਗਈ। ਮਾਂ ਆਪਣੇ ਪੇਕੇ ਘਰ ਚਲੀ ਗਈ। ਗਿਆਰਾਂ ਸਾਲ ਤੱਕ ਮਾਂ ਅਤੇ ਨਾਨੇ ਦੀ ਨਿਗਰਾਨੀ ਵਿਚ ਪਲਿਆ, ਪੜ੍ਹਿਆ। ਨਾਨਾ ਜਰਮਨ ਅਤੇ ਅੰਗਰੇਜ਼ੀ ਦਾ ਅਧਿਆਪਕ ਸੀ। ਉਹਨੇ ਦਸ ਸਾਲ ਦੇ ਸਾਰਤਰ ਨੂੰ ਫਰੈਂਚ ਸਮੇਤ ਜਰਮਨ ਅਤੇ ਅੰਗਰੇਜ਼ੀ ਪੜ੍ਹਨੀਆਂ ਲਿਖਣੀਆਂ ਸਿਖਾ ਦਿੱਤੀਆਂ। ਮਾਂ ਨੇ ਜਦੋਂ ਇੰਜੀਨੀਅਰ ਨਾਲ ਦੂਜਾ ਵਿਆਹ ਕਰਵਾਇਆ, ਸਾਰਤਰ ਦੀ ਜ਼ਿੰਦਗੀ ਖਾਲੀ ਹੋ ਗਈ। ਉਹਦਾ ਸਹਾਰਾ ਕੇਵਲ ਕਿਤਾਬਾਂ ਰਹਿ ਗਈਆਂ। ਕਾਰਟੂਨ ਬਣਾਉਣੇ ਸ਼ੁਰੂ ਕਰ ਦਿੱਤੇ ਤੇ ਅਧਿਆਪਕਾਂ, ਪਾਦਰੀਆਂ, ਜਮਾਤੀਆਂ ਦੇ ਕਾਰਟੂਨ ਉਸ ਦੀ ਪਸੰਦੀਦਾ ਖੇਡ ਸੀ। ਜਦੋਂ ਉਸ ਨੇ ਜੁਆਨ ਉਮਰੇ ਫਿਲਾਸਫੀ ਦੇ ਵਿਸ਼ਿਆਂ ਉਪਰ ਲਿਖਣਾ ਸ਼ੁਰੂ ਕੀਤਾ, ਉਹਦੀ ਲਿਖਤ ਦਾ ਮਨੋਰਥ ਕੁੜੀਆਂ ਜਿੱਤਣਾ ਸੀ। ਇੱਕ ਨਹੀਂ, ਇਕ ਤੋਂ ਬਾਅਦ ਇਕ ਹੋਰ। ਕੇਵਲ ਸਿਮੋਨ ਨਾਲ ਲੰਮਾ ਸਮਾਂ ਬਿਤਾਇਆ। ਹੋਰ ਕਿਸੇ ਨੂੰ ਇਹ ਅਧਿਕਾਰ ਨਹੀਂ ਦਿੱਤਾ।

ਸਿਮੋਨ ਦੀ ਨਾਨੀ ਆਪਣੀ ਕੋਠੀ ਦੇ ਕਮਰੇ ਕਿਰਾਏ 'ਤੇ ਚਾੜ੍ਹਦੀ। ਇਕ ਕਮਰਾ ਸਿਮੋਨ ਨੇ ਵੀ ਕਿਰਾਏ 'ਤੇ ਲਿਆ। ਅਧਿਆਪਨ ਰਾਹੀਂ ਪੈਸੇ ਆਉਣੇ ਸ਼ੁਰੂ ਹੋਏ ਤਾਂ ਉਸ ਦਾ ਲਿਬਾਸ ਠੀਕ ਹੋ ਗਿਆ। ਆਪਣੀ ਪ੍ਰਾਈਵੇਸੀ, ਜੋ ਚਾਹੇ ਕਰੇ, ਨਵਜੀਵਨ ਸ਼ੁਰੂ। ਸਾਰਤਰ ਨਾਲ ਨਿੱਜੀ ਮੇਲ ਅਰੰਭ। ਲਿਖਦੀ ਹੈ, "ਦਿਲ, ਦਿਮਾਗ, ਸਰੀਰ ਅਤੇ ਕੁਆਰਾਪਣ ਪ੍ਰਸੰਨਤਾ ਨਾਲ ਸਾਰਤਰ ਦੇ ਹਵਾਲੇ ਕੀਤੇ। ਜਿਸਮਾਨੀ ਏਕਤਾ ਤੋਂ ਵੱਡਾ ਅਨੰਦ ਹੋਰ ਕੋਈ ਨਹੀਂ।" ਇਥੇ ਫੋਕਸ ਵਿਚ ਇਹ ਨੁਕਤਾ ਲਿਆਉਣਾ ਜ਼ਰੂਰੀ ਹੈ ਕਿ ਇਹ ਸਾਰਤਰ ਸੀ ਜਿਸ ਨੇ ਸਿਮੋਨ ਨੂੰ ਕਿਹਾ-ਮੈਂ ਇਕ ਕੁੜੀ ਨਾਲ ਹਮੇਸ਼ਾ ਨਹੀਂ ਰਹਿ ਸਕਦਾ। ਆਪਣੇ ਨਵੇਂ ਤੋਂ ਨਵੇਂ ਰੋਮਾਂਸ ਦੀ ਕਹਾਣੀ ਸਿਮੋਨ ਨੂੰ ਸੁਣਾਉਂਦਾ। ਸਿਮੋਨ ਸਾਰਤਰ ਨੂੰ ਪਾ ਕੇ ਸੰਤੁਸ਼ਟ ਸੀ ਤੇ ਉਮਰ ਭਰ ਵਿਆਹ ਦੇ ਬੰਧਨ ਵਿਚ ਰਹਿਣ ਦੀ ਇਛੁਕ। ਸਾਰਤਰ ਕਿਉਂਕਿ ਉਸ ਦਾ ਮਾਡਲ ਸੀ, ਇਸ ਕਰ ਕੇ ਸਿਮੋਨ ਉਵੇਂ ਕਰੇਗੀ ਜਿਵੇਂ ਸਾਰਤਰ। ਉਹ ਇਸ ਰਸਤੇ ਉਪਰ ਨਿਧੜਕ ਚੱਲ ਪਈ। ਜੇ ਸਾਰਤਰ ਵਰਜਦਾ, ਰੁਕ ਜਾਂਦੀ, ਉਹ ਤਾਂ ਸਗੋਂ ਉਤਸ਼ਾਹਿਤ ਕਰਦਾ ਰਹਿੰਦਾ। ਜੇ ਕਿਸੇ ਦਾ ਮਨ ਸਿਮੋਨ ਨੂੰ ਦੋਸ਼ੀ ਸਾਬਤ ਕਰਨ ਦਾ ਹੋਵੇ, ਸਾਰਤਰ ਦੋਸ਼ੀ ਸਾਬਤ ਹੋਏਗਾ। ਸਾਰਤਰ ਨੇ ਇਨ੍ਹਾਂ ਰੋਮਾਂਸਾਂ ਦਾ ਨਾਮ ਤੂਫਾਨੀ ਇਸ਼ਕ ਰੱਖਿਆ ਜੋ ਆਉਂਦਾ ਤੇ ਚਲਾ ਜਾਂਦਾ ਹੈ। ਸਿਮੋਨ ਤੂਫਾਨਾਂ ਦਾ ਸਵਾਗਤ ਕਰਨ ਲੱਗ ਪਈ। ਲਿਖਦੀ ਹੈ, "ਸਿਰ ਦੇ ਵਾਲਾਂ ਤੋਂ ਲੈ ਕੇ ਪਾਤਲੀਆਂ ਤੱਕ ਮੇਰੇ ਜਿਸਮ ਦੁਆਲੇ ਜ਼ਹਿਰੀਲੀ ਤਾਣੀ ਤਣੀ ਜਾਂਦੀ। ਮੇਰੇ ਜਿਸਮ ਨੂੰ ਕਿਸੇ ਦੀ ਜ਼ਰੂਰਤ ਪੈਂਦੀ। ਮੇਰੀ ਮਰਜ਼ੀ ਖਿਲਾਫ ਮੇਰੀ ਜਿਸਮਾਨੀ ਭੁੱਖ ਵਧਦੀ, ਮੈਨੂੰ ਪਸੰਦੀਦਾ ਮਰਦ ਦੀ ਜ਼ਰੂਰਤ ਰਹਿਣ ਲੱਗੀ। ਮੇਰੀ ਅਕਲ ਮਨ੍ਹਾ ਕਰਦੀ ਪਰ ਵਾਸਨਾ ਅੱਗੇ ਅਕਲ ਦੀ ਆਵਾਜ਼ ਕੌਣ ਸੁਣਦੈ? ਉਹ ਆਪਣੇ ਉਪਰ ਸਵਾਲ ਕਰਦੀ-ਕੋਈ ਵੀ ਮਰਦ ਆ ਜਾਏ, ਕਿਤੋਂ

ਵੀ! ਕੀ ਇਹ ਰੁਝਾਨ ਸਹੀ ਹੈ? ਕੀ ਇਸ ਬਾਰੇ ਸਾਰਤਰ ਨੂੰ ਦੱਸਿਆ ਜਾ ਸਕਦੈ? ਇਹ ਸੋਚ ਕੇ ਉਸ ਅੰਦਰਲੀ ਔਰਤ ਸ਼ਰਮਾ ਜਾਂਦੀ, "ਬੇਸ਼ਕ ਅਸੀਂ ਸੱਚ ਬੋਲਣ ਦਾ ਵਾਅਦਾ ਕੀਤਾ ਸੀ, ਮੈਂ ਸਾਰਤਰ ਨੂੰ ਹਰ ਗੱਲ ਨਾ ਦੱਸ ਸਕਦੀ।" ਆਪਣੀ ਕਿਤਾਬ 'ਦ ਸੈਕੰਡ ਸੈਕਸ' ਵਿਚ ਉਹ ਇਨ੍ਹਾਂ ਦਿਨਾਂ ਬਾਰੇ ਵਿਸਥਾਰ ਨਾਲ ਦੱਸਦੀ ਹੈ।

ਸਾਰਤਰ ਅਨੁਸਾਰ, "ਔਰਤ ਦਾ ਸਾਥ ਮੇਰੇ ਲਈ ਆਦਮੀ ਦੇ ਸਾਥ ਤੋਂ ਵਧੀਕ ਸੁਹਣਾ ਹੈ ਪਰ ਔਰਤ ਮੈਨੂੰ ਨਿਗਲ ਜਾਵੇ, ਮੈਂ ਰਹਾਂ ਈ ਨਾ ਬਾਕੀ, ਇਹ ਮੈਨੂੰ ਮਨਜ਼ੂਰ ਨਹੀਂ। ਔਰਤ ਆਏ, ਰਹਿਣ ਨਾ ਲੱਗ ਪਏ; ਚਲੀ ਜਾਵੇ, ਇਹ ਮੇਰੀ ਇੱਛਾ ਹੈ।" ਜਿਸਮਾਨੀ ਬੁਖਾਰ ਲੱਥ ਜਾਂਦਾ, ਬੌਧਿਕ ਤਪਸ਼ ਕਾਇਮ ਰਹਿੰਦੀ। ਇਸ ਬੌਧਿਕ ਤਪਸ਼ ਵਿਚੋਂ ਹੋਂਦਵਾਦ ਦੀ ਸਿਰਜਣਾ ਹੋਈ। ਡਾਕਟਰਾਂ ਨੇ ਦੱਸਿਆ ਹੈ-ਉਮਰ ਦੇ ਅਖੀਰ ਵਿਚ ਜਦੋਂ ਉਹਦੇ ਜਿਸਮ ਵਿਚ ਬੇਕਾਬੂ ਦਰਦ ਹੁੰਦਾ, ਬਗੈਰ ਦਵਾਈ ਜਾਂ ਟੀਕੇ ਦੇ ਉਹ ਅਰਾਮ ਨਾਲ ਦਰਦ ਉਪਰ ਕਾਬੂ ਪਾ ਲੈਂਦਾ। ਸਿਮੋਨ ਔਰਤਾਂ ਨੂੰ ਹਦਾਇਤ ਕਰਦੀ-ਜਿਸਮਾਨੀ ਕਾਮਕ ਇੱਛਾਵਾਂ ਉਪਰ ਕੰਟਰੋਲ ਰੱਖੋ, ਇਹ ਤੁਹਾਨੂੰ ਗੁਲਾਮ ਕਰ ਦਿੰਦੀਆਂ ਹਨ, ਉਹ ਆਪ ਇਸ ਗੁਲਾਮੀ ਤੋਂ ਮੁਕਤ ਨਾ ਹੋ ਸਕੀ। ਆਪਣੀ ਸਵੈਜੀਵਨੀ ਵਿਚ ਉਹ ਆਪਣੀਆਂ ਕੁਝ ਗੱਲਾਂ ਛੁਪਾ ਜਾਂਦੀ ਹੈ, ਬਚ-ਬਚ ਤੁਰਦੀ ਹੈ। ਇਹ ਤੱਥ ਉਹ ਆਪਣੀ ਗਲਪ ਵਿਚ ਦਿਖਾ ਦਿੰਦੀ ਹੈ। ਔਰਤਾਂ ਵਿਚਲੀ ਈਰਖਾ ਅਤੇ ਇਸ਼ਕ ਦੀ ਦੀਵਾਨਗੀ, ਆਵਾਰਗੀ ਦਾ ਵਰਣਨ ਉਸ ਦੀ ਗਲਪ ਵਿਚ ਖੂਬ ਹੋਇਆ ਹੈ।

ਸਾਰਤਰ ਹੈਰਾਨ ਹੁੰਦਾ ਕਿ ਸਿਮੋਨ ਉਹਦੀ ਹਰ ਸਲਾਹ ਮਨਜ਼ੂਰ ਕਰਦੀ-ਜਿਸ ਨੂੰ ਮੈਂ ਆਜ਼ਾਦੀ ਆਖਦਾ ਹਾਂ, ਇਹ ਆਜ਼ਾਦੀ ਹੈ ਕਿ ਗੁਲਾਮੀ? ਆਪਣਾ ਜੀਵਨ ਕਿਵੇਂ ਬਿਤਾਵਾਂ, ਮੈਨੂੰ ਕਦੀ ਸਹੀ ਪਤਾ ਨਾ ਲੱਗਾ। ਮੈਨੂੰ ਲਗਦਾ, ਅਖੌਤੀ ਕਲਮ ਧਰੀਕ ਦਰਅਸਲ ਮੈਂ ਸਿਰੇ ਦਾ ਹਰਾਮੀ ਹਾਂ ਜਿਸ ਨੂੰ ਦੇਖ ਕੇ ਉਲਟੀ ਆ ਜਾਏ। ਸਰਕਾਰੀ ਨੌਕਰੀ ਦੌਰਾਨ ਸਾਰਤਰ ਦੀ ਬਦਲੀ ਦੂਰ ਹੋ ਗਈ। ਉਹਨੇ ਸਿਮੋਨ ਨੂੰ ਸਲਾਹ ਦਿੱਤੀ ਕਿ ਜੇ ਵਿਆਹ ਕਰਵਾ ਲਈਏ ਤਾਂ ਤੇਰੀ ਬਦਲੀ ਮੇਰੇ ਕੋਲ ਹੋ ਜਾਏਗੀ। ਸਿਮੋਨ ਨੇ ਨਾਂਹ ਕਰ ਦਿੱਤੀ। ਸਟੇਟ ਦੇ ਬੰਧਨ ਤੋੜਨੇ ਹੋਣ ਤਾਂ ਸਟੇਟ ਤੋਂ ਰਿਆਇਤਾਂ ਖੈਰਾਤਾਂ ਕਿਉਂ ਮੰਗੀਏ? ਆਪਣੇ ਆਪ ਨੂੰ ਜ਼ਮਾਨੇ ਦਾ ਪਿਉ ਸਮਝਣ ਵਾਲਾ ਸਾਰਤਰ, ਸਿਮੋਨ ਅੱਗੇ ਬੱਚਾ ਹੋ ਜਾਂਦਾ ਸੀ। ਸਿਮੋਨ ਨੂੰ ਵਿਆਹ ਅਤੇ ਸੰਤਾਨ ਦੀ ਕੀ ਲੋੜ, ਉਸ ਨੂੰ ਸਾਰਤਰ ਵਰਗਾ ਬੱਚਾ ਮਿਲ ਗਿਆ ਸੀ। ਲਿਖਦੀ ਹੈ, "ਸਾਰਤਰ ਅਤੇ ਮੇਰੇ ਵਿਚਕਾਰਲਾ ਬੰਧਨ ਇਕ ਬੱਚੇ ਸਦਕਾ ਵਧੀਕ ਮਜ਼ਬੂਤ ਨਹੀਂ ਹੋ ਸਕਦਾ। ਮੈਂ ਚਾਹੁੰਦੀ ਵੀ ਨਹੀਂ ਸਾਂ ਕਿ ਸਾਰਤਰ ਦਾ ਵਿਸਥਾਰ ਉਸ ਦੇ ਬੱਚੇ ਵਿਚ ਦੇਖਾਂ ਜਦੋਂ ਕਿ ਆਪਣੇ ਆਪ ਵਿਚ ਇਕ ਜੋੜੇ ਵਜੋਂ ਅਸੀਂ ਸੰਪੂਰਨ ਸਾਂ। ਬਤੌਰ ਲੇਖਕ ਅਤੇ ਚਿੰਤਕ ਮੈਂ ਜਾਣਦੀ ਸਾਂ, ਸਿਵਾਇ ਕੰਮ ਵਿਚ ਵਿਘਨ ਪਾਉਣ ਦੇ, ਬੱਚਾ ਹੋਰ ਕੁਝ ਨਹੀਂ ਕਰੇਗਾ। ਮਮਤਾ ਵਰਗੇ ਸ਼ਬਦ ਮੇਰੇ ਲਈ ਬੇਕਾਰ ਹਨ। ਵਿਆਹ ਕਰਵਾ ਕੇ ਕਿਸੇ ਮਰਦ ਦੀ ਸਹਾਇਕ ਵਜੋਂ ਜ਼ਿੰਦਗੀ ਬਿਤਾਉਂਦੀ ਤਦ ਮੇਰਾ ਸਾਰਾ ਫਲਸਫਾ, ਔਰਤ ਦੀ ਆਜ਼ਾਦੀ ਦਾ ਫਲਸਫਾ ਬੇਕਾਰ ਹੋ ਜਾਂਦਾ। ਭੂਤਕਾਲ ਦਾ ਅਨੁਭਵ ਮੈਨੂੰ ਅਜਿਹੇ ਬੰਧਨ ਵਿਰੁਧ ਰੋਕਦਾ। ਜਿਹੜਾ ਫੈਸਲਾ ਮੇਰੀ ਸੁਤੰਤਰਤਾ ਵਿਚ ਵਿਘਨਕਾਰੀ ਹੋਏਗਾ, ਮੈਂ ਨਹੀਂ ਮੰਨਾਂਗੀ।"

ਅਧਿਆਪਨ ਵਿਚ ਗੜਬੜ ਹੋਣ ਲੱਗੀ। ਕਲਾਸ ਵਿਚ ਉਨ੍ਹਾਂ ਫਿਲਾਸਫਰਾਂ, ਨਾਵਲਕਾਰਾਂ ਅਤੇ ਚਿੰਤਕਾਂ ਦੇ ਹਵਾਲੇ ਦਿੰਦੀ ਜਿਹੜੇ ਸੋਸਾਇਟੀ ਵੱਲੋਂ ਵਰਜਿਤ ਸਨ ਜਿਵੇਂ ਜੀਦੇ, ਪਰੂਸਤ। ਮਾਪਿਆਂ ਵਲੋਂ ਸ਼ਿਕਾਇਤਾਂ ਅਤੇ ਅਧਿਕਾਰੀਆਂ ਵਲੋਂ ਜਵਾਬ-ਤਲਬੀਆਂ ਹੁੰਦੀਆਂ। ਕਿਹਾ ਜਾਂਦਾ-ਕੇਵਲ ਅਧਿਆਪਨ ਨਹੀਂ, ਪੜਤਾਲ ਕਰੋ, ਇਸ ਦਾ ਜੀਵਨ ਵੀ ਦੁਰਾਚਾਰਪੂਰਨ ਹੈ। ਕੁਆਰੀ ਕੁੜੀ ਕਾਫੀ ਹਾਊਸ ਵਿਚ, ਸਿਨੇਮਾ, ਬਾਜ਼ਾਰ; ਉਨ੍ਹਾਂ ਖੇਤਰਾਂ ਵਿਚ ਇਕੱਲੀ ਕਿਉਂ ਘੁੰਮੇ ਜਿਥੇ ਰੇਪ ਤੱਕ ਦਾ ਖਤਰਾ ਹੈ?

ਇਕ ਕੁਲੀਗ ਮੈਡਮ ਨਾਲ ਉਸ ਦੇ ਹਮਜਿਣਸੀ ਸਬੰਧ ਬਣੇ। ਮਰਦ ਨਾਲੋਂ ਇਹ ਸਬੰਧ ਉਹਨੂੰ ਠੀਕ ਲੱਗਾ। ਸਿਮੋਨ ਅਤੇ ਸਾਰਤਰ ਦੋਵਾਂ ਨੂੰ ਰਾਜਨੀਤੀ ਵਿਚ ਕੋਈ ਦਿਲਚਸਪੀ ਨਹੀਂ ਸੀ। ਧਰਮ ਵਾਂਗ ਰਾਜਨੀਤੀ ਵੀ ਉਨ੍ਹਾਂ ਨੂੰ ਵੇਲਾ ਵਿਹਾ ਚੁੱਕੀ ਪਰੰਪਰਾ ਲੱਗੀ। ਅਰਾਜਕਤਾਵਾਦੀ (ਅਨਾਰਕਿਸਟ) ਹੋਣ ਵਿਚ ਫਖਰ ਸੀ। ਹਰ ਰਸਮ ਵਿਰੁਧ ਬਗਾਵਤ, ਪਰ ਬਦਲ? ਦੋਵਾਂ ਕੋਲ ਕੋਈ ਬਦਲ ਨਹੀਂ ਸੀ।

ਸਾਰਤਰ ਦੀ ਬਰਲਿਨ ਵਿਚ ਬਦਲੀ ਹੋ ਗਈ। ਲਿਖਦੀ ਹੈ, "ਨਾ ਪਤੀ, ਨਾ ਬੱਚੇ, ਨਾ ਘਰ, ਨਾ ਸਮਾਜ। ਮੇਰਾ ਕੋਈ ਨਹੀਂ ਸੀ। ਛੱਬੀ ਸਾਲ ਦੀ ਉਮਰ ਵਿਚ ਮੈਨੂੰ ਮਾੜੀ ਮੋਟੀ ਸੋਝੀ ਆਉਣ ਲੱਗੀ ਕਿ ਪੈਰਾਂ ਹੇਠ ਜ਼ਮੀਨ ਹੋਣੀ ਜ਼ਰੂਰੀ ਹੈ।" ਇਥੇ ਉਸ ਨੂੰ ਪਤਾ ਲੱਗਾ ਕਿ ਇਕ ਕੁਲੀਗ ਦੀ ਪਤਨੀ ਉਪਰ ਸਾਰਤਰ ਫਿਦਾ ਹੋ ਗਿਆ ਹੈ ਤੇ ਇਹ ਵਕਤੀ ਤੂਫਾਨ ਨਹੀਂ, ਥਿਰ ਪਿਆਰ ਹੈ। ਉਹ ਬਰਲਿਨ ਵੱਲ ਚੱਲ ਪਈ...ਤੂਫਾਨਾਂ ਵਿਚ ਘਿਰੀ...ਕੀ ਕੋਈ ਹੋਰ ਔਰਤ ਮੈਥੋਂ ਮੇਰਾ ਥਾਂ ਖੋਹ ਲਏਗੀ? ਤਾਂ ਕੀ? ਸਾਰਤਰ ਉਤੇ ਮੇਰਾ ਸਥਾਈ ਹੱਕ ਕਿਵੇਂ ਹੈ? ਡਿਪਰੈਸ਼ਨ ਨੇ ਉਸ ਉਪਰ ਹਮਲਾ ਕੀਤਾ। ਲੱਗਣ ਲੱਗਾ ਕਿ ਉਹ ਬੁੱਢੀ ਹੋ ਗਈ ਹੈ। ਹਮਲੇ ਤੋਂ ਬਚਾਉ ਦਾ ਉਪਾਅ ਦਵਾਈਆਂ ਨਹੀਂ, ਲਿਖਣਾ ਹੈ। ਲਿਖਣ ਲੱਗੀ।

ਸਾਰਤਰ ਨੇ ਦੱਸਿਆ-ਨਾਜ਼ੀਆਂ ਨੇ ਹਿਟਲਰ ਨੂੰ ਲੀਡਰ ਮੰਨ ਲਿਆ ਹੈ। ਭਿਆਨਕ ਤਬਾਹੀ ਹੋਏਗੀ। ਦੂਜਾ ਵਿਸ਼ਵ ਯੁੱਧ ਛਿੜੇਗਾ, ਯਹੂਦੀ ਵੱਢੇ



*ਸਾਰਤਰ ਅਤੇ ਸਿਮੋਨ*

ਜਾਣਗੇ। ਰੱਜ ਕੇ ਸ਼ਰਾਬ ਪੀਂਦੀ, ਰੋਂਦੀ। ਸਾਰਤਰ ਆਖਦਾ-ਫਲਸਫੇ ਕਰ ਕੇ ਨਹੀਂ, ਤੂੰ ਸ਼ਰਾਬ ਕਾਰਨ ਬਿਮਾਰ ਹੈਂ। ਸਾਰਤਰ ਖੁਦ ਬਿਮਾਰ ਰਹਿਣ ਲੱਗਾ। ਪਾਗਲਪਣ ਦੇ ਦੌਰੇ ਪੈਂਦੇ। ਨਜ਼ਰ ਅਤੇ ਕੰਨਾਂ ਉਪਰ ਅਸਰ ਹੋਇਆ। ਲਗਦਾ ਜਿਵੇਂ ਮਕਾਨਾਂ ਨੇ ਜਬਾੜੇ ਖੋਲ੍ਹ ਲਏ ਹੋਣ ਤੇ ਬਿੱਛੂ ਉਹਦਾ ਪਿੱਛਾ ਕਰ ਰਹੇ ਹੋਣ। ਸਿਮੋਨ ਆਖਦੀ-ਸਾਰਤਰ ਹੈ ਤਾਂ ਜਹਾਨ ਹੈ, ਹਿਜ਼ ਮੀਅਰ ਐਗਜ਼ਿਸਟੈਂਸ ਜਸਟੀਫਾਈਜ਼ 'ਦ ਵਰਲਡ। ਪ੍ਰਕਾਸ਼ਕ ਸਾਰਤਰ ਦੀ ਲਿਖਤ ਪ੍ਰਵਾਨ ਨਾ ਕਰਦੇ ਤਾਂ ਕਸ਼ਟ ਹੁੰਦਾ। ਸਿਮੋਨ ਨੂੰ ਲੱਗਦਾ ਜਿਵੇਂ ਪਾਖੰਡ ਕਰ ਰਿਹੈ। ਮੈਥੋਂ ਖਹਿੜਾ ਛੁਡਾਉਣ ਦੀ ਸਕੀਮ।

ਸਿਮੋਨ ਤੀਹ ਸਾਲ ਦੀ ਹੋ ਗਈ। ਰੂਸੀ ਕੁੜੀ ਓਲਗਾ ਜੋ ਸਿਮੋਨ ਦੀ ਵਿਦਿਆਰਥਣ ਰਹੀ, ਸਾਰਤਰ ਦੀ ਦੇਖਭਾਲ ਵਾਸਤੇ ਪੁੱਜੀ। ਚੜ੍ਹਦੀ ਜੁਆਨੀ, ਸੁਹਣੀ। ਬਗਾਵਤੀ ਸੁਰਾਂ ਵਾਲੀ। ਸਾਰਤਰ ਨੂੰ ਮੋਹਿਤ ਕਰਨ ਵਾਲਾ ਸਭ ਕੁਝ। ਮਾਪਿਆਂ ਨੂੰ ਮਨਾ ਕੇ ਸਾਰਤਰ ਅਤੇ ਸਿਮੋਨ ਨੇ ਉਹਨੂੰ ਪੜ੍ਹਾਉਣਾ ਸ਼ੁਰੂ ਕਰ ਦਿੱਤਾ।

ਉਹ ਪੜ੍ਹਨ ਵਾਲੀ ਕਿਥੇ ਸੀ? ਫੇਲ੍ਹ ਹੋ ਗਈ। ਮਾਪੇ ਨਾਰਾਜ਼ ਹੋਏ ਤਾਂ ਦੋਵਾਂ ਨੇ ਮਾਪਿਆਂ ਨੂੰ ਓਲਗਾ ਗੋਦ ਲੈਣ ਲਈ ਮਨਾ ਲਿਆ। ਦੋਹਾਂ ਨੂੰ ਓਲਗਾ ਵਿਚ ਆਪਣਾ ਭੂਤਕਾਲ ਦਿਸਿਆ ਪਰ ਕੋਈ ਸਿਧਾਇਆ ਜਾ ਸਕਣ ਵਾਲਾ ਪਾਲਤੂ ਜੀਵ ਥੋੜ੍ਹਾ ਸੀ ਓਲਗਾ? ਫਰਿਸ਼ਤੇ ਅਤੇ ਸ਼ੈਤਾਨ ਦਾ ਮਿਸ਼ਰਨ ਸੀ ਇਹ ਕੁੜੀ; ਪਰ ਦੋਵਾਂ ਦੀ ਪ੍ਰਯੋਗਸ਼ਾਲਾ ਵਾਸਤੇ ਠੀਕ ਮਸਾਲਾ ਸੀ। ਸਿਮੋਨ ਨੂੰ ਪਤਾ ਨਹੀਂ ਸੀ ਇਹ ਕੁੜੀ ਉਸੇ ਨੂੰ ਡੰਗੇਗੀ। ਸਾਰਤਰ ਨਾਲ ਰੋਮਾਂਸ ਚੱਲ ਪਿਆ। ਉਹ ਉਸ ਦੀਆਂ ਇੱਛਾਵਾਂ ਅੱਗੇ ਅੰਨ੍ਹਾ ਹੋ ਗਿਆ। ਸਿਮੋਨ ਦੁਰਕਾਰੀ ਗਈ। ਹਰ ਵਕਤ 'ਅਸੀਂ', 'ਸਾਡਾ' ਸ਼ਬਦ ਵਰਤਿਆ ਕਰਦੇ ਸਨ। ਸਾਰਤਰ ਮੈਂ, ਮੇਰਾ ਸ਼ਬਦ ਵਰਤਣ ਲੱਗਾ। ਸਿਮੋਨ ਦੁਆਲੇ ਬੇਗਾਨਗੀ ਦਾ ਭੂਤ ਮੰਡਰਾਉਣ ਲੱਗਾ। ਸਾਰਤਰ ਨੇ ਕਿਹਾ-ਆਪਾਂ ਇਉਂ ਕਰਦੇ ਹਾਂ ਸਿਮੋਨ, ਓਲਗਾ ਨੂੰ ਪੁੱਛ ਲੈਂਦੇ ਹਾਂ ਕਿ ਉਹ ਤੇਰੇ ਨਾਲ ਰਹੇਗੀ ਜਾਂ ਮੇਰੇ ਨਾਲ, ਜਾਂ ਫਿਰ ਤਿੰਨੇ ਇਕੱਠੇ ਰਹਾਂਗੇ? ਓਲਗਾ ਦੇ ਹੱਥ ਫੈਸਲਾ ਆ ਜਾਏਗਾ ਤਾਂ ਸਿਮੋਨ ਦੀ ਥਾਂ ਕਿੱਥੇ? ਅਨੰਤ ਸਾਗਰ ਕਿਨਾਰੇ ਉਹ ਇਕੱਲੀ ਰਹਿ ਜਾਏਗੀ। ਇਸ ਛਿਣ ਬਾਰੇ ਲਿਖਦੀ ਹੈ, "ਮੈਂ ਆਖਰ ਆਪਣੇ ਆਪ ਨੂੰ ਪੁੱਛ ਹੀ ਲਿਆ, ਕੀ ਮੇਰੀ ਜ਼ਿੰਦਗੀ ਸਚਮੁੱਚ ਵੱਡੇ ਸਾਰੇ ਝੂਠ ਉਪਰ ਖਲੋਤੀ ਹੈ? ਓਲਗਾ ਮੇਰੇ ਵੱਲ ਦੇਖਦੀ, ਜਾਂ ਤਾਂ ਉਸ ਦੀਆਂ ਨਜ਼ਰਾਂ ਖਾਲੀ ਹੁੰਦੀਆਂ, ਜਾਂ ਫਿਰ ਇਉਂ ਦੇਖਦੀ ਜਿਵੇਂ ਮੈਂ ਕੋਈ ਵਸਤੂ ਹੋਵਾਂ, ਕੋਈ ਬੁੱਤ ਜਾਂ ਦੁਸ਼ਮਣ।"

ਓਲਗਾ ਵੀ ਸੰਕਟ-ਮੁਕਤ ਨਹੀਂ ਸੀ। ਸਿਗਰਟ ਸੁਲਗਾਈ ਤੇ ਆਪਣੀ ਹੱਥੇਲੀ ਉਪਰ ਅੱਗ ਰੱਖ ਦਿੱਤੀ। ਮਾਸ ਸੜਨ ਲੱਗਾ, ਕੋਈ ਪ੍ਰਵਾਹ ਨਹੀਂ। ਖੋਹ ਕੇ ਸਿਗਰਟ ਪਰ੍ਹੇ ਸੁੱਟੀ। ਦੋ ਪਾਗਲ ਕਾਫੀ ਸਨ, ਤੀਜੇ ਦੀ ਕੀ ਲੋੜ ਪੈ ਗਈ ਸੀ? ਆਖਰ ਓਲਗਾ ਤਕੜੀ ਨਿਕਲੀ। ਸਾਰਤਰ ਦੇ ਵਿਦਿਆਰਥੀ ਜੈਕ ਬੋਸਤ ਉਪਰ ਮੋਹਿਤ ਹੋ ਕੇ ਦੋਵਾਂ ਨੂੰ ਛੱਡ ਗਈ। ਸਿਮੋਨ ਨੂੰ ਨਮੂਨੀਆ ਹੋ ਗਿਆ ਅਤੇ ਬੇਹੋਸ਼ੀ ਦੇ ਦੌਰੇ ਪੈਣ ਲੱਗੇ। ਸ਼ਾਇਦ ਓਲਗਾ ਅਤੇ ਸਾਰਤਰ ਤੋਂ ਬਦਲਾ ਲੈਣ ਲਈ, ਉਸ ਨੇ ਬੋਸਤ ਨਾਲ ਇਸ਼ਕ ਸ਼ੁਰੂ ਕਰ ਦਿੱਤਾ। ਇਸ ਘੁੰਮਣਘੇਰੀ ਵਿਚੋਂ 'ਸ਼ੀ ਕੇਮ ਟੂ ਸਟੇਅ' ਨਾਵਲ ਨਿਕਲ ਆਇਆ। ਨਾਵਲ ਵਿਚ ਫਰਜ਼ੀ ਨਾਮ ਦੇ ਕੇ ਸਿਮੋਨ, ਓਲਗਾ ਨੂੰ ਦੋਸ਼ੀ ਠਹਿਰਾਉਂਦੀ ਹੈ, ਖੁਦ ਨੂੰ ਅਤੇ ਸਾਰਤਰ ਨੂੰ ਮੁਕਤ ਕਰਦੀ ਹੈ। ਇਹੋ ਹੋਣਾ ਸੀ, ਖੁਦ ਨੂੰ ਦੋਸ਼ ਦੇਣ ਲਈ ਦਿਲ ਨਹੀਂ ਮੰਨਦਾ। ਸਾਰਤਰ ਨਾਲ ਪਿਆਰ ਹੈ, ਸੋ ਉਹ ਵੀ ਸਿਮੋਨ ਹੀ ਹੈ, ਸੋ ਮੁਕਤ ਹੈ। ਸਾਰਤਰ ਨੇ ਓਲਗਾ ਭੁਲਾ ਦਿੱਤੀ ਤੇ ਸਿਮੋਨ ਨੇ ਬੋਸਤ। ਦੋਵੇਂ ਹੋਟਲ ਵਿਚ ਰਹਿਣ ਲੱਗੇ। ਸਿਮੋਨ ਉਪਰ, ਤੇ ਸਾਰਤਰ ਗ੍ਰਾਊਂਡ ਫਲੋਰ 'ਤੇ। ਇਕੱਠੇ ਵੀ, ਵੱਖਰੇ ਵੀ। ਇਸ ਘਟਨਾ ਬਾਰੇ ਉਹਦੇ ਸ਼ਬਦ ਹਨ-ਬੇਵਫਾਈ ਅਤੇ ਗੈਰਹਾਜ਼ਰੀ ਇਕੋ ਚੀਜ਼ ਦੇ ਦੋ ਨਾਮ ਹਨ। ਔਰਤ ਜਿਸ ਮਰਦ ਨੂੰ ਪਿਆਰ ਕਰਦੀ ਹੈ, ਉਸ ਮਰਦ ਦੀ ਦੂਜੀ ਔਰਤ ਵੱਲ ਇਕ ਨਜ਼ਰ ਉਸ ਲਈ ਕਿਆਮਤ ਹੈ ਕਿਉਂਕਿ ਔਰਤ ਪੂਰਨ ਸਮੁੱਚਤਾ ਵਿਚ ਪਿਆਰ ਕਰਦੀ ਹੈ, ਆਦਮੀ ਵਾਸਤੇ ਪਿਆਰ ਉਹਦੀ ਸ਼ਖਸੀਅਤ ਦਾ ਇਕ ਹਿੱਸਾ ਹੈ। ਇਸ ਨਾਵਲ ਦੀ ਨਾਇਕਾ ਦਾ ਨਾਮ ਉਹਨੇ ਆਪਣੀ ਮਾਂ ਵਾਲਾ ਰੱਖਿਆ ਹੈ, ਅਸਲ ਵਿਚ ਨਾਇਕਾ ਸਿਮੋਨ ਖੁਦ ਹੈ। ਮਾਂ ਦੀ ਥਾਂ ਧੀ ਪਿਤਾ ਉਪਰ ਕਾਬਜ਼ ਹੋਣਾ ਚਾਹੁੰਦੀ ਹੈ ਜਿਸ ਵਿਚੋਂ ਸਾਰਤਰ ਦਾ ਕਿਰਦਾਰ ਪਿਤਾ ਵਾਲਾ ਦਿਸਦਾ ਹੈ। ਕਿਤੇ ਸਾਰਤਰ ਪੁੱਤਰ ਲਗਦਾ ਸੀ, ਕਿਤੇ ਪਿਤਾ, ਪਰ ਹੈ ਉਹ ਪ੍ਰੇਮੀ। ਪੱਛਮ ਅਨੁਸਾਰ ਸਾਹਿਤ ਅਨੇਕ ਭੇਖ ਧਾਰ ਕੇ ਮੁਕਤੀ ਦੁਆਰ ਤਲਾਸ਼ਦਾ ਹੈ। ਸਿਮੋਨ ਦੇ ਸ਼ਬਦਾਂ ਵਿਚ, "ਸਾਹਿਤ ਉਥੇ ਜਨਮ ਲੈਂਦਾ ਹੈ ਜਿਥੋਂ ਜੀਵਨ ਕੁਰਾਹੇ ਵੱਲ ਮੁੜ ਜਾਂਦਾ ਹੈ।"

1930 ਵਿਚ ਦੂਜੇ ਸੰਸਾਰ ਯੁੱਧ ਦੀਆਂ ਕਨਸੋਆਂ ਮਿਲਣ ਲੱਗੀਆਂ। ਸਿਮੋਨ ਇਸ ਸਭ ਕੁਝ ਤੋਂ ਪੂਰਨ ਅਨਜਾਣ ਸੀ। ਖਾਣਾ, ਪੀਣਾ, ਦੂਰ ਦੁਰਾਡੇ ਦੀਆਂ ਸੈਰਾਂ, ਕਾਫੀ ਹਾਊਸ ਦੀਆਂ ਗੱਲਾਂ ਅਤੇ ਖੁਸ਼ੀ ਦੀ ਤਲਾਸ਼, ਬਸ ਇਹੋ ਜੀਵਨ ਸੀ। ਯੁੱਧ ਦੇ ਨਗਾਰੇ ਉਸ ਨੂੰ ਮੌਤ ਯਾਦ ਕਰਾਉਣ ਲੱਗੇ। ਸਭ ਦੀ ਮੌਤ ਜਿਨ੍ਹਾਂ ਨੂੰ ਪਿਆਰ ਕੀਤਾ, ਜਿਨ੍ਹਾਂ ਨੂੰ ਨਫਰਤ ਕੀਤੀ, ਸਭ ਦੀ। ਉਸ ਨੂੰ ਲੱਗਾ, ਹੁਣ ਤੱਕ ਦਾ ਜੀਵਨ ਸਵਾਰਥੀ, ਮਨੁੱਖਤਾ ਵਿਰੋਧੀ ਅਤੇ ਅੰਨ੍ਹਾ ਨਿੱਜਵਾਦ ਸੀ। ਸਿਆਸਤ ਵੱਲ ਜਾਂਦੇ ਰਾਹ 'ਤੇ ਤੁਰਨ ਲਈ ਅੱਖਾਂ ਖੋਲ੍ਹਣੀਆਂ ਪੈਣਗੀਆਂ। ਯੁੱਧ ਛਿੜ ਗਿਆ ਅਤੇ ਜਰਮਨਾਂ ਨੇ ਸਾਰਤਰ ਨੂੰ ਗ੍ਰਿਫਤਾਰ ਕਰ ਲਿਆ। ਦਸ ਮਹੀਨੇ ਦੀ ਕੈਦ ਕੱਟ ਕੇ ਮਾਰਚ 1941 ਵਿਚ ਪਰਤਿਆ। ਇਸ ਸਮੇਂ ਸਿਮੋਨ ਨੇ ਫੈਸਲਾ ਕੀਤਾ-ਉਹ ਸਮਾਜ ਅਗੇ ਜਵਾਬਦੇਹ ਹੈ, ਸਮਾਜ ਲਈ ਕੁਝ ਕਰੇਗੀ। ਬਲੈਕਆਊਟ ਦੀਆਂ ਲੰਮੀਆਂ ਰਾਤਾਂ ਬਿਤਾਉਣ ਲਈ ਸੰਗੀਤ ਸਿੱਖਣਾ ਸ਼ੁਰੂ ਕੀਤਾ। ਜਰਮਨ ਫਰਾਂਸ ਵੱਲ ਵਧਣ ਲੱਗੇ, ਕਿਤੇ ਖੁੱਡ ਵਿਚ ਫਸੇ ਚੂਹੇ ਵਾਂਗ ਫੜੀ ਨਾ ਜਾਵਾਂ, ਇਕ ਅਟੈਚੀ ਚੁੱਕ ਕੇ ਦੱਖਣ ਵੱਲ ਤੁਰ ਪਈ। ਜਰਮਨਾਂ ਦੇ ਦਹਿਲ ਕਾਰਨ ਲੱਖਾਂ ਲੋਕਾਂ ਦੇ ਕਾਰਵਾਂ ਵਿਚ ਸ਼ਾਮਲ ਹੋ ਗਈ। ਅਟੈਚੀ ਵਿਚ ਸਾਰਤਰ ਵਲੋਂ ਲਿਖੇ ਖਤ ਸਨ। ਰਸਤੇ ਵਿਚ ਅਟੈਚੀ ਚੋਰੀ ਹੋ ਗਿਆ। ਇਥੋਂ ਵਾਪਸ 110 ਮੀਲ ਦਾ ਪੰਧ ਪੈਦਲ ਚੱਲ ਕੇ ਤੈਅ ਕੀਤਾ, ਪੈਰਿਸ ਆ ਗਈ। ਉਜਾੜ ਪੈਰਿਸ ਪ੍ਰੇਤਾਂ ਦਾ ਅੱਡਾ ਸੀ। ਖਬਰ ਮਿਲੀ ਕਿ ਸਾਰਤਰ ਜਿਉਂਦਾ ਹੈ। ਸਿਮੋਨ ਤੋਂ ਕਾਲਜ ਅਧਿਕਾਰੀਆਂ ਨੇ ਲਿਖਵਾਇਆ-ਮੈਂ ਫਰੀਮੇਸਨ ਨਹੀਂ, ਮੈਂ ਯਹੂਦੀ ਨਹੀਂ। ਲਿਖ ਦਿੱਤਾ। ਇਕ ਵਿਦਿਆਰਥਣ ਦੇ ਮਾਪਿਆਂ ਨੇ ਸ਼ਿਕਾਇਤ ਕਰ ਦਿਤੀ-ਸਾਡੀ ਧੀ ਨਾਲ ਇਸ ਅਧਿਆਪਕਾ ਨੇ ਹਮਜਿਨਸੀ ਸਬੰਧ ਬਣਾ ਲਏ ਹਨ। ਸਾਡਾ ਆਖਾ ਮੰਨ ਕੇ ਕੁੜੀ ਵਿਆਹ ਨਹੀਂ ਕਰਵਾਉਂਦੀ। ਸਿਮੋਨ ਨੂੰ ਨੌਕਰੀ ਤੋਂ ਕੱਢ ਦਿਤਾ ਗਿਆ।

ਸਾਰਤਰ ਨੂੰ ਮਿਲੀ। ਦੋਵਾਂ ਨੇ ਜਰਮਨ ਕਬਜ਼ੇ ਵਿਰੁਧ ਆਵਾਜ਼ ਉਠਾਈ ਪਰ ਇਨ੍ਹਾਂ ਦਾ ਕੋਈ ਸਿਆਸੀ ਆਧਾਰ ਨਹੀਂ ਸੀ। ਕਦੀ ਕਦਾਈਂ ਕਮਿਊਨਿਸਟਾਂ ਨਾਲ ਸੁਰ ਰਲਦੀ ਸੀ। ਉਨ੍ਹਾਂ ਦਾ ਵੋਟ ਬੈਂਕ ਵੀ ਸੀ। ਕਿਉਂ ਨਾ ਉਨ੍ਹਾਂ ਨਾਲ ਰਲ ਕੇ ਅੰਦੋਲਨ ਅਰੰਭੀਏ? ਕਮਿਊਨਿਸਟ ਇਨ੍ਹਾਂ ਨੂੰ ਮੂੰਹ ਲਾ ਕੇ ਰਾਜ਼ੀ ਨਹੀਂ ਸਨ। ਸਾਰਤਰ ਬਾਰੇ ਅਫਵਾਹ ਸੀ-ਕਿ ਜਰਮਨਾਂ ਨੇ ਉਹਨੂੰ ਅੰਦਰਖਾਤੇ ਸਮਝੌਤੇ ਅਧੀਨ ਰਿਹਾ ਕੀਤਾ ਹੈ ਤਾਂ ਕਿ ਜਰਮਨਾਂ ਦੇ ਹਿਤਾਂ ਲਈ ਦਲਾਲ ਸਾਜਿਸ਼ਕਾਰ (Agent Collaborateor) ਵਜੋਂ ਕੰਮ ਕਰੇ। ਉਧਰ ਸਾਰਤਰ ਨੇ ਆਖ ਦਿੱਤਾ ਕਿ ਮੈਂ ਕਾਰਡ ਹੋਲਡਰ ਕਾਮਰੇਡ ਨਹੀਂ, ਅਕਲ ਦੇ ਫੈਸਲੇ ਅਕਲਵੰਦ ਕਰਨਗੇ ਨਾ ਕਿ ਪਾਰਟੀ ਲਾਈਨ ਉਪਰ ਚੱਲਾਂਗੇ। ਦੂਜਾ ਸਟਾਲਿਨ ਦੀਆਂ ਕਰਤੂਤਾਂ ਨਾਲ ਅਸੀਂ ਸਹਿਮਤ ਨਹੀਂ। ਪਾਰਟੀ ਵਾਸਤੇ ਉਹ ਪੈਟੀ-ਬੁਰਜੁਆ ਬੁੱਧਜੀਵੀ ਸਨ। ਦੋਸਤਾਂ ਦੀ ਨਿੱਕੀ ਜਿਹੀ ਟੋਲੀ ਸੀ, ਆਪੋ ਵਿਚ ਚਾਹ-ਪਾਣੀ ਤੇ ਇਕੱਠੇ ਹੋ ਕੇ ਸਲਾਹਾਂ ਕਰਦੇ ਜਿਨ੍ਹਾਂ ਵਿਚ ਕਾਮੂ, ਪਿਕਾਸੋ ਅਤੇ ਲੇਅਰੀ ਆਦਿਕ ਹੁੰਦੇ। ਜਦੋਂ 1945 ਵਿਚ ਉਹਦਾ ਦੂਜਾ ਨਾਵਲ 'ਦ ਬਲੱਡ ਆਫ ਅਦਰਜ਼' ਛਪਿਆ ਤਾਂ ਧੁੰਮਾਂ ਪੈ ਗਈਆਂ। ਇਹਨੂੰ ਸਮੇਂ ਦਾ ਮਹਾਨ ਹੋਂਦਵਾਦੀ ਨਾਵਲ ਕਿਹਾ ਗਿਆ। ਪਰੰਪਰਾ ਜ਼ਾਬਤਾ ਠੋਸਦੀ ਹੈ, ਕਾਰਜ ਰਾਹੀਂ ਕਰਤਾ ਹੋ ਕੇ ਸਿਰਜਣਾ ਕਰਨੀ ਸੁਤੰਤਰਤਾ ਹੈ, ਇਹ ਵਾਕ ਹੋਂਦਵਾਦ ਦਾ ਧੁਰਾ ਹੈ। ਆਦਮੀ ਆਜ਼ਾਦੀ ਲੋਚਦਾ ਹੈ ਪਰ ਘਾਹ ਦੀ ਪੱਤੀ ਜੰਗਲ ਤੋਂ ਵੱਖ ਹੋ ਕੇ ਕੀ ਕਰੇਗੀ? ਇਹ ਦੱਸਣ ਲਈ ਕਿ ਮੈਂ ਤਾਕਤਵਰ ਹਾਂ, ਆਦਮੀ ਨੇ ਐਟਮ ਬੰਬ ਬਣਾਇਆ...ਇਸ ਦਾ ਕੰਮ? ਮਨੁੱਖਤਾ ਦਾ ਨਾਸ, ਯਾਨਿ ਆਦਮੀ ਵਲੋਂ ਕੀਤੀ ਖੁਦਕੁਸ਼ੀ। 'ਦ ਬਲੱਡ ਆਫ ਅਦਰਜ਼' ਵਿਚ ਹੀਰੋ ਦਾ ਕਥਨ ਹੈ-ਜਿਵੇਂ ਜੰਗ ਰਾਹੀਂ ਖੂਨ ਡੋਲ੍ਹਣਾ ਗੁਨਾਹ ਹੈ, ਉਵੇਂ ਜੰਗ ਰੋਕਣ ਲਈ ਆਪਣਾ ਖੂਨ ਵਗਾਉਣ ਦੀ ਥਾਂ ਬਚਾ ਕੇ ਰੱਖਣਾ ਗੁਨਾਹ ਹੈ। ਪੁਰਾਣੇ ਵਕਤ ਜਦੋਂ ਦੁਸ਼ਮਣ ਸ਼ਹਿਰ ਨੂੰ ਘੇਰਾ ਪਾ ਲੈਂਦਾ, ਰਾਸ਼ਣ ਮੁੱਕਣ ਲਗਦਾ ਤਾਂ ਘਿਰੇ ਜੁਆਨ ਬਿਰਧਾਂ, ਔਰਤਾਂ ਅਤੇ ਬੱਚਿਆਂ ਨੂੰ ਵੱਢ ਕੇ ਦੁਸ਼ਮਣ ਉਪਰ ਹੱਲਾ ਬੋਲਦੇ। ਜਿੱਤ ਜਾਂ ਵਿਨਾਸ਼, ਕੀ ਫਰਕ?

ਕਮਿਊਨਿਸਟਾਂ ਨੇ ਸਾਰਤਰ ਅਤੇ ਸਿਮੋਨ ਨੂੰ ਮਨਜ਼ੂਰ ਨਹੀਂ ਕੀਤਾ, ਬੇਸ਼ਕ ਦੋਹਾਂ ਵਾਸਤੇ ਕੰਮ/ਢੰਗ ਇਸੇ ਪਾਰਟੀ ਰਾਹੀਂ ਸਿਰੇ ਚੜ੍ਹਨ ਦੀ ਸੰਭਾਵਨਾ ਸੀ। ਕਮਿਊਨਿਸਟ ਵਡੇਰੇ ਸਮਾਜ ਦੇ ਹਿਤਾਂ ਵਾਸਤੇ ਨਿੱਜੀ ਆਜ਼ਾਦੀ ਦੀ ਕੁਰਬਾਨੀ ਮੰਗਦੇ ਸਨ ਪਰ ਇਹ ਜੋੜਾ ਆਖਦਾ ਸੀ-ਅਸੀਂ ਫਿਲਾਸਫਰ ਹਾਂ, ਕਿਸੇ ਫੌਜ ਦੇ ਸਿਪਾਹੀ ਨਹੀਂ। ਸਮਾਜ ਦਾ ਬੰਧਨ ਜਾਂ ਫੌਜ ਦਾ, ਬੰਧਨਾਂ ਨੂੰ ਤੋੜ ਕੇ ਇਨ੍ਹਾਂ ਦੇ ਦਰਸ਼ਨ ਦੀ ਜੜ੍ਹ ਲੱਗਣੀ ਸੀ, ਫਿਰ ਪ੍ਰਵਾਨਿਤ ਵਿਚਾਰਧਾਰਾ ਵਿਚ ਕਿਵੇਂ ਜਜ਼ਬ ਹੋਣ? ਸਾਰਤਰ ਦਾ ਭਾਸ਼ਣ ਸੁਣਨ ਵਾਸਤੇ ਵੱਡੀ ਗਿਣਤੀ ਵਿਚ ਲੋਕ ਪੁੱਜਦੇ। ਕਾਲੇ ਸਵੈਟਰ ਪਹਿਨਣ, ਪੀਲੇ ਚਿਹਰੇ ਅਤੇ ਸਿਰ 'ਤੇ ਵਾਲ ਸਿਧੇ ਖੜ੍ਹੇ ਰੱਖਣ ਦਾ ਫੈਸ਼ਨ ਪ੍ਰਚਲਤ ਹੋਇਆ। ਤਿੱਖੀਆਂ ਧੁਨਾਂ ਅਤੇ ਉਚੇ ਬੀਟ। ਬੁੱਗੀ ਵੁੱਗੀ। ਬਲੂਜ਼। ਕੈਬਰੇ। ਜਾਜ਼। ਜੁਆਨੀ ਵਾਸਤੇ ਸਾਰਤਰ-ਸਿਮੋਨ ਦੀ ਜੋੜੀ ਮਾਡਲ, ਚਰਚ ਵਾਸਤੇ ਪਾਗਲਖਾਨਾ। ਨੌਕਰੀ ਨਾ ਹੋਣ ਕਾਰਨ ਉਹ ਸਾਰਤਰ ਉਪਰ ਨਿਰਭਰ ਹੋ ਗਈ। ਲਿਖਦੀ ਹੈ, "ਜਦੋਂ ਮੈਂ ਔਰਤ ਦੀ ਆਜ਼ਾਦੀ ਦੀ ਗੱਲ ਕਰਦੀ ਹਾਂ, ਉਦੋਂ ਮੇਰੀ ਜੇਬ ਵਿਚ ਪੈਸੇ ਹੋਣੇ ਚਾਹੀਦੇ ਨੇ, ਔਰਤ ਨੂੰ ਪਤਾ ਹੋਣਾ ਚਾਹੀਦੈ ਕਿ ਪੈਸੇ ਬਿਨਾਂ ਆਜ਼ਾਦੀ ਨਹੀਂ।"

*(ਚੱਲਦਾ)*

# ਮਨ ਲੇਖਕ ਬਣਨ ਨੂੰ ਲੋਚਦੈ

*(ਸਫਾ 29 ਦੀ ਬਾਕੀ)*

ਐਵੇਂ ਲਿਖਣ ਲਈ ਹੀ ਕੁਝ ਲਿਖੇ ਜਾਂ ਸਸਤੀ ਸ਼ੋਹਰਤ ਲਈ ਮੇਰੇ ਵਾਂਗ ਲੇਖਕ ਬਣਨ ਦੀ ਕੋਸ਼ਿਸ਼ ਕਰੇ ਤਾਂ ਉਹਦਾ ਉਹ ਇੰਨਾ ਮਜ਼ਾਕ ਉਡਾਉਂਦਾ ਹੈ ਕਿ ਜਾਂ ਤਾਂ ਬੰਦਾ ਲਿਖਣ ਤੋਂ ਤੋਬਾ ਕਰ ਲੈਂਦਾ ਹੈ, ਤੇ ਜਾਂ ਉਹਨੂੰ ਮਿਲਣ ਤੋਂ।

ਬੜੇ ਸਾਲ ਪੁਰਾਣੀ ਗੱਲ ਹੈ, ਠੇਕੇਦਾਰ ਦਾ ਅਜੇ ਵਿਆਹ ਨਹੀਂ ਸੀ ਹੋਇਆ। ਹਰਪਾਲਜੀਤ ਪਾਲੀ ਸਵੇਰੇ-ਸਵੇਰੇ ਆਇਆ ਅਤੇ ਸਮਾਨ ਤੇ ਆਪਣੇ ਨਾਵਲਿਟ ਦਾ ਖਰੜਾ ਉਥੇ ਰੱਖ ਕੇ ਨਾਸ਼ਤਾ ਕਰਨ ਚਲਾ ਗਿਆ। ਉਹਦੇ ਆਉਣ ਤੱਕ ਠੇਕੇਦਾਰ ਨੇ ਉਹਦੇ ਨਾਵਲਿਟ 'ਤੇ ਮੋਟੇ ਤੌਰ 'ਤੇ ਘੋਖਵੀਂ ਨਜ਼ਰ ਮਾਰ ਲਈ। ਪਾਲੀ ਆਇਆ ਤਾਂ ਠੇਕੇਦਾਰ ਨੂੰ ਕਹਿਣ ਲੱਗਾ, 'ਮਿੱਤਰ, ਜੇ ਤੂੰ ਮੇਰਾ ਇਹ ਨਾਵਲਿਟ ਛਪਵਾ ਦੇਵੇਂ ਤਾਂ ਮੈਂ ਇਹ ਨਾਵਲਿਟ ਸਮਰਪਤ ਵੀ ਤੈਨੂੰ ਕਰਾਂਗਾ ਤੇ ਉਚੇਚਾ ਇਕ ਸਫੇ ਦਾ ਧੰਨਵਾਦ ਵੀ ਲਿਖਾਂਗਾ।' ਪਾਲੀ ਦੀ ਗੱਲ ਸੁਣ ਕੇ ਠੇਕੇਦਾਰ ਹੱਸਿਆ ਤੇ ਕਹਿਣ ਲੱਗਾ, 'ਨਹੀਂ ਕਲੰਕ ਦਾ ਇਹ ਟਿੱਕਾ ਮੈਂ ਆਪਣੇ ਮੱਥੇ 'ਤੇ ਨਹੀਂ ਲਗਵਾਉਣਾ ਚਾਹੁੰਦਾ।' ਤੇ ਨਾਲ ਹੀ ਉਹਨੂੰ ਸਾਹਿਤ, ਸੂਖਮਤਾ, ਬਿਰਤਾਂਤ ਅਤੇ ਸਟਾਈਲ ਬਾਰੇ ਸੰਖੇਪ ਜਿਹਾ ਭਾਸ਼ਣ ਵੀ ਦੇ ਦਿੱਤਾ।

ਉਨ੍ਹਾਂ ਦਿਨਾਂ 'ਚ ਹੀ ਕਦੇ-ਕਦੇ ਉਥੇ ਇਕ ਨੌਜਵਾਨ ਆਉਂਦਾ ਹੁੰਦਾ ਸੀ। ਉਹ ਕਹਾਣੀ ਲਿਖਦਾ ਹੁੰਦਾ ਸੀ ਕਿਉਂਕਿ ਉਹਦਾ ਬਾਪ ਵੀ ਲੇਖਕ ਸੀ। ਆਪ ਉਹ ਵਿੱਦਿਆ ਵਿਭਾਗ 'ਚ ਕਲਰਕ ਸੀ। ਉਸ ਵੇਲੇ ਪੰਜਾਬ ਵਿਚ ਅੱਜ ਅਮਰੀਕਾ ਵਿਚਲੇ ਪੰਜਾਬੀ ਅਖ਼ਬਾਰਾਂ ਵਾਂਗ ਇਨਕਲਾਬੀ ਰਸਾਲੇ ਬੜੇ ਛਪਦੇ ਸਨ ਤੇ ਉਹਦੀ ਕਹਾਣੀ ਵੀ ਕਿਸੇ ਨਾ ਕਿਸੇ ਰਸਾਲੇ 'ਚ ਛਪ ਜਾਂਦੀ ਸੀ। ਉਹਦੀਆਂ ਕਹਾਣੀਆਂ ਅਸੀਂ ਸਭ ਨੇ ਪੜ੍ਹੀਆਂ ਸਨ। ਇਕ ਦਿਨ ਉਹਨੇ ਐਲਾਨ ਕੀਤਾ ਕਿ ਜਲਦ ਹੀ ਉਹ ਆਪਣੀਆਂ ਕਹਾਣੀਆਂ ਦੀ ਕਿਤਾਬ ਛਪਵਾਏਗਾ। ਸਭ ਆਪੋ-ਆਪਣੀ ਰਾਏ ਦੇ ਰਹੇ ਸਨ ਪਰ ਠੇਕੇਦਾਰ ਨੇ ਉਹਨੂੰ ਸੁਝਾਅ ਦਿੱਤਾ ਕਿ ਕਿਤਾਬ ਛਪਵਾਉਣ 'ਤੇ 5-7 ਹਜ਼ਾਰ ਰੁਪਏ ਖਰਚੇਂਗਾ, ਪ੍ਰਕਾਸ਼ਕ ਨੇ ਤਾਂ ਆਪਣੀ 1500 ਕਿਤਾਬ ਲੈ ਦੇ ਕੇ ਸਕੂਲਾਂ ਕਾਲਜਾਂ ਦੀਆਂ ਲਾਈਬ੍ਰੇਰੀਆਂ 'ਚ ਧੱਕ ਦੇਣੀ ਹੈ ਤੇ ਕਮਾਈ ਕਰ ਲੈਣੀ ਐ, ਤੂੰ 500 ਕਿਤਾਬ ਉਤੇ ਪਿਆਰ ਤੇ ਸਤਿਕਾਰ ਸਹਿਤ ਫਲਾਣੇ ਨੂੰ, ਢਿਮਕੇ ਨੂੰ ਲਿਖ ਕੇ ਘਰ-ਘਰ ਵੰਡਦਾ ਫਿਰੇਂਗਾ। ਜੇ ਤੇਰੇ ਕੋਲ 2-4 ਹਜ਼ਾਰ ਹੋਰ ਹੋਇਆ ਤਾਂ ਤੂੰ ਇਹਦੀ ਘੁੰਡ ਚੁਕਵਾਈ ਵੀ ਕਰਵਾਏਂਗਾ। ਜਿਥੇ ਵੀ ਤੇਰੀ ਕਿਤਾਬ ਜਾਏਗੀ, ਇਹ ਉਥੇ ਡੈਡ ਬਾਡੀ ਵਾਂਗ ਪਈ ਰਹੇਗੀ। ਚੰਗਾ ਹੋਵੇਗਾ ਜੇ ਤੂੰ ਆਪਣੇ ਘਰ ਨੂੰ ਚੰਗੇ ਫਰਨੀਚਰ ਨਾਲ ਸਜਾ ਲਵੇਂ ਤੇ ਆਹ ਸਾਇਕਲ ਦੀ ਥਾਂ ਕੋਈ ਪੁਰਾਣਾ ਸਕੂਟਰ ਲੈ ਆਵੇਂ।

ਇਹ ਨਹੀਂ ਕਿ ਉਹ ਹਰ ਨਵੇਂ ਲੇਖਕ ਦੀ ਆਲੋਚਨਾ ਹੀ ਕਰਦਾ ਹੈ, ਉਹਨੇ ਇਕ-ਦੋ ਨਵੇਂ ਤੇ ਅਣਜਾਣ ਲੇਖਕਾਂ ਦੀਆਂ ਪੰਜਾਬੀ ਕਹਾਣੀਆਂ ਦਾ ਅੰਗਰੇਜ਼ੀ 'ਚ ਤਰਜਮਾ ਆਪਣੀ ਪਤਨੀ ਤੋਂ ਕਰਵਾਇਆ ਹੈ ਜੋ ਨਾਮਵਰ ਰਸਾਲਿਆਂ 'ਚ ਛਪਿਆ। ਹਰਿਆਣੇ ਦੇ ਇਕ ਨੌਜਵਾਨ ਲੇਖਕ ਦਾ ਹਿੰਦੀ ਨਾਵਲ ਉਸ ਖੁਦ ਛਪਵਾਇਆ। ਲੇਖਕਾਂ ਤੇ ਕਲਾਕਾਰਾਂ ਨੂੰ ਮਾਓ-ਜ਼ੇ-ਤੁੰਗ ਵੱਲੋਂ ਦਿੱਤੀਆਂ ਹਦਾਇਤਾਂ ਤੇ ਸੁਝਾਵਾਂ ਬਾਰੇ ਭਾਸ਼ਣਾਂ ਦੀ ਕਿਤਾਬ 'ਲੈਕਚਰਜ਼ ਆਨ ਯੂਨਾਨ ਫੋਰਮ' ਦਾ ਉਹਨੇ ਖੁਦ ਪੰਜਾਬੀ 'ਚ ਤਰਜਮਾ ਕਰ ਕੇ ਦੋਸਤਾਂ-ਮਿੱਤਰਾਂ 'ਚ ਵੰਡਿਆ। ਉਹਦਾ ਵਿਚਾਰ ਹੈ ਕਿ ਇਹ ਕਿਤਾਬ ਚੰਗੀ ਤਰ੍ਹਾਂ ਪੜ੍ਹਨ ਤੇ ਸਮਝਣ ਤੋਂ ਬਾਅਦ ਕੋਈ ਵੀ ਲੇਖਕ ਜੋ ਵੀ ਲਿਖੇਗਾ, ਉਹ ਅਰਥ ਭਰਪੂਰ ਤੇ ਲਾਹੇਵੰਦ ਹੋਵੇਗਾ।

ਇਹ ਸਭ ਗੱਲਾਂ ਸੋਚ ਕੇ ਮੈਂ ਅਖ਼ਬਾਰ ਲਈ ਅਸਲੀ ਲੇਖ ਲਿਖਣ ਦੀ ਸਕੀਮ ਅਜੇ 2-4 ਹਫਤਿਆਂ ਲਈ ਅੱਗੇ ਪਾ ਦਿੱਤੀ ਹੈ। ਚੰਗਾ ਨਾ ਲਿਖਣ ਦੀ ਸਖ਼ਤ ਆਲੋਚਨਾ ਦੇ ਡਰ ਤੋਂ ਨਜਾਤ ਪਾ ਕੇ ਮੈਂ ਲੇਖਕ ਬਣਨ ਦੀ ਆਪਣੀ ਸੋਚ ਜ਼ਰੂਰ ਪੂਰੀ ਕਰੂੰਗਾ। ਇਹ ਲਿਖਤ ਵੀ ਮੈਂ ਟੈਸਟ ਵਜੋਂ ਇਸ ਡਰ ਤੋਂ ਨਜਾਤ ਪਾਉਣ ਲਈ ਹੀ ਲਿਖੀ ਹੈ। ਛਪ ਗਈ ਤਾਂ ਵਾਹ ਭਲਾ। ਪਾਠਕਾਂ ਨੂੰ ਕਬੂਲ ਹੋ ਗਈ ਤਾਂ ਉਸ ਤੋਂ ਵੀ ਵਾਹ ਭਲਾ, ਤੇ ਜੇ ਠੇਕੇਦਾਰ ਵਰਗੇ ਸਖ਼ਤ ਅਨੁਸ਼ਾਸਕੀ ਪਾਠਕਾਂ ਦੇ ਅੜਿੱਕੇ ਚੜ੍ਹ ਗਈ ਤਾਂ ਰੱਬ ਰਾਖਾ।

#

ਬਾਤਾਂ ਗਦਰ ਦੀਆਂ

# ਜੇਲ੍ਹ ਵਿਚ ਜੰਗ: ਗ਼ਦਰੀ ਤਾਂ ਡੱਕੇ ਜਾਣੇ ਨਾ

## ਕਾਲੇ ਪਾਣੀ ਦੀ ਚਸ਼ਮਦੀਦ ਗਵਾਹੀ-2

*ਸ਼ਬਦਾਂ ਅਤੇ ਵਿਚਾਰਾਂ ਦੀਆਂ ਲੜੀਆਂ ਜੋੜਨ ਦੇ ਧਨੀ, ਪੰਜਾਬੀ ਦੇ ਨਾਮੀ ਲੇਖਕ ਵਰਿਆਮ ਸਿੰਘ ਸੰਧੂ ਨੇ ਗ਼ਦਰੀ ਬਾਬਿਆਂ ਬਾਰੇ ਲਿਖੀ ਇਸ ਲੇਖ ਲੜੀ ਵਿਚ ਕਾਲੇ ਪਾਣੀਆਂ ਦੀ ਦਾਸਤਾਨ ਬਿਆਨ ਕੀਤੀ ਹੈ। ਕਾਲੇ ਪਾਣੀਆਂ ਦਾ ਇਹ ਬਿਆਨ ਲੂੰ ਕੰਡੇ ਖੜ੍ਹੇ ਕਰਨ ਵਾਲਾ ਹੈ। ਦੇਸ਼ ਭਗਤ ਗ਼ਦਰੀਆਂ ਨੇ ਜਿਸ ਤਰ੍ਹਾਂ ਨਿਰਭੈ ਹੋ ਕੇ ਆਜ਼ਾਦੀ ਦੀ ਲੜਾਈ ਵਿਚ ਭਰਪੂਰ ਯੋਗਦਾਨ ਪਾਇਆ, ਉਹ ਬੇਮਿਸਾਲ ਹੈ। ਉਂਜ, ਇਹ ਵਕਤ ਦੀ ਸਿਤਮਜ਼ਰੀਫੀ ਹੀ ਹੈ ਕਿ ਗ਼ਦਰੀਆਂ ਨੂੰ ਪਹਿਲਾਂ ਪਹਿਲ ਕਮਿਊਨਿਸਟਾਂ ਨਾਲ ਜੋੜ ਕੇ ਦੇਖਿਆ ਗਿਆ ਅਤੇ ਹੁਣ ਕੁਝ ਧਿਰਾਂ ਵੱਲੋਂ ਸਿੱਖ ਬਣਾ ਕੇ ਪੇਸ਼ ਕੀਤਾ ਜਾ ਰਿਹਾ ਹੈ। ਗ਼ਦਰੀਆਂ ਵਿਚੋਂ ਬਹੁਤੇ ਭਾਵੇਂ ਪਿਛੋਂ ਕਮਿਊਨਿਸਟ ਵਿਚਾਰਧਾਰਾ ਨਾਲ ਹੀ ਜੁੜੇ ਅਤੇ ਉਨ੍ਹਾਂ ਨੇ ਸਿਆਸੀ ਖੇਤਰ ਵਿਚ ਚੋਖੀ ਸਰਗਰਮੀ ਵੀ ਕੀਤੀ, ਪਰ ਉਹ ਉਦੋਂ ਕੌਮਾਂਤਰੀ ਪੱਧਰ 'ਤੇ ਮੁਕੰਮਲ ਇਨਕਲਾਬ ਦੇ ਨਜ਼ਰੀਏ ਤੋਂ ਸਾਰੀ ਸਰਗਰਮੀ ਕਰ ਰਹੇ ਸਨ, ਤੇ ਮੁਕੰਮਲ ਇਨਕਲਾਬ ਦੀ ਅਗਵਾਈ ਉਦੋਂ ਕਮਿਊਨਿਸਟ ਕਰ ਰਹੇ ਸਨ। ਗ਼ਦਰੀਆਂ ਨੇ ਤਾਂ ਸਗੋਂ ਆਪਣੇ ਮੁਕੰਮਲ ਗ਼ਦਰ ਲਈ ਹਰ ਧਿਰ ਅਤੇ ਧਾਰਾ ਨਾਲ ਰਾਬਤਾ ਬਣਾਉਣ ਦਾ ਯਤਨ ਕੀਤਾ। ਗ਼ਦਰੀਆਂ ਦੀ ਸੁੱਚੀ ਲੜਾਈ ਦੀ ਤਹਿ ਤੱਕ ਪੁੱਜਣ ਲਈ ਸਾਨੂੰ ਇਹ ਨੁਕਤਾ ਧਿਆਨ ਵਿਚ ਰੱਖਣਾ ਪਵੇਗਾ। ਸੱਚ ਤਾਂ ਇਹ ਹੈ ਕਿ ਗ਼ਦਰੀ ਸਭ ਤੋਂ ਪਹਿਲਾਂ ਦੇਸ਼ ਦੀ ਆਜ਼ਾਦੀ ਲਈ ਮੁਕੰਮਲ ਗ਼ਦਰ ਦੇ ਵੱਡੇ ਸੁਪਨਸਾਜ਼ ਸਨ। ਉਨ੍ਹਾਂ ਨੂੰ ਅਜਿਹੇ ਸੌੜੇ ਖਾਨਿਆਂ ਵਿਚ ਕੈਦ ਕਰਨਾ ਉਨ੍ਹਾਂ ਵੱਲੋਂ ਉਸ ਵੇਲੇ ਲੜੀ ਸੱਚ ਦੀ ਲੜਾਈ ਨਾਲ ਵਧੀਕੀ ਹੈ। ਲੇਖਕ ਵਰਿਆਮ ਸਿੰਘ ਸੰਧੂ ਦੀ ਇਸ ਲੇਖ ਲੜੀ ਵਿਚ ਜਿਸ ਤਰ੍ਹਾਂ ਗ਼ਦਰੀਆਂ ਦਾ ਜ਼ਿਕਰ ਆਇਆ ਹੈ, ਉਸ ਤੋਂ ਕੋਈ ਭੁਲੇਖਾ ਨਹੀਂ ਰਹਿ ਜਾਂਦਾ ਕਿ ਇਨ੍ਹਾਂ ਗ਼ਦਰੀਆਂ ਦਾ ਦਾਈਆ ਸਚਮੁੱਚ ਸਰਬੱਤ ਦੇ ਭਲੇ ਵਾਲਾ ਸੀ ਅਤੇ ਉਨ੍ਹਾਂ ਨੇ ਇਸ ਰਾਹ ਉਤੇ ਤੁਰਦਿਆਂ ਆਪਣੀ ਜ਼ਿੰਦੜੀਆਂ ਵਾਰ ਦਿੱਤੀਆਂ। ਇਸ ਲੇਖ ਵਿਚ ਗ਼ਦਰੀਆਂ ਦੀ ਜੇਲ੍ਹ ਵਿਚ ਲੜੀ ਜੰਗ ਦਾ ਜ਼ਿਕਰ ਹੈ। ਗ਼ਦਰ ਲਹਿਰ ਦੀ ਸ਼ਤਾਬਦੀ ਮੌਕੇ ਅਸੀਂ ਅਜਿਹੀਆਂ ਲਿਖਤਾਂ ਰਾਹੀਂ ਆਪਣੇ ਇਨ੍ਹਾਂ ਪੁਰਖਿਆਂ ਦੀਆਂ ਕੁਰਬਾਨੀਆਂ ਨੂੰ ਸਲਾਮੀ ਦੇ ਰਹੇ ਹਾਂ। -ਸੰਪਾਦਕ*

ਅਸਲ ਵਿਚ ਅੰਗਰੇਜ਼ ਸਰਕਾਰ ਨੇ ਇਹ ਨੀਤੀ ਬਣਾ ਲਈ ਸੀ ਕਿ ਦੇਸ਼ ਭਗਤਾਂ ਨੂੰ ਨਾ ਤਾਂ ਇਕੱਠਿਆਂ ਅਤੇ ਨਾ ਹੀ ਉਨ੍ਹਾਂ ਦੇ ਸੂਬਿਆਂ ਵਿਚ ਰਹਿਣ ਦਿੱਤਾ ਜਾਵੇ। ਸਰਕਾਰ ਇਹ ਵੀ ਸੋਚਦੀ ਸੀ ਕਿ ਇਕੱਠੇ ਨਾ ਹੋਣ ਦੀ ਸੂਰਤ ਵਿਚ ਉਹ ਸਰਕਾਰ ਖਿਲਾਫ਼ ਕੋਈ ਸਾਜਿਸ਼ ਨਹੀਂ ਰਚ ਸਕਣਗੇ। ਆਪਣੇ ਸੂਬਿਆਂ ਤੋਂ ਦੂਰ ਰਹਿਣ ਕਰ ਕੇ ਉਨ੍ਹਾਂ ਦਾ ਆਪਣੇ ਖਿੱਤੇ ਤੇ ਆਪਣੇ ਲੋਕਾਂ ਨਾਲ



■ ਵਰਿਆਮ ਸਿੰਘ ਸੰਧੂ

ਸੰਪਰਕ ਨਹੀਂ ਰਹੇਗਾ ਜਿਸ ਦੇ ਸਿੱਟੇ ਵਜੋਂ ਉਨ੍ਹਾਂ ਦੇ ਇਨਕਲਾਬੀ ਵਿਚਾਰਾਂ ਨੂੰ ਫੈਲਣ ਤੇ ਵਿਗਸਣ ਦਾ ਮੌਕਾ ਨਹੀਂ ਮਿਲ ਸਕੇਗਾ। ਘਰਾਂ ਤੋਂ ਦੂਰ ਹੋਣ ਕਰ ਕੇ ਉਨ੍ਹਾਂ ਨਾਲ ਕੀਤੇ ਧੱਕੇ ਵਿਰੁਧ ਉਨ੍ਹਾਂ ਦੀ ਆਹ ਜਾਂ ਦਾਦ-ਫ਼ਰਿਆਦ ਵੀ ਕੋਈ ਨਹੀਂ ਸੁਣ ਸਕੇਗਾ। ਇਸੇ ਨੀਤੀ ਅਧੀਨ 'ਪਹਿਲੇ ਲਾਹੌਰ ਸਾਜ਼ਿਸ਼ ਕੇਸ' ਦੇ ਸਾਰੇ ਉਮਰ ਕੈਦੀਆਂ, ਕਾਲੇ ਪਾਣੀ ਦੀ ਸਜ਼ਾ ਵਾਲੇ ਤੇ ਹੋਰ ਕੈਦੀਆਂ ਨੂੰ ਚਾਰ-ਚਾਰ, ਪੰਜ-ਪੰਜ ਦੇ ਗਰੁਪਾਂ ਵਿਚ ਉਤਰੀ ਭਾਰਤ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਭੇਜ ਦਿੱਤਾ ਗਿਆ ਸੀ। ਉਦੋਂ ਕਾਲੇ ਪਾਣੀ ਦੀ ਸਜ਼ਾ ਵਾਲੇ ਸਾਰੇ ਕੈਦੀਆਂ ਨੂੰ ਅੰਡੇਮਾਨ ਭੇਜਣ ਦੀ ਥਾਂ ਬਹੁਤ ਸਾਰਿਆਂ ਨੂੰ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਹੀ ਰੱਖਿਆ ਜਾਂਦਾ ਸੀ। ਸਰਕਾਰੀ ਅੰਕੜਿਆਂ ਅਨੁਸਾਰ 1916 'ਚ ਹੀ 263 ਮੁਲਜ਼ਮਾਂ ਨੂੰ ਕਾਲੇ ਪਾਣੀ ਦੀ ਸਜ਼ਾ ਹੋਈ ਸੀ, ਜਦ ਕਿ ਕੇਵਲ 173 ਨੂੰ ਹੀ ਅੰਡੇਮਾਨ ਭੇਜਿਆ ਗਿਆ। ਇਸੇ ਸਾਲ ਦੇ ਅਖ਼ੀਰ ਵਿਚ ਕਾਲੇ ਪਾਣੀ ਦੀ ਸਜ਼ਾ ਪਾਉਣ ਵਾਲੇ 938 ਮੁਲਜ਼ਮ ਪੰਜਾਬ ਦੀਆਂ ਜੇਲ੍ਹਾਂ ਵਿਚ ਹੀ ਬੰਦ ਸਨ। 1915 'ਚ ਤਾਂ ਇਹ ਗਿਣਤੀ 1220 ਸੀ।

ਮੁਲਤਾਨ, ਰਾਵਲਪਿੰਡੀ ਤੇ ਦਿੱਲੀ ਦੀਆਂ ਜੇਲ੍ਹਾਂ ਵਿਚ ਬੰਦ ਗ਼ਦਰੀ ਦੇਸ਼ ਭਗਤਾਂ ਨੇ ਦੇਖਿਆ ਕਿ ਉਨ੍ਹਾਂ ਨਾਲ ਰਾਜਸੀ ਕੈਦੀਆਂ ਵਾਲਾ ਸਲੂਕ ਕਰਨ ਦੀ ਥਾਂ ਗ਼ੈਰ-ਇਨਸਾਨੀ ਸਲੂਕ ਕੀਤਾ ਜਾ ਰਿਹਾ ਹੈ; ਘੱਟ ਅਤੇ ਘਟੀਆ ਖ਼ੁਰਾਕ ਦਿੱਤੀ ਜਾ ਰਹੀ ਸੀ; ਗ਼ੈਰਵਾਜਬ ਤੌਰ 'ਤੇ ਹੱਥਕੜੀਆਂ ਤੇ ਬੇੜੀਆਂ ਵਿਚ ਜਕੜਿਆ ਹੋਇਆ ਸੀ; ਸਫ਼ਾਈ ਦਾ ਵੀ ਬੁਰਾ ਹਾਲ ਸੀ। ਇਸ ਅਣਮਨੁੱਖੀ ਹਾਲਾਤ ਦੇ ਬਾਵਜੂਦ ਚੱਕੀ ਪੀਹਣ ਦੀ ਭਾਰੀ ਮੁਸ਼ੱਕਤ ਕਰਨੀ ਪੈਂਦੀ ਸੀ। ਸਿੱਖ ਕੈਦੀਆਂ ਨੂੰ ਪੱਗ ਦੀ ਥਾਂ ਟੋਪੀ ਪਹਿਨਣ ਲਈ ਮਜਬੂਰ ਕੀਤਾ ਜਾਂਦਾ ਸੀ। ਜੇਲ੍ਹ ਅਧਿਕਾਰੀਆਂ ਦਾ ਹੈਂਕੜ ਭਰਿਆ ਗ਼ੈਰ-ਮਨੁੱਖੀ ਵਿਹਾਰ ਵੀ ਉਨ੍ਹਾਂ ਦੀ ਜ਼ਮੀਰ ਨੂੰ ਜ਼ਖ਼ਮੀ ਕਰਦਾ ਸੀ। ਦੇਸ਼ ਭਗਤ ਇਸ ਜ਼ੁਲਮ ਨੂੰ ਚੁੱਪ-ਚਾਪ ਬਰਦਾਸ਼ਤ ਨਹੀਂ ਸਨ ਕਰ ਸਕਦੇ। ਉਨ੍ਹਾਂ ਨੇ ਇਸ ਅਮਾਨਵੀ ਵਿਹਾਰ ਵਿਰੁਧ ਸੰਘਰਸ਼ ਅਰੰਭ ਦਿੱਤਾ। ਰਾਵਲਪਿੰਡੀ ਜੇਲ੍ਹ ਵਿਚ ਤਾਂ ਬਾਬਾ ਜਵਾਲਾ ਸਿੰਘ ਠੱਠੀਆਂ ਅਤੇ ਉਹਦੇ ਸਾਥੀਆਂ ਨੇ ਬੰਬ ਨਾਲ ਜੇਲ੍ਹ ਦੇ ਸਟਾਫ਼ ਤੇ ਜੇਲ੍ਹ ਦੇ ਸੁਪਰਡੈਂਟ ਨੂੰ ਉਡਾ ਦੇਣ ਦੀ ਸਕੀਮ ਵੀ ਬਣਾ ਧਰੀ ਸੀ ਜਿਹੜੀ ਜੇਲ੍ਹ ਅਧਿਕਾਰੀਆਂ ਨੂੰ ਸੂਹ ਮਿਲ ਜਾਣ ਕਰ ਕੇ ਭਾਵੇਂ ਸਫ਼ਲ ਤਾਂ ਨਾ ਹੋ ਸਕੀ ਪਰ ਇਸ ਨਾਲ ਸਰਕਾਰ ਵਿਚ ਦਹਿਸ਼ਤ ਜ਼ਰੂਰ ਫ਼ੈਲ ਗਈ। ਇਖ਼ਲਾਕੀ ਕੈਦੀ ਵੀ ਗ਼ਦਰੀ ਇਨਕਲਾਬੀਆਂ ਦਾ ਪ੍ਰਭਾਵ ਕਬੂਲਣ ਲੱਗੇ ਅਤੇ ਬੇਖ਼ੌਫ਼ ਹੋ ਕੇ ਵਿਚਰਨ ਲੱਗੇ। ਇਕ ਸਰਕਾਰੀ ਰਿਪੋਰਟ ਮੁਤਾਬਕ ਮੁਲਤਾਨ ਦੀ ਜੇਲ੍ਹ ਵਿਚੋਂ ਇਕ ਕੈਦੀ ਤੇ ਇਕ ਸਿੱਖ ਬਾਗ਼ੀ ਮਿਲ ਕੇ ਜੇਲ੍ਹ ਤੋੜ ਕੇ ਭੱਜ ਵੀ ਨਿਕਲੇ ਸਨ। ਇੰਜ ਹੀ ਮਿੰਟਗੁਮਰੀ ਤੇ ਧਾਰੀਵਾਲ ਆਦਿ ਜੇਲ੍ਹਾਂ ਵਿਚ ਵੀ ਜਦੋਂ ਅਜਿਹੀਆਂ ਬਾਗ਼ੀਆਨਾ ਕਾਰਵਾਈਆਂ ਹੋਣ ਲੱਗੀਆਂ ਤਾਂ ਸਰਕਾਰ ਨੇ ਤੁਰਤ ਇਨ੍ਹਾਂ ਕੈਦੀਆਂ ਨੂੰ ਦੂਰ-ਦੁਰਾਡੇ ਦੀਆਂ ਜੇਲ੍ਹਾਂ ਵਿਚ ਭੇਜਣ ਦਾ ਫ਼ੈਸਲਾ ਕਰ ਲਿਆ।

ਗ਼ਦਰ ਦੀ ਯੋਜਨਾ ਭਾਵੇਂ ਨਾਕਾਮ ਕਰ ਦਿੱਤੀ ਗਈ ਸੀ, ਤਦ ਵੀ ਪੰਜਾਬ ਵਿਚ ਗ਼ਦਰੀਆਂ ਤੇ ਉਨ੍ਹਾਂ ਦੀ ਆਜ਼ਾਦੀ ਲਈ ਸੰਘਰਸ਼ ਕਰਨ ਦੀ ਭਾਵਨਾ ਦਾ ਕੁਝ ਕੁ ਦੇਸ਼ ਪ੍ਰੇਮੀ ਹਲਕਿਆਂ ਵਿਚ ਪ੍ਰਭਾਵ ਜ਼ਰੂਰ ਬਣ ਗਿਆ ਸੀ। ਇਸ ਪ੍ਰਭਾਵ-ਉਸਾਰੀ ਵਿਚ ਜਿਥੇ ਗ਼ਦਰੀਆਂ ਦੀਆਂ ਕੁਰਬਾਨੀਆਂ ਦਾ ਅਸਰ ਸੀ, ਉਥੇ ਪਿੰਡਾਂ ਵਿਚ ਨਜ਼ਰਬੰਦ ਕਰ ਦਿੱਤੇ ਗਏ ਅਨੇਕਾਂ ਗ਼ਦਰੀ ਆਪਣੇ ਪਿੰਡਾਂ ਵਿਚ ਲੋਕਾਂ ਨਾਲ ਹੁੰਦੇ ਮੇਲ-ਮਿਲਾਪ ਅਤੇ ਗੱਲ-ਬਾਤ ਰਾਹੀਂ ਇਸ ਪ੍ਰਭਾਵ-ਦਾਇਰੇ ਨੂੰ ਮੋਕਲਾ ਕਰਨ ਦਾ ਕਾਰਨ ਵੀ ਬਣ ਰਹੇ ਸਨ। ਗ਼ਦਰੀਆਂ ਨੇ ਆਪਣੀ ਮੁਹਿੰਮ ਵਿਚ ਫੌਜੀ ਛਾਉਣੀਆਂ ਵਿਚ ਕੰਮ ਕਰ ਕੇ ਕੁਝ ਫੌਜੀਆਂ ਨੂੰ ਆਪਣੇ ਨਾਲ ਵੀ ਜੋਤ ਲਿਆ ਸੀ ਤੇ ਇਸ ਹਵਾਲੇ ਨਾਲ ਸਬੰਧਤ ਫੌਜੀਆਂ ਦਾ ਕੋਰਟ ਮਾਰਸ਼ਲ ਹੋਣ ਉਪਰੰਤ ਕਈਆਂ ਨੂੰ ਫ਼ਾਂਸੀ ਤੇ ਹੋਰ ਸਜ਼ਾਵਾਂ ਵੀ ਦਿੱਤੀਆਂ ਜਾ ਚੁੱਕੀਆਂ ਸਨ। ਸਰਕਾਰ ਇਸ ਗੱਲ ਤੋਂ ਵੀ ਡਰਦੀ ਸੀ ਕਿ ਪਿੰਡਾਂ ਵਿਚ ਨਜ਼ਰਬੰਦ ਕੀਤੇ ਗ਼ਦਰੀ ਜੇਲ੍ਹਾਂ ਵਿਚ ਬੰਦ ਗ਼ਦਰੀਆਂ ਤੋਂ ਆਦੇਸ਼ ਅਤੇ ਅਗਵਾਈ ਲੈ ਕੇ ਫੌਜੀ ਛਾਉਣੀਆਂ ਤੇ ਆਮ ਲੋਕਾਂ ਵਿਚ ਮੁੜ ਤੋਂ ਬਗ਼ਾਵਤ ਦੀ ਚੰਗਿਆੜੀ ਮਘਾ ਸਕਦੇ ਹਨ। ਇਹੋ ਕਾਰਨ ਸਨ ਜਿਨ੍ਹਾਂ ਕਰ ਕੇ ਗ਼ਦਰੀ ਦੇਸ਼ ਭਗਤਾਂ ਨੂੰ ਅੰਡੇਮਾਨ ਭੇਜਣ ਦਾ ਫ਼ੈਸਲਾ ਕੀਤਾ ਗਿਆ।

ਅੰਡੇਮਾਨ ਜਾਣ ਵਾਲੇ ਪਹਿਲੇ ਜਥੇ ਵਿਚ ਉਹ ਗ਼ਦਰੀ ਸਨ ਜਿਨ੍ਹਾਂ ਨੂੰ ਪਹਿਲਾਂ ਫ਼ਾਂਸੀ ਦੀ ਸਜ਼ਾ ਦਿੱਤੀ ਗਈ ਸੀ ਪਰ ਪਿਛੋਂ ਉਨ੍ਹਾਂ ਦੀ ਫ਼ਾਂਸੀ ਦੀ ਸਜ਼ਾ ਉਮਰ ਕੈਦ ਵਿਚ ਤਬਦੀਲ ਕਰ ਦਿੱਤੀ ਗਈ ਸੀ। ਦੂਜੇ ਜਥੇ ਵਿਚ ਉਮਰ ਕੈਦ, ਕਾਲੇ ਪਾਣੀ ਤੇ ਜਾਇਦਾਦ ਜ਼ਬਤੀ ਦੀ ਸਜ਼ਾ ਵਾਲੇ ਗ਼ਦਰੀ ਭੇਜੇ ਗਏ। ਗ਼ਦਰੀਆਂ ਨੂੰ ਅੰਡੇਮਾਨ ਭੇਜਣ ਲੱਗਿਆਂ ਸਰਕਾਰ ਨੇ ਸਭ ਨਿਯਮ ਤੇ ਕਾਨੂੰਨ ਛਿੱਕੇ ਟੰਗ ਦਿੱਤੇ। ਜਾਣ ਤੋਂ ਪਹਿਲਾਂ ਨਾ ਤਾਂ ਕਿਸੇ ਦਾ ਨਿਯਮਾਂ ਅਨੁਸਾਰ ਡਾਕਟਰੀ ਮੁਆਇਨਾ ਕਰਵਾਇਆ ਗਿਆ ਤੇ ਨਾ ਹੀ ਕਿਸੇ ਦੀ ਉਮਰ ਦਾ ਖ਼ਿਆਲ ਰੱਖਿਆ ਗਿਆ। ਕਈਆਂ ਦੀ ਉਮਰ ਤਾਂ ਸੱਠ ਸਾਲ ਤੋਂ ਵੀ ਉਪਰ ਸੀ। ਅੰਡੇਮਾਨ ਭੇਜਣ ਤੋਂ ਪਹਿਲਾਂ ਗ਼ਦਰੀਆਂ ਦੀ, ਨਿਯਮਾਂ ਅਨੁਸਾਰ ਬਣਦੀ, ਪਰਿਵਾਰਾਂ ਜਾਂ ਸੱਜਣਾਂ-ਸਨੇਹੀਆਂ ਨਾਲ ਮੁਲਾਕਾਤ ਵੀ ਨਾ ਕਰਵਾਈ ਗਈ। ਸਭ ਜਲਾਵਤਨ ਕੈਦੀਆਂ ਨੂੰ ਲਾਹੌਰ ਦੀ ਮੀਆਂ ਮੀਰ ਛਾਉਣੀ ਦੇ ਰੇਲਵੇ ਸਟੇਸ਼ਨ 'ਤੇ ਇਕੱਠਾ ਕਰ ਲਿਆ ਗਿਆ। ਲੋਹੇ ਦੀਆਂ ਸੀਖਾਂ ਵਾਲੇ ਡੱਬਿਆਂ ਵਿਚ ਬੰਦ ਕਰ ਕੇ ਸਖ਼ਤ ਨਿਗਰਾਨੀ ਅਧੀਨ ਰੇਲ ਨੂੰ ਕਲਕੱਤੇ ਵੱਲ ਰਵਾਨਾ ਕਰ ਦਿੱਤਾ ਗਿਆ। ਉਨ੍ਹਾਂ ਦੇ ਪੈਰੀਂ ਬੇੜੀਆਂ ਸਨ ਤੇ ਇਕ-ਇਕ ਹੱਥਕੜੀ ਨਾਲ ਦੋ-ਦੋ ਗ਼ਦਰੀ ਜਕੜੇ ਹੋਏ ਸਨ। ਉਨ੍ਹੀਂ ਦਿਨੀਂ ਅੰਡੇਮਾਨ ਨੂੰ ਮੁਸਾਫ਼ਿਰ ਲਿਜਾਣ ਵਾਲਾ 'ਮਹਾਰਾਜਾ' ਨਾਮੀ ਇੱਕੋ ਜਹਾਜ਼ ਹੁੰਦਾ ਸੀ। ਗ਼ਦਰੀਆਂ ਦੀ ਪਹਿਲੀ ਟੋਲੀ 7 ਦਸੰਬਰ 1915 ਨੂੰ ਕਲਕੱਤੇ ਤੋਂ ਅੰਡੇਮਾਨ ਵੱਲ ਰਵਾਨਾ ਹੋਈ ਤੇ 3 ਦਿਨਾਂ ਬਾਅਦ ਉਨ੍ਹਾਂ ਦਾ ਜਹਾਜ਼ ਪੋਰਟ ਬਲੇਅਰ ਦੀ ਬੰਦਰਗਾਹ 'ਤੇ ਜਾ ਲੱਗਾ। ਕੁਝ ਦਿਨਾਂ ਬਾਅਦ ਗ਼ਦਰੀਆਂ ਦਾ ਦੂਜਾ ਜਥਾ ਵੀ ਅੰਡੇਮਾਨ ਅੱਪੜ ਗਿਆ।

ਦੇਸ਼ ਭਗਤਾਂ ਨੂੰ ਉਨ੍ਹਾਂ ਦੇ ਘਰਾਂ ਅਤੇ ਪ੍ਰਭਾਵ-ਖੇਤਰ ਤੋਂ ਹਜ਼ਾਰਾਂ ਮੀਲ ਦੂਰ ਇਸ ਇਕਲਵਾਂਝੀ, ਮਾਰੂ ਤੇ ਪਰਾਈ ਧਰਤੀ 'ਤੇ ਭੇਜ ਕੇ ਸਰਕਾਰ ਉਨ੍ਹਾਂ ਨੂੰ ਅਸਲੋਂ ਇਕੱਲੇ, ਨਿਥਾਵੇਂ, ਬੇਸਹਾਰਾ ਤੇ ਬੇਹਿੰਸ ਕਰ ਕੇ ਉਨ੍ਹਾਂ ਅੰਦਰ ਮੱਚਦਾ ਆਜ਼ਾਦੀ ਦਾ ਤਾਅ ਅਤੇ ਚਾਅ ਮਾਰਨਾ ਚਾਹੁੰਦੀ ਸੀ। ਉਨ੍ਹਾਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਅਸਲੋਂ ਹੀ ਨਕਾਰਾ ਕਰ ਦੇਣਾ ਚਾਹੁੰਦੀ ਸੀ। ਸਰਕਾਰ ਇਹ ਵੀ ਚਾਹੁੰਦੀ ਸੀ ਕਿ ਦੇਸ਼ ਭਗਤਾਂ ਨਾਲ ਹੁੰਦੇ ਜ਼ੋਰ-ਜਬਰ ਦੀ ਬਾਹਰਲੇ ਸੰਸਾਰ ਤੱਕ ਧੁੱਖ ਵੀ ਨਾ ਨਿਕਲੇ। ਨਾ ਕੋਈ ਉਨ੍ਹਾਂ ਲਈ ਹਾਉਕਾ ਤੇ ਹਾਅ ਭਰੇ; ਨਾ ਕੋਈ ਉਨ੍ਹਾਂ ਦਾ ਆਪਣਾ ਉਨ੍ਹਾਂ ਨਾਲ ਮੁਲਾਕਾਤ ਕਰ ਸਕੇ ਤੇ ਨਾ ਹੀ ਉਨ੍ਹਾਂ ਦਾ ਆਪਣੇ ਸਾਥੀਆਂ-ਸਨੇਹੀਆਂ ਨਾਲ ਕੋਈ ਸੰਪਰਕ ਹੋ ਸਕੇ। ਉਹ ਆਪਣੀ ਧਰਤੀ ਤੇ ਆਪਣੇ ਲੋਕਾਂ ਤੋਂ ਹਜ਼ਾਰਾਂ ਮੀਲ ਦੂਰ ਇਕੱਲ, ਵਿਛੋੜੇ, ਦੁੱਖ, ਭੁੱਖ, ਵਿਚਾਰਗੀ, ਲਾਚਾਰਗੀ ਤੇ ਬੇਗ਼ਾਨਗੀ ਦੀ ਜੂਨ ਭੋਗਦੇ ਖ਼ਤਮ ਹੋ ਜਾਣ।

ਗ਼ਦਰੀਆਂ ਦੇ ਸੈਲੂਲਰ ਜੇਲ੍ਹ ਵਿਚ ਪਹੁੰਚਣ ਤੋਂ ਪਹਿਲਾਂ ਅਨੁਸ਼ੀਲਨ ਸਮਿਤੀ ਅਤੇ ਹੋਰ ਇਨਕਲਾਬੀ ਲਹਿਰਾਂ ਨਾਲ ਜੁੜੇ ਦੇਸ਼ ਭਗਤ ਵਿਨਾਇਕ ਸਾਵਰਕਰ, ਗਨੇਸ਼ ਸਾਵਰਕਰ ਮਰਹੱਟਾ, ਵਰਿੰਦਰ ਘੋਸ਼, ਉਪਿੰਦਰ ਨਾਥ ਬੈਨਰਜੀ, ਆਸ਼ੂਤੋਸ਼ ਲਹਿਰੀ, ਤਰਲੋਕੀ ਨਾਥ ਚੱਕ੍ਰਵਰਤੀ, ਪੁਲਿਨ ਬਿਹਾਰੀ ਦਾਸ, ਜਿਓਤਸ਼ ਚੰਦਰ ਪਾਲ, ਭੁਪਿੰਦਰ ਨਾਥ ਘੋਸ਼ ਆਦਿ ਜੇਲ੍ਹ ਵਿਚ ਸਨ। ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਅੰਗਰੇਜ਼ ਪ੍ਰਿੰਸੀਪਲ ਵਾਦਨ ਨੂੰ ਮਾਰਨ ਦੇ ਯਤਨ ਵਜੋਂ ਭੁਲੇਖੇ-ਵਸ ਕਿਸੇ ਹੋਰ ਪ੍ਰੋਫ਼ੈਸਰ ਨੂੰ ਕਤਲ ਕਰਨ ਦੇ ਦੋਸ਼ ਵਿਚ ਮਾਸਟਰ ਚਤਰ ਸਿੰਘ ਵੀ ਇਥੇ ਪਹਿਲਾਂ ਹੀ ਪਹੁੰਚ ਚੁੱਕੇ ਸਨ। ਗ਼ਦਰੀਆਂ ਨੂੰ ਇਨ੍ਹਾਂ ਸਭਨਾਂ ਤੋਂ ਜੇਲ੍ਹ ਦੀ ਬਦਤਰ ਜ਼ਿੰਦਗੀ ਤੇ ਜੇਲ੍ਹ ਅਧਿਕਾਰੀਆਂ ਦੇ ਜਬਰ-ਜ਼ੁਲਮ ਦੀ ਸੂਹ ਮਿਲ ਚੁੱਕੀ ਸੀ।



*ਸੈਲੂਲਰ ਜੇਲ੍ਹ ਦੇ ਅਜਾਇਬਘਰ ਵਿਚ ਕੋਹਲੂ ਗੇੜਨ ਦੀ ਮਸ਼ੱਕਤ ਵਾਲਾ ਬੁੱਤ।*

ਅੰਡੇਮਾਨ ਦਾ ਜਲਵਾਯੂ ਹੀ ਇੰਨਾ ਨਾ-ਖ਼ੁਸ਼ਗਵਾਰ ਸੀ ਕਿ ਹਿੰਦੁਸਤਾਨ ਤੋਂ ਗਏ ਕੈਦੀਆਂ ਲਈ ਉਸ ਦੀ ਮਾਰ ਝੱਲਣੀ ਬੜੀ ਔਖੀ ਸੀ। ਸਮੁੰਦਰ ਦਾ ਕੰਢਾ ਹੋਣ ਕਰ ਕੇ ਇਥੇ ਖ਼ਾਸ ਕਿਸਮ ਦਾ ਮੱਛਰ ਹੁੰਦਾ ਸੀ ਜਿਸ ਦੇ ਕੱਟਣ ਨਾਲ ਮਲੇਰੀਆ ਬੜੀ ਤੇਜ਼ੀ ਨਾਲ ਫੈਲਦਾ। ਉਤੋਂ ਜੇਲ੍ਹ ਦਾ ਪ੍ਰਬੰਧ ਇੰਨਾ ਮਾੜਾ ਤੇ ਗ਼ੈਰ-ਮਨੁੱਖੀ ਸੀ ਕਿ ਕੈਦੀ ਅਕਸਰ ਹੀ ਮਲੇਰੀਏ, ਪੇਚਸ਼ ਤੇ ਤਪਦਿਕ ਦੇ ਮਰੀਜ਼ ਬਣ ਜਾਂਦੇ। ਆਮ ਵਰਤਣ ਲਈ ਸਮੁੰਦਰ ਦਾ ਲੂਣਾ ਪਾਣੀ ਮਿਲਦਾ ਸੀ। ਪੀਣ ਵਾਲਾ 'ਮਿੱਠਾ ਪਾਣੀ' ਤਾਂ ਬਹੁਤ ਥੋੜ੍ਹਾ ਮਿਲਦਾ ਸੀ। ਇਸ ਤੋਂ ਇਲਾਵਾ ਹੋਰ ਲੋੜੀਂਦੀਆਂ ਸਿਹਤ ਸਹੂਲਤਾਂ ਵੀ ਨਹੀਂ ਸਨ। ਕੇਵਲ ਪੰਦਰਾਂ ਸੌ ਕੈਦੀਆਂ ਲਈ ਬਣਾਈ ਜੇਲ੍ਹ ਵਿਚ ਉਸ ਵਕਤ ਪੰਦਰਾਂ ਹਜ਼ਾਰ ਕੈਦੀਆਂ ਦਾ ਹੋਣਾ ਹੀ ਦੱਸਦਾ ਹੈ ਕਿ ਉਥੇ ਲੋੜੀਂਦੀ ਸਫ਼ਾਈ, ਸਹੂਲਤਾਂ, ਇਲਾਜ ਤੇ ਰਿਹਾਇਸ਼ ਦੀ ਕਿੰਨੀ ਘਾਟ ਹੋਵੇਗੀ! ਕੈਦੀਆਂ ਨੂੰ ਰੋਜ਼ਾਨਾ ਦਿੱਤੇ ਜਾਣ ਵਾਲੇ ਰਾਸ਼ਨ ਦੀ ਮਿਕਦਾਰ ਪ੍ਰਤੀ ਕੈਦੀ ਆਟਾ: ਦਸ ਔਂਸ, ਚੌਲ: ਚੌਦਾਂ ਔਂਸ, ਦਾਲ: ਚਾਰ ਔਂਸ ਤੇ ਕੁਝ ਦਾਲ-ਸਬਜ਼ੀ ਆਦਿ ਸੀ। ਇਹ ਖ਼ੁਰਾਕ ਮਿਆਰ ਪੱਖੋਂ ਵੀ ਬਹੁਤ ਮਾੜੀ ਹੁੰਦੀ। ਸਸਤਾ ਰੰਗੂਨੀ ਚੌਲ, ਦੋਵੇਂ ਵੇਲੇ ਅਰਹਰ ਦੀ ਦਾਲ ਤੇ ਘਾਹ-ਪੱਤੇ ਦੀ ਸਬਜ਼ੀ ਹੀ ਰੋਜ਼ ਦਾ ਭੋਜਨ ਸੀ। ਜੇ ਕਦੀ ਕੈਦੀ ਜੰਗਲਾਂ ਵਿਚ ਲੱਕੜੀ ਆਦਿ ਕੱਟਣ ਦਾ ਕੰਮ ਕਰਨ ਗਏ ਹੁੰਦੇ ਅਤੇ ਅਚਨਚੇਤੀ ਬਾਰਸ਼ ਆ ਜਾਂਦੀ ਤਾਂ ਪੱਤਿਆਂ 'ਤੇ ਪਾ ਕੇ ਜਦੋਂ ਉਹ ਚੌਲ ਖਾਂਦੇ ਤਾਂ ਬਾਰਸ਼ ਨਾਲ ਉਨ੍ਹਾਂ ਦੇ ਚੌਲ ਵਗ਼ੈਰਾ ਹੇਠਾਂ ਵਹਿ ਜਾਂਦੇ ਤੇ ਉਹ ਮਸਾਂ ਅੱਧ-ਪਚੱਧਾ ਖਾਣਾ ਹੀ ਖਾ ਸਕਦੇ। ਉਨ੍ਹਾਂ ਦੇ ਕੱਪੜੇ ਗਿੱਲੇ ਹੋ ਜਾਂਦੇ। ਉਨ੍ਹਾਂ ਨੂੰ ਭਿੱਜੇ ਕੱਪੜਿਆਂ ਵਿਚ ਹੀ ਸੌਣਾ ਪੈਂਦਾ। ਇਸ ਕਰ ਕੇ ਬਿਮਾਰੀ ਤੇ ਮੌਤ ਉਨ੍ਹਾਂ ਵੱਲ ਭੱਜੀ ਚਲੀ ਆਉਂਦੀ। ਇਲਾਜ ਲਈ ਇਥੇ ਕੇਵਲ ਇਕੋ ਕਮਰੇ ਦਾ ਛੋਟਾ ਜਿਹਾ ਹਸਪਤਾਲ ਸੀ ਜਿਸ ਵਿਚ ਉਪਰੇਸ਼ਨ ਦੀ ਕੋਈ ਸਹੂਲਤ ਹੀ ਨਹੀਂ ਸੀ।

ਸੱਚੀ ਗੱਲ ਤਾਂ ਇਹ ਹੈ ਕਿ ਵਾਰ-ਵਾਰ ਆਖਣ 'ਤੇ ਵੀ ਬਿਮਾਰ ਕੈਦੀਆਂ ਨੂੰ ਹਸਪਤਾਲ ਨਹੀਂ ਸੀ ਭੇਜਿਆ ਜਾਂਦਾ ਤੇ ਬਿਮਾਰੀ ਦੀ ਹਾਲਤ ਵਿਚ ਵੀ ਉਨ੍ਹਾਂ ਤੋਂ ਸਖ਼ਤ ਮੁਸ਼ੱਕਤ ਕਰਵਾਈ ਜਾਂਦੀ ਸੀ। ਤ੍ਰਿਲੋਕ ਨਾਥ ਚੱਕ੍ਰਵਰਤੀ ਦਮੇ ਦਾ ਮਰੀਜ਼ ਸੀ ਤੇ ਉਸ ਵੱਲੋਂ ਜੇਲ੍ਹ ਅਧਿਕਾਰੀਆਂ ਨੂੰ ਆਪਣੀ ਬਿਮਾਰੀ ਦੱਸੇ ਜਾਣ ਦੇ ਬਾਵਜੂਦ ਮੁਸ਼ੱਕਤ ਤੋਂ ਛੋਟ ਨਹੀਂ ਸੀ ਦਿੱਤੀ ਗਈ। ਬਿਮਾਰੀ ਦੀ ਹਾਲਤ ਵਿਚ ਕੰਮ ਕਰਦਾ ਰਹਿਣ ਕਰ ਕੇ ਉਸ ਦੀ ਬਿਮਾਰੀ ਵਧਦੀ ਜਾ ਰਹੀ ਸੀ। ਇਕ ਦਿਨ ਉਸ ਨੂੰ ਦਮੇ ਦਾ ਅਜਿਹਾ ਦੌਰਾ ਪਿਆ ਕਿ ਉਸ ਦੇ ਸਾਥੀ ਉਹਨੂੰ ਚੁੱਕ ਕੇ ਹਸਪਤਾਲ ਛੱਡ ਆਏ। ਗੰਭੀਰ ਹਾਲਤ ਦੇਖ ਕੇ ਡਾਕਟਰ ਨੇ ਭਰਤੀ ਕਰ ਲਿਆ। ਸੁਪਰਡੈਂਟ ਨੇ ਅਗਲੇ ਦਿਨ ਉਸ ਨੂੰ ਹਸਪਤਾਲ ਵਿਚ ਦੇਖਿਆ ਤਾਂ ਡਾਕਟਰ ਨੂੰ ਖ਼ੂਬ ਝਾੜ ਪਾਈ ਤੇ ਹਸਪਤਾਲ ਵਿਚੋਂ ਕੱਢ ਦਿੱਤਾ। ਨਾਲ ਹੀ ਜ਼ਹਿਰ ਭਿੱਜਾ ਤੀਰ ਮਾਰਿਆ, "ਉਦੋਂ ਤਾਂ ਦੇਸ਼ ਵਿਚ ਗੜਬੜ ਫ਼ੈਲਾਈ ਹੋਈ ਸੀ, ਉਹ ਭੁੱਲ ਗਿਐਂ? ਹੁਣ ਇਥੇ ਦੁੱਧ ਪੀਣ ਆਇਐਂ?"

ਜੇਲ੍ਹ ਵਿਚ ਰਾਤ ਸਮੇਂ ਰੌਸ਼ਨੀ ਦਾ ਕੋਈ ਪ੍ਰਬੰਧ ਨਹੀਂ ਸੀ ਹੁੰਦਾ। ਤ੍ਰਿਲੋਕ ਨਾਥ ਚੱਕ੍ਰਵਰਤੀ ਲਿਖਦੇ ਹਨ, 'ਪਖ਼ਾਨੇ ਦਾ ਇੰਤਜ਼ਾਮ ਵੀ ਬੜਾ ਅਜੀਬ ਸੀ। ਰਾਤ ਨੂੰ ਹਰ ਇਕ ਕੋਠੜੀ ਵਿਚ ਮਿੱਟੀ ਦਾ ਲੋਟਾ ਦਿੱਤਾ ਜਾਂਦਾ ਸੀ। ਇਸ ਵਿਚ ਸੇਰ ਭਰ ਤੋਂ ਜ਼ਿਆਦਾ ਪਾਣੀ ਆਉਂਦਾ ਸੀ। ਰਾਤ ਨੂੰ ਕਿਸੇ ਨੂੰ ਪਖ਼ਾਨੇ ਦੀ ਹਾਜਤ ਹੋਈ ਤਾਂ ਪਹਿਲਾਂ ਹਨੇਰੇ ਵਿਚ ਪੈਰ ਨਾਲ ਟੋਹ ਕੇ ਲੋਟਾ ਲੱਭਣਾ ਪੈਂਦਾ ਸੀ। ਫਿਰ ਉਸ ਦੇ ਮੂੰਹ ਦਾ ਪਤਾ ਲਗਾ ਕੇ ਵਾਰੀ-ਵਾਰੀ ਨਾਲ ਪਖ਼ਾਨਾ ਤੇ ਪਿਸ਼ਾਬ ਕਰਨਾ ਪੈਂਦਾ ਸੀ। ਪਿਸ਼ਾਬ ਤੇ ਪਖ਼ਾਨਾ ਇਕੱਠਾ ਨਹੀਂ ਸੀ ਕੀਤਾ ਜਾ ਸਕਦਾ। ਇਸ ਲਈ ਪਿਸ਼ਾਬ ਰੋਕ ਕੇ ਲੋਟੇ ਵਿਚ ਪਖ਼ਾਨਾ ਕਰਨਾ ਪੈਂਦਾ ਸੀ। ਜਾਣੀ ਇਕ ਨੂੰ ਕਰਦੇ ਸਮੇਂ ਦੂਜੇ ਨੂੰ ਬੰਦ ਰੱਖਣਾ ਪੈਂਦਾ ਸੀ। ਇਕੋ ਵਾਰ ਦੋਵਾਂ ਨੂੰ ਕਰਨ ਨਾਲ ਇਕ ਥੱਲੇ ਜ਼ਮੀਨ 'ਤੇ ਗਿਰ ਜਾਂਦਾ ਸੀ ਜਿਸ ਨਾਲ ਆਪਣੀ ਹੀ ਕੋਠੜੀ ਗੰਦੀ ਹੁੰਦੀ ਸੀ। ਦੋ ਤਿੰਨ ਮਹੀਨਿਆਂ ਬਾਅਦ ਇਕ ਦਿਨ ਪਖ਼ਾਨੇ ਦੀ ਜਗ੍ਹਾ ਚੂਨਾ ਫੇਰ ਦਿੱਤਾ ਜਾਂਦਾ। ਪਿਸ਼ਾਬ, ਪਖ਼ਾਨਾ ਮਿੱਟੀ 'ਤੇ ਡਿਗਿਆ ਤਾਂ ਭੰਗੀ ਦੇ ਰਿਪੋਰਟ ਕਰਨ 'ਤੇ ਸਜ਼ਾ ਦਿੱਤੀ ਜਾਂਦੀ ਸੀ। ਪਾਣੀ ਵੀ ਬੜੀ ਸਾਵਧਾਨੀ ਨਾਲ ਵਰਤਣਾ ਪੈਂਦਾ ਸੀ। ਜ਼ਿਆਦਾ ਪਾਣੀ ਡੋਲ੍ਹਣ ਤੇ ਉਸ ਦੇ ਫ਼ੈਲਣ ਨਾਲ ਆਪਣਾ ਹੀ ਬਿਸਤਰਾ ਭਿੱਜਣਾ ਸੀ।'

ਹੋਰ ਤਾਂ ਹੋਰ, ਦਿਨ ਵੇਲੇ ਇਕੋ ਥਾਂ 'ਤੇ ਕੰਮ ਕਰਦੇ ਸਮੇਂ ਇਕ-ਦੂਜੇ ਨਾਲ ਗੱਲ ਕਰਨ ਦਾ ਹੁਕਮ ਨਹੀਂ ਸੀ। ਖਾਣਾ ਖਾਂਦੇ ਜਾਂ ਪਖ਼ਾਨਾ ਕਰਦੇ ਸਮੇਂ ਦੇਸ਼ ਭਗਤਾਂ ਨੂੰ ਲਾਗੇ-ਲਾਗੇ ਬੈਠਣ ਵੀ ਨਹੀਂ ਸੀ ਦਿੱਤਾ ਜਾਂਦਾ। ਹਮੇਸ਼ਾ ਉਨ੍ਹਾਂ ਵਿਚਕਾਰ ਦਸ-ਦਸ ਸਧਾਰਨ ਕੈਦੀਆਂ ਨੂੰ ਬਿਠਾਇਆ ਜਾਂਦਾ ਸੀ। ਅਜਿਹੀਆਂ ਮਾੜੀਆਂ ਹਾਲਤਾਂ ਦੇ ਹੁੰਦਿਆਂ ਕੈਦੀ ਅਕਸਰ ਹੀ ਮੌਤ ਦੇ ਮੂੰਹ ਵਿਚ ਜਾ ਪੈਂਦੇ। ਅੰਡੇਮਾਨ ਦੀ ਜੇਲ੍ਹ ਦੀ ਪੜਤਾਲ ਕਰਨ ਲਈ ਬਣੀ 'ਇੰਡੀਅਨ ਜੇਲ੍ਹ ਕਮੇਟੀ' ਨੇ ਖ਼ੁਦ ਮੰਨਿਆਂ ਕਿ 1904 ਵਿਚ ਜੋ ਕੈਦੀਆਂ ਦੀ ਗਿਣਤੀ ਸੀ, ਉਸ ਮੁਤਾਬਕ ਵੀਹ ਸਾਲ ਪਿਛੋਂ ਇਕ ਹਜ਼ਾਰ ਕੈਦੀਆਂ ਪਿੱਛੇ 340 ਕੈਦੀ ਹੀ ਜ਼ਿੰਦਾ ਬਚਦੇ। 1914 ਤੋਂ ਪਿਛੋਂ ਵੀ ਇਸ ਅਨੁਪਾਤ ਵਿਚ ਫ਼ਰਕ ਨਹੀਂ ਸੀ ਪਿਆ। ਭਾਰਤ ਵਿਚਲੀਆਂ ਜੇਲ੍ਹਾਂ ਵਿਚ ਹੁੰਦੀਆਂ ਮੌਤਾਂ ਦੀ ਗਿਣਤੀ ਦੇ ਟਾਕਰੇ ਇਥੇ ਮੌਤਾਂ ਦੀ ਗਿਣਤੀ ਦੁੱਗਣੀ ਹੁੰਦੀ। ਇੰਨੀਆਂ ਵੱਧ ਮੌਤਾਂ ਦਾ ਕਾਰਨ ਨਿਸਚੇ ਹੀ ਜੇਲ੍ਹ ਦੀ ਮਾੜੀ ਦਸ਼ਾ ਸੀ। ਇਹ ਇਸ ਗੱਲ ਤੋਂ ਵੀ ਸਾਬਤ ਹੁੰਦਾ ਹੈ ਕਿ ਟਾਪੂ ਉਤੇ ਜੇਲ੍ਹ ਤੋਂ ਬਾਹਰ ਰਹਿਣ ਵਾਲੇ ਆਜ਼ਾਦ ਲੋਕਾਂ ਤੇ ਪੁਲਿਸ ਅਧਿਕਾਰੀਆਂ/ਕਰਮਚਾਰੀਆਂ ਵਿਚ ਮੌਤ ਦੀ ਦਰ ਜੇਲ੍ਹ ਵਿਚਲੀ ਮੌਤ ਦਰ ਨਾਲੋਂ ਕਿਤੇ ਘੱਟ ਸੀ। ਪੋਰਟ ਬਲੇਅਰ ਦੇ ਵੱਡੇ ਮੈਡੀਕਲ ਅਫ਼ਸਰ ਮੇਜਰ ਐਫ਼.ਏ. ਬਾਰਕਰ ਨੇ ਆਪਣੀ ਗਵਾਹੀ ਵਿਚ ਮੰਨਿਆਂ ਸੀ ਕਿ ਤਪਦਿਕ ਦੇ ਜੋ ਮਰੀਜ਼ ਹਸਪਤਾਲ ਵਿਚ ਦਾਖ਼ਲ ਹੁੰਦੇ ਸਨ, ਉਨ੍ਹਾਂ ਵਿਚੋਂ ਸੱਤਰ ਫ਼ੀਸਦੀ ਮਰ ਜਾਂਦੇ ਸਨ। ਮਿਰਗੀ ਦੇ ਅਤੇ ਪਾਗਲ ਮਰੀਜ਼ਾਂ ਦੀ ਗਿਣਤੀ ਵੀ ਭਾਰਤ ਨਾਲੋਂ ਚਾਰ-ਪੰਜ ਗੁਣਾ ਵੱਧ ਸੀ। ਸਰਕਾਰੀ ਰਿਪੋਰਟ ਦੱਸਦੀ ਹੈ ਕਿ ਹਰ ਮਹੀਨੇ ਔਸਤਨ ਤਿੰਨ ਆਦਮੀ ਤਾਂ ਆਤਮ-ਹੱਤਿਆ ਹੀ ਕਰ ਲੈਂਦੇ ਸਨ।

ਉਸ ਵੇਲੇ ਸੈਲੂਲਰ ਜੇਲ੍ਹ ਦਾ ਸੁਪਰਡੈਂਟ ਮੇਜਰ ਜੇ.ਆਰ. ਮਰੇ ਸੀ ਤੇ ਜੇਲ੍ਹਰ ਸੀ ਮਿਸਟਰ ਬੈਰੀ। ਦੋਵੇਂ ਹੀ ਹੈਵਾਨੀਅਤ ਦੀ ਜਿਉਂਦੀ-ਜਾਗਦੀ ਮਿਸਾਲ ਸਨ। ਪਿਆਰ, ਤਰਸ ਤੇ ਹਮਦਰਦੀ ਜਿਹੇ ਕੋਮਲ ਇਨਸਾਨੀ ਜਜ਼ਬੇ ਤਾਂ ਜਿਵੇਂ ਉਨ੍ਹਾਂ ਵਿਚੋਂ ਮੂਲੋਂ ਹੀ ਮਰ ਚੁੱਕੇ ਸਨ। ਹੋਰ ਸਹਾਇਕ ਸਟਾਫ਼ ਤੋਂ ਇਲਾਵਾ ਕੈਦੀਆਂ ਵਿਚੋਂ ਚੁਣੇ 117 ਟੈਂਡਲ ਜਾਂ ਨੰਬਰਦਾਰ ਸਨ ਜਿਹੜੇ ਆਪਣੇ-ਆਪ ਨੂੰ ਅਫ਼ਸਰਾਂ ਤੋਂ ਕਿਸੇ ਹਾਲਤ ਵੀ ਘੱਟ ਨਹੀਂ ਸਨ ਸਮਝਦੇ। ਉਹ ਕੈਦੀਆਂ 'ਤੇ ਜਬਰ ਢਾਹੁਣ ਲਈ ਵੱਡੇ ਅਧਿਕਾਰੀਆਂ ਦੇ ਸੁਹੀਏ ਤੇ ਹੱਥ-ਠੋਕੇ ਤਾਂ ਹੈ ਹੀ ਸਨ ਸਗੋਂ ਖ਼ੁਦ ਵੀ ਜਦੋਂ ਜੀ ਕਰਦਾ, ਕੋਈ ਨਾ ਕੋਈ ਬਹਾਨਾ ਲੱਭ ਕੇ ਕੈਦੀਆਂ ਨੂੰ ਮਾਰ-ਕੁੱਟ ਤੇ ਗਾਲ-ਮੰਦਾ ਕਰ ਕੇ ਜ਼ਲੀਲ ਕਰਦੇ ਰਹਿੰਦੇ। ਇਨ੍ਹਾਂ ਸਾਰੇ ਟੈਂਡਲਾਂ ਦਾ ਇੰਚਾਰਜ ਇਕ ਪਠਾਣ ਸੀ ਜਿਹੜਾ ਕੈਦੀਆਂ ਵਿਚੋਂ ਹੀ ਬਣਾਇਆ ਗਿਆ ਸੀ। ਉਹ ਇੰਨਾ ਵਹਿਸ਼ੀ ਤੇ ਜ਼ਾਲਮ ਸੀ ਕਿ ਕੈਦੀ ਉਸ ਤੋਂ ਥਰ-ਥਰ ਕੰਬਦੇ ਉਹਦੀ ਖ਼ੁਸ਼ਾਮਦ ਕਰ ਕੇ ਦਿਨ ਗੁਜ਼ਾਰਦੇ। ਉਹ ਬਿਨਾਂ ਕਿਸੇ ਵਿਸ਼ੇਸ਼ ਗੁਨਾਹ ਦੇ ਕੈਦੀਆਂ 'ਤੇ ਜ਼ੁਲਮ

ਢਾਹੁਣ ਦਾ ਕੋਈ ਨਾ ਕੋਈ ਬਹਾਨਾ ਢੂੰਡ ਲੈਂਦਾ ਸੀ। ਬਰਿੰਦਰ ਕੁਮਾਰ ਘੋਸ਼ ਮੁਤਾਬਕ, 'ਖ਼ਾਨ ਸਾਹਿਬ ਨੂੰ ਖ਼ੁਸ਼ ਕਰਨ ਲਈ ਕੋਈ ਵੀ ਐਸੀ ਗੱਲ ਨਹੀਂ ਸੀ ਜੋ ਅਸੀਂ ਕਰਨ ਲਈ ਤਿਆਰ ਨਹੀਂ ਸੀ।'

ਕੈਦੀਆਂ ਵਿਚੋਂ ਬਣਾਏ ਕਾਰਿੰਦੇ ਹੀ ਜੇ ਏਡੇ ਜ਼ਾਲਮ ਸਨ ਤਾਂ ਵੱਡੇ ਅਫ਼ਸਰਾਂ ਦਾ ਕੀ ਹਾਲ ਹੋਵੇਗਾ! ਜੇਲ੍ਹ ਦਾ ਅੰਦਰਲਾ ਪ੍ਰਬੰਧ ਮਿਸਟਰ ਬੈਰੀ ਦੇ ਹੱਥ ਸੀ। ਬੈਰੀ ਆਪਣੇ-ਆਪ ਨੂੰ 'ਜੇਲ੍ਹ ਦਾ ਪਰਮੇਸ਼ਰ' ਆਖਦਾ ਸੀ। ਬਰਿੰਦਰ ਕੁਮਾਰ ਘੋਸ਼ ਤਾਂ ਉਸ ਨੂੰ 'ਜੇਲ੍ਹ ਦਾ ਯਮਰਾਜ' ਆਖਦਾ ਲਿਖਦਾ ਹੈ ਕਿ 'ਕੈਦੀ ਮਿਸਟਰ ਬੈਰੀ ਤੋਂ ਇੰਨਾ ਡਰਦੇ ਸਨ ਜਿੰਨਾ ਬੱਕਰੀ ਵੀ ਸ਼ੇਰ ਤੋਂ ਨਹੀਂ ਡਰਦੀ।' ਉਪੇਂਦਰਨਾਥ ਬੈਨਰਜੀ ਨੇ ਲਿਖਿਆ ਹੈ ਕਿ ਬੈਰੀ ਅਕਸਰ ਕਹਿੰਦਾ ਸੀ, "ਜੇਲ੍ਹ ਵਿਚ ਮੇਰਾ ਰਾਜ ਹੈ। ਮੇਰੇ ਵਾਹਦ ਅਖ਼ਤਿਆਰਾਂ ਵਿਚ ਰੱਬ ਵੀ ਦਖ਼ਲ ਨਹੀਂ ਦੇ ਸਕਦਾ।" ਉਹ ਤਾਂ ਅਸਲੋਂ ਨਿੱਕੀਆਂ-ਨਿੱਕੀਆਂ ਗੱਲਾਂ 'ਤੇ ਰਾਜਸੀ ਕੈਦੀਆਂ ਨੂੰ ਤੰਗ ਕਰਨ ਦਾ ਬਹਾਨਾ ਬਣਾ ਲੈਂਦਾ ਸੀ। ਕਈਆਂ ਨੂੰ ਸਿਰਫ਼ ਇਸ ਕਰ ਕੇ ਹੀ ਸਜ਼ਾ ਦਿੱਤੀ ਗਈ ਕਿ ਉਨ੍ਹਾਂ ਇਕ-ਦੂਜੇ ਨੂੰ 'ਫ਼ਤਹਿ' ਕਿਉਂ ਬੁਲਾਈ ਹੈ! ਭਾਈ ਨਿਧਾਨ ਸਿੰਘ ਨੂੰ ਕਿਤਾਬ ਪੜ੍ਹਦਿਆਂ ਵੇਖਿਆ ਤਾਂ ਛੇ ਮਹੀਨੇ ਲਈ ਡੰਡਾ ਬੇੜੀ, ਕੈਦ ਤਨਹਾਈ ਤੇ ਘੱਟ ਖ਼ੁਰਾਕ ਦੀ ਸਜ਼ਾ ਸੁਣਾ ਦਿੱਤੀ।

ਕੈਦੀਆਂ ਦੀ ਮੁਸ਼ੱਕਤ ਬੜੀ ਕਰੜੀ ਸੀ। ਇਸ ਵਿਚ ਤੋਰੀਏ ਦਾ ਤੇਲ ਦਸ ਪੌਂਡ, ਗਿਰੀ ਦਾ ਤੀਹ ਪੌਂਡ ਕੱਢਣਾ ਪੈਂਦਾ ਸੀ। ਨਾਰੀਅਲ ਦੇ ਛਿਲਕੇ ਕੁੱਟ ਕੇ ਉਸ ਵਿਚੋਂ ਦੋ ਪੌਂਡ ਰੇਸ਼ਾ ਕੱਢਣਾ ਮੁਕੱਰਰ ਕੀਤਾ ਹੋਇਆ ਸੀ। ਜੇ ਕੋਈ ਕੈਦੀ ਮੁਸ਼ੱਕਤ ਪੂਰੀ ਨਾ ਕਰ ਸਕਦਾ ਤਾਂ ਉਸ ਦੀ ਸੁਪਰਡੈਂਟ ਦੇ ਪੇਸ਼ੀ ਪੈ ਜਾਂਦੀ ਜੋ ਉਨ੍ਹਾਂ ਲਈ ਵੱਖ-ਵੱਖ ਕਹਿਰਵਾਨ ਸਜ਼ਾਵਾਂ ਦਾ ਐਲਾਨ ਕਰਦਾ।

ਮੁਸ਼ੱਕਤ ਵਿਚੋਂ ਸਭ ਤੋਂ ਭੈੜੀ ਤੇ ਮਾਰੂ ਮੁਸ਼ੱਕਤ ਕੋਹਲੂ ਗੇੜ ਕੇ ਤੇਲ ਕੱਢਣ ਦੀ ਸੀ। ਬਾਬਾ ਗੁਰਮੁਖ ਸਿੰਘ ਅਨੁਸਾਰ, 'ਮੈਥੋਂ ਪਹਿਲਾਂ ਵੀਰ ਸਾਵਰਕਰ ਅਤੇ ਅਰਵਿੰਦੋ ਘੋਸ਼ ਦੇ ਸਾਥੀ ਕੈਦੀਆਂ ਤੋਂ ਜਿਨ੍ਹਾਂ ਦਾ ਭਾਰ ਇਕਾਸੀ ਪੌਂਡ ਵੀ ਨਹੀਂ ਸੀ, ਤੀਹ-ਤੀਹ ਪੌਂਡ ਤੇਲ ਰੋਜ਼ ਪਿੜਾਇਆ ਜਾਂਦਾ ਸੀ। ਰੋਟੀ ਕੋਠੜੀ ਤੋਂ ਬਾਹਰ ਧਰ ਦਿੱਤੀ ਜਾਂਦੀ ਸੀ ਤੇ ਜਦ ਤੱਕ ਕੈਦੀਆਂ ਦੀ ਮੁਸ਼ੱਕਤ ਦਾ ਰੋਜ਼ਾਨਾ ਕੋਟਾ ਪੂਰਾ ਨਹੀਂ ਸੀ ਹੋ ਜਾਂਦਾ, ਉਨ੍ਹਾਂ ਨੂੰ ਰੋਟੀ ਖਾਣ ਦਾ ਹੁਕਮ ਨਹੀਂ ਸੀ ਹੁੰਦਾ।' ਕੋਹਲੂ ਪੀੜਨ ਦੀ ਸਜ਼ਾ ਦੀ ਭਿਆਨਕਤਾ ਬਾਰੇ ਖ਼ੁਦ ਕਾਲੇ ਪਾਣੀ ਦੀ ਕੈਦ ਭੁਗਤਣ ਵਾਲੇ ਤੇ ਜੇਲ੍ਹ-ਜਬਰ ਦਾ ਅਨੁਭਵ ਪ੍ਰਾਪਤ ਕਰਨ ਵਾਲੇ ਬਰਿੰਦਰ ਕੁਮਾਰ ਘੋਸ਼ ਤੋਂ ਵਧੇਰੇ ਹੋਰ ਕਿਹੜੀ ਪ੍ਰਮਾਣਿਕ ਗਵਾਹੀ ਹੋ ਸਕਦੀ ਹੈ। ਉਹ ਲਿਖਦਾ ਹੈ, "ਜਿਨ੍ਹਾਂ ਨੂੰ ਕੋਹਲੂ ਗੇੜ ਕੇ ਤੇਲ ਕੱਢਣ ਦੀ ਮੁਸ਼ੱਕਤ ਸੁਣਾਈ ਜਾਂਦੀ, ਉਨ੍ਹਾਂ ਨੂੰ ਉਸ ਰਾਤ ਨੀਂਦ ਨਾ ਆਉਂਦੀ। ਕੋਹਲੂ ਗੇੜਨ ਨਾਲ ਹੱਟੇ ਕੱਟੇ ਆਦਮੀ ਵੀ ਥੱਕ ਕੇ ਚੂਰ ਹੋ ਜਾਂਦੇ। ਜੋ ਸਾਡਾ ਹਾਲ ਹੁੰਦਾ, ਉਸ ਦਾ ਤਾਂ ਕਹਿਣਾ ਹੀ ਕੀ ਹੈ। ਇਹ ਕੰਮ ਨਹੀਂ ਸੀ, ਇਹ ਤਾਂ ਘੋਲ ਸੀ। ਦਸਾਂ ਮਿੰਟਾਂ ਦੇ ਵਿਚ-ਵਿਚ ਸਾਨੂੰ ਸਾਹ ਚੜ੍ਹ ਜਾਂਦਾ ਅਤੇ ਜ਼ਬਾਨ ਖ਼ੁਸ਼ਕ ਹੋ ਜਾਂਦੀ। ਇਕ ਘੰਟੇ ਵਿਚ ਸਾਰੇ ਅੰਗ ਬੇਹਿਸ ਹੋ ਜਾਂਦੇ।"

ਨਾਰੀਅਲ ਦਾ ਰੇਸ਼ਾ ਕੱਢਣ ਦੀ ਮੁਸ਼ੱਕਤ ਭਾਵੇਂ ਕੋਹਲੂ ਗੇੜਨ ਜਿੰਨੀ ਸਖ਼ਤ ਨਹੀਂ ਸੀ, ਤਦ ਵੀ ਇਹ ਕੋਈ ਇੰਨੀ ਸੌਖੀ ਨਹੀਂ ਸੀ। ਘੋਸ਼ ਆਪਣੀ ਗੱਲ ਜਾਰੀ ਰੱਖਦਿਆਂ ਲਿਖਦਾ ਹੈ, "ਜੇ ਕਿਸੇ ਆਦਮੀ ਨੂੰ ਮੇਰੀ ਗੱਲ 'ਤੇ ਯਕੀਨ ਨਾ ਆਵੇ ਤਾਂ ਮੈਂ ਉਸ ਨੂੰ ਅਧੀਨਗੀ ਨਾਲ ਬੇਨਤੀ ਕਰਾਂਗਾ ਕਿ ਉਹ ਮਿਸਟਰ ਬੈਰੀ ਦੇ ਰਾਜ 'ਚ ਜਾ ਕੇ ਕੇਵਲ ਇਕ ਹਫ਼ਤਾ ਕੋਹਲੂ ਗੇੜੇ ਅਤੇ ਨਾਰੀਅਲ ਦਾ ਛਿਲਕਾ ਕੁੱਟੇ। ਇਕ ਹਫ਼ਤੇ ਵਿਚ ਹੀ ਉਹ ਉਸ ਤਰ੍ਹਾਂ ਮਹਿਸੂਸ ਕਰਨ ਲੱਗੇਗਾ ਜਿਵੇਂ ਇਕ ਹੋਰ ਅਵਤਾਰ ਨੇ ਸੂਲੀ ਉਤੇ ਮਹਿਸੂਸ ਕੀਤਾ ਸੀ।"

ਇੰਜ ਪਤਾ ਨਹੀਂ ਕਿੰਨੇ ਕੁ ਈਸਾ ਕਾਲੇਪਾਣੀ ਦੀ ਮੁਸ਼ੱਕਤ ਤੇ ਹੋਰ ਸਜ਼ਾਵਾਂ ਭੋਗਦੇ 'ਸੂਲੀ ਉਤੇ ਟੰਗੇ ਗਏ।' ਛੋਟੀ-ਛੋਟੀ ਗੱਲ 'ਤੇ ਬੈਂਤ ਮਾਰਨ, ਡੰਡਾ-ਬੇੜੀ ਤੇ ਖੜੀ ਹੱਥਕੜੀ ਲਾਉਣ ਤੇ ਲੰਮੇ ਸਮੇਂ ਲਈ ਕੈਦ-ਏ-ਤਨਹਾਈ ਦੀਆਂ ਸਜ਼ਾਵਾਂ ਦਿੱਤੀ ਜਾਂਦੀਆਂ ਸਨ। ਉਤੋਂ ਕੈਦੀ ਕਾਰਕੁਨਾਂ ਤੇ ਹੋਰ ਜੇਲ੍ਹ ਅਧਿਕਾਰੀਆਂ ਤੇ ਕਰਮਚਾਰੀਆਂ ਵੱਲੋਂ ਕੀਤੀ ਜਾਂਦੀ ਬੇਇਜ਼ਤੀ ਨਾਲ ਕੈਦੀ ਸਰੀਰਕ ਦੇ ਨਾਲ ਮਾਨਸਿਕ ਤੌਰ 'ਤੇ ਵੀ ਬੁਰੀ ਤਰ੍ਹਾਂ ਪੀੜਤ ਹੁੰਦੇ। ਕਿਸੇ ਵੀ ਅਜਿਹੀ ਅਣਸੁਖਾਵੀਂ ਹਾਲਤ ਨਾਲ ਨਜਿੱਠਣ ਬਾਰੇ ਗ਼ਦਰੀ ਦੇਸ਼ ਭਗਤ ਪਹਿਲਾਂ ਹੀ ਬੜੇ ਸੁਚੇਤ ਸਨ। ਅੰਡੇਮਾਨ ਪਹੁੰਚਣ ਵਾਲੇ ਗ਼ਦਰੀਆਂ ਦੇ ਪਹਿਲੇ ਜੱਥੇ ਨੇ ਰਾਹ ਵਿਚ ਹੀ ਫ਼ੈਸਲਾ ਕਰ ਲਿਆ ਸੀ ਕਿ ਜੇਲ੍ਹ ਵਿਚ ਉਨ੍ਹਾਂ ਹਾਲਤ ਨਾਲ ਕਿਵੇਂ ਨਜਿੱਠਣਾ ਹੈ। ਉਨ੍ਹਾਂ ਵੱਲੋਂ ਕੀਤੇ ਕੁਝ ਮਹੱਤਵਪੂਰਨ ਫ਼ੈਸਲੇ ਇਹ ਸਨ:

1 ਮੁਸ਼ੱਕਤ ਤੋਂ ਇਨਕਾਰ ਨਹੀਂ ਕੀਤਾ ਜਾਵੇਗਾ; ਬਸ਼ਰਤੇ ਕਿ ਉਹ ਵਾਜਬ ਹੋਵੇ ਤੇ ਇਨਸਾਨ ਦੇ ਵਿਤੋਂ ਬਾਹਰੀ ਨਾ ਹੋਵੇ।

2 ਜੇਲ੍ਹ ਕਰਮਚਾਰੀਆਂ ਨਾਲ ਸਲੀਕੇ ਤੇ ਸ਼ਾਇਸਤਗੀ ਨਾਲ ਗੱਲਬਾਤ ਕੀਤੀ ਜਾਏ। ਇਸ ਦੇ ਬਾਵਜੂਦ ਜੇ ਕੋਈ ਕਰਮਚਾਰੀ ਰੁੱਖਾ ਬੋਲ ਕੇ ਜਾਂ ਗਾਲ-ਮੰਦਾ ਕਰ ਕੇ ਬੇਇਜ਼ਤੀ ਕਰੇ ਤਾਂ ਉਸ ਦਾ ਢੁੱਕਵਾਂ ਜਵਾਬ ਦਿੱਤਾ ਜਾਏ ਤੇ ਇਸ ਨੂੰ ਕੌਮੀ ਅਣਖ਼ ਦਾ ਸਵਾਲ ਸਮਝ ਕੇ ਨਜਿੱਠਿਆ ਜਾਏ।

3 ਬਾਹਰੋਂ ਕੋਈ ਵੀ ਚੀਜ਼ ਚੋਰੀ ਮੰਗਵਾ ਕੇ ਨਾ ਖਾਧੀ ਜਾਏ ਕਿਉਂਕਿ ਇਸ ਨਾਲ ਖ਼ੁਦ ਆਪਣੇ, ਪਾਰਟੀ ਅਤੇ ਦੇਸ਼ ਦੇ ਮਾਣ-ਸਨਮਾਨ ਨੂੰ ਧੱਬਾ ਲੱਗਦਾ ਹੈ।


ਜ਼ਾਹਿਰ ਹੈ ਕਿ ਗ਼ਦਰੀ ਦੇਸ਼ ਭਗਤ ਕਿਸੇ ਵੀ ਸੂਰਤ ਵਿਚ ਨਿਯਮਾਂ ਨੂੰ ਤੋੜਨ ਤੇ ਖ਼ਾਹ-ਮ-ਖ਼ਾਹ ਢਿੱਡ-ਅੜੀਆਂ ਲੈਣ ਵਿਚ ਵਿਸ਼ਵਾਸ ਨਹੀਂ ਸਨ ਰੱਖਦੇ। ਉਹ ਇੱਜ਼ਤ ਕਰਨ ਅਤੇ ਕਰਵਾਉਣ ਦੇ ਧਾਰਨੀ ਸਨ ਪਰ ਨਿੱਜੀ ਅਤੇ ਕੌਮੀ ਅਣਖ਼ ਦੀ ਕੀਮਤ 'ਤੇ ਕੋਈ ਸਮਝੌਤਾ ਉਨ੍ਹਾਂ ਨੂੰ ਪ੍ਰਵਾਨ ਨਹੀਂ ਸੀ। ਮੁਸ਼ੱਕਤ ਵੀ ਉਹੋ ਜਿਹੀ ਹੀ ਕਰਨ ਨੂੰ ਤਿਆਰ ਸਨ ਜਿਹੜੀ ਸੰਭਵ ਹੋਵੇ। ਉਹ ਕਿਸੇ ਵੀ ਸੂਰਤ ਵਿਚ ਗ਼ੈਰ-ਇਨਸਾਨੀ ਮੁਸ਼ੱਕਤ ਕਰਨ ਲਈ ਤਿਆਰ ਨਹੀਂ ਸਨ। ਆਪਣੇ ਦੁਆਲੇ ਜੇਲ੍ਹ ਵਿਚ ਰਹਿਣ ਦਾ ਦਾਇਰਾ ਵਲਦਿਆਂ ਵੀ ਉਨ੍ਹਾਂ ਨੂੰ ਕੋਈ ਭੁਲੇਖਾ ਨਹੀਂ ਸੀ ਕਿ ਜੇਲ੍ਹ ਕਰਮਚਾਰੀ ਉਨ੍ਹਾਂ ਦੇ ਸੋਚਣ ਅਨੁਸਾਰ ਹੀ ਉਨ੍ਹਾਂ ਨਾਲ ਵਿਹਾਰ ਕਰਨਗੇ। ਕਿਸੇ ਵੀ ਪ੍ਰਤੀਕੂਲ ਹਾਲਤ ਵਿਚ ਉਨ੍ਹਾਂ, ਨਿੱਜੀ ਤੌਰ 'ਤੇ ਵੀ ਤੇ ਜੇ ਮੌਕਾ ਬਣੇ ਤਾਂ ਮਿਲ ਕੇ ਵੀ, ਹਾਲਾਤ ਦਾ ਸਾਹਮਣਾ ਕਰਨ ਦਾ ਫ਼ੈਸਲਾ ਕਰ ਲਿਆ।

ਗ਼ਦਰੀਆਂ ਨੂੰ ਬੰਗਾਲੀ ਦੇਸ਼ ਭਗਤਾਂ ਤੋਂ ਜੇਲ੍ਹ ਦੀ ਹਾਲਤ ਦਾ ਪਤਾ ਲੱਗ ਚੁੱਕਾ ਸੀ। ਗ਼ਦਰੀਆਂ ਨੇ ਸਾਂਝੇ ਤੌਰ 'ਤੇ ਫੈਸਲਾ ਕਰ ਲਿਆ ਕਿ ਉਨ੍ਹਾਂ ਵਿਚੋਂ ਕੋਈ ਜਣਾ ਵੀ ਕੋਹਲੂ ਦੀ ਮੁਸ਼ੱਕਤ ਨਹੀਂ ਕਰੇਗਾ। ਬਾਬਾ ਸੋਹਨ ਸਿੰਘ ਭਕਨਾ ਠੀਕ ਲਿਖਦੇ ਹਨ, "ਸੱਚੇ ਇਨਕਲਾਬੀ ਦੇ ਸਾਹਮਣੇ, ਚਾਹੇ ਉਹ ਬਾਹਰ ਹੋਵੇ ਜਾਂ ਜੇਲ੍ਹ ਦੇ ਅੰਦਰ, ਕੰਮ ਕਦੇ ਖ਼ਤਮ ਨਹੀਂ ਹੁੰਦਾ ਕਿਉਂਕਿ ਉਹਦਾ ਮੁਕਾਬਲਾ ਗੁਲਾਮੀ ਅਤੇ ਅਨਿਆਂ ਨਾਲ ਹੁੰਦਾ ਹੈ।" ਉਹ ਅੱਗੇ ਲਿਖਦੇ ਹਨ, "ਸਾਰੇ ਸਾਥੀਆਂ ਨੇ ਇਸ 'ਤੇ ਵਿਚਾਰ ਕੀਤੀ ਕਿ ਹੁਣ ਕੀ ਨੀਤੀ ਅਪਨਾਈ ਜਾਵੇ। ਫ਼ੈਸਲਾ ਹੋਇਆ ਕਿ ਮੁਸ਼ੱਕਤ ਤਾਂ ਕੀਤੀ ਜਾਵੇ ਪਰ ਜਿੱਥੋਂ ਤੱਕ ਇਨਸਾਨੀ ਤਾਕਤ ਦੇ ਅੰਦਰ ਹੋਵੇ। ਕੋਹਲੂ ਦੀ ਮੁਸ਼ੱਕਤ ਜੋ ਬੈਲ ਦੀ ਮੁਸ਼ੱਕਤ ਹੈ, ਕਰਨ ਦਾ ਭਾਵ ਹੈ ਕਿ ਅਸੀਂ ਕੈਦੀਆਂ ਦੇ ਹੱਕਾਂ ਲਈ ਘੋਲ ਕਰਨੋਂ ਡਰਦੇ ਹਾਂ ਤੇ ਆਪਾ ਬਚਾਉਂਦੇ ਹਾਂ। ਸੋ, ਫ਼ੈਸਲਾ ਹੋਇਆ ਕਿ ਗ਼ੈਰ-ਇਨਸਾਨੀ ਕੋਹਲੂ ਦੀ ਮੁਸ਼ੱਕਤ ਨਾ ਆਪ ਕੀਤੀ ਜਾਵੇ ਤੇ ਨਾ ਹੀ ਸਾਡੇ ਤੋਂ ਪਿੱਛੋਂ ਆਉਣ ਵਾਲੇ ਰਾਜਸੀ ਕੈਦੀਆਂ ਨੂੰ ਕਰਨ ਲਈ ਕਿਹਾ ਜਾਵੇ। ਜਿਸ ਸਾਥੀ 'ਤੇ ਨਾਜਾਇਜ਼ ਦਬਾਅ ਇਹ ਅਫ਼ਸਰ ਪਾਉਣ, ਉਹ ਮੁਕਾਬਲਾ ਕਰੇ ਅਰਥਾਤ ਇਨਕਾਰ ਕਰ ਦਏ। ਦੂਜਾ-ਕਿਸੇ ਜੇਲ੍ਹ ਅਧਿਕਾਰੀ ਦੀ ਬੇਇਜ਼ਤੀ ਨਾ ਕੀਤੀ ਜਾਵੇ ਪਰ ਜੇ ਸਾਡੀ ਬੇਇਜ਼ਤੀ ਜੇਲ੍ਹ ਵਾਲੇ ਨਜਾਇਜ਼ ਤੌਰ 'ਤੇ ਕਰਨ ਤਾਂ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਜਾਵੇ।"

ਜਦੋਂ ਗ਼ਦਰੀਆਂ ਨੇ ਜੇਲ੍ਹ ਅਧਿਕਾਰੀਆਂ ਦੇ ਜ਼ੁਲਮ ਦਾ ਵਿਰੋਧ ਕਰਨ ਲਈ ਕਰੜਾ ਰੁਖ਼ ਅਖ਼ਤਿਆਰ ਕੀਤਾ ਤਾਂ ਇਹ ਵਿਰੋਧ ਕਿਸੇ ਵੀ ਸੂਰਤ ਵਿਚ ਜਾਣ-ਬੁੱਝ ਕੇ ਕਾਨੂੰਨ ਤੋੜਨ ਦਾ ਬਹਾਨਾ ਨਹੀਂ ਸੀ ਸਗੋਂ ਗ਼ੈਰ-ਇਨਸਾਨੀ ਮੁਸ਼ੱਕਤ ਦੀ ਥਾਂ ਵਾਜਬ ਇਨਸਾਨੀ ਮੁਸ਼ੱਕਤ ਪ੍ਰਾਪਤ ਕਰਨ ਦਾ ਘੋਲ ਸੀ। ਇਸ ਵਿਰੋਧ ਦਾ ਮਕਸਦ ਸੀ ਕਿ ਕੈਦੀਆਂ ਨੂੰ ਛੋਟੇ-ਛੋਟੇ ਬਹਾਨੇ ਬਣਾ ਕੇ ਬੈਂਤ ਲਾਉਣ, ਛੇ-ਛੇ ਮਹੀਨੇ ਦੀ ਇਕਾਂਤ ਕੈਦ, ਘੱਟ ਤੇ ਭੈੜੀ ਖ਼ੁਰਾਕ, ਡੰਡਾ ਬੇੜੀ ਤੇ ਖੜੀ ਹੱਥਕੜੀ ਜਿਹੀਆਂ ਸਜ਼ਾਵਾਂ ਨਾ ਦਿੱਤੀਆਂ ਜਾਣ। ਇਹ ਵਿਰੋਧ ਕੈਦੀਆਂ ਨੂੰ ਪਸ਼ੂਆਂ ਦੀ ਥਾਂ ਇਨਸਾਨ ਸਮਝ ਕੇ ਸਲੂਕ ਕੀਤੇ ਜਾਣ ਦੀ ਬਹੁਤ ਹੀ ਵਾਜਬ ਅਤੇ ਹੱਕੀ ਮੰਗ 'ਤੇ ਆਧਾਰਤ ਸੀ। ਇਸ ਦੇ ਨਾਲ ਹੀ ਇਹ ਵਿਰੋਧ ਬਿਫ਼ਰੇ ਹੋਏ ਹੰਕਾਰੀ ਜੇਲ੍ਹ ਅਧਿਕਾਰੀਆਂ ਦੀ ਅਸਮਾਨੇ ਚੜ੍ਹੀ ਹਉਮੈ ਅਤੇ ਹੈਂਕੜ ਨੂੰ ਜ਼ਮੀਨ ਉਤੇ ਉਤਾਰਨ ਨਾਲ ਵੀ ਸਬੰਧਤ ਸੀ। ਇਹੋ ਕਾਰਨ ਸੀ ਕਿ ਜੇ ਜੇਲ੍ਹ ਅਧਿਕਾਰੀ ਕੋਈ ਬੋਲ-ਕੁ-ਬੋਲ ਕਰਦੇ ਤਾਂ ਦੇਸ਼ ਭਗਤ ਵੀ ਇੱਟ ਦਾ ਜਵਾਬ ਪੱਥਰ ਵਿਚ ਦੇਣੋਂ ਸੰਕੋਚ ਨਾ ਕਰਦੇ। ਇਕ ਦਿਨ ਜੇਲ੍ਹਰ ਆਇਆ ਤਾਂ ਭਾਈ ਅਮਰ ਸਿੰਘ ਵਰਾਂਡੇ ਵਿਚ ਟਹਿਲ ਰਿਹਾ ਸੀ। ਜੇਲ੍ਹਰ ਰੁੱਖੀ ਜ਼ਬਾਨ ਵਿਚ ਝਿੜਕਣ ਲੱਗਾ, "ਤੂੰ ਟਹਿਲ ਕਿਉਂ ਰਿਹਾ ਏਂ?" ਉਸ ਨੇ ਜਵਾਬ ਦਿੱਤਾ, "ਤੈਨੂੰ ਮੇਰੇ ਟਹਿਲਣ ਨਾਲ ਕੀ ਤਕਲੀਫ਼ ਹੁੰਦੀ ਏ? ਤੇਰੇ ਪਿਓ ਦੇ ਸਿਰ 'ਤੇ ਤਾਂ ਟਹਿਲ ਨਹੀਂ ਰਿਹਾ।" ਏਸੇ ਗੱਲੋਂ ਉਹਨੂੰ ਤਿੰਨ ਮਹੀਨੇ ਡੰਡਾਬੇੜੀ ਤੇ ਕੋਠੀ ਬੰਦੀ ਦੀ ਸਜ਼ਾ ਸੁਣਾ ਦਿੱਤੀ। ਇੱਕ ਦਿਨ ਬੁੱਢੇ ਨਿਧਾਨ ਸਿੰਘ ਨੂੰ ਜੇਲ੍ਹਰ ਵਿਅੰਗ ਨਾਲ ਪੁੱਛਣ ਲੱਗਾ, "ਕਿਵੇਂ? ਕੀ ਹਾਲ-ਚਾਲ ਨੇ?" ਤਾਂ ਵਿਅੰਗ ਦੀ ਮਾਰ ਤੋਂ ਸਤ ਕੇ ਨਿਧਾਨ ਸਿੰਘ ਨੇ ਜਵਾਬ ਦਿੱਤਾ, "ਲੱਗਦੈ ਆਪਣੀ ਕੁੜੀ ਲਈ ਪ੍ਰਾਹੁਣਾ ਲੱਭਦਾ ਫਿਰਦੈਂ? ਮੇਰਾ ਹਾਲ-ਚਾਲ ਤਾਂ ਐਂ ਪੁੱਛ ਰਿਹਾ ਏਂ ਜਿਵੇਂ ਮੇਰੇ ਨਾਲ ਕੁੜੀ ਵਿਆਹੁਣੀ ਹੋਵੇ। ਪੈਰਾਂ ਵਿਚ ਬੇੜੀਆਂ, ਦਿਨ-ਰਾਤ ਕੋਠੜੀ ਵਿਚ ਬੰਦ, ਘੱਟ ਖਾਣਾ; ਫਿਰ ਵੀ ਪੁੱਛਦੈਂ ਕੀ ਹਾਲ ਨੇ? ਮਖ਼ੌਲ ਕਰਦਿਆਂ ਤੈਨੂੰ ਸ਼ਰਮ ਨਹੀਂ ਆਉਂਦੀ। ਬੇਸ਼ਰਮ ਕਿਤੋਂ ਦਾ! ਜਾਹ ਮੇਰੀਆਂ ਅੱਖਾਂ ਤੋਂ ਦੂਰ ਹੋ ਜਾ।" ਇਕ ਵਾਰ ਚੀਫ ਕਮਿਸ਼ਨਰ ਜੇਲ੍ਹ ਦਾ ਮੁਆਇਨਾ ਕਰਨ ਆਇਆ ਤਾਂ ਇੱਕ ਗ਼ਦਰੀ ਨੂੰ ਕੋਠੜੀ ਦੇ ਦਰਵਾਜ਼ੇ ਵੱਲ ਪਿੱਠ ਕੀਤੀ ਬੈਠਾ ਵੇਖ ਜੇਲ੍ਹਰ ਨੇ ਉਹਨੂੰ ਖੜ੍ਹਾ ਹੋਣ ਦਾ ਹੁਕਮ ਦਿੱਤਾ ਪਰ ਉਸ ਨੇ ਉਹਦੇ ਹੁਕਮਾਂ ਦੀ ਕੋਈ ਪ੍ਰਵਾਹ ਨਾ ਕੀਤੀ ਸਗੋਂ ਲੇਟ ਗਿਆ। ਜੇਲ੍ਹਰ ਨੇ ਬੁਲਾਇਆ ਤਾਂ ਅੱਗਿਓਂ ਬਣਾ-ਸਵਾਰ ਕੇ ਕਹਿੰਦਾ, "ਕਿਉਂ ਮੇਰੀ ਨੀਂਦ ਵਿਚ ਖ਼ਲਲ ਪਾ ਰਿਹੈਂ? ਜਾ ਏਥੋਂ ਚਲਿਆ ਜਾ। ਜਦੋਂ ਮੈਂ ਤੈਨੂੰ ਬੁਲਾਇਆ ਈ ਨਹੀਂ ਤਾਂ ਤੂੰ ਮੈਨੂੰ ਪ੍ਰੇਸ਼ਾਨ ਕਰਨ ਕਿਉਂ ਆ ਗਿਆ ਏਂ?"

ਜੇਲ੍ਹ ਅਧਿਕਾਰੀਆਂ ਵੱਲੋਂ ਕੀਤੀਆਂ ਜਾਣ ਵਾਲੀਆਂ ਵਧੀਕੀਆਂ ਦਾ ਵਿਰੋਧ ਭਾਵੇਂ ਕਿੰਨਾ ਵੀ ਹੱਕੀ ਤੇ ਲੋੜੀਂਦਾ ਸੀ, ਤਦ ਵੀ ਇਸ ਗੱਲ ਨੂੰ ਲੈ ਕੇ ਰਾਜਸੀ ਕੈਦੀਆਂ ਵਿਚ 'ਨਰਮ' ਤੇ 'ਗਰਮ' ਦੋ ਗਰੁਪ ਬਣ ਗਏ। ਵੀਰ ਸਾਵਰਕਰ, ਭ੍ਰਾਤ੍ਰਦਵਯ, ਬਾਰੀਨ ਬਾਬੂ ਤੇ ਕੁਝ ਹੋਰ ਬੰਗਾਲੀ ਸਾਥੀਆਂ ਨੇ ਗ਼ਦਰੀ ਕੈਦੀਆਂ ਵੱਲੋਂ ਅਪਨਾਏ ਵਿਰੋਧ ਦੇ ਵਾਜਬ ਤੇ ਹੱਕੀ ਰਾਹ ਨੂੰ ਅਖ਼ਤਿਆਰ ਕਰਨ ਤੋਂ ਨਾਂਹ ਕਰ ਦਿੱਤੀ।

(ਚਲਦਾ)



*ਸੈਲੂਲਰ ਜੇਲ੍ਹ ਦਾ ਆਕਾਸ਼ ਤੋਂ ਦਿਸਦਾ ਦ੍ਰਿਸ਼।*

## ਮੈਂ ਜਨਮੀ ਤਾਂ...

ਮੈਂ ਜਨਮੀ ਤਾਂ ਸੋਗ ਪੈ ਗਿਆ,
ਸਭ ਨੇ ਮੂੰਹ ਲਮਕਾਇਆ।
'ਚੰਗੀ ਚੀਜ' ਨਾ ਦਿੱਤੀ ਰੱਬ ਨੇ,
ਹਉਕਾ ਲੈ ਕੇ ਰੋਸ ਦਿਖਾਇਆ।
ਸ਼ਰੀਂਹ ਤੇ ਨਿੰਮ ਕਿਸੇ ਨਾ ਬੰਨ੍ਹੇ,
ਲੈਣ ਵਧਾਈ ਕੋਈ ਨਾ ਆਇਆ।
ਨਾ ਕਿਸੇ ਨੇ ਲੱਡੂ ਵੰਡੇ,
ਨਜ਼ਰ ਦਾ ਟਿੱਕਾ ਕਿਸੇ ਨਾ ਲਾਇਆ।
ਤਿਓਰ ਤੇ ਛੂਛਕ ਭੁੱਲ ਗਏ ਸਾਰੇ,
ਭੇਲੀ ਦਾ ਨੀ ਚੇਤਾ ਆਇਆ।
'ਗੁੜ੍ਹਤੀ ਦੀ ਥਾਂ ਜ਼ਹਿਰ ਦੇ ਦਿਉ'
ਕਿਸੇ ਨੇ ਵਿਚੋਂ ਆਖ ਸੁਣਾਇਆ।
ਹੱਥ ਲਾਇਆਂ ਮੈਂ ਮੈਲੀ ਹੋਵਾਂ,
ਕਲ-ਮੂੰਹੀਂ ਕਹਿ ਰੌਲਾ ਪਾਇਆ।
ਫੁੱਲਾਂ ਤੋਂ ਵੀ ਕੋਮਲ ਸਾਂ ਮੈਂ,
ਆਖਣ ਸਾਰੇ ਪੱਥਰ ਆਇਆ।
ਹਰ ਕੋਈ ਆਖੇ ਕਰਮ ਫੁੱਟ ਗਏ,
ਚੰਦਰਾ ਹੈ ਸੀ ਲੇਖ ਲਿਖਾਇਆ।
'ਕੱਲੀ ਪਈ ਮੈਂ ਛੱਤ ਵੱਲ ਝਾਕਾਂ,
ਲਾਡ ਨਾਲ ਨਾ ਕਿਸੇ ਨੇ ਚਾਇਆ।
ਮਾਂ ਵੱਲ ਸਾਰੇ ਕੌੜੇ ਝਾਕਣ,
ਬੇਦੋਸ਼ੀ 'ਤੇ ਦੋਸ਼ ਲਗਾਇਆ।
ਆਪਣੀ ਆਪਣੀ ਸਭ ਨੂੰ ਪੈ ਗਈ,
ਕਿਸੇ ਨਾ ਉਹਦਾ ਦਰਦ ਵੰਡਾਇਆ।
ਮੂੰਹ ਨੂੰ ਘੁੱਟ ਕਿਸੇ ਨਾ ਲਾਈ,
ਨਾ ਚਾਚਾ, ਨਾ ਤਾਇਆ।
ਅੱਧੀ ਗਾਲ਼ ਕਿਸੇ ਨਾ ਕੱਢੀ,
ਨਾ ਕਿਸੇ ਨੇ ਖੌਰੂ ਪਾਇਆ।
ਬੈਠੇ ਸਾਰੇ ਸੋਗ 'ਚ ਡੁੱਬੇ,
'ਸਿਆਣੇ' ਆ ਕੇ ਰੋਹਬ ਜਮਾਇਆ।
ਆਖੇ, ਥੋਨੂੰ ਅਕਲ ਨਾ ਭੋਰਾ,
ਪਹਿਲਾਂ ਕਿਉਂ ਨਾ ਟੈਸਟ ਕਰਾਇਆ?
ਛੇਵੇਂ ਦਿਨ ਦੀ ਛਟੀ ਨਾ ਕੀਤੀ,
ਤੇਰ੍ਹਵੇਂ ਨੂੰ ਨਹੀਂ ਬਾਹਰ ਵਧਾਇਆ।
ਨਾਮ-ਕਰਨ ਦੀ ਗੱਲ ਛਿੜੀ ਨਾ,
ਨਹੀਂ ਕਿਸੇ ਨੇ ਵਾਕ ਕਢਾਇਆ।
ਦਾਦਾ ਦਾਦੀ ਪੈ ਗਏ ਸੋਚੀਂ,
ਪਾਪਾ ਦਾ ਵੀ ਮੂੰਹ ਕੁਮਲਾਇਆ।
ਮਾਂ ਮੇਰੀ ਦੀ ਮਮਤਾ ਨੇ ਪਰ,
ਚੁੱਕ ਕੇ ਹਿੱਕ ਦੇ ਨਾਲ ਲਗਾਇਆ।
ਸੁਣ, ਦੇਖ ਬੇਕਦਰੀ ਆਪਣੀ,
ਖਿੜਦਾ ਖਿੜਦਾ ਮਨ ਮੁਰਝਾਇਆ।
ਕੀ ਲੈਣਾ ਸੀ ਜੱਗ 'ਤੇ ਆ ਕੇ,
ਇੱਕ ਵਾਰੀ ਤਾਂ ਮਨ ਪਛਤਾਇਆ।
ਗੁਰੂ ਨਾਨਕ ਨੂੰ ਮੱਥੇ ਟੇਕਣ,
ਵੱਡਾ ਫੋਟੋ ਘਰ ਵਿਚ ਲਾਇਆ।
'ਸੋ ਕਿਉਂ ਮੰਦਾ ਆਖੀਐ'
ਬੱਸ, 'ਆਖਣ ਦੀ ਗੱਲ' ਬਣਾਇਆ।

*-ਜਗਮੀਤ ਸਿੰਘ ਪੰਧੇਰ*
*ਫੋਨ: 91-98783-37222*

# ਹੈਰਾਨੀ ਵਾਲੀ ਗੱਲ

ਕਈ ਵਾਰ ਕੋਈ ਅਜਿਹੀ ਗੱਲ ਸੁਣਨ ਨੂੰ ਮਿਲਦੀ ਹੈ ਜਾਂ ਕੋਈ ਅਜਿਹੀ ਚੀਜ਼ ਵੇਖਣ ਨੂੰ ਮਿਲਦੀ ਹੈ ਕਿ ਤੁਸੀਂ ਹੈਰਾਨ-ਪ੍ਰੇਸ਼ਾਨ ਹੋ ਜਾਂਦੇ ਹੋ; ਸੱਚ ਨਹੀਂ ਆਉਂਦਾ ਕਿ ਜੋ ਦਿਸ ਰਿਹਾ ਹੈ ਜਾਂ ਸੁਣ ਰਿਹਾ ਹੈ, ਕੀ ਇਹ ਸੱਚ ਹੈ? ਵੇਖ-ਸੁਣ ਕੇ ਵੀ ਯਕੀਨ ਕਰਨਾ ਮੁਸ਼ਕਿਲ ਹੋ ਜਾਂਦਾ ਹੈ ਪਰ ਅੱਜਕੱਲ੍ਹ ਬਹੁਤੇ ਲੋਕ ਇਹੋ ਜਿਹੇ ਹਨ ਜਿਨ੍ਹਾਂ ਉਤੇ ਇਹੋ ਜਿਹੀ ਕਿਸੇ ਵੀ ਗੱਲ ਦਾ ਕੋਈ ਅਸਰ

**ਬੌਬ ਖਹਿਰਾ, ਮਿਸ਼ੀਗਨ**
**ਫੋਨ: 734-925-0177**

ਨਹੀਂ ਹੁੰਦਾ, ਸ਼ਾਇਦ ਲੋਕ ਕੁਝ ਜ਼ਿਆਦਾ ਹੀ ਖ਼ੁਦਗਰਜ਼ ਹੋ ਗਏ ਹਨ ਅਤੇ ਉਹ ਸਿਰਫ਼ ਆਪਣੇ ਲਈ ਜਾਂ ਆਪਣੇ ਪਰਿਵਾਰ ਲਈ ਹੀ ਸੋਚਦੇ ਹਨ। ਇਸ ਲਈ ਜਿੱਥੇ ਵੀ ਕੋਈ ਗਲਤ ਗੱਲ ਜਾਂ ਕੰਮ ਹੋ ਰਿਹਾ ਹੁੰਦਾ ਹੈ ਤਾਂ ਇਹ ਲੋਕ ਵੇਖ ਕੇ ਨਜ਼ਰਅੰਦਾਜ਼ ਕਰ ਕੇ ਅੱਗੇ ਤੁਰ ਜਾਂਦੇ ਹਨ। ਉਹ ਇਹ ਨਹੀਂ ਜਾਣਦੇ ਕਿ ਇਸ ਗਲਤ ਗੱਲ ਜਾਂ ਕੰਮ ਦਾ ਅਸਰ ਸਿੱਧੇ ਜਾਂ ਅਸਿੱਧੇ ਤੌਰ 'ਤੇ ਉਨ੍ਹਾਂ ਜਾਂ ਉਨ੍ਹਾਂ ਦੀਆਂ ਆਉਣ ਵਾਲੀਆਂ ਨਸਲਾਂ 'ਤੇ ਜ਼ਰੂਰ ਪਵੇਗਾ।

ਧਰਮਾਂ ਨੇ ਇਨਸਾਨਾਂ ਨੂੰ ਇੰਨਾ ਵੰਡ ਦਿੱਤਾ ਹੈ ਕਿ ਜਦੋਂ ਕਿਤੇ ਕੋਈ ਐਸਾ ਕੰਮ ਹੋ ਰਿਹਾ ਹੁੰਦਾ ਹੈ ਤਾਂ ਉਹਨੂੰ ਵੇਖਣ ਵਾਲਾ ਆਦਮੀ ਸਭ ਤੋਂ ਪਹਿਲਾਂ ਇਹ ਵੇਖੇਗਾ ਕਿ ਕਿਸ ਧਰਮ ਵਿਚ ਹੋ ਰਿਹਾ ਹੈ ਤੇ ਫਿਰ ਉਹ ਇਹ ਕਹੇਗਾ, ਇਹ ਤਾਂ ਦੂਜੇ ਧਰਮ ਵਿਚ ਹੈ, ਆਪਾਂ ਕੀ ਲੈਣਾ ਹੈ? ਤੁਸੀਂ ਕਿਸੇ ਵੀ ਸ਼ਹਿਰ ਜਾਂ ਪਿੰਡ ਵਿਚ ਹੋਵੋ, ਕਿਸੇ ਵੀ ਧਰਮ ਨੂੰ ਮੰਨਣ ਵਾਲੇ ਹੋ, ਸਭ 'ਤੇ ਅਸਰ ਬਰਾਬਰ ਹੀ ਹੋਵੇਗਾ। ਇਸ ਲਈ ਖ਼ੁਦਗਰਜ਼ ਨਾ ਬਣੋ। ਗੁਰਬਖ਼ਸ਼ ਰਾਹੀ ਦਾ ਲਿਖਿਆ ਸ਼ੇਅਰ ਅਕਸਰ ਯਾਦ ਆਉਂਦਾ ਹੈ,

ਰੁੰਡ ਮਰੁੰਡ ਹੋਏ ਰੁੱਖ
ਕਿਸੇ ਲਈ ਛਾਂਵਾਂ ਨਹੀਂ ਬਣਦੇ,
ਸਾਰੇ ਅੱਖਰ ਸੱਜਣਾਂ ਦਾ
ਸਿਰਨਾਵਾਂ ਨਹੀਂ ਬਣਦੇ।
ਖ਼ੁਦਗਰਜ਼ੀ ਲੇਪ ਚੜ੍ਹ ਗਿਆ
ਜਿਹੜੀਆਂ ਅਕਲਾਂ 'ਤੇ,
ਆਸ ਨਾ ਰੱਖਿਉ ਕਿਸੇ ਲਈ
ਉਹ ਬਾਹਵਾਂ ਨਹੀਂ ਬਣਦੇ।

ਮੈਨੂੰ ਕਿਸੇ ਨੇ ਈਮੇਲ ਭੇਜੀ। ਲਿਖਿਆ ਸੀ ਕਿ ਭੁੱਚੋ ਮੰਡੀ ਵਿਚ ਕਿਸੇ ਸਾਧ ਦਾ ਡੇਰਾ ਹੈ। ਜਿਹੜਾ ਪਹਿਲਾ ਸਾਧ ਸੀ, ਉਹ ਮਰ ਚੁੱਕਾ ਹੈ ਅਤੇ ਜੋ ਇਸ ਵੇਲੇ ਹੈ, ਉਹ ਸ਼ਰ੍ਹੇਆਮ ਲੋਕਾਂ ਨੂੰ ਮੂਰਖ ਬਣਾ ਕੇ ਲੋਕਾਂ ਦੀ ਲੁੱਟ ਕਰ ਰਿਹਾ ਹੈ। ਹੈਰਾਨੀ ਵਾਲੀ ਗੱਲ ਇਹ ਹੈ ਕਿ ਜੋ ਸਾਧ ਮਰ ਗਿਆ ਹੈ, ਉਹ ਕਛਹਿਰਾ 18 ਮੀਟਰ ਕੱਪੜੇ ਦਾ ਪਾਉਂਦਾ ਸੀ ਤੇ ਅੱਜ ਵੀ ਉਹ ਕਛਹਿਰਾ ਉਸ ਡੇਰੇ ਵਿਚ ਰੱਖਿਆ ਹੋਇਆ ਹੈ। ਪ੍ਰਚਾਰ ਇਹ ਕੀਤਾ ਜਾ ਰਿਹਾ ਹੈ ਕਿ ਜੋ ਵੀ ਇਸ ਕਛਹਿਰੇ ਦੇ ਦਰਸ਼ਨ ਕਰੇਗਾ, ਉਸ ਦੇ ਸਭ ਕੰਮ ਸਿੱਧੇ ਹੋ ਜਾਂਦੇ ਹਨ।...ਤੇ ਵੱਗਾਂ ਦੇ ਵੱਗ ਉਧਰ ਵਹੀਰਾਂ ਘੱਤੀ ਜਾਂਦੇ ਹਨ। ਹੈ ਨਾ ਹੈਰਾਨੀ ਵਾਲੀ ਗੱਲ?

ਤਰਨਤਾਰਨ ਲਾਗੇ ਕਿਸੇ ਪਿੰਡ ਵਿਚ ਨਿਹੰਗ ਰਹਿੰਦਾ ਹੈ। ਉਹ ਨਿਹੰਗ ਜੋ ਪੱਗ ਬੰਨ੍ਹਦਾ ਹੈ, ਕਹਿੰਦੇ ਹਨ ਕਿ ਉਸ ਦਾ ਵਜ਼ਨ 60 ਕਿਲੋ ਹੈ। ਵੈਸੇ ਤਾਂ ਇਹ ਸੱਚ ਨਹੀਂ ਹੋ ਸਕਦਾ, ਕਿਉਂਕਿ 60 ਕਿਲੋ ਭਾਰ ਸਿਰ 'ਤੇ ਚੁੱਕ ਕੇ ਕੋਈ ਕਿੰਨਾ ਕੁ ਤੁਰ-ਫਿਰ ਸਕਦਾ ਹੈ ਪਰ ਜੇ ਮੰਨ ਵੀ ਲਿਆ ਜਾਵੇ ਤਾਂ ਕਹਿੰਦੇ ਹਨ ਕਿ ਉਹਨੂੰ ਪੱਗ ਬੰਨ੍ਹਣ ਲਈ 4 ਤੋਂ 5 ਘੰਟੇ ਲਗਦੇ ਹਨ ਅਤੇ 2 ਬੰਦੇ ਉਹਦੀ ਮਦਦ ਕਰਦੇ ਹਨ। ਹੁਣ ਤੁਸੀਂ ਪਹਿਲਾਂ ਤਾਂ ਇਹ ਸੋਚੋ ਕਿ ਇਹ ਕਿੰਨੀ ਕੁ ਚੰਗੀ ਗੱਲ ਹੈ? ਇੰਨੀ ਵੱਡੀ ਪੱਗ ਬੰਨ੍ਹਣ ਦਾ ਕੀ ਮਤਲਬ ਹੈ ਤੇ ਇੰਨੀ ਵੱਡੀ ਪੱਗ ਬੰਨ੍ਹ ਕੇ ਉਹ ਕਿੰਨਾ ਕੁ ਚਿਰ ਖੜ੍ਹਾ ਰਹਿ ਸਕਦਾ ਹੈ? ਉਹ ਆਪਣੇ ਵਾਸਤੇ, ਪਰਿਵਾਰ ਵਾਸਤੇ ਜਾਂ ਕਿਸੇ ਹੋਰ ਵਾਸਤੇ ਕੀ ਕਰ ਸਕਦਾ ਹੈ?

ਪੰਜਾਬ ਦੇ ਪਿੰਡ ਭਿੰਡਰ ਕਲਾਂ ਦੀ ਮਹਿਲਾ ਤਾਂਤਰਿਕ ਸਰਪੰਚ ਨੇ ਭੂਤ ਕੱਢਣ ਦੇ ਚੱਕਰ ਵਿਚ ਕੁੜੀ ਨੂੰ ਸ਼ਰ੍ਹੇਆਮ ਤੱਤੇ ਚਿਮਟੇ ਮਾਰ-ਮਾਰ ਕੇ ਮਾਰ ਦਿੱਤਾ, ਜਿਥੇ ਕੁੜੀ ਦੇ ਪਰਿਵਾਰ ਦੇ ਮੈਂਬਰ ਵੀ ਅਤੇ ਹੋਰ ਵੀ ਲੋਕ ਬੈਠੇ ਹੋਏ ਸਨ। ਕਿਸੇ ਨੇ ਵੀ ਉਸ ਪਖੰਡੀ ਜਨਾਨੀ ਨੂੰ ਰੋਕਣ ਦਾ ਹੌਂਸਲਾ ਨਹੀਂ ਕੀਤਾ। ਜੋ ਲੋਕ ਅੱਖਾਂ ਸਾਹਮਣੇ ਇਹ ਗਲਤ ਕੰਮ ਹੁੰਦੇ ਦੇਖਦੇ ਹਨ, ਉਨ੍ਹਾਂ ਦੀ ਗੈਰਤ ਬਾਰੇ ਕੀ ਕਹੀਏ? ਹੈ ਨਾ ਇਹ ਵੀ ਹੈਰਾਨੀ ਵਾਲੀ ਗੱਲ।

ਤਰਕਸ਼ੀਲ ਸੁਸਾਇਟੀ ਨੇ ਇਕ ਕਰੋੜ ਰੁਪਏ ਦਾ ਇਨਾਮ ਰੱਖਿਆ ਹੈ ਅਤੇ ਅਜਿਹੇ ਪਖੰਡੀ ਲੋਕਾਂ ਨੂੰ ਖੁੱਲ੍ਹਾ ਚੈਲਿੰਜ ਹੈ ਕਿ ਉਹ ਆਪਣੀ ਅਖੌਤੀ ਸ਼ਕਤੀ ਦਿਖਾ ਕੇ ਇਹ ਰਕਮ ਲੈ ਜਾਣ ਪਰ ਅਜੇ ਤੱਕ ਕੋਈ ਨਹੀਂ ਨਿਤਰਿਆ। ਸਾਡਾ ਮੀਡੀਆ ਜਿਨ੍ਹਾਂ 'ਚ ਹਿੰਦੀ ਟੀ.ਵੀ. ਚੈਨਲ ਮੋਹਰੀ ਹਨ, ਬਹੁਤ ਅੰਧਵਿਸ਼ਵਾਸ ਫੈਲਾ ਰਹੇ ਹਨ। ਨਿੱਕੀ ਜਿਹੀ ਗੱਲ ਨੂੰ ਵੀ ਬਹੁਤ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ। 27 ਜੁਲਾਈ 2012 ਨੂੰ 'ਆਜ ਤਕ' ਚੈਨਲ 'ਤੇ ਬੜੇ ਮੋਟੇ ਅੱਖਰਾਂ ਵਿਚ ਵਾਰ-ਵਾਰ ਲਿਖਿਆ ਹੋਇਆ ਆ ਰਿਹਾ ਸੀ ਕਿ ਪਤਾ ਨਹੀਂ ਅਮਰ ਨਾਥ ਦੀ ਯਾਤਰਾ ਨੂੰ ਕਿਸ ਦੀ ਨਜ਼ਰ ਲੱਗ ਗਈ ਹੈ। ਸੋਚਣ ਵਾਲੀ ਗੱਲ ਹੈ, ਜੇ ਰੱਬ ਹੈ ਤਾਂ ਉਹਨੂੰ ਕਿਸੇ ਦੀ ਕੀ ਨਜ਼ਰ ਲੱਗ ਸਕਦੀ ਹੈ?

ਪਿੱਛੇ ਜਿਹੇ ਮੈਂ ਇਕ ਅੰਮ੍ਰਿਤਧਾਰੀ ਸਿੰਘ ਨੂੰ ਮਿਲਿਆ। ਗੱਲਾਂਬਾਤਾਂ ਦੌਰਾਨ ਮੈਂ ਪੁੱਛਿਆ, "ਭਾਈ ਸਾਹਿਬ ਜੀ, ਕੀ ਕਰਦੇ ਅੱਜ-ਕੱਲ੍ਹ?" ਕਹਿੰਦੇ, "ਬੱਸ ਗੁਰਦੁਆਰੇ ਜਾਈਦਾ ਤੇ ਪਾਠ ਕਰ ਲਈਦਾ ਹੈ, ਹੋਰ ਕੁਝ ਨਹੀਂ।" ਮੈਂ ਕਿਹਾ, "ਮੇਰੇ ਲੇਖ ਆਉਂਦੇ ਨੇ ਅਖ਼ਬਾਰ ਵਿਚ, ਪੜ੍ਹਦੇ ਹੁੰਦੇ ਹੋ ਕਿ ਨਹੀਂ? ਕਹਿੰਦੇ, "ਉਥੇ ਬਥੇਰਾ ਗੰਦ ਪਿਆ ਹੁੰਦਾ ਅਖ਼ਬਾਰਾਂ ਦਾ, ਆਪਾਂ ਨਹੀਂ ਕਦੀ ਪੜ੍ਹੀ।" ਮੈਂ ਪੁੱਛਿਆ, "ਕਿੰਨਾ ਕੁ ਚਿਰ ਹੋ ਗਿਆ ਹੈ ਅਮਰੀਕਾ ਆਇਆਂ ਨੂੰ?" ਉਹ ਦੱਸਣ ਲੱਗੇ, "27-28 ਸਾਲ ਹੋ ਗਏ। ਬੱਸ ਜੀ, ਜਦੋਂ ਆਏ ਸੀ, ਆ ਕੇ ਫਸ ਗਏ। ਸਮਝ ਨਾ ਆਵੇ ਕੀ ਕਰੀਏ? ਫਿਰ ਮੈਂ ਬਾਬੇ ਨਾਨਕ ਦੀ ਫੋਟੋ ਅੱਗੇ ਖੜ੍ਹ ਕੇ ਸੱਚੇ ਦਿਲੋਂ ਅਰਦਾਸ ਕੀਤੀ। ਮੈਂ ਕਿਹਾ-ਬਾਬਾ ਨਾਨਕਾ, ਕੋਈ ਇਹੋ ਜਿਹੀ ਗੋਰੀ ਭੇਜੋ ਜਿਸ ਨਾਲ ਵਿਆਹ ਕਰਵਾ ਕੇ ਪੱਕਾ ਹੋ ਜਾਵਾਂ। ਭਾਈ ਸਾਹਿਬ, ਤੁਸੀਂ ਮੰਨਣਾ ਨਹੀਂ, ਬਾਬੇ ਨਾਨਕ ਨੇ ਬਿਲਕੁਲ ਉਹੋ ਜਿਹੀ ਗੋਰੀ ਭੇਜ ਦਿੱਤੀ ਤੇ ਮੈਂ ਵਿਆਹ ਕਰਵਾ ਕੇ ਪੱਕਾ ਹੋ ਗਿਆ।"

ਮੈਂ ਕਦੇ ਉਸ ਵੱਲ ਤੇ ਕਦੇ ਉਹਦੇ ਅੰਮ੍ਰਿਤਧਾਰੀ ਭੇਸ ਵੱਲ ਵੇਖ ਰਿਹਾ ਸੀ। ਮੇਰੇ ਲਈ ਤਾਂ ਇਹ ਬੜੀ ਹੈਰਾਨੀ ਵਾਲੀ ਗੱਲ ਸੀ। ਕੀ ਤੁਹਾਡੇ ਲਈ ਵੀ ਇਹ ਹੈਰਾਨੀ ਵਾਲੀ ਗੱਲ ਹੈ ਕਿ ਨਹੀਂ?

# ਸਾਈਂ ਵੇ ਸਾਈਂ ਹੱਥ ਦੇ ਕੇ ਬਚਾਈਂ

## ਜੀਵਨ ਦਾਨ ਦੀ ਸੱਚੀ ਕਹਾਣੀ

ਅੱਜ ਚਾਰੇ ਪਾਸੇ ਮਾਰ-ਕਾਟ ਦਾ ਜ਼ਮਾਨਾ ਹੈ। ਆਪਣੇ ਹੀ ਆਪਣਿਆਂ ਨੂੰ ਮਾਰ ਰਹੇ ਹਨ, ਕਈ ਦੁਸ਼ਮਣੀਆਂ ਕੱਢਣ ਲਈ ਦੂਜਿਆਂ ਨੂੰ ਗੋਲੀ ਦਾ ਨਿਸ਼ਾਨਾ ਬਣਾ ਰਹੇ ਹਨ। ਕਈ ਕੁੱਖ ਵਿਚ ਮਰ ਰਹੇ ਹਨ, ਕਈ ਭੁੱਖ ਨਾਲ ਤੇ ਕਈ ਦੁੱਖ ਨਾਲ। ਇੰਜ ਲਗਦਾ ਹੈ ਜਿਵੇਂ ਚਾਰੇ ਪਾਸੇ ਮੌਤ ਦਾ ਤਾਂਡਵ ਨਾਚ ਚੱਲ ਰਿਹਾ ਹੈ ਤੇ ਦੁਨੀਆਂ ਜ਼ਿੰਦਗੀ ਲੈਣ 'ਤੇ ਤੁਲੀ ਹੋਈ ਹੈ, ਦੇਣ 'ਤੇ ਨਹੀਂ। ਘਾਤਕ ਸੋਚ ਤੇ ਗਲ-ਵੱਢੀ ਦੇ ਇਸ ਮਾਹੌਲ ਵਿਚ ਕੋਈ ਵਿਰਲਾ ਹੀ ਸੋਚਦਾ ਹੋਵੇਗਾ ਕਿ ਜੀਵਨ ਦਾਨ ਦੇਣਾ

ਡਾ. ਗੋਬਿੰਦਰ ਸਿੰਘ ਸਮਰਾਓ
ਫੋਨ: 408-550-9586

ਜੀਵਨ ਲੈਣ ਨਾਲੋਂ ਕਿਤੇ ਵੱਧ ਗੌਰਵਸ਼ਾਲੀ ਤੇ ਮੁਸ਼ਕਿਲ ਕਾਰਜ ਹੈ। ਇਹ ਪਰਉਪਕਾਰੀ ਕੰਮ ਮਹਾਂ ਕੁੰਭ ਸਮਾਨ ਹੈ ਜਿਸ ਨਾਲ ਆਤਮਾ ਦੀ ਮੈਲ ਧੁਲ ਜਾਂਦੀ ਹੈ। ਜੀਵਨ ਦਾ ਦਾਨ ਕਠਿਨ ਤਾਂ ਹੈ ਪਰ ਜ਼ਿੰਦਗੀ ਭਰ ਅਨੰਦ ਦਾ ਅਹਿਸਾਸ ਦਿੰਦਾ ਹਨ। ਇਸ ਦਾ ਅਨੁਭਵ ਮੈਨੂੰ ਕਈ ਵਾਰ ਹੋਇਆ ਹੈ ਪਰ ਪੁਸ਼ਟੀ ਲਈ ਸਭ ਤੋਂ ਪਹਿਲੀ ਘਟਨਾ ਬਿਆਨ ਕਰ ਰਿਹਾ ਹਾਂ। ਇਸ ਸੱਚੀ ਮਿਸਾਲ ਵਿਚ ਕੇਵਲ ਤੱਥਾਂ ਦੇ ਹਵਾਲੇ ਹੀ ਬਦਲੇ ਹੋਏ ਹਨ।

ਸਾਲ 1973 ਦਾ ਅਕਤੂਬਰ ਮਹੀਨਾ ਸੀ ਤੇ ਮੁਕਤਸਰ ਸ਼ਹਿਰ। ਖਜੂਰ ਵਾਲੀ ਗਲੀ ਵਿਚ ਲਾਲ ਚੰਦ ਦੋਧੀ ਦੇ ਘਰ ਦੇ ਚੁਬਾਰੇ ਵਿਚ ਦੁਪਹਿਰ ਮਗਰੋਂ ਸੌਂ ਕੇ ਉਠਿਆ ਹੀ ਸਾਂ ਕਿ ਕਿਸੇ ਨੇ ਬੂਹਾ ਖੜਕਾਇਆ। ਬੂਹਾ ਖੋਲ੍ਹਿਆ ਤਾਂ ਵੇਖਿਆ ਕਿ ਸੁਭਾਸ਼ ਸਕਸੈਨਾ ਖੜ੍ਹਾ ਸੀ। ਬੂਹੇ 'ਤੇ ਹੀ ਦੁਆ-ਸਲਾਮ ਕਰ ਕੇ ਉਹ ਉਥੇ ਹੀ ਰੁਕਿਆ ਰਿਹਾ ਜਿਵੇਂ ਕੁਝ ਕਹਿਣਾ ਚਾਹੁੰਦਾ ਹੋਵੇ। ਮੈਂ ਉਹਨੂੰ ਅੰਦਰ ਆਉਣ ਲਈ ਕਹਿ ਕੇ ਫਿਰ ਲੇਟ ਗਿਆ। ਉਹ ਇਕ-ਦੋ ਕਦਮ ਅੰਦਰ ਆਇਆ ਤੇ ਕਹਿਣ ਲਗਾ, "ਪ੍ਰੋਫੈਸਰ ਸਾਹਿਬ ਸੌਂ ਰਹੇ ਹੋ? ਤੁਹਾਨੂੰ ਇਕ ਤਕਲੀਫ ਦੇਣੀ ਸੀ।" ਉਸ ਦੀਆਂ ਅੱਖਾਂ ਵਿਚ ਮੈਂ ਅਜੀਬ ਜਿਹਾ ਸਵਾਲ ਤਾਂ ਪੜ੍ਹ ਲਿਆ ਸੀ ਪਰ ਸੁਸਤੀ ਅੱਗੇ ਬੇਵਸ ਸਾਂ। "ਸੁਭਾਸ਼ ਬਹਿ ਜਾ, ਚਾਹ ਪੀ ਕੇ ਗੱਲ ਕਰਦੇ ਆਂ।" ਉਸ ਨੇ ਬੇਚੈਨੀ ਨਾਲ ਬੁੱਲ੍ਹਾਂ 'ਤੇ ਜੀਭ ਫੇਰੀ ਤੇ ਕੁਰਸੀ ਦੇ ਕੰਢੇ ਉਤੇ ਇਸ ਤਰ੍ਹਾਂ ਬੈਠ ਗਿਆ ਜਿਵੇਂ ਮਾਰ ਕੇ ਭੱਜਣਾ ਹੋਵੇ। ਥੋੜ੍ਹੀ ਦੇਰ ਵਿਚ ਮੇਰੀ ਪਤਨੀ ਚਾਹ ਲੈ ਆਈ। ਕੱਪ ਫੜਨ ਤੋਂ ਨਾਂਹ ਕਰਦਿਆਂ ਉਹ ਬੋਲਿਆ, "ਮੈਂ ਚਾਹ ਨਹੀਂ ਜੀ ਪੀਣੀ। ਕਾਹਲ ਵਿਚ ਹਾਂ, ਸਰ ਨੂੰ ਲੈ ਕੇ ਜਾਣਾ ਐ।" ਮੈਂ ਚੁਕੰਨਾ ਜਿਹਾ ਹੋ ਕੇ ਪੁੱਛਿਆ, "ਕਿੱਥੇ ਲੈ ਚੱਲੇਂਗਾ ਬਈ ਇੰਨੀ ਗਰਮੀ ਵਿਚ?"

ਉਹ ਬੋਲਿਆ, "ਸਰ ਸਾਡਾ ਗਵਾਂਢੀ ਰਾਮੇਸ਼ਵਰ ਮਰ ਰਿਹਾ ਹੈ। ਚੱਲ ਕੇ ਵੇਖੋ।" ਉਹਦੀ ਗੱਲ ਵਿਚ ਘਬਰਾਹਟ, ਹਮਦਰਦੀ ਤੇ ਡਰ ਆਦਿ ਕਈ ਭਾਵ ਮਿਲੇ ਹੋਏ ਸਨ।

"ਜਾਣਦਾ ਨਹੀਂ ਮੈਂ। ਕੌਣ ਐ ਉਹ, ਕੀ ਹੋਇਆ ਉਸ ਨੂੰ?" ਮੈਂ ਸਰਸਰੀ ਪੁੱਛਿਆ।

ਸਕਸੈਨੇ ਨੇ ਹਲੀਮੀ ਨਾਲ ਕਿਹਾ, "ਸਰ, ਉਂਜ ਉਹ ਬਹੁਤ ਹੀ ਨੇਕ ਬੰਦਾ ਹੈ। ਰਾਮਲੀਲ੍ਹਾ ਵਿਚ ਭਵੀਖਣ ਦਾ ਪਾਰਟ ਕਰਦਾ ਹੁੰਦਾ ਹੈ ਪਰ ਉਹਨੇ ਪਰਸੋਂ ਦੀਵਾਲੀ ਵਾਲੇ ਦਿਨ ਦੋਸਤਾਂ ਨਾਲ ਰਲ ਕੇ ਮਾੜੀ ਸ਼ਰਾਬ ਪੀ ਲਈ ਤੇ ਸਾਰੇ ਜਣੇ ਬਿਮਾਰ ਹੋ ਗਏ। ਪੀਣ ਵਾਲੇ ਸੱਤਾਂ ਵਿਚੋਂ ਚਾਰ ਤਾਂ ਮਰ ਗਏ, ਬਾਕੀ ਦੇ ਤਿੰਨਾਂ ਦੀ ਹਾਲਤ ਬਹੁਤ ਗੰਭੀਰ ਹੈ। ਹਸਪਤਾਲ ਵਾਲਿਆਂ ਨੇ ਦੋ ਨੂੰ ਸੀ.ਐਮ.ਸੀ. ਲੁਧਿਆਣੇ ਤੇ ਇਕ ਨੂੰ ਚੰਡੀਗੜ੍ਹ ਪੀ.ਜੀ.ਆਈ. ਭੇਜ ਦਿੱਤਾ ਹੈ। ਦੂਜੇ ਦੋਹਾਂ ਦੇ ਰਿਸ਼ਤੇਦਾਰ ਤਾਂ ਉਨ੍ਹਾਂ ਨੂੰ ਲੈ ਗਏ ਨੇ, ਪਰ ਇਹਨੂੰ ਕੋਈ ਲਿਜਾਣ ਵਾਲਾ ਨਹੀਂ ਹੈ। ਤੁਸੀਂ ਚੱਲ ਕੇ ਵੇਖ ਲਓ ਜੇ ਉਹਦਾ ਭਲਾ ਹੋ ਜਾਵੇ।"

"ਕਿਥੇ ਪਿਆ ਐ ਉਹ?" ਮੈਂ ਪੁੱਛਿਆ।

"ਸਿਵਲ ਹਸਪਤਾਲ 'ਚ।" ਉਹਨੇ ਉਤਰ ਦਿੱਤਾ।

ਸਿਵਲ ਹਸਪਤਾਲ ਦੀ ਗੱਲ ਸੁਣ ਕੇ ਮੈਂ ਸੋਚਿਆ ਕਿ ਉਹਨੂੰ ਹੁਣ ਕੌਣ ਬਚਾ ਸਕਦਾ ਹੈ! ਹਸਪਤਾਲ ਵਾਲੇ ਜਵਾਬ ਦਿੰਦੇ ਹੀ ਉਦੋਂ ਹਨ ਜਦੋਂ ਬੰਦੇ ਦੇ ਸਾਹ-ਸਤ ਖਤਮ ਹੋਣ ਵਾਲੇ ਹੋਣ। ਮੈਨੂੰ ਐਸੇ ਗੰਭੀਰ ਕੇਸ ਵਿਚ ਸਫਲਤਾ ਦੀ ਬਿਆਸ ਲੱਗ ਰਹੀ ਸੀ। ਮੈਂ ਟਾਲ-ਮਟੋਲ ਕਰਦੇ ਕਿਹਾ, "ਸਕਸੈਨਾ, ਹਸਪਤਾਲ ਵਿਚ ਭਰਤੀ ਹੋਏ ਮਰੀਜ਼ ਨੂੰ ਆਪਾਂ ਦਵਾਈ ਕਿਵੇਂ ਦੇ ਸਕਦੇ ਹਾਂ?" ਉਹਨੇ ਬਥੇਰਾ ਜ਼ੋਰ ਲਾਇਆ ਕਿ ਡਾਕਟਰਾਂ ਨੇ ਉਸ ਦਾ ਬੈੱਡ ਖਾਲੀ ਕਰਵਾ ਕੇ ਉਹਨੂੰ ਬਾਹਰ ਬਰਾਂਡੇ ਵਿਚ ਕੱਢ ਦਿਤਾ ਹੈ ਜਿੱਥੇ ਦਵਾਈ ਦਿੱਤੀ ਜਾ ਸਕਦੀ ਹੈ, ਪਰ ਮੈਂ ਨਾ ਮੰਨਿਆ। ਉਹ ਛੋਟਾ ਜਿਹਾ ਮੂੰਹ ਕਰ ਕੇ ਚਲਾ ਗਿਆ।

ਉਨ੍ਹਾਂ ਦਿਨਾਂ ਵਿਚ ਮੈਨੂੰ ਕਲਾਸਾਂ ਦੇ ਲੈਕਚਰ ਤਿਆਰ ਕਰਨ ਵਿਚ ਕਾਫੀ ਸਮਾਂ ਲਾਉਣਾ ਪੈਂਦਾ ਸੀ। ਉਹਦੇ ਜਾਂਦੇ ਹੀ ਮੈਂ ਪੜ੍ਹਨ ਬੈਠ ਗਿਆ ਪਰ ਮੇਰੇ ਦਿਲ ਵਿਚ ਬੇਚੈਨੀ ਜਿਹੀ ਲੱਗੀ ਹੋਈ ਸੀ ਕਿ ਅੱਜ ਸਕਸੈਨੇ ਨਾਲ ਚੰਗਾ ਨਹੀਂ ਕੀਤਾ। ਉਹ ਬੜਾ ਹੀ ਮਿਲਣਸਾਰ ਤੇ ਕੰਮ ਆਉਣ ਵਾਲਾ ਬੰਦਾ ਸੀ। ਉਹਦਾ ਚਿਹਰਾ ਵਾਰ-ਵਾਰ ਮੇਰੇ ਸਾਹਮਣੇ ਆਉਣ ਲੱਗਾ। ਮੈਨੂੰ ਉਹ ਦਿਨ ਵੀ ਯਾਦ ਆਇਆ ਜਿਸ ਦਿਨ ਮੈਂ ਆਪਣੇ ਪਿੰਡ ਦੇ ਡਾਕਟਰ ਚੇਤਨ ਕੁਮਾਰ ਵਰਮਾ ਜਿਸ ਨੇ ਮੈਨੂੰ ਪਹਿਲੀ ਵਾਰ ਹੋਮਿਓਪੈਥੀ ਦੇ ਰਸਤੇ ਪਾਇਆ ਸੀ, ਨੂੰ ਜਾ ਕੇ ਦੱਸਿਆ ਸੀ ਕਿ ਮੇਰੀ ਨਿਯੁਕਤੀ ਸਰਕਾਰੀ ਕਾਲਜ ਮੁਕਤਸਰ ਵਿਚ ਹੋ ਗਈ ਹੈ। ਉਹਨੇ ਬੜੇ ਚਾਅ ਨਾਲ ਕਿਹਾ ਸੀ ਕਿ ਉਥੇ ਉਹਦੇ ਲੜਕੇ ਦਾ ਜਿਗਰੀ ਮਿੱਤਰ ਸੁਭਾਸ਼ ਸਕਸੈਨਾ ਰਹਿੰਦਾ ਹੈ ਜੋ ਉਸ ਨਾਲ ਮੋਦੀ ਕਾਲਜ ਵਿਚ ਪੜ੍ਹਦਾ ਹੁੰਦਾ ਸੀ। ਨਾਲ ਹੀ ਉਸ ਨੇ ਕਿਹਾ ਸੀ ਕਿ ਜੇ ਕਿਸੇ ਮਦਦ ਦੀ ਲੋੜ ਪਵੇ ਤਾਂ ਉਹਨੂੰ ਜਾ ਕੇ ਮਿਲ ਲਵਾਂ। ਉਹਨੇ ਆਪਣੇ ਲੜਕੇ ਸੋਨੂੰ ਤੋਂ ਉਹਦੇ ਇਸ ਦੋਸਤ ਦੇ ਨਾਂ ਮੇਰੇ ਬਾਰੇ ਚਿੱਠੀ ਵੀ ਲਿਖਵਾ ਕੇ ਦਿੱਤੀ ਸੀ।

ਜੁਆਇਨ ਕਰਨ ਵਾਲੇ ਦਿਨ ਹੀ ਮੈਂ ਕਿਰਾਏ ਲਈ ਮਕਾਨ ਲੱਭਣ ਦੇ ਸਿਲਸਿਲੇ ਵਿਚ ਉਹਨੂੰ ਮਿਲਿਆ ਸਾਂ। ਉਹਦੇ ਸਾਰੇ ਪਰਿਵਾਰ ਨੇ ਮੈਨੂੰ ਮਜਬੂਰ ਕਰ ਕੇ ਉਸ ਦਿਨ ਸ਼ਾਮ ਦਾ ਖਾਣਾ ਖੁਆਇਆ ਸੀ ਤੇ ਆਪਣੇ ਘਰ ਮਹਿਮਾਨ ਰੱਖਿਆ ਸੀ। ਉਸ ਓਪਰੇ ਸ਼ਹਿਰ ਵਿਚ ਇਕਾਂਤ ਦਾ ਸਤਾਇਆ ਮੈਂ ਬਾਅਦ ਵਿਚ ਵੀ ਉਸ ਨੂੰ ਅਕਸਰ ਮਿਲਦਾ ਰਹਿੰਦਾ ਸਾਂ। ਅੱਜ ਪਹਿਲੀ ਵਾਰ ਉਹਨੇ ਮੈਨੂੰ ਕੁਝ ਕਰਨ ਲਈ ਕਿਹਾ ਸੀ ਪਰ ਮੈਂ ਜਵਾਬ ਦੇ ਦਿੱਤਾ ਸੀ। ਬਹੁਤ ਬੁਰਾ ਲੱਗ ਰਿਹਾ ਸੀ ਮੈਨੂੰ।

ਇੰਨੇ ਨੂੰ ਫਿਰ ਬੂਹਾ ਖੜਕਿਆ ਤੇ ਸੁਭਾਸ਼ ਅਤੇ ਉਹਦਾ ਵੱਡਾ ਭਰਾ ਸੁਰੇਸ਼ ਆ ਗਏ। ਸੁਰੇਸ਼ ਕਹਿਣ ਲੱਗਿਆ, "ਪ੍ਰੋਫੈਸਰ ਸਾਹਿਬ ਬੰਦਾ ਮਰ ਰਿਹਾ ਐ ਜੀ। ਮੈਂ ਉਸ ਕੋਲੋਂ ਹੀ ਆ ਰਿਹਾ ਹਾਂ। ਗਲਤੀ ਕਰ ਬੈਠਿਆ ਐ। ਛੋਟੇ-ਛੋਟੇ ਚਾਰ ਬੱਚੇ ਹਨ। ਬੀਵੀ ਨੂੰ ਬਾਹਰ-ਅੰਦਰ ਦੀ ਸਮਝ ਨਹੀਂ। ਭਰਾ ਲੱਤਾਂ ਤੋਂ ਅਪਾਹਜ ਹੈ। ਘਰ ਵਿਚ ਗਰੀਬੀ ਹੈ। ਅਸੀਂ ਗਵਾਂਢੀ ਹੋਣ ਦੇ ਨਾਤੇ ਭੱਜ-ਨੱਠ ਕਰ ਰਹੇ ਹਾਂ। ਬੱਸ ਪੁੰਨ ਖੱਟਣ ਵਾਲੀ ਗੱਲ ਹੈ। ਇਕ ਵਾਰ ਚੱਲ ਕੇ ਦੇਖ ਲਉ।" ਉਹਦੀ ਆਵਾਜ਼ ਵਿਚ ਤਰਲਾ ਸੀ। ਉਸ ਦੇ ਚੁੱਪ ਹੁੰਦਿਆਂ ਹੀ ਸੁਭਾਸ਼ ਬੋਲਿਆ, "ਸਾਨੂੰ ਤੁਹਾਡੇ 'ਤੇ ਪੂਰਾ ਵਿਸ਼ਵਾਸ ਹੈ ਜੀ। ਸ਼ਾਇਦ ਤੁਹਾਡੇ ਹੱਥੋਂ ਈ ਉਸ ਦਾ ਕੋਈ ਜਸ ਹੋ ਜਾਵੇ।"

ਦੋਵਾਂ ਭਰਾਵਾਂ ਦੀਆਂ ਮਿੰਨਤਾਂ ਸੁਣ ਕੇ ਮੈਂ ਸੋਚੀਂ ਪੈ ਗਿਆ। ਵਿਚਾਰ ਕੀਤੀ, 'ਇਹ ਸਕਸੈਨੇ ਮੈਨੂੰ ਚੱਲਣ ਲਈ ਕਹਿ ਤਾਂ ਰਹੇ ਹਨ ਪਰ ਉਸ ਹੂਚ ਦੀ ਮਾਰ ਵਿਚ ਆਏ ਬਿਮਾਰ ਦਾ ਮੈਂ ਕੀ ਕਰ ਸਕਦਾ ਹਾਂ। ਜੇ ਸਭ ਸਹੂਲਤਾਂ ਵਾਲੇ ਹਸਪਤਾਲ ਦੇ ਡਾਕਟਰਾਂ ਨੇ ਕਹਿ ਦਿੱਤਾ ਹੈ ਕਿ ਉਹ ਬਚਾ ਨਹੀਂ ਸਕਦੇ, ਤਾਂ ਹੋਰ ਕੋਈ ਉਹਨੂੰ ਬਚਾ ਵੀ ਕਿਵੇਂ ਸਕਦਾ ਹੈ! ਸਰਕਾਰੀ ਡਾਕਟਰਾਂ ਨੇ ਆਪਣੇ ਗਲੋਂ ਜ਼ਿੰਮੇਵਾਰੀ ਲਾਹੁਣ ਲਈ ਉਹਨੂੰ ਹੋਰ ਥਾਈਂ ਭੇਜ ਦਿੱਤਾ ਹੈ ਤੇ ਇਹ ਦੋਵੇਂ ਉਹਨੂੰ ਮੇਰੇ ਗਲ ਪਾ ਰਹੇ ਹਨ। ਮੈਨੂੰ ਇਸ ਕੰਮ ਵਿਚ ਨਹੀਂ ਪੈਣਾ ਚਾਹੀਦਾ।' ਲਿਹਾਜ਼ਾ ਮੈਂ ਚੁੱਪ ਤੋੜਦਿਆਂ ਕਿਹਾ, "ਦੇਖੋ ਬਈ, ਮੈਂ ਤੁਹਾਥੋਂ ਬਾਹਰ ਨਹੀਂ। ਤੁਸੀਂ ਹੋਰ ਜਿੱਥੇ ਮਰਜ਼ੀ ਮੈਨੂੰ ਲੈ ਜਾਓ ਪਰ ਇਹ ਕੇਸ ਦੇਖਣ ਦਾ ਮੈਨੂੰ ਕੋਈ ਲਾਭ ਨਹੀਂ ਲਗਦਾ। ਰੱਬ ਦਾ ਭਾਣਾ ਮੰਨਣ ਤੋਂ ਬਿਨਾਂ ਕੋਈ ਚਾਰਾ ਨਹੀਂ।"

ਇਹ ਸੁਣ ਕੇ ਦੋਵੇਂ ਭਰਾ ਕੁਝ ਦੇਰ ਪੈਰ ਮਲਦੇ ਰਹੇ ਤੇ ਫਿਰ ਇਹ ਕਹਿ ਕੇ ਚਲੇ ਗਏ, "ਹਾਂ ਜੀ, ਜੋ ਈਸ਼ਵਰ ਨੂੰ ਮਨਜ਼ੂਰ ਐ, ਉਹ ਤਾਂ ਹੈ ਈ ਐ!"

ਉਨ੍ਹਾਂ ਦੇ ਜਾਣ ਤੋਂ ਬਾਅਦ ਮੈਨੂੰ ਉਦਾਸੀ ਨੇ ਫਿਰ ਘੇਰ ਲਿਆ। ਮੈਂ ਸੁਭਾਸ਼ ਕੋਲ ਹੋਮਿਓਪੈਥੀ ਦੀ ਬੜੀ ਚਰਚਾ ਕੀਤੀ ਸੀ। ਉਹ ਸਾਇੰਸ ਦਾ ਵਿਦਿਆਰਥੀ ਸੀ। ਹੋਮਿਓਪੈਥੀ ਦੇ ਮੇਰੇ ਤਜ਼ਰਬੇ ਤੋਂ ਪ੍ਰਭਾਵਤ ਹੋ ਕੇ ਉਹਨੇ ਮੈਥੋਂ ਹੋਮਿਓਪੈਥੀ ਸਿੱਖਣੀ ਵੀ ਸ਼ੁਰੂ ਕਰ ਦਿੱਤੀ ਸੀ। ਉਹ ਮੇਰਾ ਪਹਿਲਾ ਸ਼ਾਗਿਰਦ ਸੀ। ਇਸ ਕੇਸ ਨੂੰ ਹੱਥ ਨਾ ਪਾ ਕੇ ਮੈਂ ਉਹਦੇ ਸਾਹਮਣੇ ਆਪਣੇ-ਆਪ ਨੂੰ ਹੌਲਾ ਜਿਹਾ ਮਹਿਸੂਸ ਕਰਨ ਲੱਗ ਪਿਆ ਸਾਂ। ਲਿਹਾਜ਼ਾ ਕੋਸ਼ਿਸ਼ ਕਰਨ ਦੇ ਇਰਾਦੇ ਨਾਲ ਮੈਂ ਹੋਮਿਓਪੈਥੀ ਦੀਆਂ ਪੁਸਤਕਾਂ ਫਰੋਲਣ ਲੱਗਿਆ ਕਿ ਕਿਤੇ ਸ਼ਰਾਬ ਦੇ ਰਿਐਕਸ਼ਨ ਬਾਰੇ ਕੁਝ ਮਿਲ ਜਾਵੇ ਪਰ ਕੁਝ ਹੱਥ ਪੱਲੇ ਨਾ ਪਿਆ। ਦਰਅਸਲ ਹੋਮਿਓਪੈਥੀ ਬਿਮਾਰ ਦੇ ਲੱਛਣਾਂ ਮੁਤਾਬਕ ਕੰਮ ਕਰਦੀ ਹੈ ਤੇ ਮੇਰੇ ਕੋਲ ਤਾਂ ਰਮੇਸ਼ਵਰ ਦੀ ਹਾਲਤ ਦਾ ਕੋਈ ਵੀ ਵੇਰਵਾ ਨਹੀਂ ਸੀ। ਪਤਨੀ ਨਾਲ ਗੱਲ ਸਾਂਝੀ ਕੀਤੀ ਤਾਂ ਉਹਨੇ ਸਲਾਹ ਦਿਤੀ, "ਦਵਾਈ ਭਾਵੇਂ ਦਿਓ ਨਾ ਦਿਓ, ਦੇਖ ਤਾਂ ਆਓ। ਸਕਸੈਨੇ ਵੀ ਤਾਂ ਇਹੀ ਕਹਿੰਦੇ ਨੇ।" ਮੈਂ ਕਿਹਾ ਕਿ ਚਲੋ ਜੇ




ਫੇਰ ਆਏ ਤਾਂ ਚਲਾ ਈ ਜਾਵਾਂਗਾ।

ਮੇਰੇ ਇੰਨਾ ਸੋਚਣ ਦੀ ਦੇਰ ਸੀ ਕਿ ਸੁਭਾਸ਼ ਫਿਰ ਆ ਗਿਆ। ਇਸ ਵਾਰ ਉਹਦੇ ਨਾਲ ਰਮੇਸ਼ਵਰ ਦਾ ਅਪਾਹਜ ਭਰਾ ਗੰਗਾ ਰਾਮ ਸੀ ਜਿਹੜਾ ਉਹਦੇ ਨਾਲ ਸਾਈਕਲ 'ਤੇ ਬੈਠ ਕੇ ਆਇਆ ਸੀ। ਅੰਦਰ ਆਉਂਦਿਆਂ ਹੀ ਕਹਿਣ ਲੱਗਿਆ, "ਪ੍ਰੋਫੈਸਰ ਸਾਹਿਬ, ਇਹ ਰਮੇਸ਼ਵਰ ਦਾ ਭਾਈ ਐ, ਤੁਹਾਨੂੰ ਆਪ ਬੇਨਤੀ ਕਰਨ ਆਇਆ ਹੈ।" ਗੰਗਾ ਰਾਮ ਹੱਥ ਜੋੜ ਕੇ ਰੋਣ ਲੱਗਿਆ ਤੇ ਫਿਰ ਅੱਖਾਂ ਪੂੰਝ ਕੇ ਬੋਲਿਆ, "ਇਨ੍ਹਾਂ ਮੁੰਡਿਆਂ ਨੇ ਦੱਸਿਆ ਐ ਕਿ ਹੁਣ ਰੱਬ ਤੋਂ ਹੇਠਾਂ ਤੁਸੀਂ ਈ ਓਂ। ਇਕ ਵਾਰ ਬਚਾ ਦੋ ਮੇਰੇ ਭਾਈ ਨੂੰ। ਮੁੜ ਐਸੀ ਗਲਤੀ ਨਹੀਂ ਕਰੇਗਾ। ਹਸਪਤਾਲ ਨੇ ਤਾਂ ਉਹਨੂੰ ਮਰਨ ਲਈ ਬਾਹਰ ਸੁੱਟ ਦਿੱਤਾ ਹੈ ਤੇ ਉਹ ਆਪ ਵੀ ਇਹੀ ਕਹਿ ਰਿਹਾ ਹੈ ਕਿ ਮੈਨੂੰ ਕਿਤੇ ਲੈ ਕੇ ਨਾ ਜਾਇਓ, ਮੈਂ ਨਹੀਂ ਬਚਣਾ। ਮੇਰੀ ਪਹੁੰਚ ਤੁਹਾਡੇ ਥਾਈਂ ਈ ਐ। ਜੇ ਇਕ ਵਾਰ ਚੱਲ ਕੇ ਦੇਖ ਲਓ। ਮੈਂ ਸਮਝੂੰ ਮੈਂ ਆਪਣੇ ਵੱਲੋਂ ਪੂਰੀ ਵਾਹ ਲਾ ਲਈ ਐ।" ਮੈਂ ਉਹਦੀ ਪਿੱਠ 'ਤੇ ਹੱਥ ਰੱਖਿਆ ਤੇ ਕਿਹਾ, "ਇਹ ਵੀ ਕੋਈ ਗੱਲ ਐ! ਤੁਸੀਂ ਹਸਪਤਾਲ ਚੱਲੋ, ਮੈਂ ਆਇਆ।"

ਉਨ੍ਹਾਂ ਦੇ ਜਾਣ ਤੋਂ ਬਾਅਦ ਮੈਂ ਸਾਈਕਲ ਫੜਿਆ ਤੇ ਹਸਪਤਾਲ ਪਹੁੰਚ ਗਿਆ। ਦਿਨ ਛਿਪ ਚੁੱਕਾ ਸੀ। ਸੁਭਾਸ਼ ਤੇ ਗੰਗਾ ਰਾਮ ਗੇਟ 'ਤੇ ਖੜ੍ਹੇ ਮੇਰੀ ਉਡੀਕ ਕਰ ਰਹੇ ਸਨ। ਮੈਨੂੰ ਲੈ ਕੇ ਉਹ ਕਈ ਪਾਸੇ ਦੀ ਘੁੰਮਦੇ ਹਨੇਰੇ ਬੰਦ ਬਰਾਂਡੇ ਦੇ ਮੋੜ ਤੀਕਰ ਪਹੁੰਚ ਗਏ। ਉਥੇ ਰੁਕ ਕੇ ਸੁਭਾਸ਼ ਕਹਿਣ ਲੱਗਿਆ, "ਤੁਸੀਂ ਜ਼ਰਾ ਇਥੇ ਠਹਿਰੋ, ਮੈਂ ਦੇਖ ਕੇ ਆਇਆ।" ਮੈਨੂੰ ਲੱਗਿਆ ਕਿ ਉਹ ਇਹ ਦੇਖਣ ਗਿਆ ਹੈ ਕਿ ਮਰੀਜ਼ ਦੇ ਸਾਹ ਚੱਲ ਵੀ ਰਹੇ ਹਨ ਕਿ ਨਹੀਂ ਪਰ ਗੰਗਾ ਰਾਮ ਨੇ ਦੱਸਿਆ ਕਿ ਡਾਕਟਰ ਦੇ ਰਾਊਂਡ ਦਾ ਟਾਈਮ ਐ ਤੇ ਉਹ ਇੰਨੇ ਬੰਦਿਆਂ ਦੇ ਵਾਰਡ ਵਿਚ ਵੜਨ 'ਤੇ ਗੁੱਸੇ ਹੁੰਦਾ ਐ। ਸੁਭਾਸ਼ ਵਾਪਸ ਆਇਆ ਤੇ ਸਾਨੂੰ ਵਰਾਂਡੇ ਦੇ ਅੱਧ ਤੀਕਰ ਲੈ ਗਿਆ। ਉਥੇ ਰੁਕ ਕੇ ਕਹਿਣ ਲੱਗਿਆ, "ਉਹ ਪਿਆ ਹੈ ਜੀ ਰਮੇਸ਼ਵਰ, ਜਿਥੇ ਸੁਰੇਸ਼ ਬੈਠਾ ਐ।"

ਵਾਰਡ ਦੇ ਬੂਹੇ ਤੋਂ ਬਾਹਰ ਉਹ ਸਾਧਾਰਨ ਮੰਜੇ 'ਤੇ ਸਿਰ ਤੋਂ ਪੈਰਾਂ ਤੀਕਰ ਸਫੈਦ ਚਾਦਰ ਨਾਲ ਕੱਜਿਆ ਅਡੋਲ ਸਿੱਧਾ ਪਿਆ ਸੀ। ਦੂਰੋਂ ਵੇਖਿਆਂ ਕਫ਼ਨ ਵਿਚ ਲਪੇਟੇ ਮੁਰਦੇ ਵਾਂਗ ਲੱਗ ਰਿਹਾ ਸੀ ਜਿਸ ਨੂੰ ਸ਼ਮਸ਼ਾਨ ਘਾਟ ਲਿਜਾਣ ਦੀ ਤਿਆਰੀ ਹੋਵੇ।

ਮੰਜੇ ਕੋਲ ਪਹੁੰਚੇ ਤਾਂ ਸੁਰੇਸ਼ ਨੇ ਉਹਦਾ ਮੂੰਹ ਨੰਗਾ ਕੀਤਾ। ਮੈਂ ਦੇਖ ਕੇ ਹੈਰਾਨ ਰਹਿ ਗਿਆ ਕਿ ਇਹ ਜੀਵਤ ਕਿੰਦਾਂ ਹੈ। ਨੀਲੇ ਰੰਗ ਦਾ ਸੁੱਜਿਆ ਚਿਹਰਾ, ਅਖਰੋਟਾਂ ਵਾਂਗ ਬਾਹਰ ਨੂੰ ਉਭਰੀਆਂ ਬੰਦ ਅੱਖਾਂ, ਨੱਕ ਤੇ ਕੰਨਾਂ ਦੇ ਅੰਦਰ ਪਾਣੀ ਨਾਲ ਭਰੇ ਵੱਡੇ-ਵੱਡੇ ਛਾਲੇ। ਕਾਲੇ ਭਾਰੇ ਸੁੱਜੇ ਬੁੱਲ੍ਹ ਤੇ ਉਨ੍ਹਾਂ ਉਤੇ ਵੀ ਛਾਲੇ। ਸੋਜ਼ਿਸ਼ ਤੇ ਛਾਲਿਆਂ ਕਾਰਣ ਉਹਦੇ ਚਿਹਰੇ ਦੇ ਨਕਸ਼ਾਂ ਨੂੰ ਅੱਡ-ਅੱਡ ਪਛਾਨਣਾ ਔਖਾ ਹੋ ਰਿਹਾ ਸੀ। ਸੁੱਜੇ ਤੇ ਪੱਕੇ ਨੱਕ ਰਾਹੀਂ ਉਹ ਕੱਸਵਾਂ ਸਾਹ ਲੈ ਰਿਹਾ ਸੀ। ਮੈਂ ਸੋਚਿਆ, ਜੇ ਬਾਹਰ ਇਹ ਕੁਝ ਹੈ ਤਾਂ ਇਹਦੇ ਅੰਦਰ ਦਾ ਕੀ ਹਾਲ ਹੋਵੇਗਾ?

ਮੈਂ ਸੁਰੇਸ਼ ਨੂੰ ਪੁੱਛਿਆ, "ਬੋਲਦਾ ਐ?"

ਉਹਨੇ ਨਾਂਹ ਵਿਚ ਸਿਰ ਹਿਲਾਇਆ।

"ਹਿਲਦਾ ਜੁਲਦਾ ਐ?" ਮੈਂ ਫਿਰ ਪੁੱਛਿਆ।

ਗੰਗਾ ਰਾਮ ਕਹਿਣ ਲੱਗਾ, "ਸਿਰ ਪਟਕਦਾ ਐ ਜੀ ਜਦੋਂ ਔਚਦੀ ਲਗਦੀ ਐ।"

"ਹੋਸ਼ ਵਿਚ ਹੈ?" ਮੈਂ ਪੁੱਛਿਆ।

"ਹਾਂ ਜੀ, ਜਦੋਂ ਪਾਣੀ ਪੀਣਾ ਹੋਵੇ ਉਚੀ-ਉਚੀ ਹੰਗੂਰੇ ਵੀ ਮਾਰਦਾ ਐ।" ਸੁਰੇਸ਼ ਨੇ ਦੱਸਿਆ।

"ਕਿੰਨੀ ਵਾਰੀ ਪੀਂਦਾ ਐ ਪਾਣੀ?" ਮੈਂ ਸਵਾਲ ਕੀਤਾ।

"ਪਾਣੀ ਮੰਗਦਾ ਤਾਂ ਬਹੁਤ ਐ, ਪਰ ਪੀਂਦਾ ਪੂੰਦਾ ਨੀ, ਬੱਸ ਮੂੰਹ ਈ ਗਿੱਲਾ ਕਰਦਾ ਐ।"

"ਹੋਰ ਕੋਈ ਗੱਲ?" ਮੈਂ ਦਰਿਆਫ਼ਤ ਕੀਤਾ।

"ਸਿਰ-ਮੂੰਹ ਨਹੀਂ ਢਕਣ ਦਿੰਦਾ। ਡਾਕਟਰ ਕਹਿੰਦੇ ਨੇ ਮੱਖੀਆਂ ਤੋਂ ਢੱਕ ਕੇ ਰੱਖੋ। ਇਹ ਚਾਦਰ ਲਾਹ ਦਿੰਦਾ ਹੈ।" ਸੁਰੇਸ਼ ਨੇ ਸ਼ਿਕਾਇਤੀ ਲਹਿਜ਼ੇ ਵਿਚ ਦੱਸਿਆ।

"ਆਓ ਮੇਰੇ ਨਾਲ!" ਮੈਂ ਜੇਤੂ ਅੰਦਾਜ਼ ਵਿਚ ਸੁਭਾਸ਼ ਨੂੰ ਕਿਹਾ।

ਘਰ ਆ ਕੇ ਮੈਂ ਉਸ ਨੂੰ 'ਅ' ਅੱਖਰ ਨਾਲ ਸ਼ੁਰੂ ਹੋਣ ਵਾਲੀ ਇਕ ਦਵਾਈ ਦੀਆਂ 30ਵੀਂ ਤਾਕਤ ਦੀਆਂ ਚਾਰ ਪੁੜੀਆਂ ਦਿੰਦਿਆਂ ਤੇ ਘੰਟੇ-ਘੰਟੇ ਬਾਅਦ ਦਵਾਈ ਉਹਦੇ ਹੇਠਲੇ ਬੁੱਲ੍ਹ ਤੇ ਮਸੂੜੇ ਦੇ ਵਿਚਕਾਰ ਝਾੜ ਦੇਣ ਲਈ ਕਿਹਾ। ਇਹ ਵੀ ਤਾਕੀਦ ਕੀਤੀ ਕਿ ਸੁੱਤੇ ਪਏ ਨੂੰ ਜਗਾ ਕੇ ਦਵਾਈ ਨਹੀਂ ਦੇਣੀ। ਦਵਾਈ ਜੇਬ ਵਿਚ ਪਾ ਕੇ ਉਸ ਨੇ ਪੁੱਛਿਆ, "ਸਰ, ਉਹ ਠੀਕ ਹੋ ਜਾਵੇਗਾ?" ਮੇਰਾ ਧਿਆਨ ਫੌਰਨ ਡਾ. ਈ.ਬੀ. ਨੈਸ਼ ਦੀਆਂ ਇਸ ਦਵਾਈ ਬਾਰੇ ਲਿਖੀਆਂ ਇਨ੍ਹਾਂ ਸਤਰਾਂ ਵੱਲ ਗਿਆ: 'ਅਤਿ-ਅਧਿਕ ਬੇਚੈਨੀ, ਔਖਾ ਸਾਹ, ਮੌਤ ਵਲ ਤੇਜ਼ ਨਿਗਾਹ, ਘੜੀ ਮੁੜੀ ਘੁੱਟ-ਘੁੱਟ ਪਿਆਸ, ਭਿਆਨਕ ਸਾੜੇ ਵਾਲੀ ਪੀੜਾ, ਕਾਲੀ ਰੰਗਤ, ਮੌਤ ਦਾ ਡਰ, ਨਿਸ਼ਚਿਤ ਮੌਤ ਦੇ ਵਿਚਾਰ, ਸਰੀਰ ਢਕੇ ਪਰ ਸਿਰ ਮੂੰਹ ਨੰਗਾ ਰੱਖੇ, ਸ਼ਰਾਬ ਦਾ ਪ੍ਰਕੋਪ...'

ਮੈਂ ਉਹਨੂੰ ਭਰੋਸੇ ਨਾਲ ਜਵਾਬ ਦਿੱਤਾ, "ਹਾਂ, ਜੇ ਤੇਰੇ ਪਹੁੰਚਣ ਤੋਂ ਪਹਿਲਾਂ ਹੀ ਪੂਰਾ ਨਾ ਹੋ ਗਿਆ ਹੋਇਆ ਤਾਂ!" ਉਹਦੇ ਚਿਹਰੇ 'ਤੇ ਪਹਿਲਾਂ ਪ੍ਰਸੰਨਤਾ ਤੇ ਫਿਰ ਉਦਾਸੀ ਦੀ ਝਲਕ ਫਿਰੀ ਤੇ ਉਹ ਸਾਈਕਲ 'ਤੇ ਚੜ੍ਹ ਕੇ ਲੋਪ ਹੋ ਗਿਆ।

ਸੁਭਾਸ਼ ਅਗਲੀ ਸਵੇਰ ਆਇਆ। ਉਹਦਾ ਮੂੰਹ ਲਟਕਿਆ ਹੋਇਆ ਸੀ। ਮੈਂ ਅੰਦਾਜ਼ਾ ਲਾ ਕੇ ਪੁੱਛਿਆ, "ਨਹੀਂ ਬਣੀ ਗੱਲ?" ਉਹਨੇ ਖੁਸ਼ਕ ਸੰਘ ਨਾਲ ਕਿਹਾ, "ਪ੍ਰੋਫੈਸਰ ਸਾਹਿਬ, ਦੂਜੇ ਦੋ ਬੰਦੇ ਜੋ ਬਾਹਰ ਭੇਜੇ ਸੀ, ਰਾਤ ਮਰ ਗਏ।"

"ਰਾਮੇਸ਼ਵਰ ਕਿੱਦਾਂ?" ਮੈਂ ਸਾਹ ਰੋਕ ਕੇ ਪੁੱਛਿਆ।

"ਉਹ ਹੁਣ ਠੀਕ ਐ।" ਉਹ ਸੁੱਖ ਨਾਲ ਬੋਲਿਆ। ਫਿਰ ਉਹਨੇ ਮੁਸਕਰਾ ਕੇ ਦੱਸਿਆ ਕਿ ਦੋ ਦਿਨਾਂ ਦਾ ਤੜਫਦਾ ਰਾਮੇਸ਼ਵਰ ਪਹਿਲੀ ਪੁੜੀ ਨਾਲ ਹਸਪਤਾਲ ਵਿਚ ਹੀ ਸੌਂ ਗਿਆ ਸੀ। ਰਾਤ ਨੂੰ ਜਦੋਂ ਉਠਿਆ ਤਾਂ ਘਰ ਲੈ ਆਏ। ਘਰ ਆ ਕੇ ਦੂਜੀ ਪੁੜੀ ਦਿੱਤੀ, ਫਿਰ ਸੌਂ ਗਿਆ। ਸਵੇਰੇ ਉਠਿਆ ਤਾਂ ਤੀਜੀ ਪੁੜੀ ਦੇ ਦਿੱਤੀ ਤੇ ਹੁਣ ਚੌਥੀ। ਨਾਲ ਹੀ ਕਹਿਣ ਲੱਗਾ ਕਿ ਹੁਣ ਉਹ ਥੋੜ੍ਹਾ ਬੋਲਦਾ ਹੈ। ਮੈਂ ਹੱਸਿਆ ਤੇ ਕਿਹਾ, "ਤੇਰਾ ਬੰਦਾ ਬਚ ਗਿਆ ਹੈ ਸਕਸੈਨਾ! ਹਾਲੇ ਹੋਰ ਦਵਾਈ ਦੀ ਲੋੜ ਨਹੀਂ। ਹੁਣ ਕੱਲ ਦੱਸੀਂ।"

ਅਗਲੇ ਦਿਨ ਕੁਝ ਪੁੜੀਆਂ ਹੋਰ ਦਿੱਤੀਆਂ ਤੇ ਤੀਜੇ ਦਿਨ ਰਾਮੇਸ਼ਵਰ ਠੀਕ ਹੋ ਕੇ ਬੈਠ ਗਿਆ। ਸੁਭਾਸ਼ ਆ ਕੇ ਕਹਿਣ ਲੱਗਾ, "ਉਹ ਥੋਨੂੰ ਮਿਲਣ ਦੀ ਜ਼ਿੱਦ ਕਰ ਰਿਹਾ ਹੈ।" ਕਾਰਨ ਪੁੱਛਣ 'ਤੇ ਕਹਿਣ ਲੱਗਾ ਕਿ ਉਹ ਆਪਣੇ ਸਾਈਂ ਦੇ ਦਰਸ਼ਨ ਕਰਨਾ ਚਾਹੁੰਦਾ ਹੈ। ਜਲਾਲਾਬਾਦ ਦਾ ਹੋਣ ਕਰ ਕੇ ਉਹ ਰੱਖਿਅਕ ਨੂੰ ਸਾਈਂ ਸੱਦਦਾ ਸੀ। ਮੈਂ ਉਹਨੂੰ ਹਫਤਾ ਭਰ ਇਹ ਕਹਿ ਕੇ ਟਾਲਦਾ ਰਿਹਾ ਕਿ ਉਸ ਦਾ ਸਾਈਂ ਹੋਮਿਓਪੈਥੀ ਹੈ, ਮੈਂ ਨਹੀਂ; ਪਰ ਜਦੋਂ ਉਹ ਨਾ ਟਲਿਆ ਤੇ ਬਹੁਤਾ ਹੀ ਖਹਿੜੇ ਪੈ ਗਿਆ ਤਾਂ ਮੈਂ ਉਹਦੇ ਨਾਲ ਰਾਮੇਸ਼ਵਰ ਦੇ ਘਰ ਗਿਆ। ਉਂਜ ਉਹ ਠੀਕ-ਠਾਕ ਸੀ ਪਰ ਪਲਕਾਂ ਅੰਦਰ ਜ਼ਖਮ ਹੋਣ ਕਾਰਨ ਅੱਖਾਂ ਨਹੀਂ ਸੀ ਖੋਲ੍ਹ ਸਕਦਾ। ਮੇਰੇ ਬੈਠਦਿਆਂ ਉਹ ਮੰਜੇ ਤੋਂ ਹੇਠ ਉਤਰ ਆਇਆ ਤੇ ਮੇਰੇ ਪੈਰ ਟੋਹ ਕੇ ਉਤੇ ਝੁਕ ਗਿਆ। ਕਿੰਨੀ ਦੇਰ ਮੱਥਾ ਰਗੜਦਾ ਤੇ ਦੁਆਵਾਂ ਦਿੰਦਾ ਰਿਹਾ। ਪਛਤਾਵੇ ਵਜੋਂ ਉਹਨੇ ਅਗਾਂਹ ਨੂੰ ਸ਼ਰਾਬ ਤੋਂ ਤੌਬਾ ਕੀਤੀ ਤੇ ਅੱਖਾਂ ਠੀਕ ਕਰਨ ਦੀ ਮੰਗ ਕੀਤੀ। ਮੈਂ ਸੁਭਾਸ਼ ਹੱਥ 'ਲ' ਨਾਲ ਸ਼ੁਰੂ ਹੁੰਦੀ ਇਕ ਦਵਾਈ ਦੀ 200 ਪੋਟੈਂਸੀ ਦੀ ਖੁਰਾਕ ਭੇਜ ਦਿੱਤੀ। ਦੋ ਦਿਨਾਂ ਵਿਚ ਹੀ ਅੱਖਾਂ ਖੋਲ੍ਹ ਕੇ ਰਾਮੇਸ਼ਵਰ ਨੇ ਆਪਣੀ ਗੋਲ-ਗੱਪਿਆਂ ਦੀ ਰੇਹੜੀ ਲਾ ਲਈ। ਉਹ ਅੱਜਕੱਲ੍ਹ ਵੀ ਜਿਉਂਦਾ ਹੈ ਤੇ ਰਾਮ ਲੀਲ੍ਹਾ ਲਈ ਕੰਮ ਕਰਦਾ ਹੈ।

ਅੱਜ ਤੱਕ ਮੇਰੇ ਹੱਥਾਂ ਵਿਚ ਹਜ਼ਾਰਾਂ ਕੇਸ ਆਏ ਤੇ ਗਏ। ਉਨ੍ਹਾਂ ਵਿਚੋਂ ਬਹੁਤ ਸਾਰੇ ਤਾਂ ਮੈਨੂੰ ਉੱਕਾ ਹੀ ਯਾਦ ਨਹੀਂ ਪਰ ਜਦੋਂ ਮੈਂ ਪਿੱਛੇ ਮੁੜ ਕੇ ਦੇਖਦਾ ਹਾਂ, ਤਾਂ ਰਾਮੇਸ਼ਵਰ ਦਾ ਨਾਂ ਮੇਰੇ ਜ਼ਿਹਨ ਵਿਚ ਸਿਤਾਰੇ ਵਾਂਗ ਚਮਕ ਰਿਹਾ ਹੁੰਦਾ ਹੈ। ਉਹਦਾ ਕੇਸ ਮੈਂ ਫ਼ਖ਼ਰ ਨਾਲ ਯਾਦ ਕਰਦਾ ਹਾਂ ਕਿਉਂਕਿ ਇਹ ਉਨ੍ਹਾਂ ਸਭ ਕੇਸਾਂ ਵਿਚੋਂ ਪਲੇਠਾ ਹੈ ਜਿਨ੍ਹਾਂ ਨਾਲ ਮੇਰਾ ਜੀਵਨ-ਦਾਨ ਦਾ ਰਿਸ਼ਤਾ ਹੈ! ਇਹਨੂੰ ਯਾਦ ਕਰ ਕੇ ਮੈਨੂੰ ਰੂਹਾਨੀ ਖੁਸ਼ੀ ਮਿਲਦੀ ਹੈ, ਤੇ ਅਜਿਹਾ ਹੀ ਕੁਝ ਹੋਰ ਕਰਨ ਦੀ ਤੌਫ਼ੀਕ ਵੀ। ਮੈਂ ਅਕਸਰ ਕਹਿੰਦਾ ਹਾਂ, "ਜਾਨ ਲੈਣ ਵਾਲਿਓ! ਕਦੇ ਕਿਸੇ ਨੂੰ ਜੀਵਨ ਦੇ ਕੇ ਦੇਖੋ, ਖੁਸ਼ੀ ਦੀ ਅਸਲ ਪਰਿਭਾਸ਼ਾ ਸਮਝ ਆ ਜਾਵੇਗੀ।"

## ਅੱਲੋਕਾਰੀ ਗੱਲਾਂ

## ਮਿੰਨੀ ਕਹਾਣੀ

### ਸੋਧ

ਪ੍ਰਿੰਸੀਪਲ ਸਾਹਿਬ ਦਫ਼ਤਰ ਬੈਠੇ ਸਨ ਤਾਂ ਇਕ ਪ੍ਰਕਾਸ਼ਕ ਆਪਣੀ ਨਵੀਂ ਛਪੀ ਕਿਤਾਬ ਲੈ ਕੇ ਆਇਆ। ਉਸ ਨੇ ਕਿਤਾਬ ਦੀਆਂ ਸਿਫ਼ਤਾਂ ਕੀਤੀਆਂ। ਪ੍ਰਿੰਸੀਪਲ ਨੇ ਕਿਤਾਬ ਫੜੀ ਅਤੇ ਉਸ ਵਿਚੋਂ ਕਈ ਸਫ਼ੇ ਉਲਟਾ-ਪਲਟਾ ਕੇ ਸਰਸਰੀ ਜਿਹੀ ਨਜ਼ਰ ਮਾਰੀ ਤੇ ਕਹਿਣ ਲੱਗਿਆ, "ਮੈਨੂੰ ਇਹ ਕਿਤਾਬ ਕੁਝ ਚੰਗੀ ਨਹੀਂ ਲੱਗੀ। ਇਸ ਵਿਚ ਕਾਫ਼ੀ ਗ਼ਲਤੀਆਂ ਹਨ।"

ਦੋ-ਤਿੰਨ ਦਿਨਾਂ ਬਾਅਦ ਪ੍ਰਕਾਸ਼ਕ ਫਿਰ ਪ੍ਰਿੰਸੀਪਲ ਸਾਹਿਬ ਨੂੰ ਮਿਲਣ ਆ ਗਿਆ ਅਤੇ ਉਹੋ ਕਿਤਾਬ ਫੜਾ ਕੇ ਕਹਿਣ ਲੱਗਿਆ, 'ਪ੍ਰਿੰਸੀਪਲ ਸਾਹਿਬ ਜ਼ਰਾ ਹੁਣ ਝਾਤੀ ਮਾਰੋ, ਗ਼ਲਤੀਆਂ ਸੋਧ ਦਿੱਤੀਆਂ ਗਈਆਂ ਹਨ।"

ਪ੍ਰਿੰਸੀਪਲ ਨੇ ਕਿਤਾਬ ਖੋਲ੍ਹੀ ਅਤੇ ਸਫ਼ੇ ਪਲਟਾ ਕੇ ਦੇਖਿਆ। ਚਾਰ ਵੱਖ-ਵੱਖ ਥਾਂਵਾਂ 'ਤੇ ਨੋਟ ਪਏ ਸਨ। ਕਿਤਾਬ ਨੂੰ ਬੈਗ ਵਿਚ ਰੱਖਦੇ ਹੋਏ ਪ੍ਰਿੰਸੀਪਲ ਸਾਹਿਬ ਕਹਿਣ ਲੱਗੇ, "ਮੈਂ ਸਬੰਧਤ ਟੀਚਰ ਨੂੰ ਕਿਤਾਬ ਲਗਾਉਣ ਲਈ ਕਹਿ ਦੇਵਾਂਗਾ। ਪਰਸੋਂ ਆ ਕੇ ਆਰਡਰ ਲੈ ਜਾਣਾ।"

-ਪ੍ਰਿੰ. ਅਵਤਾਰ ਸਿੰਘ ਦੀਪਕ
ਫੋਨ: 91-93160-25145

# ਢੋਲ ਸਿਪਾਹੀ

**ਸ਼ਬਦ ਝਰੋਖਾ**



ਬਲਜੀਤ ਬਾਸੀ
ਫੋਨ: 734-454-4958

ਸਿਪਾਹੀ ਜਣੇ-ਖਣੇ ਦੇ ਪਿਛੇ ਪਿਆ ਰਹਿੰਦਾ ਹੈ, ਡੰਡਾ ਲੈ ਕੇ ਜਿਸ ਦੀ ਮਰਜ਼ੀ ਪਰੇਡ ਕਰਾ ਦਿੰਦਾ ਹੈ। ਉਂਜ ਇਹ ਗੱਲ ਵਖਰੀ ਹੈ ਕਿ ਸਿਪਾਹੀ ਵੀ ਦੋ ਤਰ੍ਹਾਂ ਦੇ ਹੁੰਦੇ ਹਨ, ਇਕ ਸਰਹੱਦਾਂ ਦੀ ਰਾਖੀ ਕਰਦੇ ਹਨ ਤੇ ਦੂਜੇ ਕਹਿਣ ਨੂੰ ਸਾਡੇ ਜਾਨ ਮਾਲ ਦੀ ਰੱਖਿਆ ਕਰਦੇ ਹਨ ਪਰ ਅਮਲ ਵਿਚ ਜਾਨ ਮਾਲ ਦੇ ਖੌਅ ਹਨ। ਪੁਲਿਸ ਦੇ ਇਨ੍ਹਾਂ ਕਾਰਿਆਂ ਕਰਕੇ ਹੀ ਸਿਪਾਹੀਆਂ ਨੂੰ ਲੋਕ ਘਿਰਣਾ ਵਸ ਸਪਾਹਟੇ ਜਾਂ ਮਾਮੇ ਦੇ ਪਦ ਨਾਲ ਨਿਵਾਜਦੇ ਹਨ। ਅੱਜ ਜ਼ਰਾ ਇਨ੍ਹਾਂ ਦੇ ਪਿਛੇ ਪੈਣ ਨੂੰ ਜੀਅ ਕਰ ਆਇਆ ਹੈ, ਇਨ੍ਹਾਂ ਦਾ ਪਿਛਾ ਫੋਲਣ ਦਾ ਮੂਡ ਹੈ।

ਲੋਕ ਜੀਵਨ ਵਿਚ ਸਦੀਆਂ ਤੋਂ ਸਿਪਾਹੀ ਦਾ ਬੜਾ ਨਾਂ ਰਿਹਾ ਹੈ। ਨਿਆਣੀ ਉਮਰੇ ਵਿਆਹੀ ਇਕ ਮੁਟਿਆਰ ਪਾਣੀ ਭਰ ਰਹੀ ਹੈ ਤਾਂ ਸੰਯੋਗਵਸ ਪਾਣੀ ਪੀਣ ਆਏ ਆਪਣੇ ਢੋਲ ਸਿਪਾਹੀ ਨੂੰ ਪਛਾਣਦੀ ਨਹੀਂ। ਦੋਵਾਂ ਵਿਚਕਾਰ ਭੁਲੇਖੇ ਕਾਰਨ ਹੋਏ ਵਾਰਤਾਲਾਪ ਵਿਚ ਮੁਟਿਆਰ ਇਕ ਥਾਂ ਆਖਦੀ ਹੈ,

ਸਾਈਆਂ ਘੋੜਾ ਤੇਰਾ ਮਰ ਜਾਏ
ਚਾਬੁਕ ਰਹਿ ਜਾਏ ਹੱਥ।
ਘਰੋਂ ਤਾਂ ਮਾਂ-ਪਿਉ ਕੁੱਟ ਕੱਢੇ
ਪੈ ਜਾਏ ਸਿਪਾਹੀਆਂ ਵੱਸ।

ਪਰ ਘਰ ਜਾ ਕੇ ਦੇਖਦੀ ਹੈ, ਉਹੀ ਬੰਦਾ ਧਮਕਿਆ ਬੈਠਾ ਹੈ। ਉਸ ਨੇ ਜਿਸ ਨੂੰ ਸਿਪਾਹੀਆਂ ਦੇ ਵੱਸ ਪਾਉਣ ਦਾ ਸਰਾਪ ਦਿਤਾ ਸੀ, ਉਹ ਖੁਦ ਸਿਪਾਹੀ ਹੈ। ਮਾਂ ਉਸ ਨੂੰ ਦੱਸਦੀ ਹੈ,

ਜਿਦ੍ਹੇ ਨਾਲ ਤੂੰ ਪਰਨਾਈ ਧੀਏ,
ਉਹ ਆਇਆ ਅਸਵਾਰ।

ਮੁਟਿਆਰ ਦੇ ਸਿਰ ਸੌ ਘੜੇ ਪਾਣੀ ਪਿਆ।...ਪੰਜਾਬ ਦੀ ਧਰਤੀ ਸਦੀਆਂ ਤੋਂ ਲੜਾਈਆਂ-ਭਿੜਾਈਆਂ ਦਾ ਮੈਦਾਨ ਰਹੀ ਹੈ, ਇਥੇ ਖੇਤੀ ਨਾਲੋਂ ਦੂਜੇ ਦਰਜੇ ਦਾ ਕਿੱਤਾ ਸ਼ਾਇਦ ਸਿਪਾਹੀ ਭਰਤੀ ਹੋਣਾ ਹੀ ਸੀ। ਸਿਪਾਹੀ ਬਣਨਾ ਇਕ ਵੱਡੀ ਪ੍ਰਾਪਤੀ ਹੁੰਦੀ ਸੀ। ਸਾਡੇ ਲੋਕ ਸਾਹਿਤ ਵਿਚ ਸਿਪਾਹੀ ਦਾ ਰਾਂਗਲਾ ਚਿਤਰਣ ਮਿਲਦਾ ਹੈ। ਸਿਪਾਹੀ ਪਤੀ ਨੂੰ ਲੋਕ ਗੀਤਾਂ ਵਿਚ ਢੋਲ ਸਿਪਾਹੀ ਕਿਹਾ ਜਾਂਦਾ ਸੀ-ਜਿਵੇਂ ਦੂਰ ਦੇ ਢੋਲ ਸੁਹਾਵਣੇ ਹੁੰਦੇ ਹਨ ਇਸ ਤਰ੍ਹਾਂ ਅਕਸਰ ਦੂਰ ਵਸਦੇ ਸਿਪਾਹੀ ਢੋਲ ਹੀ ਲਗਦੇ ਹਨ! ਪਰ ਸਿਪਾਹੀ ਆਪਣੇ ਕਸਬ ਕਾਰਨ ਕਰੂਰ ਹੁੰਦੇ ਸਨ, ਪਹਿਲੇ ਬੰਦ ਦੇ ਇਹ ਬੋਲ ਦੁਬਾਰਾ ਪੜ੍ਹੋ 'ਪੈ ਜਾਏ ਸਿਪਾਹੀਆਂ ਵੱਸ।' ਉਪਰੋਕਤ ਵਾਰਤਾਲਾਪ ਵਿਚ 'ਸਿਪਾਹੀ' ਤੇ 'ਅਸਵਾਰ' ਸ਼ਬਦ ਆਏ ਹਨ। ਅਸੀਂ 'ਅੱਸੂ ਮਾਹ ਨਿਰਾਲਾ' ਵਾਲੇ ਲੇਖ ਵਿਚ ਜ਼ਿਕਰ ਕਰ ਆਏ ਹਾਂ ਕਿ ਅਸਵਾਰ ਸ਼ਬਦ ਘੋੜੇ ਦੇ ਅਰਥਾਂ ਵਾਲੇ 'ਅਸ਼ਵ' ਸ਼ਬਦ ਤੋਂ ਬਣਿਆ ਹੈ। ਪੁਰਾਣੇ ਜ਼ਮਾਨਿਆਂ ਵਿਚ ਆਮ ਤੌਰ 'ਤੇ ਘੋੜੇ ਦਾ ਅਸਵਾਰ ਸਿਪਾਹੀ ਹੀ ਹੁੰਦਾ ਸੀ। ਤੇ ਮਜ਼ੇ ਦੀ ਗੱਲ ਇਹ ਹੈ ਕਿ ਸਿਪਾਹੀ ਸ਼ਬਦ ਵੀ ਇਸੇ 'ਅਸ਼ਵ' ਦੇ ਫਾਰਸੀ ਭਰਾ 'ਅਸਪ' ਤੋਂ ਹੀ ਬਣਿਆ ਹੈ। ਅਸਪ ਤੋਂ 'ਅਸਪਾ' ਬਣਿਆ ਜਿਸ ਦਾ ਅਰਥ ਘੋੜ-ਸੈਨਾ ਹੈ ਤੇ 'ਅਸਪਾ' ਚੋਂ 'ਅ' ਧੁਨੀ ਅਲੋਪ ਹੋ ਕੇ 'ਸਿਪਾਹੀ' ਸ਼ਬਦ ਬਣਿਆ। ਇਸ ਤਰ੍ਹਾਂ ਸਿਪਾਹੀ ਦਾ ਅਰਥ 'ਘੋੜੇ ਵਾਲਾ' ਬਣਦਾ ਹੈ। ਉਸ ਜ਼ਮਾਨੇ ਵਿਚ ਘੋੜੇ ਵਾਲੇ ਦੀ ਟੌਅਰ ਹੁੰਦੀ ਸੀ। ਨਾ ਸਿਰਫ ਉਸ ਕੋਲ ਘੋੜਾ ਹੀ ਹੁੰਦਾ ਸੀ ਬਲਕਿ ਸਰੀਰਕ ਤੇ ਰਾਜਸੀ ਸ਼ਕਤੀ ਵੀ ਹੁੰਦੀ ਸੀ। ਸਰਪਟ ਦੌੜ ਰਹੇ ਘੋੜੇ ਦਾ ਸਵਾਰ ਸਿਪਾਹੀ ਦਰਸ਼ਕਾਂ ਵਿਚ ਹਸਦ ਦੇ ਭਾਵ ਪੈਦਾ ਕਰਦਾ ਸੀ। ਇਸਤਰੀ ਨਾਇਕਤਵ ਦੇ ਵਾਰੇ ਵਾਰੇ ਜਾਂਦੀ ਹੈ। ਉਸ ਦੇ ਮਨ ਵਿਚ ਅਜਿਹੇ ਰੁਹਬ-ਦਾਅਬ ਵਾਲੇ ਸ਼ਖਸ ਪ੍ਰਤੀ ਰੁਮਾਂਟਿਕ ਭਾਵ ਪੈਦਾ ਹੋਣੇ ਕੁਦਰਤੀ ਗੱਲ ਹੈ। ਮਧਕਾਲ ਵਿਚ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਘੋੜੇ ਦੇ ਸਮਾਨਾਰਥਕ ਸ਼ਬਦਾਂ ਦਾ ਲੋਕ ਮਨ 'ਤੇ ਦਬਦਬਾ ਰਿਹਾ ਹੈ। ਪੰਜਾਬੀ ਵਿਚ ਸਿਪਾਹੀ ਨਾਲ ਢੋਲ ਲਾ ਕੇ ਬਣਾਇਆ ਸ਼ਬਦ ਜੁੱਟ ਢੋਲ ਸਿਪਾਹੀ ਇਸਤਰੀ ਮਨ ਦੀ ਤਹਿ ਵੱਲ ਝਾਤ ਪੁਆਉਂਦਾ ਹੈ,

ਬਾਂਕੇ ਮਾਹੀ ਢੋਲ ਸਿਪਾਹੀ,
ਆਣ ਕਰਾਈਆਂ ਦੀਦਾਂ ਨੀ।
ਰਾਤ ਬਰਾਤ 'ਸ਼ਰਫ਼ ਹੈ' ਮੇਰੀ,
ਦਿਨ ਦੇ ਵੇਲੇ ਈਦਾਂ ਨੇ।
-ਫਿਰੋਜ਼ ਦੀਨ ਸ਼ਰਫ਼

ਢੋਲ, ਢੋਲਾ ਜਾਂ ਢੋਲਨਾ ਦਾ ਅਰਥ ਪਤੀ ਜਾਂ ਪਿਆਰਾ ਹੁੰਦਾ ਹੈ। ਸ਼ਾਇਦ ਇਹ 'ਦੁਲਹਾ' ਦਾ ਵਿਕਸਿਤ ਰੂਪ ਹੈ। ਦੁਲਹਾ ਦੁਰਲਭ ਤੋਂ ਬਣਿਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਇਨ੍ਹਾਂ ਸ਼ਬਦਾਂ ਦੀ ਵਰਤੋਂ ਮਿਲਦੀ ਹੈ, "ਹਥੁ ਨ ਲਾਇ ਕਸੁੰਭੜੈ ਜਲ ਜਾਸੀ ਢੋਲਾ॥" -ਸ਼ੇਖ ਫਰੀਦ। "ਮੇਰੈ ਮਨਿ ਤਨਿ ਪ੍ਰੇਮ ਲਗਾ ਹਰ ਢੋਲੇ ਜੀਉ॥" -ਗੁਰੂ ਰਾਮ ਦਾਸ।

14ਵੀਂ ਸਦੀ ਤੋਂ 19ਵੀਂ ਸਦੀ ਤਕ ਸਾਰੇ ਮਧ ਏਸ਼ੀਆ, ਪੂਰਬੀ ਯੂਰਪ ਤੇ ਉਤਰੀ ਅਫਰੀਕਾ ਵਿਚ ਤੁਰਕਾਂ ਦੇ ਉਸਮਾਨੀ ਸਾਮਰਾਜ ਦੀ ਚੜ੍ਹਤ ਰਹੀ। ਫਾਰਸੀ ਤੋਂ ਬਣਿਆ ਸਿਪਾਹੀ ਜਾਂ ਸਿਪਾਹ ਅਸਲ ਵਿਚ ਇਸ ਸਾਮਰਾਜ ਅਧੀਨ ਵਿਆਪਕ ਰੂਪ ਵਿਚ ਪ੍ਰਵਾਨ ਚੜ੍ਹਿਆ। ਇਸ



ਸਾਮਰਾਜ ਵਿਚ ਸਿਪਾਹੀ ਇਕ ਰੁਤਬਾ ਹੁੰਦਾ ਸੀ ਜਿਸ ਦੇ ਅਧੀਨ ਹੋਰ ਘੋੜ ਸੈਨਿਕ ਹੁੰਦੇ ਸਨ ਜਿਨ੍ਹਾਂ ਨੂੰ ਜਬੇਲੀ ਕਿਹਾ ਜਾਂਦਾ ਸੀ। ਇਹ ਪ੍ਰਬੰਧ ਸੁਲਤਾਨੀ ਫੌਜ ਦੀ ਚੂਲ ਹੁੰਦਾ ਸੀ। ਸਿਪਾਹੀ ਕੋਈ ਬਾਕਾਇਦਾ ਮੁਲਾਜ਼ਮ ਨਹੀਂ ਸੀ। ਉਸ ਨੂੰ ਉਸ ਦੇ ਮਾਅਰਕਿਆਂ ਅਨੁਸਾਰ ਜਗੀਰ ਦਿੱਤੀ ਜਾਂਦੀ ਸੀ ਜਿਸ ਤੋਂ ਉਸ ਦਾ ਰੁਜ਼ਗਾਰ ਚਲਦਾ ਸੀ। ਸਿਪਾਹੀ ਦੇ ਅੱਗੇ ਹੋਰ ਲੜਨ ਵਾਲੇ ਹੁੰਦੇ ਸਨ। ਲੜਾਈ ਦੇ ਵਕਤ ਸਿਪਾਹੀ ਨੂੰ ਆਪਣੀ ਨਿੱਜੀ ਸੈਨਾ ਤੇ ਹਥਿਆਰਾਂ ਸਮੇਤ ਸੱਦ ਲਿਆ ਜਾਂਦਾ ਸੀ। ਹਰ ਜਿੱਤ ਪਿਛੋਂ ਉਸ ਨੂੰ 'ਤਰੱਕੀ' ਵਜੋਂ ਹੋਰ ਜਗੀਰ ਦੇ ਦਿੱਤੀ ਜਾਂਦੀ ਸੀ। ਸਿਪਾਹੀ ਦੇ ਨਾਲ ਹੋਰ ਸੈਂਕੜੇ-ਹਜ਼ਾਰਾਂ ਘੋੜ ਸੈਨਿਕ ਹੁੰਦੇ ਸਨ। ਫੌਜ ਦੇ ਕਮਾਂਡਰ ਨੂੰ ਸਿਪਾਹ ਸਲਾਰ ਕਿਹਾ ਜਾਂਦਾ ਸੀ। ਤੁਰਕੀ ਤੋਂ ਤੁਰ ਕੇ ਇਹ ਸ਼ਬਦ ਹੋਰ ਬਹੁਤ ਸਾਰੀਆਂ ਭਾਸ਼ਾਵਾਂ ਵਿਚ ਵੀ ਘੁਸ ਗਿਆ ਹੈ। ਇਸੇ ਤਰ੍ਹਾਂ ਇਤਾਲਵੀ ਸਾਮਰਾਜ ਅਧੀਨ ਸੀ। ਕਰੋਸ਼ੀਅਨ, ਬੁਲਗਾਰੀਅਨ, ਬੋਸਨੀਅਨ, ਸਰਬੀਅਨ, ਮਕਦੂਨੀਅਨ, ਅਲਬਾਨੀਅਨ ਤੇ ਹੋਰ ਬਹਤ ਸਾਰੀਆਂ ਭਾਸ਼ਾਵਾਂ ਵਿਚ ਇਸ ਨਾਲ ਮਿਲਦੇ ਜੁਲਦੇ ਸ਼ਬਦ ਮਿਲਦੇ ਹਨ। ਅਲਜੀਰੀਆ ਵਿਚ ਫਰਾਂਸੀਸੀ ਰਾਜ ਸਮੇਂ ਉਥੋਂ ਦੀ ਸਥਾਨਕ ਘੋੜ ਸੈਨਾ ਨੂੰ 'ਸਪਾਹੀ' ਕਿਹਾ ਜਾਂਦਾ ਸੀ। ਇਉਂ ਲਗਦਾ ਹੈ ਕਿ ਸੁਲਤਾਨਾਂ ਦੇ ਰਾਜ ਸਮੇਂ ਇਹ ਸ਼ਬਦ ਭਾਰਤ ਵਿਚ ਆਇਆ ਕਿਉਂਕਿ 14ਵੀਂ ਸਦੀ ਦੇ ਹਿੰਦਵੀ ਕਵੀ ਅਮੀਰ ਖੁਸਰੋ ਨੇ ਕੁਝ ਇਕ ਵਾਰੀ ਇਹ ਸ਼ਬਦ ਵਰਤਿਆ ਹੈ,

ਮੂੰਹ ਖੋਲ੍ਹੇ ਜਬ ਤਿਰਿਆ ਆਈ
ਢੀਲੇ ਹੋ ਗਏ ਸਭੀ ਸਿਪਾਹੀ

ਗੁਰੂ ਗ੍ਰੰਥ ਸਾਹਿਬ ਵਿਚ ਸਿਪਾਹੀ ਸ਼ਬਦ ਨਹੀਂ ਮਿਲਦਾ। ਕੰਪਨੀ, ਤੇ ਬਾਅਦ ਵਿਚ ਅੰਗਰੇਜ਼ੀ ਰਾਜ ਸਮੇਂ ਭਾਰਤੀ ਅਸਲੇ ਵਾਲੇ ਪੈਦਲ ਸੈਨਿਕ ਨੂੰ ਸਰਕਾਰੀ ਤੌਰ 'ਤੇ ਸਿਪਾਹੀ ਤੋਂ ਵਿਗਾੜ ਕੇ ਬਣਾਏ ਸ਼ਬਦ ਸਿਪੋਏ (sepoy) ਨਾਲ ਪੁਕਾਰਿਆ ਜਾਣ ਲੱਗਾ। ਇਸ ਦੇ ਮੁਕਾਬਲੇ ਅੰਗਰੇਜ਼ ਸੈਨਿਕ ਨੂੰ ਗੋਰਾ ਕਿਹਾ ਜਾਂਦਾ ਸੀ। ਵਿਡੰਬਨਾ ਦੇਖੋ, ਗੋਰਾ ਸ਼ਬਦ 'ਗੋ' (ਗਊ) ਤੋਂ ਬਣਿਆ ਹੈ ਜਦ ਕਿ ਸਿਪਾਹੀ 'ਅਸਪ' (ਘੋੜੇ) ਤੋਂ! 1857 ਦੇ ਗਦਰ ਨੂੰ sepoy mutiny ਕਿਹਾ ਗਿਆ ਸੀ। ਅੰਗਰੇਜ਼ਾਂ ਨੇ ਇਹ ਸ਼ਬਦ ਪਹਿਲਾਂ ਪੁਰਤਗਾਲੀਆਂ ਤੋਂ ਲਿਆ ਲਗਦਾ ਹੈ। ਅੱਜ ਸਰਕਾਰੀ ਤੌਰ 'ਤੇ ਸਿਪਾਹੀ ਨੂੰ ਜਵਾਨ ਕਿਹਾ ਜਾਂਦਾ ਹੈ। ਇਥੇ ਇਹ ਦੱਸਣਾ ਜ਼ਰੂਰੀ ਹੈ ਕਿ ਉਰਦੂ, ਹਿੰਦੁਸਤਾਨੀ-ਅੰਗਰੇਜ਼ੀ ਕੋਸ਼ ਦੇ ਪ੍ਰਬੁਧ ਲੇਖਕ ਪਲੈਟਸ ਨੇ ਸਿਪਾਹੀ ਦੀ ਵਿਉਤਪਤੀ ਪੁਰਾਣੀ ਫਾਰਸੀ ਦੇ ਸ਼ਬਦ 'ਸਪਾਦ' ਤੋਂ ਕੀਤੀ ਹੈ ਜਿਸ ਦਾ ਪਹਿਲਵੀ ਵਿਚ ਰੂਪ ਸਪਾਹ ਤੇ ਜ਼ੰਦ ਵਿਚ ਸਪਾਦਾ ਬਣਿਆ ਦੱਸਿਆ ਗਿਆ ਹੈ। ਪਲੈਟਸ ਨੇ ਇਨ੍ਹਾਂ ਸ਼ਬਦਾਂ ਨੂੰ ਸੰਸਕ੍ਰਿਤ ਦੇ 'ਪਦਾਤਿ' ਤੇ ਅੱਗੋਂ ਹਿੰਦੁਸਤਾਨੀ ਰੂਪ ਪਿਆਦਾ ਨਾਲ ਜੋੜਿਆ ਹੈ। ਇਸ ਹਿਸਾਬ ਨਾਲ ਸਿਪਾਹੀ ਦੇ ਅਰਥ ਪੈਦਲ ਸੈਨਿਕ ਹੀ ਬਣਦੇ ਹਨ ਕਿਉਂਕਿ 'ਪਦ' ਦਾ ਅਰਥ ਪੈਰ ਹੀ ਹੁੰਦਾ ਹੈ। ਪਰ ਭਾਸ਼ਾ-ਵਿਗਿਆਨੀਆਂ ਨੇ ਇਸ ਨੂੰ ਇਤਿਹਾਸਕ ਤੌਰ 'ਤੇ ਦਰੁਸਤ ਨਹੀਂ ਮੰਨਿਆ। ਸਿਪਾਹੀ ਦਾ ਸਬੰਧ ਘੋੜੇ ਦੇ ਅਰਥਾਂ ਵਾਲੇ 'ਅਸਪ' ਸ਼ਬਦ ਨਾਲ ਹੀ ਹੈ।

ਸੰਸਕ੍ਰਿਤ ਅਸ਼ਵ ਤੋਂ ਹੀ 'ਅਸ਼ਵਤਰ' ਸ਼ਬਦ ਬਣਿਆ ਜੋ ਸਾਡੇ ਕੋਲ ਪੁੱਜਦਾ ਪੁੱਜਦਾ 'ਅਸਤਰ' (mule) ਬਣ ਗਿਆ। ਘੋੜੀ ਅਤੇ ਗਧੇ ਦੇ ਮਿਲਾਪ ਤੋਂ ਪੈਦਾ ਹੋਣ ਵਾਲੇ ਜਾਨਵਰ ਨੂੰ ਅਸਤਰ ਕਿਹਾ ਜਾਂਦਾ ਹੈ। ਦੋਨੋਂ ਜਾਨਵਰਾਂ ਦੇ ਗੁਣ ਹਾਸਿਲ ਕਰਨ ਵਾਲਾ ਇਹ ਜਾਨਵਰ ਬਹੁਤ ਤਕੜਾ ਤੇ ਲਾਦੂ ਹੁੰਦਾ ਹੈ। ਦੋਗਲਾ ਹੋਣ ਕਰਕੇ ਦੋਗਲੇ ਜਾਂ ਬਾਹਲੇ ਚੁਸਤੀਆਂ ਚਲਾਕੀਆਂ ਕਰਨ ਵਾਲੇ ਬੰਦੇ ਨੂੰ ਅਸਤਰ ਕਹਿ ਦਿੱਤਾ ਜਾਂਦਾ ਹੈ। ਅੰਗਰੇਜ਼ੀ ਸ਼ਬਦ ass ਵੀ ਦੂਰੋਂ ਨੇੜਿਉਂ ਅਸ਼ਵ ਦੇ ਲਾਤੀਨੀ ਸੁਜਾਤੀ ਸ਼ਬਦ equus ਨਾਲ ਜਾ ਜੁੜਦਾ ਹੈ। ਲਾਤੀਨੀ ਦਾ ਇਹ ਸ਼ਬਦ ਸੁਮੇਰ ਭਾਸ਼ਾ ਵਿਚ 'ਆਂਸੂ' ਸੀ ਤੇ ਇਥੋਂ ਲਾਤੀਨੀ ਵਿਚ ਬਦਲ ਕੇ asinus ਬਣ ਗਿਆ ਜਿਥੋਂ ਅਜੋਕੀ ਅੰਗਰੇਜ਼ੀ ਵਿਚ ass ਬਣ ਗਿਆ। ਜਿਸ ਚੁਗਾਠ ਉਤੇ ਚਿਤਰਕਾਰ ਕੈਨਵਸ ਚੜ੍ਹਾ ਕੇ ਚਿਤਰ ਬਣਾਉਂਦਾ ਹੈ, ਉਸ ਨੂੰ ਅੰਗਰੇਜ਼ੀ ਵਿਚ ਈਜ਼ਲ ਕਿਹਾ ਜਾਂਦਾ ਹੈ। ਇਹ ਈਜ਼ਲ ਸ਼ਬਦ ਵੀ ass ਨਾਲ ਸਬੰਧ ਰੱਖਦਾ ਹੈ। ਜਿਸ ਤਰ੍ਹਾਂ ਗਧੇ 'ਤੇ ਭਾਰ ਲੱਦਿਆ ਜਾਂਦਾ ਹੈ ਇਸੇ ਤਰ੍ਹਾਂ ਈਜ਼ਲ ਤੇ ਕੈਨਵਸ ਲੱਦੀ ਜਾਂਦੀ ਹੈ। ਸੇਵੀਆਂ ਵੱਟਣ ਵਾਲੀ ਘੋੜੀ ਵਿਚ ਵੀ ਇਹੋ ਭਾਵ ਕੰਮ ਕਰ ਰਿਹਾ ਹੈ। equus ਤੋਂ ਅੰਗਰੇਜ਼ੀ ਦੇ ਕਈ ਹੋਰ ਸ਼ਬਦ ਬਣੇ ਹਨ। ਘੋੜ-ਦੌੜ ਲਈ equestrian ਸ਼ਬਦ ਏਥੋਂ ਹੀ ਬਣਿਆ ਹੈ। ਅੰਗਰੇਜ਼ੀ equine ਦਾ ਅਰਥ ਘੋੜੇ ਜਿਹਾ ਹੁੰਦਾ ਹੈ। ਗਰੀਕ ਭਾਸ਼ਾ ਵਿਚ ਇਸ ਦੇ ਮੁਕਾਬਲੇ ਦਾ ਸ਼ਬਦ hippos ਹੈ ਜਿਸ ਤੋਂ ਅੰਗਰੇਜ਼ੀ ਸ਼ਬਦ hippopotamus ਬਣਿਆ। ਜਿਸ ਦਾ ਸ਼ਾਬਦਿਕ ਅਰਥ ਦਰਿਆਈ ਘੋੜਾ ਬਣਦਾ ਹੈ, hippo = ਘੋੜਾ, potamos = ਦਰਿਆ। ਅੰਗਰੇਜ਼ੀ ਨਾਂ Phillip (ਫਿਲਿਪ) ਵੀ ਇਸੇ ਤੋਂ ਬਣਿਆ ਹੈ Phillip= philos+hippo, ਇਥੇ ਫਿਲੋਸ ਦਾ ਮਤਲਬ ਪਿਆਰਾ ਹੁੰਦਾ ਹੈ। ਸੋ ਅਰਥ ਬਣਿਆ 'ਘੋੜਿਆਂ ਨੂੰ ਪਿਆਰ ਕਰਨ ਵਾਲਾ।'

# ਕਿੱਸਾ ਰੋਡੇ ਸਕੂਟਰ ਤੇ ਭੋਡੀ ਲਾੜੀ ਦਾ

ਪ੍ਰਿੰ. ਸਰਵਣ ਸਿੰਘ

ਰੋਡੇ ਸਕੂਟਰ ਵਾਲਾ ਕਿੱਸਾ ਕਾਲੇ ਦਿਨਾਂ ਦਾ ਹੈ। ਉਦੋਂ ਇਕ ਪਾਸੇ ਖਾੜਕੂਆਂ 'ਚ ਰਲੇ ਲੁਟੇਰਿਆਂ ਨੇ ਲੁੱਟ-ਮਾਰ ਦਾ ਦੌਰ ਚਲਾਇਆ ਹੋਇਆ ਸੀ ਤੇ ਦੂਜੇ ਪਾਸੇ ਪੁਲਿਸ ਦੀ ਵਰਦੀ ਵਿਚ ਲੁਕੇ ਲੁਟੇਰਿਆਂ ਨੇ ਅਤਿ ਚੁੱਕੀ ਹੋਈ ਸੀ। ਦੋਹਾਂ ਦੀ ਮਾਰ-ਧਾੜ ਵਿਚਾਰੀ ਆਮ ਜਨਤਾ ਸਹਿ ਰਹੀ ਸੀ। ਇਕ ਪਾਸੇ ਤੋਂ ਪਰਚੀਆਂ ਆਉਂਦੀਆਂ ਕਿ ਹਥਿਆਰ ਖਰੀਦਣ ਲਈ ਐਨੇ ਦਮੜੇ ਫਲਾਣੀ ਜਗ੍ਹਾ ਰੱਖ ਦਿਓ, ਨਹੀਂ ਤਾਂ ਅਕਾਲ ਪੁਰਖ ਦਾ ਸੱਦਾ ਆਇਆ ਸਮਝੋ। ਦੂਜੇ ਪਾਸਿਓਂ ਕਾਲਜ ਪੜ੍ਹਦਾ ਮੁੰਡਾ ਠਾਣੇ ਲਿਜਾ ਕੇ ਘਰਦਿਆਂ ਨੂੰ ਸੁਨੇਹਾ ਭੇਜ ਦਿੱਤਾ ਜਾਂਦਾ ਕਿ ਮੁੰਡਾ ਤਾਂ ਕਤਲ ਮੰਨੀ ਬੈਠਾ ਹੈ। ਬਚਾਉਣਾ ਹੈ ਤਾਂ ਐਨੇ ਪੈਸੇ ਲੈ ਕੇ ਪਹੁੰਚ ਜੋ।

ਉਨ੍ਹੀਂ ਦਿਨੀਂ ਮੈਂ ਢੁੱਡੀਕੇ ਦੇ ਕਾਲਜ ਵਿਚ ਪੜ੍ਹਾਉਂਦਾ ਸਾਂ। ਇਕ ਦਿਨ ਇਕ ਵਿਦਿਆਰਥੀ ਨੇ ਆਪਣੇ ਪਿੰਡ ਦਾ ਵਾਕਿਆ ਆ ਸੁਣਾਇਆ। ਦੋ ਕੁ ਦਿਨਾਂ ਪਿਛੋਂ ਕਿਸੇ ਹੋਰ ਵਿਦਿਆਰਥੀ ਨੇ ਉਹੋ ਜਿਹੀ ਘਟਨਾ ਉਨ੍ਹਾਂ ਦੇ ਪਿੰਡ ਹੋਈ ਦੱਸ ਦਿੱਤੀ। ਕੁਝ ਦਿਨਾਂ ਬਾਅਦ ਉਹੋ ਕੁਝ ਕਿਸੇ ਹੋਰ ਵਿਦਿਆਰਥੀ ਦੇ ਪਿੰਡ ਵਰਤ ਗਿਆ। ਗੱਲ ਹੈਰਾਨੀ ਵਾਲੀ ਸੀ, ਦੁੱਖ ਵਾਲੀ ਵੀ ਤੇ ਕਰੂਰ ਹਾਸੇ ਵਾਲੀ ਵੀ। ਹਾਲਾਤ ਅਜਿਹੇ ਸਨ ਕਿ ਸਭ ਕੁਝ ਸੰਭਵ ਸੀ। ਰੋਡਾ ਜਿਹਾ ਸਕੂਟਰ ਠਾਣੇ ਲਈ ਕਾਮਧੇਨ ਗਊ ਸਾਬਤ ਹੋ ਰਿਹਾ ਸੀ। ਉਹ ਪਤਾ ਨਹੀਂ ਠਾਣੇ ਨੇ ਕਿਥੋਂ ਲੱਭਿਆ ਜਾਂ ਖੋਹਿਆ ਸੀ? ਹੁਣ ਉਹਦੇ ਨਾਲ ਪੁਲਿਸ ਪਾਰਟੀ ਦੀਆਂ ਪੌਂ ਬਾਰਾਂ ਸਨ।

ਘਟਨਾ ਇਉਂ ਵਾਪਰਦੀ। ਕੋਈ ਸਾਊ ਜਿਹੀ ਸ਼ਕਲ ਦਾ ਬੰਦਾ ਦਿਨ ਛਿਪਾ ਨਾਲ ਕਿਸੇ ਪਿੰਡ ਦੀ ਨਿਆਈਂ 'ਚ ਸਕੂਟਰ ਤੋਂ ਉਤਰ ਖੜ੍ਹਦਾ। ਉਹ ਰੋਡੇ ਸਕੂਟਰ ਦਾ ਕੋਈ ਪੁਰਜ਼ਾ ਕੱਢ ਕੇ ਉਹਨੂੰ ਜਾਣ ਬੁੱਝ ਕੇ ਵਿਗਾੜ ਲੈਂਦਾ। ਫਿਰ ਉਹਨੂੰ ਧੂਹਦਾ ਹੋਇਆ ਕਿਸੇ ਦੇ ਘਰ ਅੱਗੇ ਲਿਜਾ ਕੇ ਕਹਿੰਦਾ ਕਿ ਇਹ ਚੰਗਾ ਭਲਾ ਚਲਦਾ ਸੀ, ਹੁਣ ਪਤਾ ਨਹੀਂ ਇਹਨੂੰ ਕੀ ਹੋ ਗਿਆ? ਗੱਲ ਇਥੇ ਨਿਬੜਦੀ ਕਿ ਉਹ ਸਕੂਟਰ ਉਨ੍ਹਾਂ ਦੇ ਘਰ ਖੜ੍ਹਾ ਕਰ ਦਿੰਦਾ ਤੇ ਕਹਿੰਦਾ ਕਿ ਅਗਲੇ ਦਿਨ ਮਕੈਨਿਕ ਲਿਆਵੇਗਾ ਤੇ ਸਕੂਟਰ ਠੀਕ ਕਰਾ ਕੇ ਲੈ ਜਾਵੇਗਾ। ਅੱਗੇ ਜਾਣਾ ਜ਼ਰੂਰੀ ਦੱਸ ਕੇ ਉਹ ਘਰਦਿਆਂ ਦਾ ਸਾਈਕਲ ਲੈ ਜਾਂਦਾ ਜਾਂ ਇਹ ਕਹਿ ਕੇ ਪੈਦਲ ਹੀ ਤੁਰ ਪੈਂਦਾ ਕਿ ਨਾਲ ਦੇ ਪਿੰਡ ਈ ਜਾਣੈ।

ਅਗਲੇ ਦਿਨ ਸਕੂਟਰ ਵਾਲਾ ਬੰਦਾ ਤੇ ਮਕੈਨਿਕ ਆਉਣ ਦੀ ਥਾਂ ਪੁਲਿਸ ਪਾਰਟੀ ਆਉਂਦੀ ਤੇ ਘਰ ਵਾਲਿਆਂ ਦੀਆਂ ਮੁਸ਼ਕਾਂ ਬੰਨ੍ਹ ਕੇ ਹੁਕਮ ਚਾੜ੍ਹਦੀ ਕਿ ਸਕੂਟਰ ਖੜ੍ਹਾਉਣ ਵਾਲਾ ਖਾੜਕੂ ਫੜਾਓ। ਇਸ ਸਕੂਟਰ ਨੂੰ ਤਾਂ ਅਸੀਂ ਕਈ ਦਿਨਾਂ ਦੇ ਭਾਲਦੇ ਫਿਰਦੇ ਆਂ। ਇਹਦੇ ਨਾਲ ਤਾਂ ਕਤਲ ਈ ਬਹੁਤ ਹੋਏ ਨੇ। ਘਰ ਵਾਲੇ ਬਥੇਰੀਆਂ ਸਫਾਈਆਂ ਦਿੰਦੇ ਕਿ ਰਾਹ ਜਾਂਦਾ ਕੋਈ ਰਾਹੀ ਸਕੂਟਰ ਵਿਗੜ ਜਾਣ ਕਾਰਨ ਖੜ੍ਹਾ ਕਰ ਗਿਆ ਸੀ ਤੇ ਆਖ ਗਿਆ ਸੀ ਕਿ ਮਕੈਨਿਕ ਲਿਆ ਕੇ ਲੈ ਜਾਵੇਗਾ। ਪਰ ਸਕੂਟਰ ਖੜ੍ਹਾ ਕਰਨ ਵਾਲਾ ਬੰਦਾ ਪੁਲਿਸ ਪਾਰਟੀ ਦਾ ਹੀ ਹੋਣ ਕਾਰਨ ਮੁੜ ਕੇ ਨਾ ਆਉਂਦਾ। ਘਰ ਵਾਲਿਆਂ ਸਿਰ ਬਿਪਤਾ ਪੈ ਜਾਂਦੀ। ਘਰ ਦਾ ਨੌਜੁਆਨ ਮੁੰਡਾ ਠਾਣੇ ਬਿਠਾ ਲਿਆ ਜਾਂਦਾ ਤੇ ਘਰ ਦੇ ਮੁਖੀ ਨੂੰ ਓਹੜ ਪੋਹੜ ਕਰਨ ਲਈ ਛੱਡ ਦਿੱਤਾ ਜਾਂਦਾ। ਆਂਢੀ ਗੁਆਂਢੀ ਘੁਸਰ ਮੁਸਰ ਕਰਦੇ, "ਆਪਾਂ ਤਾਂ ਬਚ'ਗੇ ਬਈ, ਹੋਰ ਨੀ ਕਿਤੇ ਆਪਣੇ ਘਰ ਸਕੂਟਰ ਖੜ੍ਹਾ ਜਾਂਦਾ?" ਓਧਰ ਠਾਣੇ ਤੋਂ ਸੁਨੇਹਾ ਪੁੱਜ ਜਾਂਦਾ ਕਿ ਮੁੰਡਾ ਇੰਟੈਰੋਗੇਸ਼ਨ ਸੈਂਟਰ ਲਿਜਾਣ ਤੋਂ ਪਹਿਲਾਂ ਹੀ ਮੰਨ ਗਿਆ ਪਈ ਉਹ ਖਾੜਕੂਆਂ ਨਾਲ ਰਲਿਆ ਹੋਇਐ ਤੇ ਉਨ੍ਹਾਂ ਨੇ ਉਹਤੋਂ ਬੰਦੇ ਵੀ ਮਰਵਾਏ ਨੇ!

ਇੰਟੈਰੋਗੇਸ਼ਨ ਸੈਂਟਰ ਲਿਜਾਣ ਦਾ ਮਤਲਬ ਇਹੋ ਹੁੰਦਾ ਸੀ ਕਿ ਮੁੰਡਾ ਮੁੜ ਕੇ ਨਹੀਂ ਆਉਣਾ। ਉਦੋਂ ਪੁਲਿਸ ਮੁਕਾਬਲਿਆਂ ਦੀਆਂ ਗੱਲਾਂ ਆਮ ਸਨ। ਅਜਿਹੇ ਸੰਕਟ ਵਿਚ ਕਿਹੜਾ ਬਾਪ ਹੈ ਜਿਹੜਾ ਮਾਰੇ ਜਾ ਰਹੇ ਆਪਣੇ ਪੁੱਤਰ ਨੂੰ ਨਾ ਬਚਾਵੇ? ਪੁਲਿਸ ਪਾਰਟੀ ਦਾ ਹੀ ਕੋਈ ਦਲਾਲ ਵਿਚ ਪੈ ਕੇ ਪੈਸੇ ਦੇ ਦੁਆ ਦਿੰਦਾ ਤੇ ਮੁੰਡਾ ਛੁਡਾ ਦਿੰਦਾ। ਉਹੀ ਸਕੂਟਰ ਫਿਰ ਕਿਸੇ ਹੋਰ ਪਿੰਡ ਕਿਸੇ ਹੋਰ ਦੇ ਘਰ ਖੜ੍ਹਾ ਦਿੱਤਾ ਜਾਂਦਾ ਤੇ ਠਾਣੇ ਵਾਲਿਆਂ ਦੀ ਚਾਂਦੀ ਹੁੰਦੀ ਜਾਂਦੀ। ਜਦੋਂ ਹਾਲਾਤ ਵਿਗੜ ਜਾਣ ਤਾਂ ਵਿਗੜੇ ਬੰਦਿਆਂ ਦੀ ਚਾਂਦੀ ਹੁੰਦੀ ਹੀ ਹੈ। ਏਨੇ ਵਰ੍ਹਿਆਂ ਪਿਛੋਂ ਢੁੱਡੀਕੇ ਦੀ ਗੱਲ ਕੈਨੇਡਾ ਵਿਚ ਇਸ ਲਈ ਯਾਦ ਆਈ ਹੈ ਕਿ ਇਥੇ ਵੀ ਰੋਡੇ ਸਕੂਟਰ ਵਰਗਾ ਕਿੱਸਾ ਕਿਸੇ ਲਾੜੀ ਦਾ ਸੁਣਨ ਵਿਚ ਆਇਆ ਹੈ।

ਪੰਜਾਬ ਵਿਚ ਆਮ ਧਾਰਨਾ ਹੈ ਕਿ ਵਿਦੇਸ਼ੀ ਲਾੜੇ ਲੋਕਾਂ ਨੂੰ ਲੁੱਟ ਰਹੇ ਹਨ। ਉਹ ਲੱਖਾਂ ਰੁਪਏ ਲੈ ਕੇ ਪੜ੍ਹੀਆਂ ਲਿਖੀਆਂ ਤੇ ਸੋਹਣੀਆਂ ਸੁਨੱਖੀਆਂ ਕੁੜੀਆਂ ਵਿਆਹੁੰਦੇ ਹਨ ਤੇ ਮਗਰੋਂ ਧੋਖਾ ਕਰ ਜਾਂਦੇ ਹਨ। ਕਿਹਾ ਜਾ ਰਿਹੈ ਕਿ ਦਸ ਹਜ਼ਾਰ ਤੋਂ ਵੱਧ ਕੁੜੀਆਂ ਵਿਦੇਸ਼ੀ ਲਾੜਿਆਂ ਨਾਲ ਵਿਆਹੇ ਜਾਣ ਦਾ ਨਰਕ ਭੋਗ ਰਹੀਆਂ ਹਨ। ਕਈ ਵਿਦੇਸ਼ ਜਾਣ ਦਾ ਜ਼ੁਲਮ ਸਹਿ ਰਹੀਆਂ ਹਨ ਤੇ ਕਈਆਂ ਨੂੰ ਵਿਦੇਸ਼ ਲਿਜਾਇਆ ਹੀ ਨਹੀਂ ਗਿਆ। ਉਹ ਸਭ ਕੁਝ ਲੁਟਾਉਣ ਪਿਛੋਂ ਪੰਜਾਬ ਵਿਚ ਬੈਠੀਆਂ ਹੀ ਆਪਣੇ ਖਸਮਾਂ, ਵਿਚੋਲਿਆਂ ਤੇ ਜਣਦਿਆਂ ਨੂੰ ਰੋ ਰਹੀਆਂ ਹਨ।

ਜਿਸ ਭੋਡੀ ਲਾੜੀ ਦੇ ਕਿੱਸੇ ਦਾ ਜ਼ਿਕਰ ਕਰਨ ਲੱਗਾ ਹਾਂ, ਉਹ ਕੈਨੇਡਾ ਦਾ ਹੈ। ਇਹ ਕਾਲੇ ਦਿਨਾਂ ਦਾ ਨਹੀਂ ਚਿੱਟੇ ਦਿਨਾਂ ਦਾ ਕਿੱਸਾ ਹੈ। ਕੈਨੇਡਾ ਦੀ ਇਕ ਵਿਧਵਾ ਔਰਤ ਆਪਣੀ ਤਲਾਕਸ਼ੁਦਾ ਧੀ ਦਾ ਵਿਆਹ ਕਰਨ ਮੁੜ ਮੁੜ ਪੰਜਾਬ ਜਾਂਦੀ ਹੈ। ਉਹ ਢਿੱਡੋਂ ਜਾਈ ਧੀ ਲਈ ਯੋਗ ਵਰ ਲੱਭ ਕੇ ਆਪਣੀ ਸਮਾਜਿਕ ਜ਼ਿੰਮੇਵਾਰੀ ਨਿਭਾਉਣ ਦੀ ਥਾਂ ਧੀ ਦੇ ਪੈਸੇ ਵੱਟਦੀ ਹੈ। ਰੋਡੀ ਭੋਡੀ ਜਿਹੀ ਧੀ ਵੀ ਮਾਂ ਨਾਲ ਰਲ ਜਾਂਦੀ ਹੈ, ਲੱਖਾਂ ਦਾ ਲਾਲਚ ਜੁ ਹੋਇਆ।

ਏਜੰਟਾਂ ਰਾਹੀਂ ਸੌਦੇ ਤੈਅ ਹੁੰਦੇ ਹਨ। ਬੋਲੀ ਲੱਖਾਂ 'ਤੇ ਟੁੱਟਦੀ ਹੈ। ਮਾਂ ਧੀ ਦਾ ਗੇੜਾ ਬੱਧਾ ਹੋਇਐ। ਰੋਡੇ ਸਕੂਟਰ ਵਾਂਗ ਕਦੇ ਕਿਤੇ, ਕਦੇ ਕਿਤੇ। ਮੁੰਡੇ ਵਾਲੇ ਸਮਝਦੇ ਹਨ, ਚਲੋ ਇਸ ਹੀਲੇ ਮੁੰਡਾ ਤਾਂ ਕੈਨੇਡਾ ਪਹੁੰਚ ਜੂ। ਤਲਾਕ ਪਿਛੋਂ ਇਹੋ ਜਿਹੀ ਕੁੰਡੀ ਆਪਾਂ ਵੀ ਕਿਤੇ ਹੋਰ ਲਾਲਾਂਗੇ। ਬਥੇਰੇ ਸਾਲਾਂ ਤੋਂ ਪੰਜਾਬ ਵਿਚ ਇਹੋ ਜਿਹੀਆਂ ਕੁੰਡੀਆਂ ਲੱਗ ਰਹੀਆਂ। ਬੇੜਾ ਇਥੋਂ ਤਕ ਗ਼ਰਕ ਗਿਐ ਕਿ ਕਈ ਭੈਣਾਂ-ਭਰਾਵਾਂ ਨੇ ਆਪਸ ਵਿਚ ਵਿਆਹ ਕਰ ਕੇ ਇਕ ਦੂਜੇ ਨੂੰ ਵਿਦੇਸ਼ ਸੱਦਿਐ। ਕਸਰ ਏਨੀ ਕੁ ਹੀ ਰਹਿ ਗਈ ਸੀ ਕਿ ਕਿਸੇ ਪਿਓ ਨੇ ਧੀ ਨਾਲ ਵਿਆਹ ਨਹੀਂ ਸੀ ਕੀਤਾ। ਪਰ ਹੁਣ ਪਤਾ ਲੱਗਾ ਕਿ ਕਿਸੇ ਕਲਜੁਗੀ ਪਿਓ ਨੇ ਇਹ ਕਸਰ ਵੀ ਕੱਢ ਦਿੱਤੀ ਹੈ! ਚਰਚਾ ਤਾਂ ਬੀੜ ਨੂੰ ਚੌਰ ਝਲਦੇ ਆਏ ਇਕ ਸੇਵਕ ਦੇ ਸਕੂਟਰ ਬਣ ਜਾਣ ਦੀ ਵੀ ਚੱਲੀ ਸੀ। ਰੋਡੇ ਸਕੂਟਰ ਕਥਿਤ ਰਾਗੀਆਂ, ਢਾਡੀਆਂ, ਗਵੱਈਆਂ ਤੇ ਕਬੱਡੀ ਖਿਡਾਰੀਆਂ ਦੇ ਵਾਹਣ ਬਣੇ ਫਿਰਦੇ ਨੇ। ਧੀਆਂ ਧਿਆਣੀਆਂ ਸਕੂਟਰੀਆਂ ਬਣਾਈਆਂ ਪਈਆਂ ਨੇ!

ਕਿਥੇ ਗੁਆਚ ਗਿਐ ਪੰਜਾਬੀਆਂ ਦਾ ਮਾਣਮੱਤਾ ਸਭਿਆਚਾਰ? ਕਿਧਰ ਉਡਾਰੀ ਮਾਰ ਗਈਆਂ ਪੰਜਾਬੀਆਂ ਦੀਆਂ ਕਦਰਾਂ ਕੀਮਤਾਂ, ਇੱਜ਼ਤਾਂ ਤੇ ਅਣਖਾਂ? ਕਦੇ ਸਿੰਘ ਬੱਝੀਆਂ ਛੁਡਾਇਆ ਕਰਦੇ ਸਨ। ਉਧਾਲੀਆਂ ਧੀਆਂ-ਭੈਣਾਂ ਕਾਬਲ ਕੰਧਾਰ 'ਤੋਂ ਮੁੜਵਾ ਲਿਆਉਂਦੇ ਸਨ। ਸ਼ਰਮ ਨਾਲ ਡੁੱਬ ਮਰਨ ਦੀ ਗੱਲ ਹੈ ਕਿ ਹੁਣ ਮਾਂਵਾਂ ਆਪਣੀਆਂ ਧੀਆਂ ਨੂੰ ਉਧਾਲਦੀਆਂ ਤੇ ਉਨ੍ਹਾਂ ਦੇ ਪੈਸੇ ਵੱਟਣ ਲੱਗੀਆਂ ਨੇ!

ਕਈ ਕਹਿਣਗੇ ਕਿ ਅਸੀਂ ਤਾਂ ਜੀ ਇਸ ਗੱਲੋਂ ਬਚੇ ਹੋਏ ਆਂ। ਇਹ ਤਾਂ ਕਾਲੀਆਂ ਭੇਡਾਂ ਨੇ ਜਿਹੜੀਆਂ ਜਿਹੋ ਜਿਹਾ ਕਰਨਗੀਆਂ ਉਹੋ ਜਿਹਾ ਭਰਨਗੀਆਂ। ਸਾਨੂੰ ਕੀ? ਪਰ ਇਹੋ ਤਾਂ ਦੁੱਖ ਦੀ ਗੱਲ ਹੈ। ਇਹ ਕੁਝ ਇਕ ਕਾਲੀਆਂ ਭੇਡਾਂ ਦਾ ਨਿੱਜੀ ਮਾਮਲਾ ਨਹੀਂ। ਇਹਦੇ ਨਾਲ ਸਮੁੱਚਾ ਭਾਈਚਾਰਾ ਬਦਨਾਮ ਹੁੰਦੈ। ਅਜਿਹੀਆਂ ਗ਼ਲਤ ਗੱਲਾਂ ਦੇ ਖ਼ਿਲਾਫ਼ ਆਵਾਜ਼ ਉਠਾਈ ਜਾਣੀ ਚਾਹੀਦੀ ਹੈ। ਗ਼ਲਤ ਵਰਤਾਰੇ ਨੂੰ ਉਹ ਜਾਣੇ ਕਹਿ ਕੇ ਅੱਖਾਂ ਮੀਟਣ ਨਾਲ ਗ਼ਲਤ ਵਰਤਾਰਾ ਹੋਰ ਫੈਲਦਾ ਹੈ। ਠਾਣੇ ਵਾਲਿਆਂ ਨੇ ਜਿੱਦਣ ਰੋਡੇ ਸਕੂਟਰ ਨਾਲ ਪਹਿਲਾ ਘਰ ਲੁੱਟਿਆ ਸੀ ਜੇ ਉੱਦਣ ਹੀ ਸਾਰਾ ਪਿੰਡ 'ਕੱਠਾ ਹੋ ਕੇ ਘਰ ਵਾਲਿਆਂ ਨਾਲ ਖੜ੍ਹਦਾ ਤਾਂ ਕਿਸੇ ਹੋਰ ਦੇ ਘਰ ਵੀ ਡਾਕਾ ਨਾ ਪੈਂਦਾ। ਪਰ ਆਂਢੀ ਗੁਆਂਢੀ ਇਹੋ ਕਹਿੰਦੇ ਰਹੇ ਕਿ ਆਪਾਂ ਤਾਂ ਬਚ ਗਏ ਬਈ!

ਉਹ ਕੈਨੇਡੀਅਨ ਔਰਤ ਜਿਹੜੀ ਆਪਣੀ ਧੀ ਦੇ ਫੇਰਿਆਂ ਦੇ ਪੈਸੇ ਵੱਟੀ ਜਾਂਦੀ ਹੈ ਜੇਕਰ ਉਸ ਨੂੰ ਰੋਕਿਆ ਨਾ ਗਿਆ ਤਾਂ ਕੋਈ ਹੋਰ ਵੀ ਅਜਿਹਾ ਕਰੇਗਾ। ਜਦੋਂ ਮਾੜੀਆਂ ਗੱਲਾਂ ਦਾ ਨੋਟਿਸ ਨਾ ਲਿਆ ਜਾਵੇ ਤਾਂ ਗਿਰਾਵਟ ਦਾ ਹੱਦ ਬੰਨਾ ਨਹੀਂ ਰਹਿੰਦਾ। ਸਾਡੇ ਸਮਾਜ ਵਿਚ ਆ ਰਹੇ ਨਿਘਾਰ ਦਾ ਇਕ ਕਾਰਨ ਇਹ ਵੀ ਹੈ ਕਿ ਅਸੀਂ ਚੱਲ ਹੋਊ ਪਰੇ ਕਰੀ ਜਾਂਦੇ ਹਾਂ। ਇਹ ਨਹੀਂ ਵੇਖਦੇ ਕਿ ਜੋ ਕੁਝ ਹੋਰਾਂ ਨਾਲ ਹੋ ਰਿਹੈ ਉਹ ਭਲਕ ਨੂੰ ਸਾਡੇ ਨਾਲ ਵੀ ਹੋ ਸਕਦੈ।

## ਕਹਾਣੀ

# ਸਤਾਈ ਮੀਲ

*ਸੁਖਜੀਤ ਨਵੇਂ ਕਹਾਣੀਕਾਰਾਂ ਵਿਚੋਂ ਉਭਰਵਾਂ ਨਾਂ ਹੈ। ਹੁਣ ਤੱਕ ਉਸ ਦੇ ਦੋ ਕਹਾਣੀ ਸੰਗ੍ਰਹਿ ('ਅੰਤਰਾ' ਤੇ 'ਹੁਣ ਮੈਂ ਰੇਪ ਨੂੰ ਇੰਜੁਆਏ ਕਰਦੀ ਹਾਂ') ਛਪੇ ਹਨ। ਉਹਦੀਆਂ ਕਹਾਣੀ ਬਾਰੇ ਪੰਜਾਬੀ ਜਗਤ ਵਿਚ ਵਾਹਵਾ ਚਰਚਾ ਹੋਈ ਹੈ। ਦੂਜੇ ਕਹਾਣੀ ਸੰਗ੍ਰਹਿ ਦੀ ਉਸੇ ਨਾਂ ਵਾਲੀ ਕਹਾਣੀ ਕਰ ਕੇ ਉਸ ਦੀ ਬਹੁਤ ਆਲੋਚਨਾ ਵੀ ਹੋਈ। ਸੰਜੀਦਾ ਪਾਠਕਾਂ ਤੇ ਆਲੋਚਕਾਂ ਨੇ ਕਹਾਣੀ ਦਾ ਸਨਸਨੀ ਫੈਲਾਉਣ ਵਾਲਾ ਨਾਂ ਰੱਖਣ ਬਾਰੇ ਉਜ਼ਰ ਕੀਤਾ। ਸੁਖਜੀਤ ਦੀਆਂ ਕਹਾਣੀਆਂ ਆਮ ਕਰ ਕੇ ਬਹੁ-ਪਰਤੀ ਤੇ ਸੱਚ ਦੇ ਬਹੁਤ ਨੇੜੇ ਹੁੰਦੀਆਂ ਹਨ ਅਤੇ ਪਾਠਕ ਮਨ ਨੂੰ ਝੰਜੋੜਦੀਆਂ ਹਨ। 'ਹੁਣ ਮੈਂ...' ਕਹਾਣੀ ਵੀ ਘਾਗ ਸਿਆਸਤਦਾਨਾਂ ਦੇ ਪਰਦੇ ਫਰੋਲਦੀ ਹੈ। 'ਸਤਾਈ ਮੀਲ' ਵਿਚ ਵੀ ਉਸ ਨੇ ਅਜਿਹੀ ਹੀ ਸਿਆਸਤ ਦੇ ਰੰਗ-ਢੰਗ ਦਿਖਾਏ ਹਨ। ਸੁਖਜੀਤ ਦੀ ਖਾਸੀਅਤ ਇਹੀ ਹੁੰਦੀ ਹੈ ਕਿ ਉਹ ਇਕ-ਇਕ ਕਹਾਣੀ ਵਿਚ ਕਈ-ਕਈ ਕਹਾਣੀਆਂ ਛੇੜਦਾ ਹੈ ਅਤੇ ਫਿਰ ਇਨ੍ਹਾਂ ਕਹਾਣੀਆਂ ਨੂੰ ਨਿਭਾਉਂਦਾ ਵੀ ਹੈ। ਇਹ ਕਹਾਣੀਆਂ ਜੁੜ ਕੇ ਫਿਰ ਮੁਕੰਮਲ ਕਹਾਣੀ ਦਾ ਰੂਪ ਧਾਰਦੀਆਂ ਹਨ। -ਸੰਪਾਦਕ*

ਉਸ ਨੇ ਨਜ਼ਰ ਘੁਮਾਈ ਤੇ ਹੈਰਾਨ ਰਹਿ ਗਿਆ। ਉਹ ਟੂਟੀ ਕੋਲ ਖੜ੍ਹੀ ਹੈ। ਅਜੇ ਹੁਣੇ ਤਾਂ ਉਸ ਨੇ ਵੇਖਿਆ ਸੀ ਉਹਨੂੰ ਕਮਰੇ 'ਚ ਵੜਦੀ ਨੂੰ, ਤੇ ਫਿਰ ਇੰਨੀ ਛੇਤੀ...? ਗੱਲ ਹੈਰਾਨੀ ਵਾਲੀ ਹੈ, ਭਾਵੇਂ ਪਿਛਲੇ ਕਿੰਨੇ ਹੀ ਸਮੇਂ ਤੋਂ ਉਸ ਨੇ ਹੈਰਾਨ ਹੋਣਾ ਛੱਡ ਦਿੱਤਾ ਸੀ। ਹੈਰਾਨ ਹੋਣਾ ਅਣਜਾਣਪੁਣੇ ਦੀ ਨਿਸ਼ਾਨੀ ਹੈ ਤੇ ਉਹ ਹੁਣ ਅਣਜਾਣ ਨਹੀਂ ਰਿਹਾ ਸੀ। ਪਹਿਲਾਂ ਤਾਂ ਉਹ ਜਦੋਂ ਨਵਾਂ-ਨਵਾਂ ਦਿੱਲੀ



**ਸੁਖਜੀਤ**

ਆਇਆ ਸੀ ਤਾਂ ਉਚੀਆਂ-ਉਚੀਆਂ ਬਿਲਡਿੰਗਾਂ, ਮੋਟਰਾਂ-ਕਾਰਾਂ ਦੀਆਂ ਲੰਮੀਆਂ ਕਤਾਰਾਂ ਜਾਂ ਅੱਧ-ਨੰਗੀਆਂ ਔਰਤਾਂ ਵੇਖ ਕੇ ਹੀ ਹੈਰਾਨ ਹੋ ਜਾਂਦਾ ਹੁੰਦਾ ਸੀ।

ਦਿੱਲੀ ਉਹ ਆ ਵੀ ਅਚਾਨਕ ਹੀ ਗਿਆ ਸੀ। ਇਕਦਮ। ਪਿੰਡ ਕਿਸੇ ਜ਼ਮੀਨੀ ਝਗੜੇ 'ਚ ਉਹਦੇ ਕੋਲੋਂ ਗੋਲੀ ਚੱਲ ਗਈ ਸੀ। ਮਰਿਆ ਭਾਵੇਂ ਕੋਈ ਨਹੀਂ ਸੀ ਪਰ ਉਹ ਲਸੰਸੀ ਰਾਈਫਲ ਸਮੇਤ 'ਅੰਦਰ' ਹੋ ਗਿਆ ਸੀ। ਇਤਫਾਕਵੱਸ ਗੁਰਮੁਖ ਸਿੰਘ ਐਮ.ਪੀ. ਪਿੰਡ ਗਏ ਹੋਏ ਸਨ। ਗੁਰਮੁਖ ਸਿੰਘ ਐਮ.ਪੀ. ਉਨ੍ਹਾਂ ਦੇ ਪਿੰਡ ਦੇ ਹੀ ਨੇ ਪਰ ਕਈ ਵਰ੍ਹਿਆਂ ਤੋਂ ਦਿੱਲੀ ਰਹਿ ਰਹੇ ਸਨ। ਐਮ.ਪੀ. ਸਾਹਿਬ ਨੇ ਉਸ ਨੂੰ ਬਾਹਰ ਕਢਾ ਲਿਆ ਤੇ ਦੋਹਾਂ ਧਿਰਾਂ ਦਾ ਰਾਜ਼ੀਨਾਮਾ ਕਰਾ ਦਿੱਤਾ ਸੀ। ਉਹ ਐਮ.ਪੀ. ਸਾਹਿਬ ਦਾ ਅਹਿਸਾਨਮੰਦ ਤਾਂ ਹੋ ਹੀ ਗਿਆ ਸੀ, ਪਰ ਜਦੋਂ ਉਨ੍ਹਾਂ ਕਿਹਾ, "ਕਰਨੈਲ, ਜੱਟ ਖੋਰ ਨਹੀਂ ਗਵਾਉਂਦਾ। ਤੂੰ ਚਾਰ ਦਿਨ ਪਾਸੇ ਹੋ ਜਾ। ਜਾਂ ਇਓਂ ਕਰ, ਮੇਰੇ ਨਾਲ ਦਿੱਲੀ ਚਲਾ ਚੱਲ।" ਇੰਨੇ ਸਨੇਹ ਨੇ ਜਿਵੇਂ ਉਸ ਨੂੰ ਮੁੱਲ ਲੈ ਲਿਆ ਹੋਵੇ। ਉਂਜ ਵੀ ਕੈਲੇ ਨੂੰ ਪਹਿਲੀ ਵਾਰ ਕਿਸੇ ਨੇ ਕਰਨੈਲ ਕਿਹਾ ਸੀ। ਇਉਂ ਜੁਆਨ ਤੇ ਦਲੇਰ ਕਰਨੈਲ, ਆਪਣੀ ਰਾਇਫਲ ਸਮੇਤ ਐਮ.ਪੀ. ਸਾਹਿਬ ਨਾਲ ਦਿੱਲੀ ਆ ਗਿਆ ਸੀ। ਉਨ੍ਹਾਂ ਚਾਰ ਦਿਨਾਂ ਨੂੰ ਚਾਰ ਵਰ੍ਹੇ ਹੋਣ ਲੱਗੇ ਨੇ ਪਰ ਉਹ ਪਿੰਡ ਨਹੀਂ ਪਰਤ ਸਕਿਆ।

ਉਹ ਪਾਣੀ ਲੈ ਕੇ ਅੰਦਰ ਜਾ ਰਹੀ ਹੈ। ਉਹਦੀ ਤੋਰ ਵੇਖ ਕੇ ਉਹ ਅਚੰਭੇ 'ਚ ਪੈ ਗਿਆ। ਉਹ ਭੱਜਣ ਵਾਂਗੂ ਤੁਰ ਰਹੀ ਹੈ, ਪਰ ਸੁਭਾਵਿਕ। ਰਸੋਈ 'ਚ ਪਾਣੀ ਰੱਖ ਉਹ ਬਾਹਰ ਆਈ, ਉਸੇ ਚਾਲ ਨਾਲ। ਉਹ ਹੈਰਾਨ ਖੜ੍ਹਾ ਹੈ। ਛੱਤ ਦੇ ਇਕ ਸਿਰੇ ਰਸੋਈ ਹੈ। ਵਿਚਕਾਰ ਦੋ ਕਮਰੇ। ਫਿਰ ਵਿਹੜਾ ਤੇ ਦੂਜੇ ਸਿਰੇ ਟੂਟੀ। ਦੋਹਾਂ ਸਿਰਿਆਂ 'ਤੇ ਸਰੀਏ ਲੱਗੇ ਨੇ ਤੇ ਟੂਟੀ ਤੋਂ ਰਸੋਈ ਤਕ ਇਨ੍ਹਾਂ ਨਾਲ ਰੱਸੀਆਂ ਬੰਨ੍ਹੀਆਂ ਹੋਈਆਂ ਨੇ, ਜਿਵੇਂ ਉਨ੍ਹਾਂ ਦੇ ਪਿੰਡ ਰੱਬੀ ਜੁਲਾਹੇ ਦੀ ਤਾਣੀ ਹੁੰਦੀ ਸੀ। ਤਣੀਆਂ 'ਤੇ ਕੱਚੇ ਸੂਤ ਵਰਗੀ ਪਸ਼ਮ ਹੈ ਸ਼ਾਇਦ, ਜੋ ਧੋ ਕੇ ਸੁੱਕਣੀ ਪਾਈ ਹੋਈ ਹੈ।

ਉਹ ਤਣੀਆਂ, ਟੂਟੀ, ਰਸੋਈ ਤੇ ਕਮਰੇ ਦਰਮਿਆਨ ਘੁੰਮ ਰਹੀ ਹੈ।

ਕਰਨੈਲ ਨੇ ਮਹਿਸੂਸ ਕੀਤਾ ਕਿ ਉਹਨੇ ਮੁੜਦੀ ਨੇ ਉਹਨੂੰ ਵੇਖ ਲਿਆ ਹੈ। ਉਂਜ ਉਹ ਵੀ ਆਪਣੇ ਸੁਭਾਅ ਤੋਂ ਉਲਟ, ਉਹਨੂੰ ਕਾਫ਼ੀ ਦੇਰ ਤੋਂ ਦੇਖ ਰਿਹਾ ਹੈ। ਸੁਭਾਅ ਉਹਦਾ ਸੰਗਾਊ ਹੈ। ਸ਼ਰਧਾਵੱਸ, ਆਉਣ ਵੇਲੇ ਜਿਹੜਾ ਪ੍ਰਭਾਵ ਉਹਨੇ ਆਪਣਾ ਸਾਹਿਬ ਦੇ ਘਰ ਬਣਾ ਲਿਆ ਸੀ, ਚਾਰ ਵਰ੍ਹੇ ਦਿੱਲੀ 'ਚ ਰਹਿ ਕੇ ਵੀ ਉਹੋ ਜਿਹਾ ਹੀ ਉਹ ਹੁਣ ਵੀ ਹੈ। ਸਾਊ, ਸ਼ਰਾਬ ਨਾ ਪੀਣ ਵਾਲਾ, ਆਵਾਗੌਣ ਬਾਜ਼ਾਰ ਨਾ ਜਾਣ ਵਾਲਾ ਕਰਨੈਲ, ਸਾਹਿਬ ਦੇ ਘਰ 'ਚੰਗਾ ਮੁੰਡਾ' ਕਰ ਕੇ ਜਾਣਿਆ ਜਾਂਦਾ ਹੈ। ਉਹ ਆਮ ਕਰ ਕੇ ਨੀਵੀਂ ਪਾ ਕੇ ਰੱਖਦਾ ਹੈ ਤੇ ਉਸ ਦੀ ਇਸ ਨੀਵੀਂ 'ਚੋਂ ਦੇਖਣ ਦੀ ਆਦਤ ਨੇ ਉਹਦਾ ਬਹੁਤ ਵੱਡਾ ਫਾਇਦਾ ਕੀਤੈ ਕਿ ਦੇਖਣ ਵਾਲੇ ਨੂੰ ਉਹ ਦੇਖਦਾ ਨਹੀਂ ਦਿਸਦਾ। ਉਹ ਬਿਨਾਂ ਗਰਦਨ ਉਠਾਇਆਂ ਤੇ ਘੁਮਾਇਆਂ ਆਸੇ-ਪਾਸੇ ਚੰਗੀ ਤਰ੍ਹਾਂ ਵੇਖ ਲੈਂਦਾ ਹੈ।

ਉਹ ਉਥੋਂ ਹਟਿਆ ਤੇ ਇਕ ਨੁੱਕਰ ਸੰਤਰੀ ਕੋਲ ਜਾ ਖੜ੍ਹਾ ਹੋਇਆ। ਪੁਲਿਸ ਵਾਲਾ ਸਾਵਧਾਨ ਹੋ ਗਿਆ। ਸਾਹਿਬ ਦੀ ਗਾਰਦ ਉਹਦਾ ਪੂਰਾ ਸਤਿਕਾਰ ਕਰਦੀ ਹੈ। ਉਹਦੇ ਰਾਹੀਂ ਹੀ ਛੁੱਟੀ, ਤਰੱਕੀ ਜਾਂ ਕੋਈ ਹੋਰ ਕੰਮ ਦੀ ਗੱਲ ਸਾਹਿਬ ਕੋਲ ਪਹੁੰਚਦੀ ਹੈ ਉਨ੍ਹਾਂ ਦੀ। ਉਹ ਉਥੋਂ ਵੀ ਹਟ ਗਿਆ। ਚੋਰ ਅੱਖ ਨਾਲ ਵੇਖਿਆ, ਉਹ ਵਿਹੜੇ ਵਿਚਲੀ ਤਣੀ 'ਤੇ ਧਾਗੇ ਜਿਹੇ ਖਿਲਾਰ ਰਹੀ ਹੈ। ਉਸ ਨੂੰ ਸਮਝ ਨਾ ਆਈ ਕਿ ਕਿਹੜੇ ਵੇਲੇ ਧੋ ਕੇ ਲੈ ਆਈ ਹੈ। ਇੰਨੀ ਫੁਰਤੀ ਉਹਨੇ ਕਦੇ ਨਹੀਂ ਵੇਖੀ। ਵੇਖੀ ਤਾਂ ਇਹ ਕੁੜੀ ਵੀ ਨਹੀਂ ਪਹਿਲਾਂ ਇੱਥੇ। ਸ਼ਾਇਦ ਉਹਨੇ ਧਿਆਨ ਨਾ ਦਿੱਤਾ ਹੋਵੇ ਪਰ ਨਹੀਂ, ਧਿਆਨ ਤਾਂ ਉਹ ਪੂਰਾ ਰੱਖਦਾ ਹੈ ਆਲੇ-ਦੁਆਲੇ ਦਾ। ਨਾਲੇ ਉਹ ਰਹਿੰਦਾ ਹੀ ਕੋਠੀ ਦੀ ਉਤਲੀ ਛੱਤ 'ਤੇ ਹੈ ਜ਼ਿਆਦਾ ਕਰ ਕੇ। ਇਸ ਤ੍ਰੈ-ਮੰਜ਼ਲੀ ਕੋਠੀ ਦੀ ਉਪਰਲੀ ਮੰਜ਼ਿਲ 'ਤੇ ਹੀ ਤਾਂ ਸਾਹਿਬ ਦਾ ਕਮਰਾ ਹੈ ਜਿਸ ਦਾ ਬਹੁਤ ਘੱਟ ਲੋਕਾਂ ਨੂੰ ਪਤਾ ਹੈ ਤੇ ਉਨ੍ਹਾਂ ਘੱਟ ਲੋਕਾਂ 'ਚੋਂ ਕਰਨੈਲ ਇਕ ਹੈ। ਆਏ ਗਏ ਨੂੰ ਸਾਹਿਬ ਹੇਠਲੇ ਕਮਰੇ 'ਚ ਹੀ ਮਿਲਦੇ ਨੇ। ਮਿਲਣ ਆਇਆਂ ਤੋਂ ਕਰਨੈਲ, ਸਾਹਿਬ ਦੇ ਕੋਲ ਹੁੰਦਾ ਹੈ ਸਦਾ। ਸਾਹਿਬ ਵਾਲਾ ਰਿਵਾਲਵਰ ਹਮੇਸ਼ਾ ਉਹਦੇ ਲੱਕ ਨਾਲ ਬੱਝਾ ਰਹਿੰਦਾ ਹੈ। ਰਿਵਾਲਵਰ ਉਹ ਨਹਾਉਣ ਵੇਲੇ ਹੀ ਉਤਾਰਦੈ। ਉਦੋਂ ਜਾਪਦੈ ਜਿਵੇਂ ਉਸ ਨੇ ਆਪਣਾ ਕੋਈ ਅੰਗ ਲਾਹ ਕੇ ਰੱਖ ਦਿੱਤਾ ਹੋਵੇ। ਰਾਇਫਲ ਉਹ ਦੌਰੇ ਵੇਲੇ ਹੀ ਨਾਲ ਲਿਜਾਂਦਾ ਹੈ।

ਉਸ ਨੂੰ ਯਾਦ ਆਇਆ ਕਿ ਸਾਹਮਣੇ ਮਕਾਨ ਦੀ ਇਕ ਮੰਜ਼ਿਲ ਕਾਫੀ ਲੰਬੇ ਸਮੇਂ ਤੋਂ ਖਾਲੀ ਪਈ ਸੀ। ਸਾਹਿਬ ਨਾਲ ਬਾਹਰ ਗਿਆ ਉਹ ਕੱਲ੍ਹ ਹੀ ਪਰਤਿਆ ਹੈ। ਉਨ੍ਹਾਂ ਦਿਨਾਂ ਦੌਰਾਨ ਹੀ ਕੋਈ ਨਵਾਂ ਕਿਰਾਏਦਾਰ ਆਇਐ ਸ਼ਾਇਦ। ਕੋਈ ਬੱਚਾ ਵਗੈਰਾ ਨਹੀਂ ਦਿਸਦਾ। ਬੱਸ, ਉਹੀ ਕੁੜੀ ਸਤਾਈ-ਅਠਾਈ ਵਰ੍ਹਿਆਂ ਦੀ, ਵਿਆਹੀ ਹੋਈ ਜਾਪਦੀ ਹੈ।

ਆਲੇ-ਦੁਆਲੇ ਦੀਆਂ ਛੱਤਾਂ 'ਤੇ ਸੁਰੱਖਿਆ ਪੱਖੋਂ ਭਾਵੇਂ ਉਹ ਅਕਸਰ ਗੌਰ ਕਰਦਾ ਰਹਿੰਦੈ ਪਰ ਜਾਪਿਆ ਜਿਵੇਂ ਇੱਧਰ ਉਹ ਜ਼ਿਆਦਾ ਹੀ ਧਿਆਨ ਦੇ ਰਿਹੈ। ਹਟਦਿਆਂ-ਹਟਦਿਆਂ ਉਸ ਨੇ ਵੇਖਿਆ ਕਿ ਉਹ ਸਬਜ਼ੀ ਲੈ ਕੇ ਟੂਟੀ ਵੱਲ ਜਾ ਰਹੀ ਹੈ। ਕਰਨੈਲ ਨੂੰ ਅਹਿਸਾਸ ਹੋਇਆ ਕਿ ਸ਼ਾਮ ਹੋ ਗਈ ਹੈ। ਸਬਜ਼ੀ ਵੇਖ ਕੇ ਉਹਦੇ ਜੀਅ ਵਿਚ ਆਇਆ ਕਿ ਹੇਠਾਂ ਜਾ ਕੇ ਬੀਬੀ ਜੀ ਨੂੰ ਪੁੱਛੇ, "ਆਪਾਂ ਕੀ ਧਰਨੈ ਅੱਜ?" ਪਰ ਕਈ ਵਰ੍ਹਿਆਂ ਤੋਂ ਉਹ ਇਹ ਗੱਲ ਸੋਚਦਾ ਹੀ ਹੈ, ਪੁੱਛ ਨਹੀਂ ਸਕਿਆ ਕਦੇ ਵੀ। ਉਦੋਂ ਉਹਨੂੰ ਘਰ ਬਹੁਤ ਯਾਦ ਆਉਂਦਾ ਹੈ। ਉਦੋਂ ਹੋਰ ਵੀ, ਜਦੋਂ ਐਮ.ਪੀ. ਸਾਹਿਬ ਦੇ ਦੋਵੇਂ ਲੜਕੇ ਤੇ ਲੜਕੀ ਪੁੱਛਦੇ ਨੇ, "ਆਜ ਕਿਆ ਬਨਾ ਰਹੇ ਹੈਂ ਮੰਮ...?"

ਇਹ ਤਿੰਨੋਂ ਉਹਦੇ ਪਿੰਡ ਦੀਆਂ ਗਲੀਆਂ 'ਚ ਖੇਡਦੇ ਰਹੇ ਨੇ ਪਰ ਹੁਣ ਦਿੱਲੀ ਦੀ ਬੋਲੀ ਬੋਲਦੇ ਨੇ।

ਘਰ ਉਸ ਨੂੰ ਯਾਦ ਤਾਂ ਬਹੁਤ ਵਾਰੀ ਬਹੁਤ ਹੀ ਆਉਂਦੈ, ਪਰ ਉਹ ਚਾਹੁੰਦਾ ਹੋਇਆ ਵੀ ਉਸ ਘਰ ਨਹੀਂ ਜਾ ਸਕਦਾ।

ਪਿੰਡ ਵਿਚ ਬੜੀ ਟੌਹਰ ਹੈ ਉਸ ਦੀ। ਉਹਦੇ ਘਰਦੇ ਐਮ.ਪੀ. ਸਾਹਿਬ ਦੇ ਖਾਸ ਬੰਦਿਆਂ 'ਚੋਂ ਗਿਣੇ ਜਾਂਦੇ ਨੇ। ਉਹਦੇ ਭਰਾ ਬਿਨਾਂ ਕਾਗਜ਼ਾਂ ਤੋਂ ਮੋਟਰਸਾਈਕਲ ਦੁੜਾਈ ਫਿਰਦੇ ਨੇ। ਨਿੱਕੀ ਮੋਟੀ ਲੜਾਈ ਕਰਦੇ ਨੇ। ਪੁਲਿਸ ਕੁਝ ਨਹੀਂ ਕਹਿੰਦੀ। ਪਿੰਡ ਵਿਚ ਦੁਸ਼ਮਣ ਦੱਬੇ ਬੈਠੇ ਨੇ। ਪਿੰਡ ਹੁੰਦਿਆਂ ਉਹ ਇਕ ਵਾਰੀ ਮੱਕੀ ਦੇ ਖੇਤ ਦੀ ਰਾਖੀ ਬੈਠ ਗਿਆ ਸੀ ਕਿ ਕੋਈ ਛੱਲੀਆਂ ਨਾ ਤੋੜੇ, ਤਾਂ ਉਹਦਾ ਬਾਪੂ ਉਹਨੂੰ ਉਠਾ ਕੇ ਘਰ ਲੈ ਗਿਆ ਸੀ ਤੇ ਕਿਹਾ ਸੀ, "ਇਉਂ ਸਿਰ੍ਹਾਣੇ ਬੈਠ ਕੇ ਖੇਤਾਂ ਦੀ ਰਾਖੀ ਨਹੀਂ ਹੁੰਦੀ ਪੁੱਤ। ਰਾਖੀ ਤਾਂ ਘਰ ਬੈਠ ਕੇ ਹੁੰਦੀ ਐ।"

"ਘਰ ਬੈਠ ਕੇ?" ਗੱਲ ਉਹਦੇ ਸਮਝ ਨਹੀਂ ਆਈ ਸੀ।

"ਹਾਂ ਘਰ ਬੈਠ ਕੇ...ਜੱਟ ਦਾ ਸੇਕ ਹੋਣਾ ਚਾਹੀਦੈ, ਰੋਅਬ ਚਾਹੀਦੈ ਮੱਲ, ਲੋਕਾਂ ਨੂੰ ਭੈਅ ਹੋਵੇ-ਇਹ ਫਲਾਣੇ ਦਾ ਖੇਤ ਐ ਓਏ।"

ਉਹ ਘਰ ਆ ਗਿਆ ਸੀ ਪਰ ਅਸਲੀ ਗੱਲ ਉਹਦੇ ਸਮਝ ਹੁਣ ਆਈ ਹੈ। ਹੁਣ ਉਹਦਾ ਦੂਰ ਬੈਠੇ ਦਾ ਬਹੁਤ ਭੈਅ ਹੈ ਪਿੰਡ 'ਚ। ਉਹਦੇ ਬਾਰੇ ਕਈ ਅਫਵਾਹਾਂ ਨੇ ਕਿ "ਐਮ.ਪੀ. ਸਾਹਿਬ ਦੇ ਦੁਸ਼ਮਣਾਂ 'ਚੋਂ ਉਹਨੇ ਇਕੋ ਰਾਤ 'ਚ ਹੀ ਦੋ ਖ਼ਤਮ ਕਰ 'ਤੇ। ਇਕ ਪਲਾਟ ਦਾ ਰੌਲਾ ਹੈ ਦਿੱਲੀ 'ਚ ਸਾਹਿਬ ਦਾ। ਉਥੇ ਕਰਨੈਲ ਨੇ ਕੰਧਾਂ ਛਲਣੀ ਕਰਤੀਆਂ ਗੋਲੀਆਂ ਨਾਲ। ਇਕ ਜ਼ਮੀਨ ਦਾ ਕਬਜ਼ਾ ਲਿਆ ਐਮ.ਪੀ. ਸਾਹਿਬ ਨੇ, ਉਥੇ ਕਰਨੈਲ ਨੇ ਤਿੰਨ ਬੰਦੇ ਮਾਰ ਕੇ ਜਮਨਾ 'ਚ ਰੋੜ੍ਹ 'ਤੇ, ਬਾਕੀ ਭੱਜ ਗਏ।"

ਅੰਦਰੋਂ ਸੜਦੇ, ਉਪਰੋਂ ਖ਼ੁਸ਼ ਹੋ ਕੇ ਕਹਿੰਦੇ ਨੇ, "ਜੱਟ ਐ ਬਈ ਫੇਰ ਵੀ...। ਨਾਲੇ ਕੀਲਾ ਤਕੜਾ ਹੋਵੇ, ਜੱਟ ਕੀ ਜਾਣਦੈ ਫੇਰ।"

ਛੱਤ ਦੇ ਪਰਲੇ ਕੋਨੇ ਵੱਲ ਚਲੀ ਗਈ ਹੈ ਉਹ। ਖੜ੍ਹੀ ਹੈ ਕੁਝ ਛਿਣ। ਦੂਰ ਤੱਕ ਦੇਖ ਕੇ ਪਰਤ ਆਈ ਹੈ, ਜਿਵੇਂ ਪੈਰ ਮੱਚਦੇ ਹੋਣ ਜਾਂ ਕਿਸੇ ਨੂੰ ਉਡੀਕਦੀ ਹੋਵੇ। ਕਰਨੈਲ ਸੋਚਦੈ, ਘਰਵਾਲੇ ਨੂੰ ਉਡੀਕਦੀ ਹੋਊ, ਪਰ ਛੇਤੀ ਹੀ ਖਿਆਲ ਆਉਂਦੈ ਉਹਨੂੰ ਕਿ ਦਿੱਲੀ 'ਚ ਘਰਵਾਲਿਆਂ ਨੂੰ ਕੌਣ ਉਡੀਕਦੈ ਇਸ ਤਰ੍ਹਾਂ? ਦਿੱਲੀ ਅਜਿਹੀ ਉਲਝਣ ਹੈ ਜੋ ਉਸ ਤੋਂ ਕਦੇ ਨਹੀਂ ਸੁਲਝੀ। ਚੰਗੇ ਭਲੇ ਸਾਊ ਦਿਸਦੇ ਬੰਦੇ ਜਿਨ੍ਹਾਂ ਨੂੰ ਜਦੋਂ ਉਹ ਬੋਲਦੇ ਸੁਣਦੈ ਤਾਂ ਦੇਵਤੇ ਹੀ ਲੱਗਦੇ ਨੇ ਪਰ ਜਦ ਉਨ੍ਹਾਂ ਬਾਰੇ ਜਾਣਨ ਲੱਗਦੈ ਤਾਂ...।

ਜਿੱਦਣ ਉਹਨੇ ਐਮ.ਪੀ. ਗੁਰਮੁਖ ਸਿੰਘ ਨੂੰ ਜਾਣਿਆ ਸੀ, ਕਿੰਨਾ ਤੜਫਿਆ ਸੀ। ਬੜੀ ਸ਼ਰਧਾ ਸੀ ਉਨ੍ਹਾਂ ਵਿਚ ਉਸ ਦੀ। ਸੁਹਣੀ ਦਸਤਾਰ, ਚੂੜੀਦਾਰ ਪਜਾਮਾ, ਅਚਕਨ, ਮੁਸਕਰਾਹਟ। ਉਹ ਸੋਚਦਾ, ਦੇਵਤੇ ਵੀ ਅਜਿਹੀ ਨਹੀਂ ਹੋਣੇ। ਘਰ 'ਚ ਮਹਾਰਾਜ ਦਾ ਪ੍ਰਕਾਸ਼ ਐ। ਵਾਕ ਲੈਣ ਤੋਂ ਪਹਿਲਾਂ ਕੋਈ ਕੰਮ ਨਹੀਂ ਕਰਦੇ।

ਇਕ ਦਿਨ ਉਨ੍ਹਾਂ ਦੀ ਫੈਕਟਰੀ ਵਿਚਲੀ ਯੂਨੀਅਨ ਦਾ ਆਗੂ ਆਇਆ ਸੀ। ਫੈਕਟਰੀ 'ਚ ਹੜਤਾਲ ਚੱਲ ਰਹੀ ਸੀ। ਆਪ ਹੀ ਬੁਲਾਇਆ ਸੀ ਸਾਹਿਬ ਨੇ। ਐਮ.ਪੀ. ਸਾਹਿਬ ਨੇ ਉਸ ਨੂੰ ਸਹਿਯੋਗ ਦੇਣ ਲਈ ਕਿਹਾ ਤਾਂ ਉਹ ਭੜਕ



ਉਠਿਆ ਸੀ। ਸਾਹਿਬ ਧੀਰਜ ਨਾਲ ਮੁਸਕਰਾਉਂਦੇ ਹੋਏ ਸਮਝਾ ਰਹੇ ਸਨ ਪਰ ਉਹ ਉਚੀ-ਉਚੀ ਬੋਲਦਾ ਤੇ ਗੁੱਸੇ ਨਾਲ ਗੱਲਾਂ ਕਰਦਾ ਸੀ। ਕਰਨੈਲ ਤੋਂ ਸਹਿ ਨਾ ਹੋਇਆ। ਉਹਨੇ ਉਸ ਮਾੜਚੂ ਜਿਹੇ ਨੂੰ ਗਲਮੇ ਤੋਂ ਫੜ ਲਿਆ। ਧਰਤੀ ਤੋਂ ਪੈਰ ਚੱਕ ਦਿੱਤੇ।

"ਸਾਲਿਆ ਤੈਨੂੰ ਬੋਲਣਾ ਸਿਖਾਵਾਂ।"

ਆਪਣੀ ਜਗ੍ਹਾ ਤੋਂ ਉਠ ਖੜ੍ਹੇ ਸਨ ਐਮ.ਪੀ. ਸਾਹਿਬ। ਕਰਨੈਲ ਦੀ ਬਾਂਹ ਫੜ ਕੇ ਗੁੱਸੇ ਨਾਲ ਬੋਲੇ ਸਨ, "ਪਾਗਲ ਹੋ ਗਿਆਂ ਏਂ ਕਰਨੈਲ। ਗਰੀਬ ਮਜ਼ਦੂਰ 'ਤੇ ਹੱਥ ਚੁੱਕਦੈਂ...ਸ਼ਰਮ ਨਹੀਂ ਆਉਂਦੀ।"

ਸਾਹਿਬ ਦਾ ਕੱਦ ਹੋਰ ਉਚਾ ਹੋ ਗਿਆ ਸੀ ਕਰਨੈਲ ਦੀਆਂ ਨਜ਼ਰਾਂ ਵਿਚ। ਆਪਣਾ ਗਲਮਾ ਠੀਕ ਕਰਦਾ ਯੂਨੀਅਨ ਵਾਲਾ ਬੋਲਿਆ ਸੀ, "ਐਸੇ ਹਾਥ ਨਹੀਂ ਉਠਾਤੇ", ਉਹ ਕਰਨੈਲ ਨੂੰ ਮੁਖਾਤਿਬ ਸੀ, "ਹਾਥ ਉਠਾਨਾ ਸਾਹਿਬ ਸੇ ਸੀਖਨਾ।"

ਉਹ ਘ੍ਰਿਣਾ ਨਾਲ ਐਮ.ਪੀ. ਸਾਹਿਬ ਵੱਲ ਦੇਖਦਾ ਬਾਹਰ ਨਿਕਲ ਗਿਆ ਸੀ। ਸਾਹਿਬ ਨੇ ਲੰਬਾ ਸਾਹ ਲੈਂਦਿਆਂ ਕਰਨੈਲ ਦੇ ਮੋਢੇ 'ਤੇ ਹੱਥ ਰੱਖ ਕੇ ਕਿਹਾ ਸੀ, "ਇਹ ਦਿੱਲੀ ਹੈ ਪਿਆਰੇ...।"

ਦੂਜੇ ਦਿਨ ਉਸ ਯੂਨੀਅਨ ਆਗੂ ਦਾ ਐਕਸੀਡੈਂਟ ਹੋ ਗਿਆ ਸੀ।

"ਅੱਜ ਕਿਵੇਂ ਸਮਾਧੀ ਲਈ ਊ ਛੋਟੇ ਸਾਹਿਬ ਨੇ।" ਹੌਲਦਾਰ ਜੋਗਿੰਦਰ ਹੈ। ਇਹ ਅੰਮ੍ਰਿਤਸਰ ਵੱਲ ਦਾ ਹੈ। ਬਹੁਤ ਦੇਰ ਤੋਂ ਸਾਹਿਬ ਨਾਲ ਗੰਨਮੈਨ ਹੈ। ਸਿਆਣਾ ਹੋਣ ਕਰ ਕੇ ਉਹਨੂੰ 'ਬਾਪੂ' ਆਖਦੇ ਨੇ ਸਾਰੇ।

"ਸਮਾਧੀ ਕਾਹਦੀ ਬਾਪੂ, ਬੱਸ ਨਿਰੀਖਣ ਕਰ ਰਿਹਾਂ...।" ਉਹਨੇ ਵੀ ਟਿੱਚਰ ਨਾਲ ਜਵਾਬ ਦਿੱਤਾ।

"ਅੱਛਾ, ਵੇਖੀ ਫੇਰ ਚਾਲ?" ਬਾਪੂ ਨੇ ਕੁਨੱਖਾ ਝਾਕਿਆ।

"ਹੈਂ?" ਹੈਰਾਨੀ ਨਾਲ ਕਿਹਾ ਕਰਨੈਲ ਨੇ। ਉਂਜ ਜਾਣਦਾ ਸੀ ਉਹ ਕਿ ਬਾਪੂ ਬੜਾ ਘਾਗ ਐ।

"ਇਉਂ ਕੀ ਵੇਖਨੈਂ ਪੁੱਤਰਾ! ਅਸੀਂ ਵੀ ਸੁਰੱਖਿਆ ਗਾਰਡ ਆਂ। ਪੂਰਾ ਧਿਆਨ ਰੱਖਦੇ ਆਂ ਆਲੇ-ਦੁਆਲੇ ਦਾ।"

"ਓਏ ਵਾਹ ਓਏ ਬਾਪੂ।" ਕਰਨੈਲ ਵੀ ਹੱਸ ਪਿਆ। ਦੂਜੇ ਕਰਮਚਾਰੀ ਵੀ ਉਪਰ ਆ ਗਏ। ਇਕ ਜਣਾ ਕੰਨ ਕੋਲ ਖਾਜ ਜਿਹੀ ਕਰਦਾ ਬੋਲਿਆ, "ਅੱਜ ਡਿਊਟੀ ਐ ਰਾਤ ਨੂੰ ਕਰਨੈਲ ਬਾਈ, ਸਿਹਤ ਕੁਝ ਠੀਕ ਨਹੀਂ।"

"ਕੋਈ ਨਹੀਂ, ਡਿਊਟੀ ਮੈਂ ਦੇ ਦੂੰਗਾਂ।" ਕਰਨੈਲ ਅਣਜਾਣ ਬਣਦਾ ਬੋਲਿਆ।

"ਨਹੀਂ, ਨਹੀਂ...ਤੁਸੀਂ ਊਂਈ ਮਿਹਰਬਾਨੀ ਕਰੋ।" ਕਰਨੈਲ ਅੱਗੇ ਹੱਥ ਫੈਲਾ ਉਹ ਆਜ਼ਜੀ ਜਿਹੀ ਨਾਲ ਬੋਲਿਆ।

ਕਰਨੈਲ ਨੇ ਹੱਸਦਿਆਂ ਮੋਮੀ ਕਾਗਜ਼ ਕੱਢਿਆ ਤੇ ਉਹ ਦੇ ਅੱਗੇ ਫੈਲਾ ਦਿੱਤਾ।

"ਅਬ ਤੋਂ ਕਰਨੈਲ ਬਾਈ ਪੱਕੇ ਹੋ ਗਏ ਲਗਤੇ ਹੈਂ।" ਕਿਸੇ ਹੋਰ ਨੇ ਕਿਹਾ ਤਾਂ ਬਾਪੂ ਝੱਟ ਬੋਲ ਉਠਿਆ, "ਓਏ ਨਹੀਂ ਅਜੇ ਨਹੀਂ।"

"ਅਜੇ ਕਿਉਂ ਨਹੀਂ ਬਾਪੂ?" ਕਰਨੈਲ ਨੇ ਟੇਢਾ ਜਿਹਾ ਵੇਖਿਆ।

"ਆਹੋ ਅਜੇ ਨਹੀਂ, ਅਜੇ ਤੇ ਤੂੰ ਵਿਖਾਲੇ ਕਰਦੈਂ ਪੁੱਤਰਾ, ਜਿੱਦਣ ਪੱਕਾ ਲੱਗ ਜੇਂਗਾ, ਏਤਰਾਂ ਪ੍ਰਸ਼ਾਦ ਨਹੀਂ ਵਰਤਾਏਂਗਾ।"

"ਅੱਛਾ!" ਹੈਰਾਨੀ ਨਾਲ ਕਿਹਾ ਕਰਨੈਲ ਨੇ।

"ਆਹੋ ਸਮਝ ਲੈ ਜਦੋਂ ਕੋਈ ਨਸ਼ਾ ਲੁਕਾਣ ਲੱਗ ਪਏ ਤਾਂ ਪੱਕਾ ਹੋ ਗਿਆ।"

ਤੇ ਬਾਪੂ ਨੇ ਝਪਟਾ ਮਾਰ ਕੇ ਕਾਗਜ਼ ਕਰਨੈਲ ਦੇ ਹੱਥ ਤੋਂ ਚੁੱਕ ਲਿਆ ਤੇ ਲਪੇਟ ਕੇ ਆਪਣੀ ਜੇਬ 'ਚ ਪਾ ਲਿਆ। ਕਰਨੈਲ ਹੱਸ ਪਿਆ; ਕਿਹਾ ਕੁਝ ਨਾ, ਤਾਂ ਬਾਪੂ ਬੋਲਿਆ, "ਵੇਖਿਆ ਪੁੱਤਰਾ, ਜੇ ਹੁੰਦਾ ਨਾ ਪੱਕਾ, ਜਾਨ ਨਿਕਲ ਜਾਂਦੀ ਤੇਰੀ। ਅਜੇ ਕੀ ਕਦਰ ਐ ਤੈਨੂੰ ਨਸ਼ੇ ਦੀ।"

ਤੇ ਬਾਪੂ ਜਿਵੇਂ ਜੇਬ 'ਚ ਪਾਉਂਦਾ ਈ ਨਸ਼ਈ ਹੋ ਗਿਆ ਹੋਵੇ।

ਲਾਈਟਾਂ ਜਗ ਪਈਆਂ ਹਨ। ਉਸ ਨੂੰ ਰੋਟੀ ਲਈ ਹਾਕ ਵੱਜੀ ਹੈ। ਜਦੋਂ ਉਹ ਰੋਟੀ ਖਾ ਵਿਹਲਾ ਹੋ ਕੇ ਉਪਰ ਆਇਆ ਤਾਂ ਬਾਪੂ ਛੱਤ 'ਤੇ ਟਹਿਲਦਾ ਹੋਇਆ ਦਿਸਿਆ। ਸਾਹਮਣੇ ਵੇਖਿਆ, ਕੋਈ ਟੂਟੀ 'ਤੇ ਮੂੰਹ-ਹੱਥ ਧੋ ਰਿਹਾ ਸੀ। ਉਹ ਕਮਰੇ 'ਚੋਂ ਨਿਕਲੀ ਤੇ ਤੌਲੀਆ ਰੱਖ ਕੇ ਰਸੋਈ 'ਚ ਜਾ ਵੜੀ। ਚਾਨਣ ਵਿਚ ਸਭ ਕੁਝ ਉਵੇਂ ਦਿਸਦਾ ਹੈ, ਦਿਨ ਵਾਂਗੂੰ। ਹੱਥ-ਮੂੰਹ ਪੂੰਝ ਕੇ ਵਿਹੜੇ 'ਚ ਤੁਰੇ ਆਉਂਦੇ ਬੰਦੇ ਨੂੰ ਵੇਖ ਉਹ ਬੁਝ ਜਿਹਾ ਗਿਆ।

"ਨਹੀਂ...ਏਸ ਬੰਦੇ ਲਈ ਕੋਈ ਭੱਜ-ਭੱਜ ਚਾਅ ਨਾਲ ਕੰਮ ਨਹੀਂ ਕਰ ਸਕਦਾ, ਕਦੇ ਨਹੀਂ।" ਮਰੀਅਲ ਜਿਹਾ। ਢਿੱਲੀ-ਢਿੱਲੀ ਤੋਰ। ਥੱਕਿਆ-ਥੱਕਿਆ। ਉਸ ਨੇ ਅੰਦਾਜ਼ਾ ਲਾਇਆ, ਮਾਇਆਪੁਰੀ ਦੇ ਗੈਰਜਾਂ 'ਚ ਕੰਮ ਕਰਦਾ ਹੋਊ। ਉਹ ਬਾਪੂ ਕੋਲ ਨੂੰ ਹੋ ਗਿਆ।

"ਆਹ ਕੁੜੀ ਕਾਹਦੇ ਸਿਰ 'ਤੇ ਭੱਜੀ ਫਿਰਦੀ ਐ ਬਾਪੂ? ਆਹ ਬੰਦਾ ਤੇ...।" ਉਹਨੇ ਸਿਰ ਮਾਰਿਆ।

"ਘੋਖਾਂ ਕਰਨ ਲੱਗ ਪਿਐਂ ਕਰਨੈਲ ਸਿਆਂ।" ਬਾਪੂ ਹੱਸ ਪਿਆ।

"ਸੱਚੀਂ ਬਾਪੂ, ਅੱਜ ਕਿੰਨੇ ਚਿਰ ਤੋਂ ਇਹਨੂੰ ਵੇਖ ਰਿਹਾਂ ਭੱਜੀ ਫਿਰਦੀ ਨੂੰ। ਭੱਜੀ ਕਾਹਨੂੰ, ਉੱਡੀ ਫਿਰਦੀ ਐ ਪਰ ਕਾਹਦੇ ਪਿੱਛੇ...ਐਸ ਬੰਦੇ ਪਿੱਛੇ ਤੇ ਨਹੀਂ...।"

"ਓ ਇਨ੍ਹਾਂ ਮਰਨੀਆਂ ਨੂੰ ਤੇ ਰਿਸ਼ੀ ਮੁਨੀ ਨਹੀਂ ਸਮਝ ਸਕੇ ਪੁੱਤਰਾ, ਤੂੰ-ਮੈਂ ਕੀ ਸ਼ੈਅ ਆਂ। ਨਾਲੇ ਸਮਝ ਕੇ ਕਰਾਂਗੇ ਵੀ ਕੀ?" ਬਾਪੂ ਉਦਾਸੀ ਨਾਲ ਬੋਲਿਆ ਤੇ ਚੁੱਪ ਜਿਹਾ ਥੱਲੇ ਤੁਰ ਗਿਆ ਜਿਵੇਂ ਕੋਈ ਜ਼ਖ਼ਮ ਹਰਾ ਹੋ ਗਿਆ ਹੋਵੇ।

ਸੰਤਰੀ ਬਦਲ ਗਿਆ। ਜਾਣ ਵਾਲੇ ਤੇ ਆਉਣ ਵਾਲੇ ਨੇ ਕਰਨੈਲ ਨੂੰ ਰਾਮ-ਰਾਮ ਕੀਤੀ। ਉਹ ਛੱਤ 'ਤੇ ਟਹਿਲਣ ਲੱਗ ਪਿਆ। ਟਹਿਲਦਿਆਂ-ਟਹਿਲਦਿਆਂ ਉਸ ਨੇ ਉਧਰ ਵੇਖਿਆ ਤਾਂ ਉਹ ਕਮਰੇ 'ਚੋਂ ਰਸੋਈ, ਰਸੋਈ 'ਚੋਂ ਕਮਰੇ ਤੇ ਟੂਟੀ 'ਤੇ ਆ-ਜਾ ਰਹੀ ਸੀ, ਉਵੇਂ ਹੀ ਧਾਗਿਆਂ ਦੇ ਨਾਲ-ਨਾਲ। ਵਿਚ-ਵਿਚ ਆਉਂਦੀ-ਜਾਂਦੀ ਛਿਣ ਭਰ ਰੁਕ ਕੇ ਧਾਗੇ ਫਰੋਲ ਦਿੰਦੀ। ਅਚਾਨਕ ਕਰਨੈਲ ਨੇ ਸੋਚਿਆ, ਇਉਂ ਊਰੀ ਵਾਂਗੂ ਘੁੰਮਦੀ ਇਹ ਕਿੰਨਾ ਕੁ ਸਫਰ ਕਰ ਲੈਂਦੀ ਹੋਵੇਗੀ। ਉਹ ਕਮਰੇ 'ਚੋਂ ਨਿਕਲੀ ਤਾਂ ਕਰਨੈਲ ਨੇ ਘੜੀ 'ਤੇ ਨਿਗਾਹ ਟਿਕਾ ਲਈ। ਉਸ ਨੇ ਕਮਰੇ 'ਚੋਂ ਮੁੜ ਟੂਟੀ ਤੇ ਮੁੜ ਰਸੋਈ 'ਚੋਂ ਹੀ ਕਮਰੇ ਤਕ ਜਾਂਦਿਆਂ ਇਕ ਮਿੰਟ ਵਿਚ ਚਾਰ ਚੱਕਰ ਲਾ ਦਿੱਤੇ। ਅਗਲੇ ਮਿੰਟ ਤਿੰਨ ਚੱਕਰ। ਫਿਰ ਉਹ ਇਕ ਮਿੰਟ ਅੰਦਰ ਰਹੀ ਤੇ ਉਸ ਤੋਂ ਅਗਲੇ ਮਿੰਟ ਵਿਚ ਪੰਜ ਚੱਕਰ। ਫਿਰ ਉਸ ਨੇ ਦੋ ਮਿੰਟਾਂ ਵਿਚ ਸੱਤ ਚੱਕਰ ਲਾਏ। ਉਹਦਾ ਘਰਵਾਲਾ ਰੋਟੀ ਖਾ ਰਿਹਾ ਸੀ ਸ਼ਾਇਦ। ਉਹ ਕਮਰੇ ਤੇ ਰਸੋਈ ਵਿਚਾਲੇ ਉਡੀ ਫਿਰਦੀ ਸੀ। ਉਹ ਕਿੰਨੇ ਹੀ ਮਿੰਟ ਉਹਦੇ ਚੱਕਰਾਂ ਦਾ ਹਿਸਾਬ ਲਾਉਂਦਾ ਰਿਹਾ ਤੇ ਆਖਰ ਉਹਨੇ ਸਾਢੇ ਤਿੰਨ ਚੱਕਰਾਂ ਦੀ ਔਸਤ ਕੱਢ ਲਈ ਇਕ ਮਿੰਟ ਵਿਚ, ਤੇ ਫਿਰ ਉਹ ਉਹਦੇ ਪੈਂਡੇ ਦਾ ਹਿਸਾਬ ਲਾਉਣ ਲੱਗ ਪਿਆ-'ਰਸੋਈ ਦਾ ਮੱਥਾ ਛੇ ਫੁੱਟ...ਕਮਰਾ ਬਾਰਾਂ ਫੁੱਟ। ਓਦੂੰ ਅਗਲਾ ਕਮਰਾ ਵੀ ਬਾਰਾਂ ਫੁੱਟ...।' ਉਹ ਬੁੜ ਬੁੜਾ ਰਿਹਾ ਹੈ-'ਇਉਂ ਇਕ ਮਿੰਟ 'ਚ ਇਕ ਸੌ ਪਝੰਤਰ ਫੁੱਟ ਯਾਨਿ...', ਹਿਸਾਬ ਲਾਉਂਦਾ ਹੋਇਆ, 'ਯਾਨਿ ਸੱਠ ਮੀਟਰ, ਤੇ ਇਕ ਘੰਟੇ 'ਚ...ਸਾਢੇ ਤਿੰਨ ਕਿਲੋਮੀਟਰ...ਕਿੰਨੇ ਘੰਟੇ ਤੁਰਦੀ ਹੋਊ?' ਉਹ ਸੋਚੀਂ ਪੈ ਗਿਆ। ਫਿਰ ਆਪ ਹੀ ਹੱਸ ਪਿਆ ਕਿ ਉਹ ਕਿਹੜੀਆਂ ਗਿਣਤੀਆਂ 'ਚ ਪੈ ਗਿਆ। ਫਿਰ ਥੋੜ੍ਹੀ ਦੇਰ ਪਿੱਛੋਂ ਉਹਨੇ ਸੰਤਰੀ ਨੂੰ ਪੁੱਛ ਹੀ ਲਿਆ ਕਿ ਸਵੇਰੇ ਆਮ ਕਰ ਕੇ ਡਿਊਟੀ 'ਤੇ ਕੌਣ ਹੁੰਦੈ। ਉਸ ਨੇ ਪਰਸ ਰਾਮ ਤੇ ਖਾਨ ਦਾ ਨਾਂ ਲਿਆ ਤਾਂ ਉਹ ਹੌਲੀ-ਹੌਲੀ ਥੱਲੇ ਆ ਗਿਆ। ਕੁਝ ਗਾਰਡ ਤਾਸ਼ ਖੇਡ ਰਹੇ ਸਨ ਜਿਨ੍ਹਾਂ 'ਚ ਪਰਸ ਰਾਮ ਵੀ ਸੀ।

"ਪਰਸ ਰਾਮ, ਗਲੀ ਦੇ ਉਸ ਪਾਰ ਸਾਹਮਣੇ ਛੱਤ ਵਾਲੀ ਔਰਤ ਕਦੋਂ ਜਾਗਦੀ ਐ ਸਵੇਰੇ, ਕੁਛ ਪਤੈ?"

ਪਰਸ ਰਾਮ ਕੁਝ ਸੋਚਣ ਲੱਗਿਆ ਤਾਂ ਪਰ੍ਹੇ ਲੇਟਿਆ ਖਾਨ ਉਠ ਕੇ ਬੈਠ ਗਿਆ, "ਅਰੇ ਬਾਪ ਰੇ...ਖੁਦਾ ਕਸਮ ਵੋਹ ਤੋ...।"

ਕਰਨੈਲ ਜਾਣਦੈ ਕਿ ਖਾਨ ਗਾਲੜੀ ਹੈ। ਉਸ ਨੇ ਟੋਕਿਆ, "ਬੱਸ ਇਤਨਾ ਬਤਾ ਦੇ ਕਿ ਵੋਹ ਕਬ ਜਾਗਤੀ ਹੈ?"

ਸਾਰੇ ਕਰਨੈਲ ਨੂੰ ਸ਼ਰਾਰਤੀ ਨਜ਼ਰਾਂ ਨਾਲ ਵੇਖ ਰਹੇ ਸਨ। ਉਹ ਵੀ ਕੁਝ ਹਿਚਕਚਾ ਰਿਹਾ ਸੀ। ਖਾਨ ਨੇ ਦੱਸਿਆ-"ਛੇ ਕੇ ਬਾਅਦ ਗੁਰੂ। ਸਵਾ ਛੇ ਔਰ ਸਾਢੇ ਛੇ ਕੇ ਦਰਮਿਆਨ।"

"ਯੇਹ ਹੂਈ ਨਾ ਬਾਤ...ਪਰਸ ਰਾਮ! ਇਹਨੂੰ ਕਹਿੰਦੇ ਨੇ ਸਕਿਓਰਟੀ...ਤੁਸੀਂ ਵੀ ਖਾਨ ਭਾਈ ਦੀ ਤਰ੍ਹਾਂ...।"

ਉਹਨੇ ਚਲਾਕੀ ਨਾਲ ਉਨ੍ਹਾਂ ਨੂੰ ਠਿੱਠ ਕਰ ਦਿੱਤਾ। ਉਹ ਬੋਲਣ ਲੱਗੇ, "ਹਮ ਤੋ ਪੂਰਾ ਖਿਆਲ ਰਖਤੇ ਹੈਂ, ਵੋਹ ਬਾਤ ਯਹ ਹੈ ਕਿ...।" ਪਰ ਉਹ ਉਪਰ ਆ ਗਿਆ।

ਉਹਨੂੰ ਆਪਣੇ ਆਪ 'ਤੇ ਫਿਰ ਹਾਸਾ ਆਇਆ ਕਿ ਉਹਨੇ ਕੀ ਲੈਣੈ ਉਸ ਤੋਂ? ਉਹਨੂੰ ਬਾਪੂ ਦੀ ਗੱਲ ਯਾਦ ਆਈ, ਕੀ ਕਰ ਲਾਂਗੇ ਸਮਝ ਕੇ। ਠੀਕ ਤਾਂ ਹੈ, ਅੱਗੇ ਐਮ.ਪੀ. ਸਾਹਿਬ ਬਾਰੇ ਸਮਝ ਕੇ, ਜਾਣ ਕੇ ਕੀ ਕਰ ਲਿਆ!

ਉਦਣ ਜਦੋਂ ਉਸ ਯੂਨੀਅਨ ਆਗੂ ਦੀ ਘਰਵਾਲੀ ਤੇ ਨਿਆਣੇ ਵਿਲਕਦੇ ਸਨ ਤੇ ਐਮ.ਪੀ. ਸਾਹਿਬ ਮਗਰਮੱਛ ਦੇ ਅੱਥਰੂ ਸਿੱਟਦੇ ਉਨ੍ਹਾਂ ਨੂੰ

ਢਾਰਸ ਦੇ ਰਹੇ ਸਨ ਤੇ ਫਿਰ ਪੰਜ ਹਜ਼ਾਰ ਰੁਪਏ ਫੜ ਕੇ ਰੋਂਦੀ ਹੋਈ ਵਿਧਵਾ ਐਮ.ਪੀ. ਸਾਹਿਬ ਦੇ ਪੈਰੀਂ ਹੱਥ ਲਾ ਕੇ ਉਨ੍ਹਾਂ ਨੂੰ ਪਰਮਾਤਮਾ ਦਾ ਰੂਪ ਕਹਿ ਰਹੀ ਸੀ। ਕਰਨੈਲ ਦੇ ਜੀਅ 'ਚ ਆਇਆ ਸੀ ਕਿ ਐਮ.ਪੀ. ਸਾਹਿਬ ਨੂੰ ਗੋਲੀ ਮਾਰ ਦੇਵੇ ਤੇ ਉਸ ਤੋਂ ਬਾਅਦ ਉਹਨੇ ਕਿੰਨੀ ਵਾਰ ਅਜਿਹਾ ਸੋਚਿਆ ਹੈ, ਪਰ ਕੀ ਕਰ ਲਿਆ ਉਹਨੇ। ਫਿਰ ਜਦੋਂ ਐਮ.ਪੀ. ਸਾਹਿਬ ਇਕ ਗੜਬੜ ਵਾਲੇ ਇਲਾਕੇ 'ਚ ਭੇਜੇ ਸਨ ਕੇਂਦਰ ਨੇ। ਉਥੇ ਪਤਾ ਨਹੀਂ ਕਿਵੇਂ ਜਲਸੇ 'ਚ ਐਮ.ਪੀ. ਸਾਹਿਬ ਸੱਚੀਆਂ ਗੱਲਾਂ ਕਹਿ ਬੈਠੇ ਸਨ ਜਿਹੜੀਆਂ ਉਨ੍ਹਾਂ ਦੀ ਪਾਰਟੀ ਦੇ ਹੱਕ 'ਚ ਨਹੀਂ ਸਨ। ਉਥੇ ਦੇ ਲੋਕ ਬਹੁਤ ਖ਼ੁਸ਼ ਸਨ। ਕਰਨੈਲ ਵੀ ਉਨ੍ਹਾਂ ਦੀਆਂ ਗੱਲਾਂ ਤੋਂ ਖ਼ੁਸ਼ ਹੋਇਆ ਸੀ ਪਰ ਸ਼ਾਮ ਵੇਲੇ ਜਦੋਂ ਅਜੇ ਸਾਹਿਬ ਦੇ ਕੰਨਾਂ 'ਚ ਤਾੜੀਆਂ ਦੀ ਗੂੰਜ, ਗੂੰਜ ਰਹੀ ਸੀ ਤਾਂ ਦਿੱਲੀਓਂ ਬੁਲਾਵਾ ਆ ਗਿਆ ਸੀ 'ਭਾਈ ਸਾਹਿਬ' ਦਾ। ਇਹ 'ਭਾਈ ਸਾਹਿਬ' ਨਾ ਤਾਂ ਕੋਈ ਐਮ.ਪੀ. ਨੇ, ਨਾ ਹੀ ਪ੍ਰਧਾਨ ਪਰ ਸਾਰੇ ਐਮ.ਪੀ. ਇਨ੍ਹਾਂ ਤੋਂ ਬਹੁਤ ਡਰਦੇ ਨੇ। ਜਦੋਂ ਸਵੇਰੇ ਉਹ 'ਭਾਈ ਸਾਹਿਬ' ਦੀ ਕੋਠੀ ਪਹੁੰਚੇ ਤਾਂ ਉਹ ਕਿਤੇ ਜਾਣ ਲਈ ਤਿਆਰ ਖੜ੍ਹੇ ਸਨ।

"ਤੁਸੀਂ ਮੇਰੀ ਗੱਡੀ 'ਚ ਹੀ ਆ ਜਾਓ। ਆਪਣੀਆਂ ਗੱਡੀਆਂ ਪਿੱਛੇ ਆਉਣ ਦਿਓ, ਰਸਤੇ 'ਚ ਹੀ ਗੱਲ ਕਰਾਂਗੇ।" ਭਾਈ ਸਾਹਿਬ ਦੇ ਤੇਵਰ ਚੜ੍ਹੇ ਹੋਏ ਸਨ।

ਕਰਨੈਲ ਵੀ ਉਨ੍ਹਾਂ ਦੇ ਨਾਲ ਹੀ ਗੱਡੀ 'ਚ ਬੈਠ ਗਿਆ ਸੀ। ਵਿਚ ਬੈਠਦਿਆਂ ਹੀ 'ਭਾਈ ਸਾਹਿਬ' ਨੇ ਤਾਜ਼ਾ ਅਖ਼ਬਾਰਾਂ ਐਮ.ਪੀ. ਸਾਹਿਬ ਮੂਹਰੇ ਲਗਭਗ ਸਿੱਟਦਿਆਂ ਕਿਹਾ ਸੀ, "ਸੁਣਿਐ ਜਨਤਾ ਦਾ ਪਿਆਰ ਜਾਗ ਪਿਐ ਤੁਹਾਡੇ ਮਨ 'ਚ ਸ. ਗੁਰਮੁਖ ਸਿੰਘ, ਤੇ ਇਹ ਕੁਰਸੀ ਛੱਡ ਕੇ ਜਾਣਾ ਚਾਹੁੰਦੇ ਹੋ...।"

"ਨਹੀਂ, ਨਹੀਂ...ਗਲਤੀ ਹੋ ਗਈ ਭਾਈ ਸਾਹਿਬ। ਪਤਾ ਨਹੀਂ ਲੱਗਿਆ, ਐਵੇਂ ਜਜ਼ਬਾਤੀ ਹੋ ਕੇ...।" ਐਮ.ਪੀ. ਸਾਹਿਬ 'ਭਾਈ ਸਾਹਿਬ' ਦੇ ਪੈਰ ਫੜਨ ਲੱਗੇ ਸਨ।

ਪਰ ਉਹ ਉਸੇ ਲਹਿਜੇ 'ਚ ਬੋਲੇ, "ਤੁਸੀਂ ਰੇਸ ਕੋਰਸ 'ਚ ਮੇਰੇ ਨਾਲ ਗਏ ਹੋ ਕਈ ਵਾਰ...ਮੈਂ ਕਦੇ ਹਾਰਨ ਵਾਲੇ ਘੋੜੇ 'ਤੇ ਪੈਸੇ ਨਹੀਂ ਲਾਉਂਦਾ...ਸਮਝੇ।" ਤੇ ਐਮ.ਪੀ. ਸਾਹਿਬ ਰੋ ਹੀ ਤਾਂ ਪਏ ਸਨ। ਕਰਨੈਲ ਹੈਰਾਨ ਹੋਇਆ ਬੈਠਾ ਸੀ।

ਜਦੋਂ ਕਰਨੈਲ ਪਿੰਡ ਹੁੰਦਾ ਸੀ ਤਾਂ ਸਭ ਤੋਂ ਵੱਧ ਠਾਣੇਦਾਰ ਤੋਂ ਡਰਦਾ ਹੁੰਦਾ ਸੀ। ਉਹ ਠਾਣੇਦਾਰ ਨੂੰ ਹੀ ਵੱਡਾ ਅਫ਼ਸਰ ਸਮਝਦਾ ਹੁੰਦਾ ਸੀ ਪਰ ਜਦ ਉਸ ਨੇ ਠਾਣਦੇਾਰ ਤਾਂ ਕੀ, ਐਸ.ਪੀ. ਵੀ ਐਮ.ਪੀ. ਸਾਹਿਬ ਦੇ ਪੈਰੀਂ ਹੱਥ ਲਾਉਂਦੇ ਵੇਖੇ ਤਾਂ ਉਹ ਐਮ.ਪੀ. ਸਾਹਿਬ ਨੂੰ ਸਭ ਤੋਂ ਵੱਡਾ ਸਮਝਣ ਲੱਗਾ ਸੀ ਪਰ ਅੱਜ ਉਸ ਨੇ ਵੇਖਿਆ ਕਿ ਅਸਲ ਵਿਚ 'ਭਾਈ ਸਾਹਿਬ'...।

ਗੱਡੀ ਰਾਹ 'ਚ ਹੀ ਰੁਕ ਗਈ ਸੀ। ਠਰੰਮੇ ਨਾਲ ਕਿਹਾ ਸੀ 'ਭਾਈ ਸਾਹਿਬ' ਨੇ, "ਜਾਓ ਤੇ ਸਭ ਠੀਕ ਕਰ ਕੇ ਆਓ।"

ਉਹ ਉਤਰਨ ਲੱਗੇ ਤਾਂ ਕਰਨੈਲ ਦੇ ਮੋਢੇ 'ਤੇ ਹੱਥ ਮਾਰ ਕੇ ਕਿਹਾ ਸੀ 'ਭਾਈ ਸਾਹਿਬ' ਨੇ, "ਇਹ ਗੱਲਾਂ ਗੱਡੀ 'ਚ ਹੀ ਛੱਡ ਜਾਈਂ ਲੜਕੇ...।"

"ਜੀ ਕਿਹੜੀਆਂ ਗੱਲਾਂ?" ਹੈਰਾਨੀ ਦਾ ਅਭਿਨੈ ਕਰਦਿਆਂ ਕਰਨੈਲ ਨੇ ਪੁੱਛਿਆ ਤਾਂ ਉਹ ਮੁਸਕਰਾ ਪਏ ਤੇ ਉਹਦਾ ਮੋਢਾ ਥਪਥਪਾਇਆ, "ਸ਼ਾਬਾਸ਼।" ਫਿਰ ਐਮ.ਪੀ. ਸਾਹਿਬ ਵੱਲ ਦੇਖ ਕੇ ਬੋਲੇ, "ਕਾਮ ਕਾ ਆਦਮੀ ਹੈ।"

ਐਮ.ਪੀ. ਸਾਹਿਬ ਉਥੋਂ ਸਿੱਧੇ ਗਏ ਸਨ ਉਸੇ ਇਲਾਕੇ 'ਚ। ਇਕ ਪਾਰਟੀ ਨੇਤਾ ਦੇ ਘਰ ਠਹਿਰ, ਉਨ੍ਹਾਂ ਟਰਾਂਸਪੋਰਟ ਸਕੱਤਰ ਤੇ ਬਿਜਲੀ ਬੋਰਡ ਦੇ ਚੇਅਰਮੈਨ ਨੂੰ ਬੁਲਾਇਆ ਸੀ। ਉਨ੍ਹਾਂ ਨੂੰ ਕਿਹਾ ਸੀ ਕਿ ਉਹ ਕੱਲ੍ਹ ਦੇ ਅਖ਼ਬਾਰਾਂ 'ਚ ਬਿਆਨ ਦੇਣ ਕਿ ਰਾਜ ਵਿਚ ਬਿਜਲੀ ਦੇ ਰੇਟ ਤੇ ਬੱਸਾਂ ਦੇ ਕਿਰਾਏ ਵਧਾਏ ਜਾਣਗੇ। ਸਥਾਨਕ ਨੇਤਾ ਨੂੰ ਕਿਹਾ ਕਿ ਦੋ ਦਿਨ ਬਾਅਦ ਜਲਸਾ ਰੱਖੋ। ਦੂਜੇ ਦਿਨ ਅਖ਼ਬਾਰਾਂ ਪੜ੍ਹ ਕੇ ਰਾਜ ਵਿਚ ਖਲਬਲੀ ਮੱਚ ਗਈ ਸੀ। ਕਿਸਾਨ ਤੇ ਹੋਰ ਲੋਕ ਪਿੱਟ ਉਠੇ ਸਨ। ਅਗਲੇ ਦਿਨ ਜਲਸੇ 'ਚ ਰੋਸ ਪ੍ਰਗਟ ਕਰਨ ਲਈ ਕਈ ਨੇਤਾਵਾਂ ਦਾ ਘਿਰਾਓ ਕਰਨ ਲਈ ਵੱਡੀ ਗਿਣਤੀ 'ਚ ਲੋਕ ਪਹੁੰਚੇ। ਪਹਿਲਾਂ ਤਾਂ ਜ਼ਿੰਦਾਬਾਦ ਮੁਰਦਾਬਾਦ ਨੇ ਕਿੰਨਾ ਚਿਰ ਜਲਸਾ ਚੱਲਣ ਹੀ ਨਾ ਦਿੱਤਾ ਪਰ ਵਾਰ-ਵਾਰ ਕਹਿਣ 'ਤੇ ਜਦੋਂ ਲੋਕ ਸ਼ਾਂਤ ਹੋਏ ਤਾਂ ਯੋਜਨਾ ਮੁਤਾਬਕ ਸਥਾਨਕ ਨੇਤਾਵਾਂ ਨੇ ਬਾਹਵਾਂ ਮਾਰ-ਮਾਰ ਕੇ, ਸੰਘ ਪਾੜ-ਪਾੜ ਕੇ ਕੇਂਦਰ ਤੋਂ ਆਏ ਐਮ.ਪੀ. ਸਾਹਿਬ ਤੋਂ ਵਧੇ ਹੋਏ ਰੇਟ ਅਤੇ ਕਿਰਾਏ ਵਾਪਸ ਲੈਣ ਦੀ ਮੰਗ ਦੁਹਰਾਈ।

ਅਖੀਰ ਐਮ.ਪੀ. ਸਾਹਿਬ ਉਠੇ ਸਨ ਤੇ ਇਸੇ ਥਾਂ ਆਪਣੀਆਂ ਕਹੀਆਂ ਠੀਕ ਗੱਲਾਂ ਦੇ ਉਲਟ ਸਾਰੀਆਂ ਗੱਲਾਂ 'ਸੁਚੱਜੇ ਢੰਗ' ਨਾਲ ਕਹੀਆਂ। ਲੋਕ ਚੁੱਪ-ਚਾਪ ਸੁਣਦੇ ਰਹੇ। ਅੱਜ ਅਸਲੀ ਮੁੱਦਾ ਵਧੇ ਹੋਏ ਰੇਟ ਵਾਪਸ ਲੈਣ ਦਾ ਸੀ; ਪਰ ਮਨ ਹੀ ਮਨ ਕੁੜ੍ਹ ਰਿਹਾ ਸੀ ਕਰਨੈਲ। ਐਮ.ਪੀ. ਸਾਹਿਬ ਨੇ ਬੜੇ ਅੰਦਾਜ਼ 'ਚ ਕਿਹਾ ਸੀ, "ਅੱਜ ਜਦੋਂ ਮੈਂ ਸਵੇਰੇ ਦਿੱਲੀਓਂ ਤੁਰਿਆ ਤਾਂ ਪ੍ਰਧਾਨ ਮੰਤਰੀ ਜੀ ਨਾਲ ਮੁਲਾਕਾਤ ਹੋਈ। ਵਧਾਏ ਹੋਏ ਕਿਰਾਏ ਤੇ ਰੇਟ ਵਾਪਸ ਲੈਣ ਬਾਰੇ ਮੈਂ ਬੜਾ ਜ਼ੋਰ ਪਾਇਆ ਤੇ ਤੁਹਾਡੇ ਸਾਰਿਆਂ ਦੇ ਹਿੱਤਾਂ ਨੂੰ ਧਿਆਨ 'ਚ ਰੱਖਦੇ ਹੋਏ ਪ੍ਰਧਾਨ ਮੰਤਰੀ ਜੀ ਨੇ ਕਿਹੈ ਕਿ ਕਿਰਾਏ ਅਤੇ ਬਿਜਲੀ ਦੇ ਰੇਟ ਨਹੀਂ ਵਧਾਏ ਜਾਣਗੇ, ਮੈਂ...।" ਪਰ ਅਗਲੀ ਗੱਲ ਪ੍ਰਧਾਨ ਮੰਤਰੀ ਐਮ.ਪੀ. ਸਾਹਿਬ ਤੇ ਪਾਰਟੀ ਜ਼ਿੰਦਾਬਾਦ ਦੇ ਨਾਹਰਿਆਂ 'ਚ ਗੁਆਚ ਗਈ। ਕਰਨੈਲ ਜੋ ਐਮ.ਪੀ. ਸਾਹਿਬ ਨਾਲ ਸਟੇਜ 'ਤੇ ਖੜ੍ਹਾ ਸੀ, ਤੜਫ ਰਿਹਾ ਸੀ।

"ਸਾਲੇ ਬੇਵਕੂਫ ਲੋਕ...।" ਉਹਦਾ ਜੀਅ ਕੀਤਾ ਕਿ ਚੀਕ ਕੇ ਕਹੇ, 'ਇਹ ਬਕਵਾਸ ਕਰਦੈ ਲੋਕੋ, ਇਹ ਕੰਜਰ ਤਾਂ ਚਾਰ ਦਿਨਾਂ ਦਾ ਇੱਥੇ ਹੀ ਡੇਰਾ ਲਾਈ ਬੈਠੈ। ਇਹ ਰੇਟ ਇਹਨੇ ਹੀ ਵਧਾਏ ਤੇ ਵਾਪਸ ਲਏ ਨੇ। ਇਹ ਕਮੀਨੈ, ਮੱਕਾਰ ਐ।' ਪਰ ਉਹ ਉਵੇਂ ਹੀ ਹਥਿਆਰ ਹੱਥ 'ਚ ਫੜੀ ਬੜੀ ਚੌਕਸੀ ਨਾਲ ਚੁਫੇਰੇ ਦੇਖਦਾ ਰਿਹਾ ਸੀ, ਬੱਸ।

"ਆਪ ਸੋ ਜਾਈਏ ਕਰਨੈਲ ਭਾਈ, ਹਮ ਪੂਰਾ ਧਿਆਨ ਰੱਖੇਂਗੇ। ਯੇਹ ਔਰਤ ਹਮੇਂ ਵੀ ਸ਼ੱਕੀ ਲਗਤੀ ਹੈ।"

ਗਾਰਡ ਉਪਰ ਆ ਗਏ ਨੇ। ਕਰਨੈਲ ਨੇ ਘੜੀ ਦੇਖੀ, ਸਮਾਂ ਗਿਆਰਾਂ ਤੋਂ ਉਪਰ ਹੋ ਗਿਆ ਹੈ। ਸਾਹਮਣੇ ਵਾਲੀ ਬੱਤੀ ਬੁੱਝ ਗਈ ਹੈ। ਉਹ ਸੌਂ ਗਏ ਨੇ ਸ਼ਾਇਦ। ਉਹ ਹਿਸਾਬ ਲਾਉਂਦਾ ਬੁੜਬੁੜਾਉਂਦਾ ਹੈ, 'ਸਾਢੇ ਛੇ ਜਾਗਦੀ ਹੈ...ਗਿਆਰਾਂ ਵਜੇ ਸੌਂਦੀ ਹੈ...ਇਉਂ ਬਣੇ ਸਾਢੇ ਸੋਲਾਂ ਘੰਟੇ...ਏਸ ਸਮੇਂ ਹੀ ਖਾਦੀ-ਪੀਂਦੀ ਤੇ ਨਹਾਉਂਦੀ ਹੈ...ਚਲੋ ਵਿਚੋਂ ਕੱਢੋ ਸਾਢੇ ਚਾਰ ਘੰਟੇ...ਇਸ ਹਿਸਾਬ ਨਾਲ ਇਹ ਬਾਰਾਂ ਘੰਟੇ ਤੁਰਦੀ ਹੈ ਲਗਾਤਾਰ...।'

ਉਹ ਯਾਦ ਕਰਦਾ ਹੈ, 'ਇਕ ਘੰਟੇ 'ਚ ਤੁਰਦੀ ਹੈ ਸਾਢੇ ਤਿੰਨ ਕਿਲੋਮੀਟਰ, ਤੇ ਬਾਰਾਂ ਘੰਟਿਆਂ 'ਚ ਬਿਆਲੀ ਕਿਲੋਮੀਟਰ, ਯਾਨਿ ਸਤਾਈ ਮੀਲ...ਸਤਾਈ ਮੀਲ ਰੋਜ਼...।"

ਉਹਦੀ ਆਵਾਜ਼ ਉਚੀ ਹੋ ਜਾਂਦੀ ਹੈ, "ਸਤਾਈ ਮੀਲ ਰੋਜ਼ ਤੁਰਦੀ ਹੈ ਉਹ...।"

ਪਲ ਦੀ ਪਲ ਉਹਨੂੰ ਉਹ ਕੁੜੀ ਦੇਸ ਦੀ ਜਨਤਾ 'ਚ ਬਦਲ ਗਈ ਜਾਪੀ।

"ਯਹ ਵਿਨੋਦ ਬਤਾ ਰਹਾ ਥਾ ਕਿ ਦੁਪਹਿਰ ਕੋ ਏਕ ਲੜਕਾ ਆ ਕਰ ਉਧਰ ਰੁਕਤਾ ਹੈ ਕੋਨੇ ਵਾਲੀ ਦੁਕਾਨ ਮੇਂ, ਔਰ 'ਸੁਪਰ ਫਾਸਟ' ਚਲ ਦੇਤੀ ਹੈ ਤਿਆਰ ਹੋ ਕਰ।"

ਪਰਸ ਰਾਮ ਨੇ ਕਿਹਾ ਤਾਂ ਕਰਨੈਲ ਨੇ ਘੂਰ ਕੇ ਵੇਖਿਆ ਉਹਦੇ ਵੱਲ। ਸੋਚਿਆ, ਇਹ ਉਹਦਾ ਜੀਉਣਾ ਔਖਾ ਕਰਨਗੇ ਹੁਣ। ਉਹਨੇ ਬਾਜ਼ਾਰੋਂ ਰੰਗ ਲਿਆਉਣੇ ਹੁੰਦੇ ਨੇ, ਫੈਕਟਰੀਓਂ ਮਾਲ ਲਿਆਉਣਾ ਹੁੰਦੈ, ਮਾਲ ਦੇਣਾ ਹੁੰਦੈ, ਇੰਨੀ ਕਰੜੀ ਮਿਹਨਤ। ਉਹਦਾ ਜੀਅ ਕੀਤਾ, ਉਹ ਵੀ ਪਿੰਡ ਚਲਾ ਜਾਵੇ...ਖੇਤੀ ਕਰੇ ਤੇ ਉਲੱਥ ਹੋ ਗਏ ਭਾਈਆਂ ਨੂੰ ਸਾਂਭੇ।

"ਅਬ ਤੋ ਇਸ ਕਾ ਕੁਛ ਕਰਨਾ ਪੜੇਗਾ।" ਗੱਲ ਪਰਸ ਰਾਮ ਦੇ ਮੂੰਹ 'ਚ ਹੀ ਸੀ ਕਿ ਉਹ ਉਚੀ ਸਾਰੀ ਬੋਲਿਆ, ਗੁੱਸੇ ਤੇ ਸਖ਼ਤੀ ਨਾਲ, "ਨਹੀਂ...ਖ਼ਬਰਦਾਰ ਜੇ ਉਧਰ ਦੇਖਿਆ ਵੀ।"

ਇਉਂ ਪਹਿਲੀ ਵਾਰ ਉਹਦਾ ਵਰਤਾਅ ਉਨ੍ਹਾਂ ਲਈ ਹੈਰਾਨੀ ਕਰਨ ਵਾਲਾ ਹੈ। ਕੋਈ ਥੱਲਿਓਂ ਬਾਪੂ ਨੂੰ ਜਗਾ ਲਿਆਇਆ। ਕਰਨੈਲ ਸੁਤ-ਉਨੀਂਦੇ ਬਾਪੂ ਦੇ ਕੁਝ ਵੀ ਬੋਲਣ ਤੋਂ ਪਹਿਲਾਂ ਉਹਦੇ ਸਾਹਮਣੇ ਜਾ ਖੜ੍ਹਾ ਹੋਇਆ, "ਬਾਪੂ...ਉਹ ਰੋਜ਼ ਸਤਾਈ ਮੀਲ ਤੁਰਦੀ ਐ, ਪਤਾ ਨਹੀਂ ਕਿੰਨੇ ਸਾਲਾਂ ਤੋਂ, ਤੇ ਇਹ ਐਮ.ਪੀ. ਸਾਅਬ...।" ਸ਼ਬਦਾਂ ਨੂੰ ਚੱਬ ਕੇ ਬੋਲਿਆ ਉਹ, "ਇਹ ਸ. ਗੁਰਮੁਖ ਸਿੰਘ ਐਮ.ਪੀ.। ਇਹ ਸਾਡੇ ਪਿੰਡ ਦਾ ਮੁੱਖਾ ਜਿਹਨੂੰ ਕੁਝ ਸਾਲ ਪਹਿਲਾਂ ਰੋਟੀ ਨਹੀਂ ਸੀ ਮਿਲਦੀ ਰੱਜਵੀਂ; ਇਹਦੇ ਕਾਕੇ ਜਿਹੜੇ ਕੱਲੇ-ਕੱਲੇ ਕਾਰਾਂ ਲਈ ਫਿਰਦੇ ਨੇ, ਜੁੱਤੀ ਨਹੀਂ ਸੀ ਹੁੰਦੀ ਉਨ੍ਹਾਂ ਦੇ ਪੈਰੀਂ, ਤੇ ਉਹ, ਉਹ ਰੋਜ਼ ਸਤਾਈ ਮੀਲ ਤੁਰਦੀ ਹੈ ਬਾਪੂ...ਪਤੈ ਕੀਹਦੇ ਲਈ...?"

ਬਾਪੂ ਨੇ ਉਹਦੇ ਮੂੰਹ 'ਤੇ ਹੱਥ ਰੱਖਣਾ ਚਾਹਿਆ, ਪਰ ਹੱਥ ਹਟਾਉਂਦਾ ਉਹ ਜੋਸ਼ 'ਚ ਬੋਲੀ ਗਿਆ, "ਪਤੈ ਕੀਹਦੇ ਲਈ...ਆਵਦੇ ਲਈ ਨਹੀਂ, ਘਰਵਾਲੇ ਲਈ ਵੀ ਨਹੀਂ...ਐਮ.ਪੀ. ਸਾਹਿਬ ਲਈ...ਇਹਦੇ ਕਾਕਿਆਂ ਲਈ; ਤੇ...ਤੇ ਬਾਪੂ ਆਪਣੇ ਵਰਗੇ ਕੁੱਤਿਆਂ ਲਈ...ਰੋਜ਼ ਸਤਾਈ ਮੀਲ...।"

# ਸਿੱਖੀ ਨਾਲ ਜੁੜੇ ਮਸਲੇ ਤੇ ਕਰੂਰ ਹੋ ਚੁੱਕੀ ਸਾਡੀ ਸੋਚ

ਕੀ ਮੈਂ ਝੂਠ ਬੋਲਿਐ...



**ਸਵਰਨ ਸਿੰਘ ਟਹਿਣਾ**
*ਫੋਨ:91-98141-78883*

ਪਿਛਲੇ ਦਿਨੀਂ ਕੈਨੇਡਾ ਤੇ ਅਮਰੀਕਾ ਦੇ ਕਈ ਰੇਡੀਓ ਚੈਨਲਾਂ ਉਤੇ 'ਯੂ.ਟਿਊਬ' 'ਤੇ ਪਈ ਇੱਕ ਵੀਡੀਓ ਬਾਰੇ ਲੰਮੀਆਂ-ਚੌੜੀਆਂ ਗੱਲਾਂ-ਬਾਤਾਂ ਹੋਈਆਂ। ਵਿਸ਼ਾ ਸੀ ਕਿ ਕੀ ਤਕੜੇ ਸਰੀਰ ਵਾਲੇ ਸਿੱਖਾਂ ਨੂੰ ਸਰੀਰਕ ਪੱਖੋਂ ਕਮਜ਼ੋਰ ਸਿੱਖਾਂ ਨੂੰ ਪਸ਼ੂਆਂ ਵਾਂਗ ਕੁੱਟਣ ਦਾ ਹੱਕ ਹੈ? ਕੀ ਇੱਕ ਸਿੱਖ ਦੂਜੇ ਸਿੱਖ ਨੂੰ ਗਲਤੀ ਕਰਨ 'ਤੇ ਕੁੱਟਣ ਮਾਰਨ ਦਾ ਹੱਕ ਰੱਖਦਾ ਹੈ? ਸਿੱਖਾਂ ਦਾ ਅਕਸ ਦੁਨੀਆਂ ਸਾਹਵੇਂ ਵਧੀਆ ਪੇਸ਼ ਕਰਨ ਲਈ ਘਸੁੰਨ-ਮੁੱਕੀ ਦੀ ਲੋੜ ਹੈ ਜਾਂ ਪ੍ਰੇਮ ਭਿੱਜੇ ਬੋਲਾਂ ਦੀ?

ਪਾਠਕਾਂ ਨੂੰ ਦੱਸ ਦਈਏ ਕਿ 'ਯੂ ਟਿਊਬ' ਉਤੇ 'ਅੰਮ੍ਰਿਤ ਸੁਧਾਰ' ਸਰਚ ਕਰਿਆਂ 'ਸ਼ਰਾਬੀ ਨਿਹੰਗ' ਨਾਂ ਦੀ ਇੱਕ ਵੀਡੀਓ ਸਾਹਮਣੇ ਆਉਂਦੀ ਹੈ, ਜਿਸ ਵਿਚ ਖੁੱਲ੍ਹੀ ਦਾੜ੍ਹੀ ਵਾਲਾ ਇੱਕ ਅੰਮ੍ਰਿਤਧਾਰੀ ਸਿੱਖ ਇੱਕ ਬਜ਼ੁਰਗ ਨਿਹੰਗ ਦੀ ਬੇਰਹਿਮੀ ਨਾਲ ਕੁੱਟਮਾਰ ਕਰ ਰਿਹੈ। ਕਾਰਨ ਹੈ ਕਿ ਨਿਹੰਗ ਸਿੰਘ ਨੇ ਛੋਟੀ ਸ੍ਰੀ ਸਾਹਿਬ ਪਹਿਨਣ ਦੇ ਬਾਵਜੂਦ ਸ਼ਰਾਬ ਪੀਣ ਦੀ ਗੁਸਤਾਖੀ ਕੀਤੀ। ਉਸ ਨੂੰ ਇੰਜ ਸੋਧਿਆ ਜਾ ਰਿਹੈ, ਜਿਵੇਂ ਸੋਧਾ ਲਾਉਣ ਵਾਲੇ ਨੂੰ ਧੁਰ ਦਰਗਾਹੋਂ ਫਰਮਾਨ ਹੋਇਆ ਹੋਵੇ ਕਿ ਤੈਨੂੰ ਇੰਜ ਕਰਨ ਦਾ ਪੂਰਾ-ਪੂਰਾ ਹੱਕ ਹੈ। ਆਲੇ-ਦੁਆਲੇ ਖੜ੍ਹੇ ਲੋਕ ਸਾਰਾ ਤਮਾਸ਼ਾ ਦੇਖ ਰਹੇ ਨੇ ਤੇ ਉਨ੍ਹਾਂ ਦੇ ਹਾਵ-ਭਾਵ ਤੋਂ ਜਾਪਦਾ ਹੈ, ਜਿਵੇਂ ਉਹ ਕੁੱਟਣ ਵਾਲੇ ਦੇ ਹੱਕ ਵਿਚ ਹੋਣ। ਸ਼ਰਾਬੀ ਨਿਹੰਗ ਦੇ ਪਹਿਲਾਂ ਜ਼ਾਲਮਾਨਾ ਢੰਗ ਨਾਲ ਚਪੇੜਾਂ ਮਾਰੀਆਂ ਜਾਂਦੀਆਂ ਨੇ, ਫੇਰ ਪੱਗ ਲਾਹੀ ਜਾਂਦੀ ਏ, ਫੇਰ ਕੁੜਤਾ ਲਾਹ ਕੇ ਨੰਗਾ ਕਰ ਦਿੱਤਾ ਜਾਂਦਾ ਏ, ਤੇ ਫੇਰ ਭੀੜ ਉਸ ਨੂੰ ਮੂਹਰੇ ਲਾ ਕੈਮਰੇ ਅੱਗੇ ਲੈ ਜਾਂਦੀ ਏ, ਜਿੱਥੇ ਉਹ ਨਿਹੰਗ ਆਪਣੀ ਗਲਤੀ ਇਕਬਾਲ ਕਰਦਾ ਹੈ।

ਵੀਡੀਓ 'ਚ ਪੰਜ-ਸੱਤ ਹੋਰ ਸਿੱਖ ਨਿਹੰਗ ਪਿੱਛੇ ਖੜ੍ਹ ਫੋਟੋਆਂ ਖਿਚਵਾਉਂਦੇ ਨੇ ਤੇ ਉਨ੍ਹਾਂ ਦੇ ਚਿਹਰੇ ਦੇਖ ਜਾਪਦੈ ਜਿਵੇਂ ਉਹ ਮਹਿਸੂਸ ਕਰਦੇ ਹੋਣ ਕਿ ਇਹੋ ਜਿਹੇ ਦਾਰੂ ਪੀਣਿਆਂ ਨੂੰ ਸੁਧਾਰਨ ਦਾ ਇਹੋ ਇਕ ਤਰੀਕਾ ਬਚਿਆ ਹੈ। ਇਸ ਵੀਡੀਓ ਥੱਲੇ ਤਰ੍ਹਾਂ-ਤਰ੍ਹਾਂ ਦੇ ਕੁਮੈਂਟ ਨੇ, ਪਰ ਜ਼ਿਆਦਾਤਰ ਨੇ ਲਿਖਿਐ ਕਿ ਨਿਹੰਗ ਸਿੰਘ ਨੇ ਜੋ ਗ਼ਲਤੀ ਕੀਤੀ, ਉਹ ਬਹੁਤ ਮਾੜੀ ਏ, ਪਰ ਜਿਹੜੀ ਗ਼ਲਤੀ ਉਸ ਨੂੰ ਸੁਧਾਰਨ ਦੇ ਨਾਂ 'ਤੇ ਸੋਫ਼ੀ ਸਿੰਘਾਂ ਨੇ ਕੀਤੀ ਹੈ, ਉਹ ਹੋਰ ਵੀ ਮਾੜੀ ਹੈ।

ਸਿੱਖੀ ਨਾਲ ਜੁੜੇ ਮਸਲਿਆਂ 'ਤੇ ਚੱਲਦੀ ਗੱਲਬਾਤ ਦੌਰਾਨ ਰੇਡੀਓ ਚੈਨਲਾਂ 'ਤੇ ਫੋਨ ਕਰਨ ਵਾਲਿਆਂ 'ਚੋਂ ਜ਼ਿਆਦਾਤਰ ਦੀ ਸੋਚ ਉਲਾਰਵਾਦੀ ਹੁੰਦੀ ਹੈ, ਤਰਕਵਾਦੀ ਨਹੀਂ ਤੇ ਇਹੀ ਸਭ ਇਸ ਵੀਡੀਓ ਬਾਰੇ ਗੱਲਬਾਤ ਮੌਕੇ ਹੋਇਆ। ਕੁਝ ਦਾ ਕਹਿਣਾ ਸੀ, 'ਅੰਮ੍ਰਿਤ ਛਕ ਕੇ, ਗੁਰੂ ਦਾ ਬਾਣਾ ਪਹਿਨ ਕੇ ਦਾਰੂ ਪੀਣ ਵਾਲਿਆਂ ਨੂੰ ਏਦਾਂ ਹੀ ਸੋਧਣਾ ਚਾਹੀਦੈ', 'ਕੁਟਾਪਾ ਚਾੜ੍ਹਨ ਵਾਲਿਆਂ ਦੇ ਹੱਕ ਵਿਚ ਹੋਰਾਂ ਨੂੰ ਵੀ ਖੜ੍ਹੇ ਹੋਣਾ ਚਾਹੀਦੈ', ਪਰ ਕੁਝ ਕੁ ਦਾ ਖਿਆਲ ਸੀ, 'ਏਦਾਂ ਕਿਸੇ ਮਸਲੇ ਦਾ ਹੱਲ ਨਹੀਂ ਹੁੰਦਾ, ਜੇ ਕੋਈ ਪਿਆਰ ਨਾਲ ਨਹੀਂ ਸਮਝਦਾ ਤਾਂ ਮਾਰਨ-ਕੁੱਟਣ ਨਾਲ ਭਲਾ ਕਿਵੇਂ ਸਮਝੇਗਾ?'

ਕਈ ਸਵਾਲ ਉਠਦੇ ਹਨ। ਪਹਿਲਾ ਇਹ ਕਿ ਸਿੱਖੀ ਨਾਲ ਜੁੜੇ ਮਸਲਿਆਂ ਬਾਰੇ ਅਸੀਂ ਇਕਦਮ ਬੁਖਲਾਹਟ ਵਿਚ ਕਿਉਂ ਆ ਜਾਂਦੇ ਹਾਂ? ਦੂਜਾ, ਬਾਕੀ ਧਰਮਾਂ ਦੇ ਪ੍ਰਚਾਰਕ ਲੋਕਾਂ ਵਿਚ ਜਾ ਕੇ ਪਿਆਰ-ਮੁਹੱਬਤ ਦੀ ਗੱਲ ਕਰਦੇ ਨੇ, ਧਰਮ ਨਾਲ ਜੁੜਿਆ ਸਾਹਿਤ ਵੰਡਦੇ ਨੇ, ਪਰ ਸਾਡੇ ਪ੍ਰਚਾਰਕ ਬਹੁਤੀ ਵਾਰ ਏਨੇ ਤਲਖ ਰੂਪ ਵਿਚ ਪੇਸ਼ ਆਉਂਦੇ ਨੇ ਕਿ ਉਨ੍ਹਾਂ ਤੋਂ ਡਰ ਲੱਗਣ ਲੱਗਦਾ ਹੈ? ਤੀਜਾ, ਕੀ ਭੁੱਲਿਆਂ ਨੂੰ ਸੋਧਣ ਦੇ ਨਾਂ 'ਤੇ ਤਨ ਤੋਂ ਕੱਪੜੇ ਲਾਹ ਦੇਣੇ, ਮੂੰਹ 'ਤੇ ਚਪੇੜਾਂ ਮਾਰਨੀਆਂ ਤੇ ਕੈਮਰੇ ਮੂਹਰੇ ਮਾਫ਼ੀ ਮੰਗਵਾਉਣੀ ਕਿੰਨੀ ਕੁ ਜ਼ਰੂਰੀ ਹੈ? ਤੇ ਚੌਥਾ ਸਭ ਤੋਂ ਅਹਿਮ ਸਵਾਲ ਹੈ ਕਿ ਪੰਜਾਬ ਵਿਚ ਥਾਂ-ਥਾਂ ਬਣੇ ਡੇਰਿਆਂ ਨੇ ਹਜ਼ਾਰਾਂ ਏਕੜ ਥਾਂਵਾਂ ਮੱਲੀਆਂ ਨੇ, ਕਦੇ ਸਾਡਾ ਧਿਆਨ ਉਨ੍ਹਾਂ ਵੱਲ ਕਿਉਂ ਨਹੀਂ ਜਾਂਦਾ? ਉਨ੍ਹਾਂ ਵਿਚੋਂ ਕਈਆਂ ਵਿਚ ਹਰ ਤਰ੍ਹਾਂ ਦੇ ਕੁਕਰਮ ਵੀ ਹੁੰਦੇ ਨੇ। ਉਸ ਪਾਸੇ ਧਿਆਨ ਦੇਣ ਦੀ ਥਾਂ ਇੱਕ ਰਿਕਸ਼ਾ ਚਾਲਕ ਨਿਹੰਗ ਦੀ ਫੈਂਟੀ ਲਾ ਕੇ ਅਸੀਂ ਜਿੱਤੇ ਹੋਏ ਮਹਿਸੂਸ ਕਿਉਂ ਕਰ ਰਹੇ ਹਾਂ?

ਕਿੰਨੇ ਕੁ ਲੋਕ ਜਾਣਦੇ ਕਿ ਪਿਛਲੇ ਦਿਨੀਂ ਦੁਆਬੇ ਦੇ ਇੱਕ ਪਿੰਡ ਵਿਚਲੇ ਗੁਰਦੁਆਰਾ ਸਾਹਿਬ 'ਚ ਅਚਾਨਕ ਪਿੰਡ ਵਾਸੀਆਂ ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਛਾਪੇਮਾਰੀ ਕੀਤੀ ਤੇ ਉਥੇ ਰਿੰਨੇ ਜਾ ਰਹੇ ਮੀਟ ਦੇ ਪਤੀਲੇ ਜ਼ਬਤ ਕੀਤੇ ਸਨ, ਪਰ ਇਹ ਖ਼ਬਰ ਫੈਲਣ ਤੋਂ ਰੋਕ ਦਿੱਤੀ ਗਈ ਸੀ, ਕਿਉਂਕਿ ਇਹਦੇ ਨਾਲ ਸੂਝਵਾਨ ਸਿੱਖਾਂ ਦੀਆਂ ਭਾਵਨਾਵਾਂ ਨੂੰ ਸੱਟ ਵੱਜ ਸਕਦੀ ਸੀ। ਇਹ ਕਾਰਾ ਸਿਰਫ਼ ਓਸ ਗੁਰਦੁਆਰਾ ਸਾਹਿਬ ਵਿਚ ਤਾਂ ਨਹੀਂ ਵਾਪਰਿਆ, ਕਿਤੇ ਨਾ ਕਿਤੇ ਇਹ ਸਭ ਹੁੰਦਾ ਹੀ ਰਹਿੰਦਾ ਏ, ਤੇ ਚਪੇੜਾਂ ਨਾਲ ਸਿੱਖੀ 'ਚ ਸੁਧਾਰ ਕਰਨ ਵਾਲਿਆਂ ਨੇ ਉਨ੍ਹਾਂ ਖ਼ਬਰਾਂ ਦਾ ਕਦੇ ਨੋਟਿਸ ਲਿਆ, ਇਹ ਵੀ ਤਾਂ ਸੋਚਿਆ ਜਾਵੇ। 'ਸਿੱਖਾਂ ਦਾ ਮਨ ਨੀਵਾਂ, ਮੱਤ ਉਚੀ' ਵਾਲੀ ਗੱਲ ਅਸੀਂ ਹਰ ਅਰਦਾਸ ਵੇਲੇ ਕਰਦੇ ਹਾਂ ਪਰ ਮੱਤ ਨੀਵੀਂ ਤੇ ਮਨ ਉਚੇ ਵਾਲੀਆਂ ਗੱਲਾਂ ਜਦੋਂ ਸਾਹਮਣੇ ਆਉਂਦੀਆਂ ਨੇ, ਉਦੋਂ ਦੋਸ਼ੀ ਕਿਸ ਨੂੰ ਮੰਨਿਆ ਜਾਵੇ? ਗੁਰੂ ਸਾਹਿਬਾਨ ਨੇ ਲੋਕਾਈ ਨੂੰ ਇਨਸਾਨੀਅਤ ਦੇ ਰੰਗ ਵਿਚ ਰੰਗੇ ਰਹਿਣ ਲਈ ਕਿਹਾ, ਇੱਕ ਦੂਜੇ ਦੇ ਕੰਮ ਆਉਣ, ਪਰਾਇਆ ਹੱਕ ਨਾ ਖਾਣ ਅਤੇ ਨਿਮਰ ਭਾਵ ਅਪਨਾਉਣ ਦੀ ਲੋੜ 'ਤੇ ਜ਼ੋਰ ਦਿੱਤਾ ਤੇ ਕਿੰਨੇ ਕੁ ਲੋਕ ਨੇ ਜਿਨ੍ਹਾਂ ਕਦੇ ਇਸ ਗੱਲ 'ਤੇ ਅਮਲ ਕੀਤਾ ਹੋਵੇ।

ਧਰਮ 'ਤੇ ਹੋਏ ਹਮਲੇ ਦੀ ਗੱਲ ਸੁਣਦਿਆਂ ਹੀ ਡਾਂਗਾਂ ਚੁੱਕ ਲਈਆਂ ਜਾਂਦੀਆਂ ਨੇ, ਨਿਹੱਥਿਆਂ ਦੇ ਸਿਰਾਂ 'ਚੋਂ ਖ਼ੂਨ ਵਹਾਇਆ ਜਾਂਦੈ, ਦੁਕਾਨਾਂ ਦੀ ਭੰਨਤੋੜ, ਵਾਹਨਾਂ ਨੂੰ ਅੱਗਾਂ ਤੇ ਸੜਕਾਂ 'ਤੇ ਜਾਮ ਲੱਗਦੇ ਨੇ, ਪਰ ਕੀ ਕਦੇ ਇਨ੍ਹਾਂ ਕਾਰਵਾਈਆਂ ਨਾਲ ਕਿਸੇ ਧਰਮ ਦਾ ਪ੍ਰਸਾਰ ਤੇ ਪ੍ਰਚਾਰ ਹੋਣ ਦੀ ਉਮੀਦ ਜਾਗੀ ਹੈ। ਉਲਟਾ ਜਿਵੇਂ-ਜਿਵੇਂ ਕਰੂਰ ਵਾਰਦਾਤਾਂ ਨੂੰ ਅੰਜ਼ਾਮ ਦਿੱਤਾ ਜਾਂਦੈ, ਤਿਉਂ-ਤਿਉਂ ਲੋਕ ਧਰਮ ਤੋਂ ਮੂੰਹ ਮੋੜਦੇ ਜਾਂਦੇ ਹਨ।

ਜ਼ਰਾ ਸੋਚੋ, ਨਿਹੰਗ ਦੀ ਕੁੱਟਮਾਰ ਵਾਲੀ ਇਹ ਵੀਡੀਓ ਦੁਨੀਆਂ ਦੇ ਕੋਨੇ-ਕੋਨੇ 'ਚ ਬੈਠੇ ਹੋਰ ਭਾਈਚਾਰਿਆਂ ਦੇ ਲੋਕ ਵੀ ਦੇਖਦੇ ਹੋਣਗੇ। ਬਹੁਤਿਆਂ ਨੂੰ ਮਾਮਲੇ ਦੀ ਤਾਂ ਸਮਝ ਨਹੀਂ ਹੋਵੇਗੀ ਪਰ ਇਹ ਗੱਲ ਤਾਂ ਪਿੜ ਪੱਲੇ ਪੈ ਹੀ ਜਾਵੇਗੀ ਕਿ ਇੱਕ ਸਿੱਖ, ਦੂਜੇ ਸਿੱਖ ਨੂੰ ਵਹਿਸ਼ੀ ਢੰਗ ਨਾਲ ਕੁੱਟ ਰਿਹੈ। ਕੇਹਾ ਅਕਸ ਬਣਦਾ ਹੋਏਗਾ ਉਨ੍ਹਾਂ ਦੇ ਮਨਾਂ ਵਿਚ ਸਿੱਖਾਂ ਬਾਰੇ?

ਅਸੀਂ ਫਰਾਂਸ ਵਿਚ ਪਗੜੀ ਦੇ ਮੁੱਦੇ 'ਤੇ ਲੜਾਈ ਲੜਦੇ ਹਾਂ। ਕਹਿੰਦੇ ਹਾਂ ਕਿ ਏਅਰਪੋਰਟਾਂ 'ਤੇ ਚੈਕਿੰਗ ਵੇਲੇ ਪੱਗਾਂ ਲਹਾਉਣ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਦੀ ਏ, ਪਰ ਜਦੋਂ ਸਾਡੇ ਸਿੱਖ 'ਸੁਧਾਰ' ਦੇ ਨਾਂ 'ਤੇ ਘਸੁੰਨਾਂ ਦੀ ਵਰਤੋਂ ਕਰਦਿਆਂ ਕੁੱਟ ਖਾਣ ਵਾਲੇ ਦੀ ਪੱਗ ਪਰ੍ਹੇ ਵਗਾਹ ਮਾਰਦੇ ਨੇ, ਉਦੋਂ ਸਿੱਖ ਭਾਵਨਾਵਾਂ ਨੂੰ ਸੱਟ ਭਲਾ ਕਿਉਂ ਨਹੀਂ ਵੱਜਦੀ? ਅਸੀਂ ਸਾਰੇ ਡੇਰਾਵਾਦ ਦਾ ਰੋਣਾ ਰੋਂਦੇ ਹਾਂ ਪਰ ਇਹ ਸਭ ਕਿਉਂ ਹੋ ਰਿਹੈ, ਕਦੇ ਨਹੀਂ ਸੋਚਿਆ? ਅਸੀਂ ਡੇਰਾਵਾਦ ਦੇ ਹਾਮੀ ਨਹੀਂ ਪਰ ਉਥੇ ਦੇ ਅਨੁਸ਼ਾਸ਼ਨ ਤੋਂ ਸਾਨੂੰ ਕੁਝ ਪ੍ਰੇਰਨਾ ਤਾਂ ਲੈਣੀ ਚਾਹੀਦੀ ਹੈ। ਜੇ ਲੋਕ ਮਨਾਂ ਵਿਚ ਡੇਰਿਆਂ ਪ੍ਰਤੀ ਅੰਨ੍ਹੀ ਸ਼ਰਧਾ ਹੈ ਤਾਂ ਉਹ ਕਿਹੜੇ ਕਾਰਨ ਹਨ, ਜੋ ਇਸ ਸਭ ਲਈ ਜ਼ਿੰਮੇਵਾਰ ਹਨ?

ਅਸਲ ਗੱਲ ਇਹ ਹੈ ਕਿ ਸਿੱਖੀ 'ਚ ਸੁਧਾਰ ਡਾਂਗਾਂ ਨਾਲ ਨਹੀਂ ਹੋਣਾ। ਇਹ ਸਿਰਫ਼ ਪਿਆਰ ਦੀ ਭਾਸ਼ਾ ਨਾਲ ਸੰਭਵ ਹੈ। ਥਾਂ-ਥਾਂ ਖੁੱਲ੍ਹੇ ਨਸ਼ਾ ਛੁਡਾਊ ਕੇਂਦਰਾਂ ਵਿਚ ਵੀ ਡਾਂਗਾਂ ਨਾਲ ਨਸ਼ੇ ਨਹੀਂ ਛੁਡਾਏ ਜਾਂਦੇ, ਸਗੋਂ ਮਰੀਜ਼ ਨੂੰ ਪ੍ਰੇਰਨ ਦਾ ਰਾਹ ਅਪਨਾਇਆ ਜਾਂਦਾ ਹੈ। ਸਿੱਖੀ ਵਿਚ ਜੇ ਕੋਈ ਸੁਧਾਰ ਹੋਣਾ ਹੈ ਤਾਂ ਸਹੀ ਢੰਗ ਨਾਲ ਪ੍ਰਚਾਰ ਕਰਕੇ ਅਤੇ ਲੋਕਾਂ ਨੂੰ ਭਰੋਸੇ ਵਿਚ ਲੈ ਕੇ ਹੀ ਹੋਣਾ ਹੈ। ਇਸ ਮਾਮਲੇ ਵਿਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਮੁੱਖ ਭੂਮਿਕਾ ਨਿਭਾ ਸਕਦੀ ਹੈ ਪਰ ਉਥੇ ਲੀਡਰਸ਼ਿਪ ਉਤੇ ਕਿਨ੍ਹਾਂ ਦਾ ਕਬਜ਼ਾ ਹੈ ਅਤੇ ਉਨ੍ਹਾਂ ਦਾ ਨਾਂ ਨਸ਼ਾਖੋਰੀ ਵਿਚ ਕਿਵੇਂ ਬੋਲਦਾ ਹੈ? ਕਿਸੇ ਤੋਂ ਭੁੱਲਾ ਨਹੀਂ। ਪਰ ਕਿਸੇ ਵੀ ਹਾਲਤ ਵਿਚ ਜੋ ਵੀਡੀਓ ਵਿਚਲਾ ਕੁੱਟਣ ਵਾਲਾ ਨਿਹੰਗ ਕਰ ਰਿਹਾ ਹੈ ਉਸ ਨੂੰ ਸਹੀ ਨਹੀਂ ਕਰਾਰ ਦਿੱਤਾ ਜਾ ਸਕਦਾ।



ਮੀਨੂ ਸਿੰਘ ਤੇ ਅਮਰਦੀਪ ਗਿੱਲ

## ਜਾਂਦਿਆਂ-ਜਾਂਦਿਆਂ

ਮੀਨੂੰ ਸਿੰਘ ਬਹੁਤ ਛੋਟੀ ਉਮਰ ਦੀ ਬੱਚੀ ਹੈ, ਜਿਸ ਦੀ ਅਵਾਜ਼ ਵਿਚ ਕਮਾਲ ਦੀ ਕਸ਼ਿਸ਼ ਹੈ। ਗੀਤਕਾਰ ਅਮਰਦੀਪ ਸਿੰਘ ਗਿੱਲ ਉਸ ਦਾ ਰਾਹ ਦਸੇਰਾ ਹੈ। ਅਮਰਦੀਪ ਮੀਨੂੰ 'ਤੇ ਉਸ ਨਾਲੋਂ ਕਈ ਗੁਣਾ ਵੱਧ ਮਿਹਨਤ ਕਰ ਰਿਹੈ, ਜਿੰਨੀ ਉਹਨੇ ਕਿਸੇ ਵੇਲ਼ੇ ਰਾਣੀ ਰਣਦੀਪ 'ਤੇ ਕੀਤੀ ਸੀ ਤੇ ਇਹੀ ਕਾਰਨ ਹੈ ਕਿ ਮੀਨੂ ਘੱਟ ਖਰਚੇ ਦੀ ਗਾਇਕੀ ਅਪਨਾ ਕੇ ਹੌਲੀ-ਹੌਲੀ ਆਪਣੀ ਪ੍ਰਸਿੱਧੀ ਦਾ ਦਾਇਰਾ ਵਧਾ ਰਹੀ ਹੈ। ਇਨ੍ਹੀਂ ਦਿਨੀਂ ਚੈਨਲਾਂ 'ਤੇ ਮੀਨੂੰ ਸਿੰਘ ਦਾ ਸ਼ਹੀਦ ਭਗਤ ਸਿੰਘ ਦੀ ਸੋਚ ਨਾਲ ਸਬੰਧਤ ਖ਼ੂਬਸੂਰਤ ਗੀਤ ਦਿਸ ਰਿਹੈ। ਮੀਨੂੰ ਦੀ ਅਵਾਜ਼ ਤੇ ਅਮਰਦੀਪ ਦੀ ਕਲਮ ਦਿਲ ਦੀ ਗਹਿਰਾਈ ਦੀਆਂ ਗੱਲਾਂ ਕਰਦੀ ਏ। ਮੀਨੂ ਦੇ ਗੀਤ ਦੇ ਬੋਲ ਨੇ,


ਮੇਰੇ ਵੀਰ ਭਗਤ ਸਿੰਘ ਸ਼ੇਰਾ ਵੇ,
ਨਾਂ ਲੈਂਦੀ ਦੁਨੀਆਂ ਤੇਰਾ ਵੇ,
ਪਰ ਸੋਚ 'ਤੇ ਖੜ੍ਹਦੀ ਨਾ,
ਸੋਹਣਿਆ ਵੇ ਤੇਰਾ ਲਿਖਿਆ ਪੜ੍ਹਦੀ ਨਾ।
ਤੇਰੇ ਦਿਨ ਵੀ ਲੋਕ ਮਨਾਉਂਦੇ ਨੇ,
ਤੇਰੀ ਫੋਟੋ ਘਰ-ਘਰ ਲਾਉਂਦੇ ਨੇ,
ਤੂੰ ਜੰਮੇਂ ਦੁਬਾਰਾ ਚਾਹੁੰਦੇ ਨੇ,
ਪਰ ਜੰਮੇਂ ਨਾ ਸਾਡੇ ਹੀਰਿਆ,
ਵੇ ਤੈਥੋਂ ਡਰਦੇ ਡਾਹਢਾ ਵੀਰਿਆ।

ਉਮੀਦ ਹੈ, ਅਮਰਦੀਪ ਦੀ ਅਗਵਾਈ ਮੀਨੂ ਸਿੰਘ ਦਾ ਭਵਿੱਖ ਰੁਸ਼ਨਾਉਣ ਵਿਚ ਸਹਾਈ ਹੋਵੇਗੀ।

## ਮਾਓਵਾਦ ਦੀ ਹਕੀਕਤ

# ਚੱਕਰਵਿਊ

ਇਕ ਜ਼ਮਾਨਾ ਉਹ ਸੀ ਜਦੋਂ ਅਸਲ ਵਿਸ਼ਿਆਂ ਤੋਂ ਫ਼ਿਲਮ ਵਾਲੇ ਦੂਰ ਰਿਹਾ ਕਰਦੇ ਸਨ। ਉਦੋਂ ਬਾਲੀਵੁੱਡ ਵਿਚ ਰੋਮਾਂਟਿਕ ਜਾਂ ਫਿਰ ਵਿਛੜੇ-ਮਿਲੇ ਫਾਰਮੂਲੇ 'ਤੇ ਜਾਂ ਫਿਰ ਬਦਲੇ 'ਤੇ ਆਧਾਰਤ ਫ਼ਿਲਮਾਂ ਬਣਿਆ ਕਰਦੀਆਂ ਸਨ। ਹੁਣ ਬਦਲਦੇ ਸਮੇਂ ਦੇ ਨਾਲ ਫ਼ਿਲਮ ਵਾਲੇ ਵੀ ਸਮਾਜ ਦੀ ਸੱਚਾਈ ਨੂੰ ਪਰਦੇ 'ਤੇ ਪੇਸ਼ ਕਰਨ ਦੀ ਹਿੰਮਤ ਦਿਖਾਉਣ ਲੱਗੇ ਹਨ। ਦੇਸ਼ ਵਿਚ ਵਾਪਰਦੀਆਂ ਮਹੱਤਵਪੂਰਨ ਘਟਨਾਵਾਂ ਨੂੰ ਵੀ ਕਹਾਣੀ ਦਾ ਜਾਮਾ ਪਵਾ ਕੇ ਦਰਸ਼ਕਾਂ ਸਾਹਮਣੇ ਪੇਸ਼ ਕੀਤਾ ਜਾਣ ਲੱਗਿਆ ਹੈ। ਇਹੀ ਵਜ੍ਹਾ ਹੈ ਕਿ ਕਦੀ ਕਸ਼ਮੀਰ ਦੇ ਮਸਲੇ 'ਤੇ ਫ਼ਿਲਮਾਂ ਬਣੀਆਂ ਤੇ ਕਦੀ ਪੰਜਾਬ ਬਾਰੇ। ਹੁਣ ਮਾਓਵਾਦ ਦੇ ਰੂਪ ਵਿਚ ਫ਼ਿਲਮ ਵਾਲਿਆਂ ਨੂੰ ਇਕ ਹੋਰ ਵਿਸ਼ਾ ਮਿਲ ਗਿਆ ਹੈ ਤੇ ਇਸ ਵਿਸ਼ੇ 'ਤੇ ਵੀ ਆਏ ਦਿਨ ਫ਼ਿਲਮਾਂ ਬਣਨ ਲੱਗੀਆਂ ਹਨ।



ਨਿਰਦੇਸ਼ਕ ਪ੍ਰਕਾਸ਼ ਝਾਅ

'ਲਾਲ ਸਲਾਮ', 'ਰੈੱਡ ਅਲਰਟ', 'ਟੈਂਗੋ ਚਾਰਲੀ' ਤੇ ਹਾਲੀਆ ਰਿਲੀਜ਼ ਫ਼ਿਲਮ 'ਆਲਾਪ' ਵਿਚ ਮਾਓਵਾਦ ਨਾਲ ਜੁੜੀਆਂ ਕਹਾਣੀਆਂ ਪੇਸ਼ ਕੀਤੀਆਂ ਗਈਆਂ ਹਨ ਤੇ ਹੁਣ ਇਸ ਲੜੀ ਵਿਚ ਨਿਰਮਾਤਾ ਨਿਰਦੇਸ਼ਕ ਪ੍ਰਕਾਸ਼ ਝਾਅ 'ਚੱਕਰਵਿਊ' ਲੈ ਕੇ ਪਹੁੰਚ ਰਹੇ ਹਨ। ਵੈਸੇ ਵੀ ਪ੍ਰਕਾਸ਼ ਝਾਅ ਨੂੰ ਅਸਲ ਘਟਨਾਵਾਂ ਤੋਂ ਪ੍ਰੇਰਣਾ ਲੈ ਕੇ ਫ਼ਿਲਮਾਂ ਬਣਾਉਣਾ ਚੰਗਾ ਲੱਗਦਾ ਹੈ।

'ਗੰਗਾਜਲ', 'ਅਪਹਰਣ', 'ਰਾਜਨੀਤੀ', 'ਆਰਕਸ਼ਣ' ਉਨ੍ਹਾਂ ਦੀਆਂ ਫ਼ਿਲਮਾਂ ਅਸਲੀਅਤ 'ਤੇ ਆਧਾਰਿਤ ਸਨ। ਹੁਣ ਨਕਸਲਵਾਦ 'ਤੇ 'ਚੱਕਰਵਿਊ' ਬਣਾਉਣ ਬਾਰੇ ਉਨ੍ਹਾਂ ਦਾ ਕਹਿਣਾ ਹੈ ਕਿ ਅੱਜ ਦੇਸ਼ ਵਿਚ ਮਾਓਵਾਦ ਭਖਦਾ ਮਸਲਾ ਬਣਿਆ ਹੋਇਆ ਹੈ। ਦੇਸ਼ ਦੇ 200 ਜ਼ਿਲ੍ਹੇ ਮਾਓਵਾਦ ਤੋਂ ਪ੍ਰਭਾਵਿਤ ਹਨ ਤੇ ਇਹ ਸਮੱਸਿਆ ਏਨੀ ਗੰਭੀਰ ਹੈ ਕਿ ਇਸ ਦੀ ਅਣਦੇਖੀ ਕਰਨ 'ਤੇ ਜੋ ਬੁਰੇ ਨਤੀਜੇ ਆਉਣਗੇ, ਉਸ ਨਾਲ ਪੂਰਾ ਦੇਸ਼ ਪ੍ਰਭਾਵਿਤ ਹੋ ਜਾਵੇਗਾ। ਇਸ ਫ਼ਿਲਮ ਨੂੰ ਬਣਾਉਣ ਤੋਂ ਪਹਿਲਾਂ ਉਹ ਕਈ ਮਾਓਵਾਦੀਆਂ ਨੂੰ ਮਿਲਿਆ। ਉਸ ਨੂੰ ਉਨ੍ਹਾਂ ਵਿਚ ਤੇ ਬਾਕੀ ਲੋਕਾਂ ਵਿਚ ਕੋਈ ਫਰਕ ਨਜ਼ਰ ਨਹੀਂ ਆਇਆ। ਉਨ੍ਹਾਂ ਦਾ ਕਹਿਣਾ ਹੈ ਕਿ ਆਪਣੀਆਂ ਮੰਗਾਂ ਲਈ ਉਹ ਜਿਸ ਢੰਗ ਨਾਲ ਹਿੰਸਾ ਦਾ ਰਸਤਾ ਅਖ਼ਤਿਆਰ ਕਰ ਰਹੇ ਹਨ, ਇਸ 'ਤੇ ਵਿਵਾਦ ਹੋ ਸਕਦਾ ਹੈ ਪਰ ਸੱਚ ਇਹ ਵੀ ਹੈ ਕਿ ਇਕ ਆਮ ਆਦਮੀ ਉਦੋਂ ਹੀ ਹਥਿਆਰ ਚੁੱਕਣਾ ਪਸੰਦ ਕਰਦਾ ਹੈ ਜਦੋਂ ਉਸ ਦੇ ਨਾਲ ਹੋ ਰਿਹਾ ਅਨਿਆਂ ਇਕ ਹੱਦ ਤੋਂ ਟੱਪ ਜਾਂਦਾ ਹੈ। 'ਚੱਕਰਵਿਊ' ਵਿਚ ਅਰਜਨ ਰਾਮਪਾਲ ਵੱਲੋਂ ਪੁਲਿਸ ਅਫਸਰ ਆਦਿਲ ਖਾਨ ਦੀ ਭੂਮਿਕਾ ਨਿਭਾਈ ਗਈ ਹੈ। ਆਦਿਲ ਜਾਂਬਾਜ਼ ਅਫਸਰ ਹੈ ਤੇ ਉਸ ਦੇ ਲਈ ਆਪਣੀ ਡਿਊਟੀ ਹੀ ਸਭ ਕੁਝ ਹੈ। ਆਦਿਲ ਦੀ ਪਤਨੀ ਰੀਆ (ਈਸ਼ਾ ਗੁਪਤਾ) ਵੀ ਇੰਟੈਲੀਜੈਂਸ ਅਫਸਰ ਹੈ। ਰੀਆ ਨੂੰ ਆਪਣੇ ਪਤੀ ਦੇ ਨਾਲ ਮੋਢਿਆਂ ਨਾਲ ਮੋਢਾ ਮਿਲਾ ਕੇ ਲੜਨਾ ਪਸੰਦ ਹੈ। ਆਦਿਲ ਖਾਨ ਦਾ ਇਕ ਦੋਸਤ ਹੈ ਕਬੀਰ (ਅਭੈ ਦਿਓਲ) ਜੋ ਵਿਦਰੋਹੀ ਸੁਭਾਅ ਦਾ ਹੈ। ਆਪਣੀ ਇਕ ਚਾਲ ਰਾਹੀਂ ਆਦਿਲ ਉਸ ਨੂੰ ਮਾਓਵਾਦੀਆਂ ਵਿਚ ਸ਼ਾਮਲ ਕਰ ਦਿੰਦਾ ਹੈ ਤਾਂ ਕਿ ਉਸ ਦੇ ਰਾਹੀਂ ਉਸ ਨੂੰ ਮਾਓਵਾਦੀਆਂ ਦੀਆਂ ਸਰਗਰਮੀਆਂ ਦੀ ਜਾਣਕਾਰੀ ਹਾਸਲ ਹੁੰਦੀ ਰਹੇ। ਰਾਜਨ (ਮਨੋਜ ਵਾਜਪਾਈ) ਮਾਓਵਾਦੀਆਂ ਦਾ ਨੇਤਾ ਹੈ ਤੇ ਪੂਰੇ ਇਲਾਕੇ ਵਿਚ ਉਸ ਦੇ ਨਾਂ ਦੀ ਧਾਕ ਹੈ। ਸਮਾਜ ਦੇ ਗ਼ਰੀਬ ਵਰਗ ਦੇ ਲੋਕ ਉਸ ਨੂੰ ਆਪਣਾ ਮਸੀਹਾ ਮੰਨਦੇ ਹੁੰਦੇ ਹਨ। ਜੂਹੀ (ਅੰਜਲੀ ਪਾਟਿਲ) ਗ਼ਰੀਬ ਘਰ ਵਿਚ ਜਨਮੀ ਕੁੜੀ ਹੈ। ਅਨਿਆਂ ਤੋਂ ਤੰਗ ਆ ਕੇ ਉਸ ਨੇ ਬੰਦੂਕ ਚੁੱਕ ਲਈ ਹੁੰਦੀ ਹੈ। ਕਬੀਰ ਦੀ ਮਦਦ ਨਾਲ ਆਦਿਲ ਖਾਨ ਹੁਣ ਰਾਜਨ ਨੂੰ ਫੜਨਾ ਚਾਹੁੰਦਾ ਹੈ ਪਰ ਆਖਿਰ ਇਹ ਜੰਗ ਕੀ ਰੰਗ ਲਿਆਉਂਦੀ ਹੈ, ਇਹ ਅੱਗੇ ਦਿਖਾਇਆ ਗਿਆ ਹੈ। ਸਰਕਾਰ ਦੇ ਕੰਨਾਂ ਤੱਕ ਆਪਣੀ ਆਵਾਜ਼ ਪਹੁੰਚਾਉਣ ਲਈ ਨਕਸਲੀ ਅਕਸਰ ਹਿੰਸਾ ਦਾ ਰਸਤਾ ਅਖਤਿਆਰ ਕਰਦੇ ਆਏ ਹਨ। ਹੁਣ ਦੇਖਣਾ ਇਹ ਹੈ ਕਿ ਇਸ ਫ਼ਿਲਮ ਰਾਹੀਂ ਮਾਓਵਾਦੀਆਂ ਦੀ ਆਵਾਜ਼ ਸਰਕਾਰ ਤੱਕ ਪਹੁੰਚਦੀ ਹੈ ਜਾਂ ਨਹੀਂ।



ਫ਼ਿਲਮ 'ਚੱਕਰਵਿਊ' ਦਾ ਦ੍ਰਿਸ਼

**ਆਪਣੀਆਂ ਮੰਗਾਂ ਲਈ ਉਹ ਜਿਸ ਢੰਗ ਨਾਲ ਹਿੰਸਾ ਦਾ ਰਸਤਾ ਅਖ਼ਤਿਆਰ ਕਰ ਰਹੇ ਹਨ, ਇਸ 'ਤੇ ਵਿਵਾਦ ਹੋ ਸਕਦਾ ਹੈ ਪਰ ਸੱਚ ਇਹ ਵੀ ਹੈ ਕਿ ਇਕ ਆਮ ਆਦਮੀ ਉਦੋਂ ਹੀ ਹਥਿਆਰ ਚੁੱਕਣਾ ਪਸੰਦ ਕਰਦਾ ਹੈ ਜਦੋਂ ਉਸ ਦੇ ਨਾਲ ਹੋ ਰਿਹਾ ਅਨਿਆਂ ਇਕ ਹੱਦ ਤੋਂ ਟੱਪ ਜਾਂਦਾ ਹੈ।**



# ਪ੍ਰਿਯੰਕਾ ਦੀ ਪਹੇਲੀ

ਆਪਣੀ ਹੁਣੇ ਜਿਹੇ ਰਿਲੀਜ਼ ਹੋਈ ਫਿਲਮ 'ਬਰਫੀ' ਦੀ ਸਫਲਤਾ ਤੋਂ ਪ੍ਰਿਯੰਕਾ ਚੋਪੜਾ ਕਾਫੀ ਉਤਸ਼ਾਹਤ ਹੈ। ਹੁਣ ਇਸ ਫਿਲਮ ਨੂੰ ਆਸਕਰ ਲਈ ਭਾਰਤੀ ਫ਼ਿਲਮ ਦੇ ਤੌਰ 'ਤੇ ਭੇਜੇ ਜਾਣ 'ਤੇ ਤਾਂ ਜਿਵੇਂ ਉਸ ਦਾ ਮੂੰਹ ਹੀ ਮਿੱਠਾ ਹੋ ਗਿਆ ਹੋਵੇ। ਅਜਿਹੇ ਵਿਚ ਬਹੁਤ ਸੁਭਾਵਿਕ ਜਿਹੀ ਗੱਲ ਹੈ ਕਿ ਪ੍ਰਿਯੰਕਾ ਚੋਪੜਾ ਆਪਣਾ ਰੇਟ ਵਧਾ ਦੇਵੇ।


ਹਰ ਕਲਾਕਾਰ ਆਪਣੀ ਕਿਸੇ ਵੱਡੀ ਸਫਲਤਾ ਤੋਂ ਬਾਅਦ ਅਕਸਰ ਆਪਣੇ ਮਿਹਨਤਾਨੇ ਵਿਚ ਵਾਧਾ ਕਰਦਾ ਹੈ ਤਾਂ ਪ੍ਰਿਯੰਕਾ ਦੇ ਅਜਿਹਾ ਕਰਨ 'ਤੇ ਕੋਈ ਹੈਰਾਨੀ ਨਹੀਂ ਹੋਣੀ ਚਾਹੀਦੀ। 'ਬਰਫੀ' ਵਿਚ ਜਿਥੇ ਰਣਬੀਰ ਕਪੂਰ ਦੀ ਅਦਾਕਾਰੀ ਨੂੰ ਕਾਫੀ ਸਰਾਹਿਆ ਜਾ ਰਿਹਾ ਹੈ, ਉਥੇ ਇਸ ਫਿਲਮ ਵਿਚ ਉਸ ਦੇ ਆਪੋਜ਼ਿਟ ਅਦਾਕਾਰੀ ਕਰ ਰਹੀ ਪ੍ਰਿਯੰਕਾ ਨੂੰ ਵੀ ਚਾਰੇ ਪਾਸਿਓਂ ਪ੍ਰਸ਼ੰਸਾ ਮਿਲ ਰਹੀ ਹੈ। ਫਿਲਮਾਂ ਦਾ ਤਾਂ ਅਜੇ ਪਤਾ ਨਹੀਂ ਪਰ ਦਿੱਲੀ ਵਿਚ ਕਰਵਾਏ ਜਾ ਰਹੇ ਇਕ ਫੈਸ਼ਨ ਸ਼ੋਅ ਦੇ ਆਯੋਜਕਾਂ ਨੇ ਜਦੋਂ ਉਸ ਤੋਂ ਸ਼ੋਅ ਵਿਚ ਰੈਂਪ 'ਤੇ ਚੱਲਣ ਦੀ ਬੇਨਤੀ ਕੀਤੀ ਤਾਂ ਪ੍ਰਿਯੰਕਾ ਨੇ ਉਨ੍ਹਾਂ ਤੋਂ ਇਕ ਵੱਡੀ ਰਕਮ ਦੀ ਮੰਗ ਕੀਤੀ। ਆਯੋਜਕ ਇੰਨੀ ਵੱਡੀ ਰਕਮ ਦੇ ਸਕਣ ਵਿਚ ਅਸਮਰੱਥ ਸਨ, ਇਸ ਲਈ ਆਯੋਜਕਾਂ ਨੇ ਕਿਸੇ ਹੋਰ ਨੂੰ ਇਸ ਈਵੈਂਟ ਲਈ ਲੈਣਾ ਹੀ ਸਹੀ ਸਮਝਿਆ। ਸੂਤਰਾਂ ਅਨੁਸਾਰ ਪ੍ਰਿਯੰਕਾ ਇਸ ਈਵੈਂਟ ਦੀ ਅੰਬੈਸਡਰ ਹੈ, ਅਜਿਹੇ ਵਿਚ ਉਸ ਨੂੰ ਸ਼ੋਅ ਵਿਚ ਰੈਂਪ 'ਤੇ ਚੱਲਣ ਦੀ ਬੇਨਤੀ ਕਰਨਾ ਸੁਭਾਵਕ ਹੀ ਸੀ ਪਰ ਉਸ ਨੇ ਇਕ ਕਰੋੜ ਦੀ ਮੰਗ ਕਰਕੇ ਆਯੋਜਕਾਂ ਨੂੰ ਹੈਰਾਨ ਕਰ ਦਿੱਤਾ। ਉਨ੍ਹਾਂ ਲਈ ਇਹ ਰਕਮ ਕਾਫੀ ਜ਼ਿਆਦਾ ਸੀ ਜਿਸ ਦੇ ਲਈ ਉਹ ਰਾਜ਼ੀ ਨਹੀਂ ਹੋਏ। ਇਸ ਲਈ ਇਹ ਡੀਲ ਪ੍ਰਵਾਨ ਨਾ ਚੜ੍ਹ ਸਕੀ।'

ਆਮ ਤੌਰ 'ਤੇ ਸੈਲੀਬ੍ਰਿਟੀਜ਼ ਇਸ ਤਰ੍ਹਾਂ ਦੇ ਸ਼ੋਅਜ਼ ਲਈ 30 ਲੱਖ ਰੁਪਏ ਤੱਕ ਲੈਂਦੀਆਂ ਹਨ ਪਰ ਪ੍ਰਿਯੰਕਾ ਨੇ ਪਤਾ ਨਹੀਂ ਕੀ ਸੋਚ ਕੇ ਇਕ ਕਰੋੜ ਰੁਪਏ ਦੀ ਮੰਗ ਕੀਤੀ? ਹੁਣ ਇਹ ਦੇਖਣਾ ਵੀ ਦਿਲਚਸਪ ਹੋਵੇਗਾ ਕਿ ਪ੍ਰਿਯੰਕਾ ਫਿਲਮਾਂ ਲਈ ਮਿਹਨਤਾਨਾ ਵਧਾ ਕੇ ਨਿਰਮਾਤਾ-ਨਿਰਦੇਸ਼ਕਾਂ ਨੂੰ ਕਿੰਨਾ ਹੈਰਾਨ ਕਰਦੀ ਹੈ।

# ਬਾਲੀਵੁੱਡ ਦਾ ਸ਼ਹਿਨਸ਼ਾਹ ਸ਼ੰਮੀ ਕਪੂਰ

ਹਿੰਦੀ ਫ਼ਿਲਮਾਂ ਦੇ ਪ੍ਰਸਿੱਧ ਅਦਾਕਾਰ ਸ਼ੰਮੀ ਕਪੂਰ ਦਿੱਗਜ ਅਦਾਕਾਰ ਪ੍ਰਿਥਵੀਰਾਜ ਕਪੂਰ ਦੇ ਪੁੱਤਰ ਸਨ। ਉਨ੍ਹਾਂ ਦੇ ਭਰਾ ਰਾਜ ਕਪੂਰ ਤੇ ਸ਼ਸ਼ੀ ਕਪੂਰ ਵੀ ਸਫਲ ਬਾਲੀਵੁੱਡ ਅਦਾਕਾਰ ਰਹੇ। 1953 ਵਿਚ ਨਿਰਦੇਸ਼ਕ ਮਹੇਸ਼ ਕੌਲ ਦੀ ਫ਼ਿਲਮ 'ਜੀਵਨ ਜਯੋਤੀ' ਨਾਲ ਫ਼ਿਲਮੀ ਸਫਰ ਦੀ ਸ਼ੁਰੂਆਤ ਕਰਨ ਵਾਲੇ ਸ਼ੰਮੀ ਕਪੂਰ ਨੇ 1950 ਦੇ ਦਹਾਕੇ 'ਚ ਜ਼ਿਆਦਾਤਰ ਫ਼ਿਲਮਾਂ ਵਿਚ ਮੁੱਖ ਅਦਾਕਾਰ ਦੇ ਰੂਪ 'ਚ ਕੰਮ ਕੀਤਾ ਸੀ।

ਇਸ ਫ਼ਿਲਮ ਵਿਚ ਉਨ੍ਹਾਂ ਦੀ ਪਹਿਲੀ ਹੀਰੋਇਨ ਚਾਂਦ ਉਸਮਾਨੀ ਸੀ। ਉਹ ਇਕ ਰੋਮਾਂਟਿਕ ਕਲਾਕਾਰ ਹੋਣ ਦੇ ਨਾਲ-ਨਾਲ ਇਕ ਚੰਗੇ ਡਾਂਸਰ ਵੀ ਸਨ। ਉਨ੍ਹਾਂ ਦਾ ਡਾਂਸ ਕਰਨ ਦਾ ਆਪਣਾ ਇਕ ਵੱਖਰਾ ਅੰਦਾਜ਼ ਸੀ। ਉਨ੍ਹਾਂ ਨੇ 'ਤੁਮਸਾ ਨਹੀਂ ਦੇਖਾ', 'ਦਿਲ ਦੇ ਕੇ ਦੇਖੋ', 'ਜੰਗਲੀ', 'ਦਿਲ ਤੇਰਾ ਦੀਵਾਨਾ', 'ਪ੍ਰੋਫੈਸਰ', 'ਚਾਈਨਾ ਟਾਊਨ' ਵਰਗੀਆਂ ਫ਼ਿਲਮਾਂ ਵਿਚ ਰੋਮਾਂਟਿਕ ਭੂਮਿਕਾਵਾਂ ਨਿਭਾਈਆਂ ਸਨ। ਆਪਣੀ ਅਦਾਕਾਰੀ ਦੇ ਦਮ 'ਤੇ ਉਨ੍ਹਾਂ ਨੇ ਬਾਲੀਵੁੱਡ ਨੂੰ ਕਈ ਸੁਪਰਹਿੱਟ ਫ਼ਿਲਮਾਂ ਦਿੱਤੀਆਂ ਜਿਨ੍ਹਾਂ ਵਿਚ 'ਕਸ਼ਮੀਰ ਦੀ ਕਲੀ', 'ਬਲੱਫ ਮਾਸਟਰ', 'ਜਾਨਵਰ' ਸ਼ਾਮਲ ਹਨ।



1968 ਦੀ ਫ਼ਿਲਮ 'ਬ੍ਰਹਮਚਾਰੀ' ਵਿਚ ਅਦਾਕਾਰੀ ਲਈ ਉਨ੍ਹਾਂ ਨੂੰ ਫ਼ਿਲਮ ਫੇਅਰ ਦਾ ਬੈਸਟ ਐਕਟਰ ਦਾ ਐਵਾਰਡ ਦਿੱਤਾ ਗਿਆ। ਇਸੇ ਤਰ੍ਹਾਂ ਫ਼ਿਲਮ 'ਵਿਧਾਤਾ' (1982) ਲਈ ਉਨ੍ਹਾਂ ਨੂੰ ਫ਼ਿਲਮ ਫੇਅਰ ਦੇ ਬੈਸਟ ਸਪੋਰਟਿੰਗ ਐਕਟਰ ਦੇ ਅਵਾਰਡ ਨਾਲ ਨਿਵਾਜਿਆ ਗਿਆ। ਉਨ੍ਹਾਂ ਨੇ 1995 ਵਿਚ ਫ਼ਿਲਮ ਫੇਅਰ ਲਾਈਫ ਟਾਈਮ ਅਚੀਵਮੈਂਟ ਅਵਾਰਡ ਹਾਸਲ ਕੀਤਾ। ਉਨ੍ਹਾਂ ਨੇ ਸੰਨ 1971 ਵਿਚ ਫ਼ਿਲਮ 'ਅੰਦਾਜ਼' ਵਿਚ ਹੀਰੋ ਦੀ ਭੂਮਿਕਾ ਨਿਭਾਈ ਸੀ। ਇਸ ਪਿੱਛੋਂ ਉਹ ਫ਼ਿਲਮਾਂ ਵਿਚ ਸਹਾਇਕ ਕਲਾਕਾਰ ਦੇ ਤੌਰ 'ਤੇ ਅਦਾਕਾਰੀ ਕਰਨ ਲੱਗੇ।

ਆਪਣੀ ਮੌਤ ਤੋਂ ਕੁਝ ਦਿਨ ਪਹਿਲਾਂ ਆਮਿਰ ਖਾਨ ਦੇ ਸੱਦੇ 'ਤੇ ਉਹ ਆਮਿਰ ਖਾਨ ਦੇ ਭਾਣਜੇ ਇਮਰਾਨ ਖਾਨ ਦੇ ਵਿਆਹ ਦੇ ਮੌਕੇ ਵ੍ਹੀਲਚੇਅਰ 'ਤੇ ਬੈਠ ਕੇ ਪਾਰਟੀ ਵਿਚ ਸ਼ਾਮਲ ਹੋਏ।

ਆਮਿਰ ਖਾਨ ਵੀ ਸ਼ੰਮੀ ਕਪੂਰ ਦੇ ਬਹੁਤ ਵੱਡੇ ਪ੍ਰਸ਼ੰਸਕ ਹਨ। ਉਨ੍ਹਾਂ ਦੀ ਇਕ ਖਾਸ ਗੱਲ ਇਹ ਸੀ ਕਿ ਕਿਸੇ ਫ਼ਿਲਮ ਦੀ ਪਾਰਟੀ ਜਾਂ ਸਮਾਗਮ ਵਿਚ ਆਪਣੀ ਪਤਨੀ ਨਾਲ ਹੀ ਸ਼ਾਮਲ ਹੁੰਦੇ ਸਨ। ਸ਼ੰਮੀ ਕਪੂਰ ਦੀ ਸਿਹਤ ਖਰਾਬ ਹੋਣ ਦੇ ਬਾਵਜੂਦ ਉਹ ਆਪਣੇ ਦੋਸਤਾਂ ਦੇ ਬੁਲਾਉਣ 'ਤੇ ਉਨ੍ਹਾਂ ਦੇ ਫੰਕਸ਼ਨ 'ਤੇ ਮੌਜੂਦ ਹੁੰਦੇ ਸਨ ਤੇ ਕਦੇ-ਕਦੇ ਉਹ ਪਾਰਟੀ ਵਿਚ ਸੌਂ ਵੀ ਜਾਂਦੇ ਸਨ।

1999 ਵਿਚ ਫ਼ਿਲਮ ਨਿਰਦੇਸ਼ਕ ਕੇਤਨ ਦੇਸਾਈ ਜੋ ਸ਼ੰਮੀ ਕਪੂਰ ਦਾ ਜਵਾਈ ਵੀ ਹੈ, ਨੇ ਫ਼ਿਲਮ 'ਯੇ ਹੈ ਜਲਵਾ' ਦਾ ਮਹੂਰਤ ਕੀਤਾ। ਇਸ ਫ਼ਿਲਮ ਵਿਚ ਸਲਮਾਨ ਖਾਨ ਤੇ ਕਰੀਨਾ ਕਪੂਰ ਨੇ ਕੰਮ ਕੀਤਾ ਸੀ। ਇਸੇ ਫ਼ਿਲਮ ਵਿਚ ਲੇਖਕ ਤੇ ਉਨ੍ਹਾਂ ਦੇ ਇਕ ਦੋਸਤ ਨੇ ਵੀ ਪ੍ਰੈੱਸ ਫੋਟੋਗ੍ਰਾਫਰ ਦੇ ਰੂਪ ਵਿਚ ਕੰਮ ਕੀਤਾ ਪਰ ਕਿਸੇ ਕਾਰਨ ਇਹ ਫ਼ਿਲਮ ਬਣ ਨਾ ਸਕੀ ਤੇ ਇਸੇ ਟਾਈਟਲ 'ਤੇ ਅਮਿਸ਼ਾ ਪਟੇਲ ਤੇ ਸਲਮਾਨ ਖਾਨ ਨਾਲ ਮੁੜ ਇਹ ਫ਼ਿਲਮ ਬਣਾਈ ਗਈ ਜੋ ਫਲਾਪ ਹੋ ਗਈ ਸੀ।

# ਸੋਹਣੀ-ਸੁਨੱਖੀ ਸ੍ਰੀ ਦੇਵੀ ਦੀ ਵਾਪਸੀ

ਫਿਲਮ 'ਇੰਗਲਿਸ਼ ਵਿੰਗਲਿਸ਼' ਨਾਲ ਸ੍ਰੀ ਦੇਵੀ ਨੇ ਹਿੰਦੀ ਫਿਲਮ ਜਗਤ 'ਚ ਡੇਢ ਦਹਾਕੇ ਬਾਅਦ ਸਫਲ ਵਾਪਸੀ ਕੀਤੀ ਹੈ। ਲੋਕਾਂ ਅਤੇ ਆਲੋਚਕਾਂ ਨੂੰ ਇਹ ਫਿਲਮ ਪਸੰਦ ਆਈ ਹੈ। ਫਿਲਮ ਦੀ ਕਹਾਣੀ ਚੰਗੀ ਹੈ ਅਤੇ ਸ੍ਰੀ ਦੇਵੀ ਨੇ ਅਦਾਕਾਰੀ ਵੀ ਜ਼ੋਰਦਾਰ ਕੀਤੀ ਹੈ।

ਫਿਲਮ ਦੀ ਨਾਇਕਾ ਸ਼ਸ਼ੀ (ਸ੍ਰੀ ਦੇਵੀ) ਨੂੰ ਅੰਗਰੇਜ਼ੀ ਨਹੀਂ ਆਉਂਦੀ। ਫਿਰ ਫਿਲਮ ਦੀ ਕਹਾਣੀ ਅੰਗਰੇਜ਼ੀ ਸਿੱਖਣ ਦੀ ਲੜੀ ਫੜਦੀ ਹੈ ਅਤੇ ਇਹ ਲੜੀ ਫਿਰ ਤੁਰਦੀ ਹੀ ਚਲੀ ਜਾਂਦੀ ਹੈ।





Vista
CCTV TECHNOLOGY
Corporate people first choice for Security
High End HD Series
SPECIAL OFFER
4 CAMERAS WITH 4 CH DVR
LED MONITOR INCLUDED
$1449
$1349 +Tax
SPECIAL OFFER
8 CAMERAS INSTALLATION INCLUDED
LED MONITOR INCLUDED
$2349 +Tax
SPECIAL OFFER
12 CAMERAS INSTALLATION INCLUDED
LED MONITOR INCLUDED
$4249
$3749 +Tax
HIGH QUALITY PRODUCT WITH 2 YEARS WARRANTY
HIGH BRAND REPUTATION
16 YEARS HISTORY IN CCTV
ADVANCE PRODUCT DESIGN
TRAINED TECHNICAL STAFF
PROFESSIONAL INSTALLATION
Why Vista CCTV TECHNOLOGY
24/7 HIGH END SECURITY SOLUTION
WE INSTALL ANYWHERE IN USA
16 YEARS EXPERIENCE IN CCTV BUSINESS
2 Years Warranty
QUALITY & RESOLUTION BUILD BY TECHNOLOGY NOT BY THE PRICE
Buy Online : www.ezchase.com
Email : commvision@sbcglobal.net
Call Sukhpal 661-586-5080
Customer Service : 1-800-235-1391
• NOW YOU CAN WATCH YOUR BUSINESS ON YOUR ANY SMART PHONE




WRONGFUL DEATH | AUTO | PEDESTRIAN | BICYCLE | DOG BITES | TRUCK ACCIDENTS
LAW OFFICES OF MARK COHEN
ਪਿਛਲੇ 27 ਸਾਲ ਤੋਂ ਫਰੀਮਾਂਟ, ਨਿਊਆਰਕ,
ਯੂਨੀਅਨ ਸਿਟੀ ਅਤੇ ਬੇ-ਏਰੀਆ ਦੀ ਸੇਵਾ ਵਿਚ
"I take your accident personally"
Free initial consultation. No fee if no recovery.
ਮੁਢਲਾ ਸਲਾਹ ਮਸ਼ਵਰਾ ਬਿਲਕੁਲ ਮੁਫਤ, ਕੋਈ ਮੁਆਵਜ਼ਾ ਨਹੀਂ ਕੋਈ ਫੀਸ ਨਹੀਂ
Please visit our web site for more information
www. markcohenlaw.com or call us at 510.792.4008
ਕਾਨੂੰਨ ਪ੍ਰਤੀ ਸਮੁਚਿਤ ਪਹੁੰਚ ਵਾਲੀ ਪਰਸਨਲ ਇੰਜਰੀ ਲਾਅ ਪ੍ਰੈਕਟਿਸ। ਪਰਸਨਲ ਇੰਜਰੀ ਲਾਅ, ਫਾਰ ਪ੍ਰਾਫਿਟ, ਨਾਨ ਪ੍ਰਾਫਿਟ ਅਤੇ ਧਾਰਮਿਕ ਕਾਰਪੋਰੇਸ਼ਨਾਂ, ਅਤੇ ਭੂਮੀ ਦੀ ਵਰਤੋਂ 'ਤੇ ਜ਼ੋਨਿੰਗ ਲਾਅ ਵਿਚ 27 ਸਾਲ ਦਾ ਤਜ਼ਰਬਾ। "ਕਿਉਂਕਿ ਕਾਨੂੰਨ ਦੇ ਇਕ ਖੇਤਰ ਬਾਰੇ ਹੀ ਜਾਣਕਾਰੀ ਕਾਫੀ ਨਹੀਂ ਹੈ।"
STOP

# ਇੰਡੋ-ਅਮਰੀਕਨ ਕਲਚਰਲ ਆਰਗੇਨਾਈਜੇਸ਼ਨ, ਕੈਲੀਫੋਰਨੀਆ

ਹਿੰਦ ਵਾਸੀਓ ਰੱਖਣਾ ਯਾਦ ਸਾਨੂੰ, ਕਿਤੇ ਦਿਲਾਂ 'ਚੋਂ ਨਾ ਭੁਲਾ ਜਾਣਾ।
ਖਾਤਰ ਦੇਸ਼ ਦੀ ਲੱਗੇ ਹਾਂ ਚੜ੍ਹਨ ਫਾਂਸੀ, ਕਿਤੇ ਵੇਖ ਕੇ ਨਾ ਘਬਰਾ ਜਾਣਾ।

## ਭਾਰਤੀ ਉਪ ਮਹਾਂਦੀਪ ਦੀ ਆਜ਼ਾਦੀ ਦੇ ਲਹੂ ਵੀਟਵੇਂ ਸੰਘਰਸ਼ ਨੂੰ ਸਮਰਪਿਤ


# ਮੇਲਾ ਗਦਰੀ ਬਾਬਿਆਂ ਦਾ


**ਸਨਿਚਰਵਾਰ, 13 ਅਕਤੂਬਰ 2012**
**(12 ਤੋਂ 8 ਵਜੇ ਤੱਕ)**


**ਸਥਾਨ: ਐਸ.ਈ.ਐਸ. ਹਾਲ**
**10428 ਈਸਟ ਸਟਾਕਟਨ ਬੁਲੇਵਾਰਡ**
**ਐਲਕ ਗਰੋਵ, ਕੈਲੀਫੋਰਨੀਆ - 95624**


*ਉਨ੍ਹਾਂ ਦੀ ਸ਼ਹਾਦਤ ਦੇ ਅਸੀਂ ਸੱਚੇ ਗਵਾਹ ਬਣ ਕੇ, ਉਨ੍ਹਾਂ ਦੇ ਖੂਨ ਦੀ ਗਾਥਾ ਹੈ ਦੀਵਾਰ 'ਤੇ ਲਿਖਣੀ।*


*ਬਾਬਾ ਰਾਮ ਸਿੰਘ*


*ਬਾਬਾ ਕਰਤਾਰ ਸਿੰਘ ਦੁੱਕੀ*


*ਸੰਤ ਵਿਸਾਖਾ ਸਿੰਘ*


*ਬਾਬਾ ਸੋਹਣ ਸਿੰਘ ਭਕਨਾ*


*ਲਾਲਾ ਹਰਦਿਆਲ*

**ਸਤਿਕਾਰਯੋਗ ਭੈਣੋ ਤੇ ਭਰਾਵੋ,**

**ਗਦਰ ਪਾਰਟੀ ਦਾ ਭਾਰਤੀ ਉਪ ਮਹਾਂਦੀਪ ਦੀ ਆਜ਼ਾਦੀ ਦੀ ਲੜਾਈ ਵਿਚ ਮੁੱਖ ਸਥਾਨ ਹੈ, ਜਿਸ ਨੇ ਉਠ ਰਹੀਆਂ ਹੋਰ ਆਜ਼ਾਦੀ ਪ੍ਰਾਪਤੀ ਦੀਆਂ ਲਹਿਰਾਂ ਨੂੰ ਪ੍ਰਭਾਵਤ ਕੀਤਾ ਤੇ ਜਾਨਾਂ ਵਾਰਨ ਲਈ ਪ੍ਰੇਰਨਾ ਦਾ ਸਰੋਤ ਬਣੀ। ਇਸ ਸਾਲ ਦਾ ਮੇਲਾ ਬਾਬਾ ਕਰਤਾਰ ਸਿੰਘ ਦੁੱਕੀ ਤੇ ਸੰਤ ਵਿਸਾਖਾ ਸਿੰਘ ਨੂੰ ਸਮਰਪਿਤ ਹੈ। ਅਗਲੇਰਾ ਸਾਲ 2013 ਇਸ ਲਹਿਰ ਦੀ ਸ਼ਤਾਬਦੀ ਦਾ ਸਾਲ ਹੈ, ਜਿਸ ਨੂੰ ਮਨਾਉਣ ਲਈ ਹੁਣ ਤੋਂ ਹੀ ਕਮਰਕੱਸੇ ਕਰਨੇ ਹੋਣਗੇ। ਅਸੀਂ ਗਦਰੀ ਬਾਬਿਆਂ ਦੇ ਨਾਂ 'ਤੇ ਇਥੇ ਕੰਮ ਕਰ ਰਹੀਆਂ ਵੱਖ-ਵੱਖ ਜਥੇਬੰਦੀਆਂ ਨੂੰ ਇਹ ਸ਼ਤਾਬਦੀ ਵਰ੍ਹਾ ਇਕਜੁੱਟ ਹੋ ਕੇ ਮਨਾਉਣ ਦੀ ਬੇਨਤੀ ਕਰਦੇ ਹਾਂ ਅਤੇ ਮੇਲੇ 'ਤੇ ਆਉਣ ਦਾ ਖੁੱਲ੍ਹਾ ਸੱਦਾ ਦਿੰਦੇ ਹਾਂ।**

ਭੰਗੜਾ ਨਾਈਟ ਟੀਮ ਦਾ ਭੰਗੜਾ, ਗਿੱਧਾ ਤੇ ਮਲਵਈ ਗਿੱਧਾ ਵਿਸ਼ੇਸ਼ ਖਿੱਚ ਦਾ ਕੇਂਦਰ ਹੋਣਗੇ।

ਮੁਫ਼ਤ ਖਾਣਾ, ਪਾਰਕਿੰਗ ਤੇ ਦਾਖਲਾ ਵੀ ਮੁਫ਼ਤ


ਮੰਚ ਸੰਚਾਲਨ
ਜਸਵੰਤ ਸ਼ਾਦ


*ਬਲਜੀਤ ਮਾਲਵਾ*

### ਪੁੱਜ ਰਹੇ ਕਲਾਕਾਰ

ਬਲਜੀਤ ਮਾਲਵਾ, ਸੁਲਤਾਨ ਅਖ਼ਤਰ, ਜੋਗਾ ਸਿੰਘ ਕਾਫਰ, ਜੀਵਨ ਰੱਤੂ, ਪੰਮੀ ਮਾਨ, ਪੂਨਮ ਮਲਹੋਤਰਾ, ਦਲਬੀਰ ਸਿੰਘ ਬੇਕਰਜ਼ਫੀਲਡ, ਜੀਤਾ ਗਿੱਲ, ਢਾਡੀ ਜਥਾ ਗੁਰਨਾਮ ਸਿੰਘ ਭੰਡਾਲ

*ਗਦਰੀ ਸੂਰਬੀਰਾਂ ਦੀਆਂ ਤਸਵੀਰਾਂ ਤੇ ਉਨ੍ਹਾਂ ਨਾਲ ਸਬੰਧਤ ਵਸਤਾਂ ਦੀ ਵਿਸ਼ੇਸ਼ ਪ੍ਰਦਰਸ਼ਨੀ ਲਾਈ ਜਾਵੇਗੀ।*

### ਪੁੱਜ ਰਹੀਆਂ ਸ਼ਖ਼ਸੀਅਤਾਂ

ਬਾਬਾ ਕਰਤਾਰ ਸਿੰਘ ਦੁੱਕੀ ਦਾ ਪੋਤਰਾ ਜਗਦੀਸ਼ ਖੰਗੂੜਾ
ਬਾਬਾ ਵਿਸਾਖਾ ਸਿੰਘ ਦੇ ਪਰਿਵਾਰ 'ਚੋਂ ਅਮਰੀਕ ਸਿੰਘ ਸੰਧੂ ਤੇ ਭਰਪੂਰ ਸਿੰਘ
ਕਿਰਪਾਲ ਸਿੰਘ ਸੰਧੂ ਫਰਿਜ਼ਨੋ
ਦੁੱਲਾ ਸਿੰਘ ਜਲਾਲਦੀਵਾਲਾ ਦੀ ਪੋਤਰੀ ਗਿਆਨ ਕੌਰ
ਜਗਜੀਤ ਸਿੰਘ ਬਾਗੀ ਦੇ ਜਵਾਈ ਗੁਰਚਰਨ ਸਿੰਘ ਬੈਂਸ
ਦੇਵਾ ਸਿੰਘ ਧੂਤ ਦੇ ਪੁੱਤਰ ਦਲਵਿੰਦਰ ਸਿੰਘ ਧੂਤ

| | | | |
|---|---|---|---|
| ਪ੍ਰਧਾਨ: ਸੁਰਿੰਦਰ ਸਿੰਘ ਬਿੰਦਰਾ | ਨਾਮਧਾਰੀ ਸੰਗਤ: ਕੇਵਲ ਸਿੰਘ | ਸਮਿਤਰ ਸਿੰਘ ਉਪਲ | ਪਰਮਜੀਤ ਸਿੰਘ ਸੰਧੂ |
| 916-420-2390 | 707-208-4931 | 530-695-1716 | 510-387-6997 |
| ਸਕੱਤਰ: ਬਜਿੰਦਰ ਸਿੰਘ ਭੱਟੀ | ਬਲਦੇਵ ਸਿੰਘ | ਕਰਮਜੀਤ ਕੰਗ | ਬਲਵੰਤ ਬਾਂਕਾ |
| 209-480-2275 | 408-390-5577 | 661-205-5214 | 916-271-4216 |

**ਪ੍ਰਬੰਧਕ:** ਸਮਿਤਰ ਉਪਲ, ਜਰਨੈਲ ਸਿੰਘ ਸਰਪੰਚ, ਸ਼ਿੰਗਾਰਾ ਸਿੰਘ ਬੋਪਾਰਾਏ, ਗਿਆਨ ਸਿੰਘ ਬਿਲਗਾ, ਕਸ਼ਮੀਰ ਸਿੰਘ ਕਾਂਗਣਾ, ਕਰਮਜੀਤ ਸਿੰਘ ਕੰਗ, ਅਮਰਜੀਤ ਸਿੰਘ ਰਾਏ, ਪ੍ਰਿਤਪਾਲ ਸਿੰਘ ਭੋਗਲ, ਜਗਜੀਤ ਸਿੰਘ ਗਿੱਲ, ਪਰਮਜੀਤ ਸਿੰਘ ਸੰਧੂ-ਕਬੱਡੀ ਕੋਚ, ਜੁਝਾਰ ਸਿੰਘ ਗਿੱਲ, ਕਮਲ ਬੰਗਾ, ਬਲਵਿੰਦਰ ਸੰਧੂ ਲੈਥਰੋਪ, ਫਰੈਂਕ ਜੌਹਨਸਨ, ਰਾਕੇਸ਼, ਬਲਵਿੰਦਰ ਸਿੰਘ ਬਾਂਕਾ, ਗੁਰਦਿਆਲ ਚੰਦ, ਹਰਪਾਲ ਸਿੰਘ ਸੰਘਾ, ਜਸਮੇਲ ਸਿੰਘ ਚਿੱਟੀ, ਅਵਤਾਰ ਸਿੰਘ ਡੋਡ, ਮੱਖਣ ਸਿੰਘ ਦੌਲਤਪੁਰੀ, ਸਤਵਿੰਦਰ ਸਿੰਘ ਬਾਠ, ਹਰਪ੍ਰੀਤ ਢਿੱਲੋਂ, ਸੁਰਿੰਦਰ ਸਿੰਘ ਲੋਡਾਈ, ਰਛਪਾਲ ਸਿੰਘ ਫਰਵਾਲਾ।

**ਸਪਾਂਸਰ:** ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਇੰਡਸ ਵੈਲੀ ਚੈਂਬਰ ਆਫ਼ ਕਾਮਰਸ ਸੈਕਰਾਮੈਂਟੋ, ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ, ਯੂਨਾਈਟਿਡ ਸਪੋਰਟਸ ਕਲੱਬ (ਅਮੋਲਕ ਸਿੰਘ ਗਾਖਲ ਚੇਅਰਮੈਨ, ਬਲਵੀਰ ਸਿੰਘ ਭਾਟੀਆ ਪ੍ਰਧਾਨ), ਪੰਜਾਬੀ ਸਾਹਿਤ ਸਭਾ ਬੇ-ਏਰੀਆ, ਤਾਰਾ ਸਾਗਰ, ਜਸਪ੍ਰੀਤ ਸਿੰਘ ਐਡਵੋਕੇਟ, ਅਵਤਾਰ ਸਿੰਘ ਡੋਡ, ਅੰਮ੍ਰਿਤਪਾਲ ਪਠਲਾਵਾ, ਕੇਵਲ ਬੋਲੀਨਾ, ਸੁਖਚੈਨ ਸਿੰਘ, ਰਵਿੰਦਰ ਐਂਡ ਰਾਜਾ ਆਟੋ ਸ਼ਾਪ ਬੇ-ਏਰੀਆ, ਪਰਮਿੰਦਰ ਸਿੰਘ ਵਿਰਕ, ਏਂਜਲ ਲਿਮੋਜ਼ੀਨ ਕਾਸਤਰੋ ਵੈਲੀ, ਜੋਗਾ ਸਿੰਘ ਔਜਲਾ, ਸਵਰਨ ਸਿੰਘ ਔਜਲਾ, ਵਿਨੋਦ ਕੰਬੋਜ (ਆਲ ਇੰਡੀਆ ਸਵੀਟ ਐਂਡ ਸਪਾਈਸਜ਼), ਹਾਕਮ ਸਿੰਘ, ਬੰਤ ਕੰਦੋਲਾ, ਸੁਖਦੇਵ ਲੰਬੜ, ਡਾ. ਚੋਪੜਾ ਮਾਡੈਸਟੋ, ਸੋਨੀ ਸਿੰਘ, ਐਸ.ਪੀ. ਸਿੰਘ, ਗੁਰਦੀਪ ਦੀਪੀ, ਇੰਦਰਜੀਤ ਸਿੰਘ, ਸੇਵਾ ਸਿੰਘ, ਪਰਮਜੀਤ ਦਿਓਲ, ਸੰਤੋਖ ਸੰਧੂ, ਜੈਕ ਅਤੇ ਪਾਲ ਰਾਮ, ਬਲਵਿੰਦਰ ਸਿੰਘ, ਜੋਗਾ ਸਿੰਘ, ਪਰਮਜੀਤ ਸਿੰਘ, ਦੇਸੀ ਬਾਜ਼ਾਰ ਸੈਕਰਾਮੈਂਟੋ, ਨੋਰਕਾਲ ਸਕਿਉਰਿਟੀ ਨਰਿੰਦਰਪਾਲ ਸਿੰਘ ਹੁੰਦਲ, ਅਮਰਜੀਤ ਭੁੱਲਰ, ਜਸਬੀਰ ਕੁਲਾਰ, ਪਿਆਰਾ ਸਿੰਘ ਗੋਸਲ, ਮਾਈਕ ਸਿੰਘ ਯੂਬਾ ਸਿਟੀ, ਰਾਜਾ ਸਿੰਘ ਫੋਲਸਮ ਲੋਕ (ਟੋਇਟਾ), ਪੰਜਾਬ ਇੰਸ਼ੋਰੈਂਸ ਐਂਡ ਇਮੀਗਰੇਸ਼ਨ, ਸਟਾਕਟਨ ਨਾਟਕ ਕਲਾ ਕੇਂਦਰ, ਰਾਜ ਭਗਵੰਤ, ਦਲਵਿੰਦਰ ਸਿੰਘ ਧੂਤ, ਬਿੰਦਰ, ਮਨਦੀਪ ਸਿੰਘ, ਡਾ. ਉਂਕਾਰ ਸਿੰਘ ਬਿੰਦਰਾ, ਹਰਜੀਤ ਸਿੰਘ ਤੇ ਉਂਕਾਰ ਸਿੰਘ, ਓਮਨੀ ਵੀਡੀਓ, ਜਸਵਿੰਦਰ ਬੋਪਾਰਾਏ, ਮਲਕੀਤ ਬੋਪਾਰਾਏ, ਸਿੰਘ ਟਾਇਰ, ਸੰਨੀ ਦਿਓਲ, ਜੱਸੀ ਪਾਵਰਮਾਰਟ, ਚਰਨ ਬਡਵਾਲ, ਅਮਰੀਕ ਪਰਹਾਰ, ਜਸਵੀਰ ਰੰਧਾਵਾ, ਬਗੀਚਾ ਸਿੰਘ, ਪਰਮਜੀਤ ਖੇਲਾ, ਕਾਲਕਟ ਬ੍ਰਦਰਜ਼, ਮੱਖਣ ਸਿੰਘ, ਸਰਹੱਦੀ ਫੈਮਿਲੀ, ਮਾਸਟਰ ਦਿਲਬਾਗ ਸਿੰਘ, ਪੰਜਾਬੀ ਵਿਰਸਾ ਸੰਭਾਲ ਸੁਸਾਇਟੀ, ਅਜਮੇਰ ਸਿੰਘ ਭੋਗਲ, ਡਾ. ਯਾਦਵਿੰਦਰ ਸਿੰਘ ਕੰਗ, ਸ਼ਿੰਗਾਰਾ ਰਾਮ, ਸੰਨੀ, ਕੇਹਰ ਸਿੰਘ ਸੰਧੂ, ਪਰਗਨ ਸਿੰਘ ਬੈਂਸ, ਅਸ਼ੋਕ ਰਾਏ, ਅਵਤਾਰ ਸਿੰਘ ਦੁਸਾਂਝ, ਅਵਤਾਰ ਸਿੰਘ ਚਾਹਲ, ਅਵਤਾਰ ਸਿੰਘ ਅਟਵਾਲ, ਸਵਰਨ ਸਿੰਘ ਗਿੱਲ, ਜਸਚਰਨ ਸਿੰਘ ਗਿੱਲ, ਡਾ. ਗੁਰਦਿਆਲ ਸਿੰਘ, ਸੁਰਜੀਤ ਸਿੰਘ ਢਿੱਲੋਂ, ਬਖਸ਼ੀਸ਼ ਸਿੰਘ ਗਿੱਲ, ਜਸਬੀਰ ਸਿੰਘ, ਡੀ ਜੇ ਏ ਜੇ, ਪਰਮਜੀਤ ਸਿੰਘ ਭੁੱਟਾ, ਸਤਵੀਰ ਸਿੰਘ ਖਪਰਾ, ਪਲਵਿੰਦਰ ਸਿੰਘ ਭੱਟੀ, ਜੱਸੀ ਸਿੰਘ ਸੰਘਾ (ਪਾਵਰਮਾਰਟ) ਤੇ ਧੀਰਾ ਨਿੱਜਰ।